BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery

Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

5425 E. Thompson Rd., Indianapolis IN 46237

ੴ
Regal Jewels
2625 W. Devon Ave. Chicago
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
ਕਿਸ ਦਾ ਇੰਤਜ਼ਾਰ ਕਰ ਰਹੇ ਹੁਣ
24KT GOLD
ਦੁਨੀਆ ਦੀ ਸਭ ਤੋਂ ਵਾਇਦੇਮੰਦ ਇਨਵੈਸਟਮੈਂਟ
TALK TO OUR GOLD SPECIALIST
Rajveer Singh Gill
847-907-1525
www.RegalJewels.com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
Landmark Realty
Powered by eXp REALTY
40600 Ann Arbor Rd., Suite# 150, Plymouth, MI 48170
Call: 734-751-4455
rajsshergill@yahoo.com
Raj S.Shergill
*Associate Broker*

Twenty-Third Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 13, March 26, 2022
20451 N. Plum Grove Rd., Palatine, IL 60074
Ph:847-359-0746, Fax:847-705-9388


# ਸਰਕਾਰ ਸੰਭਾਲਦੇ ਸਾਰ 'ਆਪ' ਘਿਰੀ

## ਰਾਜ ਸਭਾ ਦੀ ਮੈਂਬਰੀ ਦੇ ਮਾਮਲੇ ਵਿਚ ਪਬਲਿਕ ਨਾਰਾਜ਼

**ਚੰਡੀਗੜ੍ਹ:** 'ਰੰਗਲਾ ਪੰਜਾਬ' ਬਣਾਉਣ ਅਤੇ ਪੰਜਾਬੀਆਂ ਦੇ ਹੱਕਾਂ ਲਈ ਖੜ੍ਹਨ ਦੇ ਵਾਅਦਿਆਂ ਨਾਲ ਤਕਰੀਬਨ ਹਫਤਾ ਪਹਿਲਾਂ ਹੋਂਦ ਵਿਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ, ਰਾਜ ਸਭਾ ਵਿਚ ਨਾਮਜ਼ਦਗੀਆਂ ਨੂੰ ਲੈ ਕੇ ਕਸੂਤੀ ਫਸ ਗਈ ਹੈ। ਰਾਜ ਸਭਾ ਵਿਚ ਗੈਰ-ਪੰਜਾਬੀਆਂ ਨੂੰ ਭੇਜਣ ਦੇ ਮਾਮਲੇ ਉਤੇ ਜਿਥੇ ਵਿਰੋਧੀ ਧਿਰਾਂ ਨੇ ਪਾਰਟੀ ਨੂੰ ਘੇਰ ਲਿਆ ਹੈ, ਉਥੇ ਪੰਜਾਬ ਤੇ ਪੰਜਾਬੀਅਤ ਦੇ ਦਰਦੀ ਵੀ ਸਵਾਲ ਕਰ ਰਹੇ ਹਨ ਕਿ ਭਗਤ ਸਿੰਘ ਦੀ ਸੋਚ ਉਤੇ ਪਹਿਰਾ ਦੇਣ ਦੀਆਂ ਗੱਲਾਂ ਕਰਨ ਵਾਲੀ ਪਾਰਟੀ ਕਿਹੜੇ ਰਾਹ ਤੁਰ ਪਈ ਹੈ? ਇਸ ਦੇ ਰੋਸ ਵਜੋਂ ਭਗਵੰਤ ਮਾਨ ਦੇ ਸੰਗਰੂਰ ਸਥਿਤ ਘਰ ਅੱਗੇ ਧਰਨਾ ਵੀ ਲੱਗ ਗਿਆ ਹੈ।

ਯਾਦ ਰਹੇ ਕਿ ਆਮ ਆਦਮੀ ਪਾਰਟੀ ਨੇ ਰਾਜ ਸਭਾ ਲਈ 5 ਨਾਮ ਤੈਅ ਕੀਤੇ ਹਨ। ਇਨ੍ਹਾਂ ਵਿਚ 'ਆਪ' ਦੇ ਪੰਜਾਬ ਮਾਮਲਿਆਂ ਦੇ ਸਹਿ-ਇੰਚਾਰਜ ਅਤੇ ਦਿੱਲੀ ਤੋਂ ਵਿਧਾਇਕ ਰਾਘਵ ਚੱਢਾ, ਪੰਜਾਬ ਚੋਣਾਂ ਵਿਚ ਪਾਰਟੀ ਦੇ ਸਿਆਸੀ ਰਣਨੀਤੀਕਾਰ ਡਾ. ਸੰਦੀਪ ਪਾਠਕ, ਸਾਬਕਾ ਕ੍ਰਿਕਟਰ ਹਰਭਜਨ ਸਿੰਘ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਚਾਂਸਲਰ ਅਸ਼ੋਕ ਮਿੱਤਲ ਅਤੇ ਲੁਧਿਆਣਾ ਦੇ ਪ੍ਰਸਿੱਧ ਉਦਯੋਗਪਤੀ ਸੰਜੀਵ ਅਰੋੜਾ ਦੇ ਨਾਮ ਸ਼ਾਮਲ ਹਨ। ਇਨ੍ਹਾਂ ਸਾਰੇ ਉਮੀਦਵਾਰਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਾਮਜ਼ਦਗੀ ਪੱਤਰ ਦਾਖਲ ਕੀਤੇ।

'ਆਪ' ਦੇ ਪੰਜੇ ਉਮੀਦਵਾਰਾਂ ਦਾ ਬਿਨਾਂ ਮੁਕਾਬਲਾ ਚੁਣਿਆ ਜਾਣਾ ਤੈਅ ਹੈ। ਹੋਰ ਪਾਰਟੀਆਂ ਨੇ ਰਾਜ ਸਭਾ ਲਈ ਕੋਈ ਨਾਮਜ਼ਦਗੀ ਦਾਖਲ ਨਹੀਂ ਕੀਤੀ ਹੈ। ਸਿਆਸੀ ਧਿਰਾਂ ਦੇ ਦੋਸ਼ ਹਨ ਕਿ ਇਨ੍ਹਾਂ ਵਿਚੋਂ ਕੋਈ ਵੀ ਪੰਜਾਬ ਦੇ ਮੁੱਦੇ ਚੁੱਕਣ ਵਾਲਾ ਨਹੀਂ ਹੈ। ਪੰਥਕ ਅਤੇ ਕਿਸਾਨ ਜਥੇਬੰਦੀਆਂ ਦਾ ਦੋਸ਼ ਹੈ ਕਿ ਭਾਵੇਂ ਇਕੱਲਾ ਹਰਭਜਨ ਸਿੰਘ ਪੰਜਾਬ ਤੋਂ ਹੈ ਪਰ ਪਿਛਲੇ ਸਮੇਂ ਵਿਚ ਖੇਤੀ ਕਾਨੂੰਨ ਸਣੇ ਪੰਜਾਬ ਦੇ ਮਸਲਿਆਂ ਉਤੇ ਕਦੇ ਵੀ ਬੋਲਣ ਦੀ ਹਿੰਮਤ ਨਹੀਂ ਕੀਤੀ। ਪੰਜਾਬੀਆਂ ਨੇ ਇਸ ਵਾਰ ਆਪ ਨੂੰ ਦਿਲ ਖੋਲ੍ਹ ਕੇ ਫਤਵਾ ਦਿੱਤਾ ਹੈ। 117 ਵਿਚੋਂ ਆਪ ਨੂੰ 93 ਵਿਧਾਨ ਸਭਾ ਸੀਟਾਂ ਦਿੱਤੀਆਂ ਹਨ। ਇਸ ਲਈ ਤਕਰੀਬਨ ਸਾਰੀਆਂ ਸਿਆਸੀ ਧਿਰਾਂ ਦਾ ਸਫਾਇਆ ਹੀ ਹੋ ਗਿਆ ਤੇ ਰਾਜ ਸਭਾ ਦੀਆਂ ਪੰਜੇ ਸੀਟਾਂ ਵੀ ਆਪ ਹਿੱਸੇ ਆ ਗਈਆਂ।



ਦਰਅਸਲ, ਰਾਜ ਸਭਾ ਮੈਂਬਰਾਂ ਦੇ ਨਾਮ ਐਲਾਨਣ ਵਿਚ ਕੀਤੀ ਜਾ ਰਹੀ ਦੇਰੀ ਕਾਰਨ ਪਹਿਲਾਂ ਹੀ ਕਿਆਸ ਲਗਾਏ ਜਾ ਰਹੇ ਸਨ ਕਿ ਇਸ ਵਾਰ ਪੰਜਾਬ ਦੇ ਪੱਲੇ ਕੁਝ ਵੀ ਪੈਣ ਵਾਲਾ ਨਹੀਂ ਹੈ। ਪਾਰਟੀ ਨੇ ਨਾਮਜ਼ਦਗੀਆਂ ਦੇ ਆਖਰੀ ਦਿਨ ਆਪਣੇ ਪੰਜੇ ਮੈਂਬਰਾਂ ਦੇ ਨਾਵਾਂ ਦਾ ਐਲਾਨ ਕੀਤਾ। ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਸਮੇਂ ਵੀ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਉਤੇ ਦਿੱਲੀ ਤੋਂ ਪੰਜਾਬ ਵਿਚ ਸੱਤਾ ਚਲਾਉਣ ਦਾ ਮੁੱਦਾ ਭਖਿਆ ਸੀ। ਇਹ ਮੁੱਦਾ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਖੂਬ ਗਰਮ ਰਿਹਾ ਸੀ ਜਦੋਂ ਪਾਰਟੀ ਨੇ ਸੂਬੇ ਵਿਚ ਮੁੱਖ ਮੰਤਰੀ ਉਮੀਦਵਾਰ ਐਲਾਨਣ ਤੋਂ ਨਾਂਹ ਕਰ ਦਿੱਤੀ ਸੀ ਤੇ ਦਿੱਲੀ ਦੇ ਸਿੱਖਿਆ ਮੰਤਰੀ ਮਨੀਸ਼ ਸਿਸੋਦੀਆ ਨੂੰ ਸਰਕਾਰ ਬਣਨ ਉਤੇ ਪੰਜਾਬ ਲਿਆਉਣ ਦੀ ਗੱਲ ਉਡੀ ਸੀ। ਇਸ ਵਾਰ ਵੀ ਜਦੋਂ ਦਿੱਲੀ ਤੋਂ ਸਰਕਾਰ ਚਲਾਉਣ ਦਾ ਮੁੱਦਾ ਗਰਮ ਸੀ ਤਾਂ ਆਪ ਨੇ ਭਗਵੰਤ ਮਾਨ ਨੂੰ ਮੁੱਖ ਮੰਤਰੀ ਉਮੀਦਵਾਰ ਐਲਾਨ ਕੀਤੇ ਗੱਲ ਇਕ ਪਾਸੇ ਕਰ ਦਿੱਤੀ। ਹੁਣ 93 ਵਿਧਾਨ ਸਭਾ ਸੀਟਾਂ ਮਿਲਣ ਪਿੱਛੋਂ ਰਾਜ ਸਭਾ ਦੀਆਂ 5 ਸੀਟਾਂ ਵੀ ਆਪ ਦੇ ਹਿੱਸਾ ਆ ਗਈਆਂ ਹਨ।

ਇਸ ਤੋਂ ਪਹਿਲਾਂ ਪੰਜਾਬ ਨਾਲ ਸਬੰਧਤ ਪੰਜ ਰਾਜ ਸਭਾ ਮੈਂਬਰਾਂ 'ਚ ਪ੍ਰਤਾਪ ਸਿੰਘ ਬਾਜਵਾ, ਸ਼ਮਸ਼ੇਰ ਸਿੰਘ ਦੂਲੋਂ, ਸ਼ਵੇਤ ਮਲਿਕ, ਨਰੇਸ਼ ਗੁਜਰਾਲ ਅਤੇ ਸੁਖਦੇਵ ਸਿੰਘ ਢੀਂਡਸਾ ਦਾ ਕਾਰਜਕਾਲ 9 ਅਪਰੈਲ ਨੂੰ ਖ਼ਤਮ ਹੋ ਰਿਹਾ ਹੈ, ਜਦੋਂ ਕਿ ਦੋ ਹੋਰ ਮੈਂਬਰਾਂ ਬਲਵਿੰਦਰ ਸਿੰਘ ਭੂੰਦੜ ਤੇ ਅੰਬਿਕਾ ਸੋਨੀ ਦਾ ਕਾਰਜਕਾਲ 4 ਜੁਲਾਈ ਨੂੰ ਖ਼ਤਮ ਹੋਵੇਗਾ।

ਸਿਆਸੀ ਧਿਰਾਂ ਦਾ ਦੋਸ਼ ਹੈ ਕਿ 'ਆਪ' ਨੇ ਵੱਡਾ ਫਤਵਾ ਦੇਣ ਵਾਲੇ ਪੰਜਾਬੀਆਂ ਨੂੰ ਵੱਡੀ ਮਾਯੂਸੀ ਦਿੱਤੀ ਹੈ। ਪੰਜਾਬ ਜੋ ਮੁਲਕ ਦੀ ਇਕ ਘੱਟ ਗਿਣਤੀ ਦੀ ਨੁਮਾਇੰਦਗੀ ਵਾਲਾ ਸੂਬਾ ਹੈ, ਤੋਂ ਹੀ ਰਾਜ ਸਭਾ ਵਿਚ ਪੰਜਾਬੀ ਚਿਹਰਾ ਨਾ ਭੇਜੇ ਜਾਣ ਪਾਰਟੀ ਦੀ ਨੀਅਤ ਉਤੇ ਸਵਾਲ ਖੜ੍ਹੇ ਕਰਦਾ ਹੈ। ਪੰਥਕ ਧਿਰਾਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਵੱਲੋਂ ਇਕ ਵੀ ਪੰਥਕ ਚਿਹਰਾ, ਕੋਈ ਔਰਤ ਜਿਨ੍ਹਾਂ ਦੀ 50 ਪ੍ਰਤੀਸ਼ਤ ਵਸੋਂ ਹੈ ਅਤੇ ਕਿਸਾਨੀ ਪ੍ਰਧਾਨ ਸੂਬੇ ਵਿਚੋਂ ਕਿਸੇ ਇਕ ਵੀ ਕਿਸਾਨ ਨੂੰ ਨੁਮਾਇੰਦਗੀ ਦੇਣ ਦੇ ਕਾਬਲ ਨਾ ਸਮਝਣਾ ਸੂਬੇ ਦੇ ਵੋਟਰਾਂ ਨਾਲ ਵੱਡਾ ਧੋਖਾ ਹੈ। ਦਿਲਚਸਪ ਗੱਲ ਇਹ ਹੈ ਕਿ 'ਆਪ' ਵੱਲੋਂ ਰਾਜ ਸਭਾ ਲਈ ਜੋ ਪੰਜ ਉਮੀਦਵਾਰ ਬਣਾਏ ਗਏ ਹਨ, ਉਨ੍ਹਾਂ ਵਿਚੋਂ ਤਿੰਨ ਸੰਦੀਪ ਪਾਠਕ, ਰਾਘਵ ਚੱਢਾ ਅਤੇ ਸੰਜੀਵ ਅਰੋੜਾ ਦਿੱਲੀ ਨਿਵਾਸੀ ਹਨ ਅਤੇ ਸੰਜੀਵ ਅਰੋੜਾ ਦੇ ਫੇਸਬੁਕ ਪੇਜ ਅਨੁਸਾਰ ਕਥਿਤ ਤੌਰ ਉਤੇ ਉਹ ਭਾਜਪਾ ਦੀ ਦਿੱਲੀ ਕਾਰਜਕਾਰਨੀ ਦੇ ਮੈਂਬਰ ਵੀ ਹਨ। ਅਜਿਹੇ ਵਿਚ ਆਮ ਆਦਮੀ ਪਾਰਟੀ ਦੀ ਨੀਅਤ ਉਤੇ ਸਵਾਲ ਉੱਠਣੇ ਸੁਭਾਵਕ ਹੀ ਹਨ।

ਇਸੇ ਦੌਰਾਨ ਸਾਬਕਾ ਮੁੱਖ ਮੰਤਰੀ ਪ੍ਰਕਾਸ਼

(ਬਾਕੀ ਸਫਾ 6 'ਤੇ)

# ਬਾਦਲਾਂ ਖਿਲਾਫ ਬਾਗੀ ਸੁਰਾਂ ਹੋਰ ਤਿੱਖੀਆਂ ਹੋਈਆਂ



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਨਮੋਸ਼ੀ ਵਾਰੀ ਹਾਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਬਾਦਲ ਵਿਚ ਬਾਗੀ ਸੁਰਾਂ ਤਿੱਖੀਆਂ ਹੋ ਗਈਆਂ ਹਨ। ਹਾਰ ਪਿੱਛੋਂ ਜਿਥੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਕੁਰਸੀ ਤੋਂ ਲਾਂਭੇ ਕਰਨ ਦੀ ਮੰਗ ਜ਼ੋਰ ਫੜ ਰਹੀ ਹੈ, ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਵੀ ਬਾਦਲ ਪਰਿਵਾਰ ਦਾ ਗਲਬਾ ਖਤਮ ਕਰਨ ਦੀ ਆਵਾਜ਼ ਉਠੀ ਹੈ।

ਸ਼੍ਰੋਮਣੀ ਕਮੇਟੀ ਦੀਆਂ ਪੰਥਕ ਰਵਾਇਤਾਂ ਤੇ ਗੁਰਮਤਿ ਸਿਧਾਂਤ ਨੂੰ ਕਾਇਮ ਰੱਖਣ ਲਈ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂਆਂ, ਸਿੱਖ ਵਿਦਵਾਨਾਂ, ਬੁੱਧੀਜੀਵੀਆਂ, ਚਿੰਤਕਾਂ ਤੇ ਧਾਰਮਿਕ ਸ਼ਖ਼ਸੀਅਤਾਂ ਨੇ ਮੀਟਿੰਗ ਕਰਕੇ ਰਣਨੀਤੀ ਤੈਅ ਕੀਤੀ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਨੂੰ ਬਾਦਲ ਪਰਿਵਾਰ ਤੋਂ ਮੁਕਤ ਕਰਾ ਕੇ ਪੰਥਕ ਸੋਚ ਦੇ ਧਾਰਨੀ ਵਿਅਕਤੀਆਂ ਦੀ ਕਮੇਟੀ ਬਣਾਉਣ ਲਈ ਵਿਚਾਰ-ਵਟਾਂਦਰਾ ਕੀਤਾ ਗਿਆ।

ਉਧਰ, ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਅਕਾਲੀ ਦਲ ਨਾਲੋਂ ਨਾਤਾ ਤੋੜਨ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹੁਣ ਨਿਰੋਲ ਧਾਰਮਿਕ ਕੰਮਾਂ 'ਤੇ ਆਪਣਾ ਧਿਆਨ

(ਬਾਕੀ ਸਫਾ 6 'ਤੇ)

India Palace Restaurant
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
*Restaurant-Fine Indian Cuisine*
12510 N. Meridian St., Carmel, IN
Ph: 317-580-0828
We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Blue Diamond
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਯਾਦਗਾਰੀ ਬਣਾਓ
ONE STOP SHOP
• Brand new Hall, 600+ people gathering
• Fresh In-house catering (from Mela Indian Restaurant)
• 2-Built in Bars (Beer, Wine, Liquor)
• High Ceilings
• Big Dance Floor, Big Parking lot
• DJ with LED screens, cold sparklers, wall up lights, moving heads & dry ice fog machine
• Photo, Video, Dholi, MC
• TV screen + Projector screen
• Live Streaming, Decoration
• 360 Video Booth
• Much more stuff
5425 E Thompson Road, Indianapolis-46237
CALL to book us today : 317 604 9924

ੴ
Now Open 7 Days a Week
Regal Jewels
Best Jewelry Selection in the Midwest
www.RegalJewels.com
24kt Gold, 22kt Gold, & Diamonds
Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

ੴ ਸਤਿਗੁਰ ਪ੍ਰਸਾਦਿ ॥

ਪੀਵਹੁ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ॥ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥

# ਖ਼ਾਲਸਾ ਸਾਜਨਾ ਦਿਵਸ: ਵਿਸਾਖੀ

## Birth Of The Khalsa: Vaisakhi



Kathawachak
Gyani Narinder Singh
Jaikara

## ਅੰਮ੍ਰਿਤ ਸੰਚਾਰ

**17 April 2022 Morning 7:00 AM**

**Gurudwara Singh Sabha Richardson TEXAS**

**ਗੁਰਦੁਆਰਾ ਸਿੰਘ ਸਭਾ ਰਿਚਰਡਸਨ ਟੈਕਸਸ ਵਿਖੇ**



Hazori Ragi
Bhai Gurbachan Singh
Sri Ganganagar Wale

Sri Akhand path Arambh 15 April 2022 Morning 9:00 AM
Sri Akhand Path Bhog 17 April 2022 Morning 9:00 AM

**Every Friday Kirtan Diwan**
25 March 2022 To 15 April 2022
Time: Evening 6:30 PM to 8:30 PM

**Vaisakhi Kirtan Or Katha Diwan**
Thursday 14 April 2022
Time: Evening 6:30 PM to 8:30 PM

**Every Sunday - Kirtan Or Katha Diwan**
27 March 2022 To 17 April 2022
Asa Di Vaar : Morning 9:30 AM to 11:30 AM
Kirtan Or Katha Diwan : 11:30 AM to 12:45 PM

ਗੁਰੂ ਕਾ ਲੰਗਰ
ਅਤੁੱਟ ਵਰਤੇਗਾ

More information Contact: (972)235-3388

**Gurudwara Singh Sabha Of North Texas**
1201 Abrams Rd. Richardson, TX 75081

# ਸ਼ਿਕਾਗੋ ਤੋਂ ਹੋਈ ਸੀ ਭਗਵੰਤ ਮਾਨ ਦੇ ਸਿਆਸੀ ਕਰੀਅਰ ਦੀ ਸ਼ੁਰੂਆਤ

**ਸ਼ਿਕਾਗੋ:** ਪੰਜਾਬ ਦੇ ਨਵ-ਨਿਯੁਕਤ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਸਿਆਸੀ ਕਰੀਅਰ ਦੀ ਸ਼ੁਰੂਆਤ 2011 ਵਿਚ ਮਨਪ੍ਰੀਤ ਸਿੰਘ ਬਾਦਲ ਦੀ ਸਿਆਸੀ ਪਾਰਟੀ ਪੀਪਲਜ਼ ਪਾਰਟੀ ਆਫ ਪੰਜਾਬ ਨਾਲ ਕੀਤੀ ਸੀ। ਉਨ੍ਹਾਂ ਨੇ 2011 ਵਿਚ ਹੀ ਸ਼ਿਕਾਗੋ ਵਿਚ ਮਿਡਵੈਸਟ ਵਿਚ ਪਾਰਟੀ ਦੀ ਪਹਿਲੀ ਮੀਟਿੰਗ ਨੂੰ ਸੰਬੋਧਨ ਕੀਤਾ ਸੀ। ਇਸ ਮੌਕੇ ਸ੍ਰੀ ਮਾਨ ਨੇ ਕਿਹਾ ਸੀ ਕਿ ਸਿਆਸਤ ਵਿਚ ਆਉਣ ਦਾ ਉਨ੍ਹਾਂ ਦਾ ਮਨੋਰਥ ਪੰਜਾਬ ਵਿਚ ਬੇਰੁਜ਼ਗਾਰੀ ਖਤਮ ਕਰਨਾ, ਨਸ਼ਿਆਂ ਦੀ ਦਲਦਲ ਵਿਚ ਫਸਦੇ ਜਾ ਰਹੇ ਨੌਜਵਾਨਾਂ ਨੂੰ ਬਚਾਉਣਾ, ਲਾਲ ਬੱਤੀ ਕਲਚਰ ਨੂੰ ਖਤਮ ਕਰਨਾ ਅਤੇ ਭ੍ਰਿਸ਼ਟਾਚਾਰ ਉਪਰ ਕਾਬੂ ਪਾਉਣਾ ਹੈ। ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਨੇ ਮਨਪ੍ਰੀਤ ਸਿੰਘ ਬਾਦਲ ਦਾ ਸਾਥ ਇਸ ਸ਼ਰਤ ਉਤੇ ਦੇਣਾ ਮੰਨਿਆ ਸੀ ਕਿ ਪੰਜਾਬ ਨੂੰ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਰਾਜ ਦੇਣ ਲਈ ਯਤਨ ਕਰੀਏ। ਸ਼ਿਕਾਗੋ 'ਚ ਮੀਟਿੰਗ ਨਾਲ ਹੀ ਭਗਵੰਤ ਮਾਨ ਦੇ ਸਿਆਸੀ ਸਫਰ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਤੇ ਮਗਰੋਂ ਸਿਆਸਤ ਵਿਚ ਸਰਗਰਮੀ ਨਾਲ ਅੱਗੇ ਵਧਦਿਆਂ ਹੁਣ ਉਨ੍ਹਾਂ ਨੇ ਆਮ ਆਦਮੀ ਪਾਰਟੀ ਵਲੋਂ ਪੰਜਾਬ ਦੇ ਮੁੱਖ ਮੰਤਰੀ ਵਜੋਂ ਹਲਫ ਲਿਆ ਹੈ।



*2011 ਵਿਚ ਸ਼ਿਕਾਗੋ ਆਏ ਭਗਵੰਤ ਮਾਨ ਦੀ ਇਕ ਯਾਦਗਾਰੀ ਤਸਵੀਰ।*

ਉਨ੍ਹਾਂ ਦੇ ਮੁੱਖ ਮੰਤਰੀ ਬਣਨ 'ਤੇ ਮਿਡਵੈਸਟ ਦੇ ਪੰਜਾਬੀ ਭਾਈਚਾਰੇ ਵਿਚ ਖੁਸ਼ੀ ਦੀ ਲਹਿਰ ਹੈ ਤੇ ਆਸ ਕੀਤੀ ਜਾ ਰਹੀ ਹੈ ਕਿ ਭਗਵੰਤ ਮਾਨ ਪੰਜਾਬ ਨੂੰ ਮੁੜ ਲੀਹ 'ਤੇ ਲਿਆ ਕੇ ਇਸ ਦਾ ਭਵਿੱਖ ਸਵਾਰਨਗੇ।

# ਗੋਲੀਬਾਰੀ ਦੀਆਂ ਘਟਨਾਵਾਂ ਵਿਚ ਅੱਠ ਮੌਤਾਂ, 60 ਤੋਂ ਵੱਧ ਜ਼ਖਮੀ

ਸੈਕਰਾਮੈਂਟੋ: ਅਮਰੀਕਾ ਵਿਚ ਵਧ ਰਹੀ ਗੰਨ ਹਿੰਸਾ ਤੇ ਅਪਰਾਧ ਨੇ ਹਾਲਾਤ ਗੰਭੀਰ ਬਣਾ ਦਿੱਤੇ ਹਨ ਤੇ ਕੋਈ ਵੀ ਦਿਨ ਅਜਿਹਾ ਨਹੀਂ ਨਿਕਲਦਾ ਜਿਸ ਦਿਨ ਕੋਈ ਮੰਦਭਾਗੀ ਘਟਨਾ ਨਾ ਵਾਪਰੀ ਹੋਵੇ। ਪਿਛਲੇ ਹਫਤੇ ਅਮਰੀਕਾ ਦੀਆਂ ਨੌਂ ਥਾਵਾਂ 'ਤੇ ਹੋਈਆਂ ਗੋਲੀਬਾਰੀ ਦੀਆਂ ਘਟਨਾਵਾਂ ਵਿਚ ਅੱਠ ਵਿਅਕਤੀ ਮਾਰੇ ਗਏ ਤੇ 60 ਹੋਰ ਜ਼ਖਮੀ ਹੋ ਗਏ। ਇਸ ਸਾਲ ਹੁਣ ਤਕ ਘੱਟੋ ਘੱਟ 107 ਸਮੂਹਿਕ ਗੋਲੀਬਾਰੀ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ।

ਗੰਨ ਵਾਇਓਲੈਂਸ ਆਰਕੀਵ ਅਨੁਸਾਰ ਸਮੂਹਿਕ ਗੋਲੀਬਾਰੀ ਵਿਚ ਉਨ੍ਹਾਂ ਘਟਨਾਵਾਂ ਨੂੰ ਗਿਣਿਆ ਜਾਂਦਾ ਹੈ ਜਿਨ੍ਹਾਂ ਵਿਚ 4 ਜਾਂ 4 ਤੋਂ ਵੱਧ ਲੋਕ ਮਾਰੇ ਜਾਂਦੇ ਹਨ। ਇਸ ਵਿਚ ਹਮਲਾਵਰ ਦੀ ਹੋਈ ਮੌਤ ਨੂੰ ਨਹੀਂ ਗਿਣਿਆ ਜਾਂਦਾ। ਪੁਲਿਸ ਵਿਭਾਗ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ ਅਮਰੀਕਾ ਦੇ ਸਭ ਤੋਂ ਵੱਧ ਵਸੋਂ ਵਾਲੇ ਸ਼ਹਿਰਾਂ ਵਿਚ ਕਤਲਾਂ ਦੀਆਂ ਦੋ ਤਿਹਾਈ ਘਟਨਾਵਾਂ ਵਾਪਰੀਆਂ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਹੱਤਿਆਵਾਂ ਅਗਨ ਸ਼ਸ਼ਤਰਾਂ ਨਾਲ ਕੀਤੀਆਂ ਗਈਆਂ ਹਨ। ਬਾਈਡਨ ਪ੍ਰਸ਼ਾਸਨ ਨੇ ਹਾਲ ਹੀ ਵਿਚ ਗੰਨ ਅਪਰਾਧ ਨੂੰ ਠੱਲ੍ਹਣ ਲਈ ਕੋਸ਼ਿਸ਼ਾਂ ਤੇਜ਼ ਕੀਤੀਆਂ ਹਨ। ਕਈ ਰਾਜਾਂ ਨੇ ਇਸ ਸਬੰਧ ਵਿਚ ਕਾਨੂੰਨ ਬਣਾਏ ਹਨ ਜਿਨ੍ਹਾਂ ਤਹਿਤ ਅਮਰੀਕੀ ਨਾਗਰਿਕਾਂ ਨੂੰ ਜਨਤਕ ਥਾਵਾਂ 'ਤੇ ਖੁੱਲ੍ਹੇਆਮ ਹਥਿਆਰ ਲਿਜਾਣ ਦੀ ਮਨਾਹੀ ਕੀਤੀ ਗਈ ਹੈ ਤੇ ਉਹ ਗੁਪਤ ਢੰਗ ਨਾਲ ਹੀ ਹਥਿਆਰ ਆਪਣੇ ਨਾਲ ਲਿਜਾ ਸਕਦੇ ਹਨ।

ਪਿਛਲੇ ਹਫਤੇ ਨਿਊ ਲਿਬਰੀਆ, ਲੋਇਸੀਆਨਾ ਵਿਚ ਗੋਲੀਬਾਰੀ ਦੀ ਘਟਨਾ ਵਿਚ 5 ਵਿਅਕਤੀ ਜ਼ਖਮੀ ਹੋਏ। ਨਾਰਫੋਲਕ, ਵਿਰਜੀਨੀਆ ਵਿਚ ਇਕ ਰੈਸਟੋਰੈਂਟ ਦੇ ਬਾਹਰ ਚੱਲੀਆਂ ਗੋਲੀਆਂ ਵਿਚ ਦੋ ਵਿਅਕਤੀ ਮਾਰੇ ਗਏ ਤੇ ਤਿੰਨ ਹੋਰ ਜ਼ਖਮੀ ਹੋ ਗਏ। ਮੈਡੀਸਨ ਹਾਈਟਸ, ਵਿਰਜੀਨੀਆ ਵਿਚ ਇਕ ਵਿਅਕਤੀ ਮਾਰਿਆ ਗਿਆ ਤੇ ਚਾਰ ਹੋਰ ਜ਼ਖਮੀ ਹੋ ਗਏ। ਡੂਮਾਸ. ਅਰਕੰਸਾਸ ਵਿਚ ਚੱਲ ਰਹੇ ਕਾਰ ਸ਼ੋਅ ਦੌਰਾਨ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਮਾਰਿਆ ਗਿਆ ਤੇ 27 ਹੋਰ ਜ਼ਖਮੀ ਹੋ ਗਏ। ਹਿਊਸਟਨ ਵਿਚ ਇਕ ਜਨਮ ਦਿਨ ਦੀ ਪਾਰਟੀ ਦੌਰਾਨ ਚੱਲੀਆਂ ਗੋਲੀਆਂ ਵਿਚ ਚਾਰ ਬੱਚਿਆਂ ਦੇ ਗੋਲੀਆਂ ਮਾਰੀਆਂ ਗਈਆਂ ਜਿਨ੍ਹਾਂ ਵਿਚੋਂ ਇਕ ਦੀ ਮੌਤ ਹੋ ਗਈ। ਉਤਰੀ ਕੈਰੋਲੀਨਾ ਵਿਚ ਫੇਟੇਵਿਲੇ ਵਿਖੇ ਇਕ ਹੋਟਲ ਵਿਚ 3 ਵਿਅਕਤੀ ਮਾਰੇ ਗਏ ਤੇ 3 ਹੋਰ ਜ਼ਖਮੀ ਹੋ ਗਏ। ਡਲਾਸ ਵਿਚ ਘੱਟੋ ਘੱਟ 10 ਵਿਅਕਤੀ ਜ਼ਖਮੀ ਹੋਏ। ਇਸੇ ਤਰਾਂ ਹਫਤੇ ਦੇ ਆਖਰੀ ਦਿਨ ਸ਼ਨਿਚਰਵਾਰ ਨੂੰ ਆਸਟਿਨ, ਟੈਕਸਾਸ ਤੇ ਮਿਲਵਾਕੀ ਵਿਚ ਵਾਪਰੀਆਂ ਗੋਲੀਬਾਰੀ ਦੀਆਂ ਘਟਨਾਵਾਂ ਵਿਚ 4-4 ਵਿਅਕਤੀ ਜ਼ਖਮੀ ਹੋਏ ਹਨ।


## Change of Name

Daljit Singh Sunner, son of Bikkar Singh resident of Sunranwala, PO Sandhu Chatha, Distt. Kapurthala, Punjab, India, now living at 3555 W. Bullard Ave. APT 126 Fresno, CA, 93711, have changed my name to Daljit Singh. All concerned please note.

## ਹੈਲਪਰ, ਡਿਸ਼ਵਾਸ਼ਰ ਅਤੇ ਸਰਵਰ ਦੀ ਲੋੜ ਹੈ

ਔਸਟਿਨ, ਟੈਕਸਸ ਵਿਚ ਇੰਡੀਅਨ ਰੈਸਟੋਰੈਂਟ ਲਈ ਹੈਲਪਰ ਸਰਵਰ ਤੇ ਡਿਸ਼ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ



ਚਾਹਵਾਨ ਸੰਪਰਕ ਕਰਨ:

316-305-1818 ਜਾਂ 316-518-5382

E-Mail: Bayleafaustin@gmail.com

10-17



# Matrimonials

## ਲੜਕੇ ਦੀ ਲੋੜ ਹੈ

ਜੱਟ ਸਿੱਖ 42 ਸਾਲਾ 5'4", ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ 45 ਸਾਲ ਤੋਂ ਵੱਧ ਉਮਰ ਦੇ, ਬਿਨਾਂ ਬੱਚੇ ਵਾਲੇ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ 540-479-0603 'ਤੇ ਸੰਪਰਕ ਕਰ ਸਕਦੇ ਹਨ। 6-9

Ramgahria, Sikh family looking for USA or CANADA green card or PR holder match for their 1988 born 5`4" msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393 6-9

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

## ਲੜਕੀ ਦੀ ਲੋੜ ਹੈ

Jatt Sikh family Looking for a U.S. Citizen or Green Card holder match for their U.S. Citizen, 28, 5'10" son, living in Maryland, USA. Majored in Information Systems, Currently working. Please contact us at deolsunny16@gmail.com 13-16

Jatt Sikh family Looking for a jatt sikh, well settled match for their U.S born and raised jatt sikh 30, 6'3" son. Degree in criminal justice. Job in transportation. Send picture and biodata at 630-550-0299 or Email at: Dilbaghothi51@gmail.com 8-11

33 ਸਾਲਾ ਜੱਟ ਸਿੱਖ ਆਪਣਾ ਬਿਜ਼ਨਸ ਕਰਦੇ, USA citizen 6'1" ਲੜਕੇ ਲਈ ਯੂ.ਐਸ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਘੱਟੋ-ਘੱਟ 5'6", ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਨੇ ਬੈਚਲਰ ਡਿਗਰੀ ਕੀਤੀ ਹੋਈ ਹੈ। ਚਾਹਵਾਨ 317-767-1636 ਜਾਂ Email at: singh2026@hotmail.com 'ਤੇ ਸੰਪਰਕ ਕਰ ਸਕਦੇ ਹਨ। 6-10

Jatt Sikh Sangha family looking for suitable match for their American citizen son, 28, 6'-2", Masters in Computer Science. Vegetarian preferred. Please Contact us at 636- 577-5615 or Email at: vijaypalsangha@gmail.com.

31 ਸਾਲਾ ਜੱਟ ਸਿੱਖ, 6" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ -ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ 779-861-3770 ਜਾਂ b.singh815.bs@gmial.com'ਤੇ ਸੰਪਰਕ ਕਰ ਸਕਦੇ ਹਨ। feb-apr

Suitable match for Tonk-Kshatriya turbanator, trimmed Beard sikh boy 29, 5'10". Qualification B Tech IT, H1B Visa holder. Residing in San Jose (California). US Resident/Work Permit girl preferred. Caste No Bar. Please Contact us at: 90852-81759 jan-mar

31 ਸਾਲਾ ਜੱਟ ਸਿੱਖ ਡਾਕਟਰ, USA citizen ਲੜਕੇ 6'1" ਲਈ ਲੜਕੀ ਦੀ ਲੋੜ ਹੈ। ਲੜਕੀ USA ਵਿਚ ਰਹਿੰਦੀ ਹੋਵੇ ਅਤੇ Portland (Oregon) / Vancouver(WA) ਏਰੀਏ ਵਿੱਚ ਸ਼ਿਫ਼ਟ ਕਰਨ ਦੀ ਚਾਹਵਾਨ ਹੋਵੇ। ਲੜਕੇ ਦਾ ਪਰਿਵਾਰ USA ਵਿੱਚ Well settle ਹੈ। ਚਾਹਵਾਨ singh2998@outlook.com 'ਤੇ ਸੰਪਰਕ ਕਰ ਸਕਦੇ ਹਨ।

Suitable match for Ramgarhia sikh boy. 5'8" 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com. Dec-Mar

Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).

# 'ਆਪ' ਸਰਕਾਰ ਦੀ ਕੈਬਨਿਟ ਵਿਚ ਨਵੇਂ ਚਿਹਰਿਆਂ ਉਤੇ ਭਰੋਸਾ

## 10 ਮੰਤਰੀਆਂ ਵਿਚੋਂ 8 ਪਹਿਲੀ ਵਾਰ ਵਿਧਾਨ ਸਭਾ ਪਹੁੰਚੇ

**ਚੰਡੀਗੜ੍ਹ:** ਪੰਜਾਬ ਵਿਚ ਨਵੀਂ ਬਣੀ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਦੇ 10 ਮੰਤਰੀਆਂ ਨੇ ਹਲਫ਼ ਲੈ ਲਿਆ ਹੈ, ਜਿਨ੍ਹਾਂ 'ਚੋਂ ਪੰਜ ਮਾਲਵੇ ਦੇ, ਚਾਰ ਮਾਝੇ ਅਤੇ ਇਕ ਦੋਆਬੇ ਖੇਤਰ ਦੇ ਵਿਧਾਇਕ ਸ਼ਾਮਲ ਹਨ। ਇਨ੍ਹਾਂ 10 ਵਿਚੋਂ ਸਿਰਫ 2 ਚਿਹਰੇ ਹੀ ਪੁਰਾਣੇ ਹਨ, ਜਦੋਂਕਿ 8 ਚਿਹਰੇ ਪਹਿਲੀ ਵਾਰ ਵਿਧਾਨ ਸਭਾ ਪਹੁੰਚੇ ਹਨ। ਵਿਧਾਨ ਸਭਾ ਹਲਕਾ (ਰਾਖਵਾਂ) ਦਿੜ੍ਹਬਾ ਤੋਂ ਆਮ ਆਦਮੀ ਪਾਰਟੀ (ਆਪ) ਦੀ ਟਿਕਟ 'ਤੇ ਦੂਜੀ ਵਾਰ ਚੋਣ ਜਿੱਤੇ ਐਡਵੋਕੇਟ ਹਰਪਾਲ ਸਿੰਘ ਚੀਮਾ ਦੇ ਕੈਬਨਿਟ ਮੰਤਰੀ ਬਣਨ ਨਾਲ ਕਰੀਬ 35 ਸਾਲ ਬਾਅਦ ਕੋਈ ਪੰਜਾਬ ਵਜ਼ਾਰਤ ਵਿਚ ਹਲਕੇ ਦੀ ਨੁਮਾਇੰਦਗੀ ਕਰਨ ਜਾ ਰਿਹਾ ਹੈ। ਪੇਸ਼ੇ ਤੋਂ ਵਕੀਲ ਹਰਪਾਲ ਚੀਮਾ ਮੁੱਖ ਮੰਤਰੀ ਭਗਵੰਤ ਮਾਨ ਦੇ ਕਰੀਬੀ ਮੰਨੇ ਜਾਂਦੇ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਉਹ ਵਿਰੋਧੀ ਧਿਰ ਦੇ ਨੇਤਾ ਰਹੇ ਸਨ।



ਬਰਨਾਲਾ ਨੂੰ ਲਗਭਗ 35 ਸਾਲਾਂ ਦੇ ਵਕਫੇ ਤੋਂ ਬਾਅਦ ਕੋਈ ਸਰਕਾਰ ਵਿਚ ਕੈਬਨਿਟ ਮੰਤਰੀ ਨਸੀਬ ਹੋਇਆ ਹੈ। 1985-87 ਤੱਕ ਮਰਹੂਮ ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਰਹੇ ਸਨ, ਜਿਸ ਤੋਂ ਬਾਅਦ 32 ਸਾਲਾ ਗੁਰਮੀਤ ਸਿੰਘ ਮੀਤ ਹੇਅਰ ਨੂੰ ਕੈਬਨਿਟ ਦੀ ਨੁਮਾਇੰਦਗੀ ਹਾਸਲ ਹੋਈ ਹੈ। ਉਹ ਦਿੱਲੀ ਵਿੱਚ ਸਿਵਲ ਸਰਵਿਸ ਦੀ ਤਿਆਰੀ ਦੌਰਾਨ ਅੰਨਾ ਹਜ਼ਾਰੇ ਦੇ ਅੰਦੋਲਨ ਨਾਲ ਜੁੜੇ ਰਹੇ। ਇਸ ਦੌਰਾਨ ਉਹ ਅਰਵਿੰਦ ਕੇਜਰੀਵਾਲ ਦੇ ਸੰਪਰਕ 'ਚ ਆ ਗਏ। ਮੀਤ ਹੇਅਰ ਦੇ ਪਰਿਵਾਰ ਦਾ ਕੋਈ ਸਿਆਸੀ ਪਿਛੋਕੜ ਨਹੀਂ ਹੈ।

ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵਿਧਾਨ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਚੋਣ ਜਿੱਤੇ ਐਡਵੋਕੇਟ ਹਰਜੋਤ ਸਿੰਘ ਬੈਂਸ ਨੂੰ ਪੰਜਾਬ ਕੈਬਨਿਟ ਵਿਚ ਸ਼ਾਮਲ ਕੀਤਾ ਹੈ। ਉਹ ਪੰਜ ਦਹਾਕੇ ਬਾਅਦ ਸਿੱਖ ਚਿਹਰੇ ਵਜੋਂ ਚੋਣ ਜਿੱਤ ਕੇ ਪੰਜਾਬ ਵਜ਼ਾਰਤ ਵਿਚ ਇਸ ਹਲਕੇ ਦੀ ਨੁਮਾਇੰਦਗੀ ਕਰਨਗੇ। ਉਨ੍ਹਾਂ ਲੰਡਨ ਸਕੂਲ ਆਫ ਇਕਨਾਮਿਕਸ ਤੋਂ ਸਿੱਖਿਆ ਹਾਸਲ ਕੀਤੀ ਹੈ। ਉਹ ਅੰਨਾ ਹਜ਼ਾਰੇ ਦੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦਾ ਵੀ ਹਿੱਸਾ ਰਹੇ ਹਨ।

ਅੱਖਾਂ ਦੇ ਮਾਹਿਰ ਡਾਕਟਰ ਵਜੋਂ ਸ੍ਰੀ ਮੁਕਤਸਰ ਸਾਹਿਬ ਦੇ ਸਰਕਾਰੀ ਹਸਪਤਾਲ ਵਿਚ ਸੇਵਾਵਾਂ ਨਿਭਾਉਣ ਵਾਲੇ 46 ਸਾਲਾ ਡਾ. ਬਲਜੀਤ ਕੌਰ ਹੁਣ ਕੈਬਨਿਟ ਮੰਤਰੀ ਬਣ ਕੇ ਲੋਕਾਂ ਦੀ ਸੇਵਾ ਕਰਨਗੇ। ਉਹ ਚੋਣ ਮੀਟਿੰਗਾਂ ਵਿਚ ਵੀ ਲੋਕਾਂ ਦੀਆਂ ਅੱਖਾਂ ਦੀ ਜਾਂਚ ਕਰਦੇ ਰਹੇ ਹਨ। ਪੰਜਾਬ ਦੀ ਕੈਬਨਿਟ ਵਿਚ ਫਿਲਹਾਲ ਉਹ ਇਕੱਲੇ ਮਹਿਲਾ ਕੈਬਨਿਟ ਮੰਤਰੀ ਹਨ। ਬਲਜੀਤ ਕੌਰ ਲੋਕ ਸਭਾ ਹਲਕਾ ਫਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਸਾਬਕਾ ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ ਦੀ ਧੀ ਹਨ।

ਹਲਕਾ ਭੋਆ ਤੋਂ ਜਿੱਤੇ ਲਾਲ ਚੰਦ ਕਟਾਰੂਚੱਕ ਦੇ ਕੈਬਨਿਟ ਮੰਤਰੀ ਬਣਨ ਨਾਲ ਹਲਕੇ ਨੂੰ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਕੈਬਨਿਟ ਦੀ ਨੁਮਾਇੰਦਗੀ ਮਿਲੀ ਹੈ। ਉਹ ਪਹਿਲਾਂ ਸੀ.ਪੀ.ਐਮ. ਅਤੇ ਆਰ.ਐਮ.ਪੀ.ਆਈ. ਨਾਲ ਸਰਗਰਮ ਸਨ। ਉਹ ਗੈਰ-ਕਾਨੂੰਨੀ ਮਾਈਨਿੰਗ ਵਿਰੁੱਧ ਲੜਦੇ ਆ ਰਹੇ ਹਨ।

### ਲੁਧਿਆਣਾ ਨੂੰ ਮੰਤਰੀ ਮੰਡਲ 'ਚ ਨਹੀਂ ਮਿਲੀ ਥਾਂ

**ਚੰਡੀਗੜ੍ਹ:** ਪੰਜਾਬ ਦੇ ਸਭ ਤੋਂ ਵੱਡੇ ਜ਼ਿਲ੍ਹੇ ਅਤੇ ਸਭ ਤੋਂ ਜ਼ਿਆਦਾ ਵਿਧਾਨ ਸਭਾ ਹਲਕਿਆਂ ਵਾਲੇ ਜ਼ਿਲ੍ਹੇ ਨੂੰ ਨਵੇਂ ਮੁੱਖ ਮੰਤਰੀ ਭਗਵੰਤ ਮਾਨ ਦੀ ਕੈਬਨਿਟ 'ਚ ਕੋਈ ਜਗ੍ਹਾ ਨਹੀਂ ਮਿਲੀ। ਲੁਧਿਆਣਾ ਜ਼ਿਲ੍ਹੇ ਦੀਆਂ 14 ਵਿਧਾਨ ਸਭਾ ਸੀਟਾਂ 'ਚੋਂ 13 ਵਿਧਾਨ ਸਭਾ ਸੀਟਾਂ 'ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਜੇਤੂ ਰਹੇ ਸਨ। ਇਸ ਦੇ ਬਾਵਜੂਦ ਲੁਧਿਆਣਾ ਜ਼ਿਲ੍ਹੇ ਨੂੰ ਭਗਵੰਤ ਮਾਨ ਨੇ ਕੈਬਨਿਟ 'ਚ ਜਗ੍ਹਾ ਨਹੀਂ ਦਿੱਤੀ। ਕੈਬਨਿਟ 'ਚ ਲੁਧਿਆਣਾ ਦੇ ਵਿਧਾਇਕਾਂ ਨੂੰ ਸ਼ਾਮਲ ਨਾ ਕੀਤੇ ਜਾਣ ਕਾਰਨ ਆਮ ਆਦਮੀ ਪਾਰਟੀ ਦੇ ਵਰਕਰਾਂ ਦੇ ਨਾਲ-ਨਾਲ ਸ਼ਹਿਰ ਵਾਸੀਆਂ 'ਚ ਵੀ ਨਿਰਾਸ਼ਾ ਹੈ।

ਵਿਧਾਨ ਸਭਾ ਹਲਕਾ ਪੱਟੀ ਤੋਂ ਪਹਿਲੀ ਵਾਰ ਚੋਣ ਜਿੱਤੇ ਲਾਲਜੀਤ ਸਿੰਘ ਭੁੱਲਰ ਨੂੰ ਪੰਜਾਬ ਦਾ ਕੈਬਨਿਟ ਮੰਤਰੀ ਬਣਾਇਆ ਗਿਆ ਹੈ। ਉਨ੍ਹਾਂ ਅਕਾਲੀ ਦਲ ਦੇ ਸਾਬਕਾ ਕੈਬਨਿਟ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਮਾਤ ਦਿੱਤੀ ਹੈ। ਲਾਲਜੀਤ ਸਿੰਘ ਪੇਸ਼ੇ ਵਜੋਂ ਆੜ੍ਹਤ ਦਾ ਕਾਰੋਬਾਰ ਕਰਦੇ ਸਨ।

ਪੰਜਾਬ ਵਿਚ ਸਭ ਤੋਂ ਵੱਧ ਵੋਟਾਂ ਹਾਸਲ ਕਰਨ ਵਾਲੇ ਮਾਨਸਾ ਤੋਂ ਵਿਧਾਇਕ ਡਾ. ਵਿਜੈ ਸਿੰਗਲਾ ਨੇ ਕੈਬਨਿਟ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਡਾ. ਵਿਜੈ ਸਿੰਗਲਾ ਪੇਸ਼ੇ ਵਜੋਂ ਦੰਦਾਂ ਦੇ ਡਾਕਟਰ ਹਨ। ਇਸ ਸਬੰਧੀ ਦਿਲਚਸਪ ਗੱਲ ਇਹ ਵੀ ਹੈ ਕਿ ਡਾ. ਸਿੰਗਲਾ ਤੋਂ ਹਾਰੇ ਸਿੱਧੂ ਮੂਸੇਵਾਲਾ ਵੀ ਉਨ੍ਹਾਂ ਕੋਲੋਂ ਦੰਦਾਂ ਦਾ ਇਲਾਜ ਕਰਵਾਉਂਦਾ ਰਿਹਾ ਹੈ।

ਹੁਸ਼ਿਆਰਪੁਰ ਹਲਕੇ ਤੋਂ ਪਹਿਲੀ ਵਾਰ ਚੋਣ ਜਿੱਤ ਕੇ ਵਿਧਾਨ ਸਭਾ ਪਹੁੰਚੇ ਬ੍ਰਹਮ ਸ਼ੰਕਰ ਜਿੰਪਾ ਨੂੰ ਨਵੀਂ ਸਰਕਾਰ 'ਚ ਕੈਬਨਿਟ ਮੰਤਰੀ ਬਣਾਏ ਜਾਣ 'ਤੇ ਜ਼ਿਲ੍ਹੇ 'ਚ ਖ਼ੁਸ਼ੀ ਦੀ ਲਹਿਰ ਹੈ। ਜਿੰਪਾ ਤੋਂ ਪਹਿਲਾਂ ਸੁੰਦਰ ਸ਼ਾਮ ਅਰੋੜਾ ਕਾਂਗਰਸ ਸਰਕਾਰ ਸਮੇਂ ਅਤੇ ਤੀਕਸ਼ਣ ਸੂਦ ਅਕਾਲੀ-ਭਾਜਪਾ ਸਰਕਾਰ 'ਚ ਕੈਬਨਿਟ ਮੰਤਰੀ ਰਹੇ ਹਨ।

ਹਲਕਾ ਜੰਡਿਆਲਾ ਗੁਰੂ ਤੋਂ ਵਿਧਾਇਕ ਹਰਭਜਨ ਸਿੰਘ ਈ.ਟੀ.ਓ. ਨੂੰ ਪੰਜਾਬ ਦੀ ਵਜ਼ਾਰਤ ਵਿਚ ਥਾਂ ਮਿਲੀ ਹੈ। ਜੰਡਿਆਲਾ ਗੁਰੂ ਵਿਚ ਹੀ ਮੁਢਲੀ ਪੜ੍ਹਾਈ ਕਰਨ ਵਾਲੇ ਹਰਭਜਨ ਸਿੰਘ ਨੇ ਸਾਲ 2012 ਵਿਚ ਉਨ੍ਹਾਂ ਪੀ.ਸੀ.ਐਸ. ਦੀ ਪ੍ਰੀਖਿਆ ਪਾਸ ਕੀਤੀ ਅਤੇ ਉਪਰੰਤ ਐਕਸਾਈਜ਼ ਐਂਡ ਟੈਕਸੇਸ਼ਨ ਵਿਭਾਗ ਵਿਚ ਬਤੌਰ ਈ.ਟੀ.ਓ. ਨਿਯੁਕਤ ਹੋਏ। ਉਨ੍ਹਾਂ ਪੰਜ ਸਾਲ ਬਤੌਰ ਈਟੀਓ ਨੌਕਰੀ ਕੀਤੀ ਅਤੇ 2017 ਵਿਚ ਆਮ ਆਦਮੀ ਪਾਰਟੀ ਤੋਂ ਪ੍ਰਭਾਵਿਤ ਹੋ ਕੇ ਨੌਕਰੀ ਤੋਂ ਸੇਵਾਮੁਕਤੀ ਲੈ ਲਈ।

ਕੁਲਦੀਪ ਸਿੰਘ ਧਾਲੀਵਾਲ ਦੇ ਕੈਬਨਿਟ ਮੰਤਰੀ ਬਣਨ ਨਾਲ ਹਲਕਾ ਅਜਨਾਲਾ ਨੂੰ 25 ਸਾਲ ਬਾਅਦ ਮੁੜ ਕੈਬਨਿਟ ਰੈਂਕ ਹਾਸਲ ਹੋਇਆ ਹੈ। ਇਸ ਤੋਂ ਪਹਿਲਾਂ 1997 ਦੀਆਂ ਵਿਧਾਨ ਸਭਾ ਚੋਣਾਂ ਵਿਚ ਡਾ. ਰਤਨ ਸਿੰਘ ਅਜਨਾਲਾ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵਿਚ ਕੈਬਨਿਟ ਮੰਤਰੀ ਬਣੇ ਸਨ। ਕੁਲਦੀਪ ਧਾਲੀਵਾਲ ਪਾਰਟੀ ਦੇ ਮਾਝਾ ਜ਼ੋਨ ਦੇ ਪ੍ਰਧਾਨ ਰਹਿਣ ਤੋਂ ਇਲਾਵਾ ਕਿਸਾਨ ਵਿੰਗ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਦੀ ਜ਼ਿੰਮੇਵਾਰੀ ਵੀ ਨਿਭਾਅ ਰਹੇ ਹਨ। ਕੁਲਦੀਪ ਸਿੰਘ ਪੇਸ਼ੇ ਵਜੋਂ ਕਿਸਾਨ ਹਨ।

## ਜਾਤ ਪ੍ਰਥਾ ਦੇ ਖਾਤਮੇ ਬਿਨਾਂ ਚੰਗੇ ਸਮਾਜ ਦੀ ਸਿਰਜਣਾ ਅਸੰਭਵ: ਅਰੁੰਧਤੀ

**ਪਟਿਆਲਾ:** ਪਹਿਲੀ ਵਾਰ ਪੰਜਾਬੀ ਯੂਨੀਵਰਸਿਟੀ ਪੁੱਜੇ ਕੌਮਾਂਤਰੀ ਲੇਖਿਕਾ ਤੇ ਸਮਾਜਿਕ ਕਾਰਕੁਨ ਅਰੁੰਧਤੀ ਰਾਏ ਨੇ ਆਖਿਆ ਕਿ ਆਧੁਨਿਕ ਯੁਗ 'ਚ ਨਿੱਗਰ ਤੇ ਉਸਾਰੂ ਸਮਾਜ ਦੀ ਸਿਰਜਣਾ ਦੀਆਂ ਬਾਤਾਂ ਪੈਣ ਲੱਗੀਆਂ ਹਨ, ਪਰ ਇਹ ਰੂਪ ਹਕੀਕੀ ਨਹੀਂ ਹੈ ਕਿਉਂਕਿ ਜਾਤ ਪ੍ਰਥਾ ਦਾ ਪ੍ਰਕੋਪ ਹਾਲੇ ਵੀ ਸਮਾਜ ਵਿਚ ਬਰਕਰਾਰ ਹੈ। ਉਨ੍ਹਾਂ ਆਖਿਆ ਕਿ ਚੰਗੇ ਸਮਾਜ ਦੀ ਸਿਰਜਣਾ ਜਾਤ ਪ੍ਰਥਾ ਦੇ ਖਾਤਮੇ ਤੋਂ ਬਗੈਰ ਨਹੀਂ ਹੋ ਸਕਦੀ।



ਇਹ ਸਮਾਗਮ ਯੂਨੀਵਰਸਿਟੀ ਦੇ ਐਜੂਕੇਸ਼ਨਲ ਮਲਟੀ ਮੀਡੀਆ ਰਿਸਰਚ ਸੈਂਟਰ ਵੱਲੋਂ ਕਰਵਾਇਆ ਗਿਆ ਜਿਥੇ ਵਿਭਾਗ ਦੇ ਡਾਇਰੈਕਟਰ ਦਲਜੀਤ ਅਮੀ ਨੇ ਲੇਖਿਕਾ ਨਾਲ ਸੰਵਾਦ ਰਚਾਇਆ। ਲੇਖਿਕਾ ਅਰੁੰਧਤੀ ਰਾਏ ਨੇ ਜਾਤ, ਧਰਮ ਅਤੇ ਭਾਸ਼ਾ ਦੀਆਂ ਵੰਡੀਆਂ ਤੋਂ ਉੱਪਰ ਉੱਠ ਕੇ ਆਪਸੀ ਇਕਜੁੱਟਤਾ ਦੀ ਲੋੜ 'ਤੇ ਜ਼ੋਰ ਦਿੱਤਾ। ਕਿਸਾਨੀ ਸੰਘਰਸ਼ ਦੌਰਾਨ ਪੰਜਾਬੀਆਂ ਦੀ ਭੂਮਿਕਾ ਦੀ ਸ਼ਲਾਘਾ ਕਰਦਿਆਂ, ਉਨ੍ਹਾਂ ਕਿਹਾ ਕਿ ਇਸ ਸੰਘਰਸ਼ ਨੇ ਇਕ ਉਮੀਦ ਪੈਦਾ ਕੀਤੀ ਹੈ ਤੇ ਅਵਾਮ ਨੂੰ ਦੱਸਿਆ ਹੈ ਕਿ ਆਪਣੇ ਹੱਕਾਂ ਲਈ ਹਕੂਮਤ ਦੀ ਅੱਖ ਵਿਚ ਅੱਖ ਪਾ ਕੇ ਗੱਲ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ।

ਉਨ੍ਹਾਂ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਦੇਸ਼ ਨੂੰ ਸਿਰਫ ਚਾਰ ਲੋਕ ਚਲਾ ਰਹੇ ਹਨ, ਜਿਨ੍ਹਾਂ ਵਿਚੋਂ ਦੋ ਖਰੀਦਦਾਰੀ ਤੇ ਦੋ ਵੇਚਣ ਦਾ ਕੰਮ ਕਰ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਜਦੋਂ ਮੁੱਖ ਧਾਰਾ ਦੇ ਮੀਡੀਆ ਸਣੇ ਸੂਬੇ ਦੀ ਬਹੁਤੀ ਮਸ਼ੀਨਰੀ ਦੁਰਵਰਤੋਂ ਦੇ ਰਾਹ ਪਾ ਦਿੱਤੀ ਗਈ ਹੋਵੇ ਤਾਂ ਲੋਕਾਂ ਦਾ ਜਮਹੂਰੀਅਤ ਵਿਚ ਭਰੋਸਾ ਕਾਇਮ ਰਹਿਣਾ ਮੁਸ਼ਕਲ ਹੈ।

## ਸਾਬਕਾ ਵਿਧਾਇਕ ਵੱਲੋਂ ਅਕਾਲੀ ਦਲ ਤੋਂ ਅਸਤੀਫਾ

ਸ਼੍ਰੋਮਣੀ ਅਕਾਲੀ ਦਲ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਅਤੇ ਮੌਜੂਦਾ ਵਿਧਾਨ ਸਭਾ ਲਈ ਚੋਣ ਲੜਨ ਵਾਲੇ ਉਮੀਦਵਾਰ ਸਰੂਪ ਚੰਦ ਸਿੰਗਲਾ ਨੇ ਅਕਾਲੀ ਦਲ ਨੂੰ ਅਲਵਿਦਾ ਆਖ ਦਿੱਤਾ ਹੈ। ਉਨ੍ਹਾਂ ਬਠਿੰਡਾ ਵਿਚ ਪ੍ਰੈੱਸ ਕਾਨਫਰੰਸ ਮੌਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨਾਲ ਮਿਲੇ ਹੋਣ ਦੇ ਦੋਸ਼ ਲਾਉਂਦਿਆਂ ਕਿਹਾ ਕਿ ਬਠਿੰਡਾ ਸ਼ਹਿਰੀ ਸੀਟ 'ਤੇ ਅਕਾਲੀ ਦਲ ਵੱਲੋਂ ਮਨਪ੍ਰੀਤ ਸਿੰਘ ਬਾਦਲ ਦੀ ਮਦਦ ਕੀਤੀ ਗਈ ਹੈ। ਸ੍ਰੀ ਸਿੰਗਲਾ ਨੇ ਪੱਕੇ ਸਬੂਤ ਹੋਣ ਦਾ ਦਾਅਵਾ ਕਰਦਿਆਂ ਕਿਹਾ ਕਿ ਉਨ੍ਹਾਂ ਸੁਖਬੀਰ ਨੂੰ ਕਿਹਾ ਸੀ ਕਿ ਹਲਕੇ ਵਿਚ ਗੱਲ ਚੱਲੀ ਹੋਈ ਹੈ ਕਿ ਅਕਾਲੀ ਦਲ ਮਨਪ੍ਰੀਤ ਬਾਦਲ ਦੀ ਮਦਦ ਕਰ ਰਿਹਾ ਹੈ ਪਰ ਉਨ੍ਹਾਂ ਨੇ ਇਸ ਗੱਲ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਇਸ ਬਾਰੇ ਉਨ੍ਹਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਸ਼ਿਕਾਇਤ ਕੀਤੀ ਸੀ ਪਰ ਕੋਈ ਸੁਣਵਾਈ ਨਾ ਹੋਣ ਕਾਰਨ ਸ਼ਹਿਰੀ ਵੋਟਰਾਂ ਨੇ ਅਕਾਲੀ ਦਲ ਦੀ ਬਜਾਏ ਆਮ ਆਦਮੀ ਪਾਰਟੀ ਨੂੰ ਵੋਟਾਂ ਦਿੱਤੀਆਂ, ਜਿਸ ਕਾਰਨ ਉਹ ਚੋਣ ਹਾਰ ਗਏ। ਸ੍ਰੀ ਸਿੰਗਲਾ ਨੇ ਕਿਹਾ ਕਿ ਉਨ੍ਹਾਂ ਪਾਰਟੀ ਨੂੰ ਆਪਣਾ ਅਸਤੀਫਾ ਭੇਜ ਦਿੱਤਾ ਹੈ।

## ਹਾਈਕਮਾਨ ਨਾਲ ਕੋਈ ਨਾਰਾਜ਼ਗੀ ਨਹੀਂ: ਬਲਜਿੰਦਰ ਕੌਰ

**ਚੰਡੀਗੜ੍ਹ:** 'ਆਪ' ਸਰਕਾਰ ਦੇ ਮੰਤਰੀ ਮੰਡਲ 'ਚ ਕਈ ਪੁਰਾਣੇ ਸੀਨੀਅਰ ਆਗੂਆਂ ਨੂੰ ਜਗ੍ਹਾ ਨਹੀਂ ਮਿਲ ਸਕੀ। ਰਾਜ ਭਵਨ ਵਿਚ ਉਨ੍ਹਾਂ ਦੇ ਚਿਹਰਿਆਂ ਉਤੇ ਮਾਯੂਸੀ ਜ਼ਰੂਰ ਨਜ਼ਰ ਆਈ, ਪਰ ਇਨ੍ਹਾਂ ਵਿਧਾਇਕਾਂ ਨੇ ਮੰਤਰੀ ਨਾ ਬਣ ਸਕਣ ਦਾ ਦਰਦ ਆਪਣੀ ਜ਼ੁਬਾਨ ਉਤੇ ਨਹੀਂ ਆਉਣ ਦਿੱਤਾ। ਇਸ ਮੌਕੇ ਵਿਧਾਇਕਾ ਬਲਜਿੰਦਰ ਕੌਰ ਨੇ ਕਿਹਾ ਕਿ ਉਨ੍ਹਾਂ ਨੂੰ ਪਾਰਟੀ ਨਾਲ ਕੋਈ ਨਾਰਾਜ਼ਗੀ ਨਹੀਂ ਹੈ। ਮੈਂ ਉਨ੍ਹਾਂ ਸਾਰੇ ਸਾਥੀਆਂ ਨੂੰ ਵਧਾਈ ਦਿੰਦੀ ਹਾਂ, ਜਿਨ੍ਹਾਂ ਨੂੰ ਮੰਤਰੀ ਮੰਡਲ ਵਿਚ ਥਾਂ ਮਿਲੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਜੋ ਵੀ ਜ਼ਿੰਮੇਵਾਰੀ ਲਾਏਗੀ, ਉਸ ਨੂੰ ਪੂਰਾ ਕਰਾਂਗੇ।



ਬਲਜਿੰਦਰ ਕੌਰ ਨੇ ਕਿਹਾ ਕਿ ਮੇਰੇ ਲੋਕਾਂ ਨੇ ਦੂਜੀ ਵਾਰ ਮੈਨੂੰ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹਾਇਆ, ਇਹ ਮੇਰੇ ਲਈ ਵੱਡੀ ਪ੍ਰਾਪਤੀ ਹੈ। ਮੈਨੂੰ ਉਮੀਦ ਹੈ ਕਿ ਸਾਰੇ ਨਵੇਂ ਮੰਤਰੀ ਪੰਜਾਬ ਲਈ ਬਿਹਤਰ ਕੰਮ ਕਰਕੇ ਦਿਖਾਉਣਗੇ। ਇਸੇ ਤਰ੍ਹਾਂ ਵਿਧਾਇਕ ਅਮਨ ਅਰੋੜਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਹੋ ਸਕਦਾ ਹੈ ਕਿ ਮੇਰੇ ਤੋਂ ਕੰਮ ਕਰਨ ਵਿਚ ਜਾਂ ਪਾਰਟੀ ਪ੍ਰਤੀ ਇਮਾਨਦਾਰੀ ਵਿਚ ਕਿਤੇ ਕਮੀ ਰਹਿ ਗਈ ਹੋਵੇਗੀ, ਮੈਂ ਉਸ ਵਿਚ ਸੁਧਾਰ ਕਰਾਂਗਾ ਅਤੇ ਆਪਣੀ ਪਾਰਟੀ ਲਈ ਕੰਮ ਕਰਦਾ ਰਹਾਂਗਾ। ਉਨ੍ਹਾਂ ਕਿਹਾ ਕਿ ਮੈਨੂੰ ਅਹੁਦਿਆਂ ਦੀ ਲਾਲਸਾ ਅਤੇ ਲਾਲਚ ਨਹੀਂ, ਮੈਂ ਪਾਰਟੀ ਦਾ ਇਕ ਛੋਟਾ ਵਰਕਰ ਹਾਂ ਅਤੇ ਵਰਕਰ ਬਣ ਕੇ ਕੰਮ ਕਰਦਾ ਰਹਾਂਗਾ। ਉਨ੍ਹਾਂ ਕਿਹਾ ਕਿ ਹਾਈਕਮਾਨ ਨੇ ਜੋ ਵੀ ਫੈਸਲਾ ਲਿਆ ਹੈ, ਉਹ ਸਵੀਕਾਰ ਹੈ, ਇਹ ਫੈਸਲਾ ਪਾਰਟੀ ਦੇ ਹੱਕ ਵਿਚ ਹੀ ਹੋਵੇਗਾ।

## ਵੱਡੇ ਆਗੂਆਂ ਦੀ ਪਿੱਠ ਲਵਾਉਣ ਵਾਲਿਆਂ ਨੂੰ ਨਾ ਮਿਲਿਆ ਮੌਕਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਪੰਜਾਬ 'ਚ ਵੱਡੇ ਆਗੂਆਂ ਨੂੰ ਹਰਾਉਣ ਵਾਲੇ ਵਿਧਾਇਕਾਂ ਨੂੰ ਕੈਬਨਿਟ 'ਚ ਥਾਂ ਨਹੀਂ ਦਿੱਤੀ। ਇਸ ਤੋਂ ਇਲਾਵਾ ਕਈ ਪੁਰਾਣੇ ਅਤੇ ਵੱਡੀ ਜਿੱਤ ਹਾਸਲ ਕਰਨ ਵਾਲੇ ਵਿਧਾਇਕ ਵੀ ਕੈਬਨਿਟ 'ਚੋਂ ਬਾਹਰ ਰੱਖੇ ਗਏ ਹਨ। ਪੰਜਾਬ ਵਿਚ ਪੰਜ ਵਾਰ ਮੁੱਖ ਮੰਤਰੀ ਰਹਿਣ ਵਾਲੇ ਪ੍ਰਕਾਸ਼ ਸਿੰਘ ਬਾਦਲ ਨੂੰ 11,396 ਵੋਟਾਂ ਨਾਲ ਹਰਾਉਣ ਵਾਲੇ ਗੁਰਮੀਤ ਸਿੰਘ ਖੁੱਡੀਆਂ, ਕੈਪਟਨ ਅਮਰਿੰਦਰ ਸਿੰਘ ਨੂੰ 19,873 ਵੋਟਾਂ ਦੇ ਫਰਕ ਨਾਲ ਹਰਾਉਣ ਵਾਲੇ ਅਜੀਤ ਪਾਲ ਸਿੰਘ ਕੋਹਲੀ, ਚਰਨਜੀਤ ਸਿੰਘ ਚੰਨੀ ਨੂੰ ਭਦੌੜ ਤੋਂ 37,558 ਵੋਟਾਂ ਦੇ ਫਰਕ ਨਾਲ ਹਰਾਉਣ ਵਾਲੇ ਲਾਭ ਸਿੰਘ ਉਗੋਕੇ ਤੇ ਚਮਕੌਰ ਸਾਹਿਬ ਤੋਂ 7,942 ਵੋਟਾਂ ਦੇ ਫਰਕ ਨਾਲ ਹਰਾਉਣ ਵਾਲੇ ਡਾ. ਚਰਨਜੀਤ ਸਿੰਘ, ਅੰਮ੍ਰਿਤਸਰ (ਪੂਰਬੀ) ਤੋਂ ਨਵਜੋਤ ਸਿੰਘ ਸਿੱਧੂ ਅਤੇ ਬਿਕਰਮ ਸਿੰਘ ਮਜੀਠੀਆ ਨੂੰ 6,750 ਵੋਟਾਂ ਦੇ ਫਰਕ ਨਾਲ ਹਰਾਉਣ ਵਾਲੀ ਡਾ. ਜੀਵਨ ਜੋਤ ਕੌਰ, ਜਲਾਲਾਬਾਦ ਤੋਂ ਸੁਖਬੀਰ ਸਿੰਘ ਬਾਦਲ ਨੂੰ 30,930 ਵੋਟਾਂ ਦੇ ਫਰਕ ਨਾਲ ਹਰਾਉਣ ਵਾਲੇ ਜਗਦੀਪ ਸਿੰਘ ਗੋਲਡੀ ਕੰਬੋਜ ਵਰਗੇ ਆਗੂਆਂ ਨੂੰ ਕੈਬਨਿਟ ਵਿਚ ਥਾਂ ਨਹੀਂ ਮਿਲੀ।



ਇਸੇ ਤਰ੍ਹਾਂ ਆਮ ਆਦਮੀ ਪਾਰਟੀ (ਆਪ) ਨੇ ਸੂਬੇ 'ਚ ਸਭ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕਰਨ ਵਾਲੇ ਹਲਕਾ ਸੁਨਾਮ ਦੇ ਵਿਧਾਇਕ ਅਮਨ ਅਰੋੜਾ, ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਉਪ ਨੇਤਾ ਰਹਿ ਚੁੱਕੀ ਜਗਰਾਓਂ ਤੋਂ ਵਿਧਾਇਕ ਸਰਬਜੀਤ ਕੌਰ ਮਾਣੂੰਕੇ, ਪ੍ਰੋ. ਬਲਜਿੰਦਰ ਕੌਰ ਅਤੇ ਬੁਢਲਾਡਾ ਤੋਂ ਪ੍ਰਿੰਸੀਪਲ ਬੁੱਧ ਰਾਮ ਸਣੇ ਹੋਰ ਵੱਡੇ ਚਿਹਰਿਆਂ ਨੂੰ ਵੀ ਫਿਲਹਾਲ ਮੰਤਰੀ ਮੰਡਲ 'ਚੋਂ ਬਾਹਰ ਰੱਖਿਆ ਹੈ।

ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਕੈਬਨਿਟ ਦੀ ਚੋਣ ਕਰਨ ਦਾ ਅਧਿਕਾਰ ਮੁੱਖ ਮੰਤਰੀ ਕੋਲ ਹੁੰਦਾ ਹੈ। ਸ਼ਾਇਦ ਉਨ੍ਹਾਂ (ਅਮਨ ਅਰੋੜਾ) ਵਿਚ ਹੀ ਕੋਈ ਕਮੀ ਰਹਿ ਗਈ ਹੋਵੇਗੀ, ਜਿਸ ਕਰਕੇ ਉਨ੍ਹਾਂ ਨੂੰ ਕੈਬਨਿਟ ਵਿਚ ਨਹੀਂ ਰੱਖਿਆ ਗਿਆ। ਸਰਬਜੀਤ ਕੌਰ ਮਾਣੂੰਕੇ ਨੇ ਕਿਹਾ ਕਿ ਉਹ ਪਾਰਟੀ ਵਿਚ ਬਤੌਰ ਵਿਧਾਇਕਾ ਕੰਮ ਕਰ ਰਹੇ ਸਨ ਅਤੇ ਅੱਗੇ ਵੀ ਕਰਨਗੇ। ਬੁਢਲਾਡਾ ਤੋਂ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਲੋਕ ਸੇਵਾ ਲਈ ਮੰਤਰੀ ਹੋਣਾ ਜ਼ਰੂਰੀ ਨਹੀਂ। ਉਨ੍ਹਾਂ ਨੂੰ ਮੰਤਰੀ ਮੰਡਲ ਵਿਚ ਨਾ ਸ਼ਾਮਲ ਕਰਨ ਦਾ ਕੋਈ ਗਿਲਾ ਨਹੀਂ ਹੈ। ਉਹ ਕੈਬਨਿਟ ਨਾਲ ਰਲ ਕੇ ਆਪਣੇ ਇਲਾਕੇ ਅਤੇ ਪੰਜਾਬ ਦਾ ਵਿਕਾਸ ਕਰਨ ਨੂੰ ਤਰਜੀਹ ਦੇਣਗੇ।

### ਹੋਰ ਚਿਹਰੇ ਸ਼ਾਮਲ ਹੋਣੇ ਚਾਹੀਦੇ: ਰਾਜਾ ਵੜਿੰਗ

**ਸ੍ਰੀ ਮੁਕਤਸਰ ਸਾਹਿਬ:** ਪੰਜਾਬ ਦੇ ਸਾਬਕਾ ਟਰਾਂਸਪੋਰਟ ਮੰਤਰੀ ਅਤੇ ਗਿੱਦੜਬਾਹਾ ਤੋਂ ਤੀਜੀ ਵਾਰ ਚੁਣੇ ਗਏ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਮੰਤਰੀ ਮੰਡਲ ਬਣਾਉਣਾ ਭਾਵੇਂ ਆਮ ਆਦਮੀ ਪਾਰਟੀ ਦਾ ਅੰਦਰੂਨੀ ਮਾਮਲਾ ਹੈ ਪਰ ਮੈਨੂੰ ਲੱਗਦਾ ਹੈ ਕਿ ਅਮਨ ਅਰੋੜਾ, ਪ੍ਰੋਫੈਸਰ ਬਲਜਿੰਦਰ ਕੌਰ, ਬੀਬੀ ਸਰਬਜੀਤ ਕੌਰ ਮਾਣੂੰਕੇ ਅਤੇ ਕੁਲਤਾਰ ਸਿੰਘ ਸੰਧਵਾਂ ਵੀ ਮੰਤਰੀ ਮੰਡਲ ਵਿਚ ਸ਼ਾਮਲ ਹੋਣੇ ਚਾਹੀਦੇ ਸਨ। ਇਹ ਉਹ ਲੋਕ ਹਨ, ਜਿਨ੍ਹਾਂ ਨੇ ਹਰ ਚੰਗੇ-ਮਾੜੇ ਸਮੇਂ ਆਮ ਆਦਮੀ ਪਾਰਟੀ ਦਾ ਸਾਥ ਦਿੱਤਾ। ਉਨ੍ਹਾਂ ਆਪਣੇ ਫੇਸਬੁੱਕ ਪੇਜ ਉਤੇ ਇਨ੍ਹਾਂ ਚਾਰਾਂ ਦੀਆਂ ਤਸਵੀਰਾਂ ਸਾਂਝੀਆਂ ਕਰਕੇ ਨਵੇਂ ਬਣੇ ਮੰਤਰੀਆਂ ਨੂੰ ਵਧਾਈ ਵੀ ਦਿੱਤੀ।

# ਹੋਲਾ ਮਹੱਲਾ ਖਾਲਸਈ ਜਾਹੋ-ਜਲਾਲ ਨਾਲ ਸੰਪੂਰਨ ਹੋਇਆ

**ਸ੍ਰੀ ਆਨੰਦਪੁਰ ਸਾਹਿਬ:** ਖਾਲਸਾ ਪੰਥ ਦਾ ਕੌਮੀ ਤਿਉਹਾਰ ਹੋਲਾ ਮਹੱਲਾ ਪੂਰੇ ਖਾਲਸਈ ਜਾਹੋ-ਜਲਾਲ ਨਾਲ ਸੰਪੂਰਨ ਹੋ ਗਿਆ। 14 ਮਾਰਚ ਤੋਂ ਸ਼ੁਰੂ ਹੋਏ ਹੋਲੇ-ਮਹੱਲੇ ਦੇ ਆਖਰੀ ਦਿਨ ਤਖਤ ਕੇਸਗੜ੍ਹ ਸਾਹਿਬ ਵਿਚ ਅਖੰਡ ਪਾਠ ਦੇ ਭੋਗ ਪਾਏ ਗਏ ਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ। ਇਸ ਮੌਕੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਵੀ ਸਜਾਇਆ ਗਿਆ।



ਜ਼ਿਕਰਯੋਗ ਹੈ ਕਿ ਹੋਲੇ-ਮਹੱਲੇ ਦਾ ਤਿਉਹਾਰ 14 ਮਾਰਚ ਤੋਂ 16 ਮਾਰਚ ਤੱਕ ਕੀਰਤਪੁਰ ਸਾਹਿਬ ਅਤੇ 17 ਮਾਰਚ ਤੋਂ 19 ਮਾਰਚ ਤੱਕ ਸ੍ਰੀ ਆਨੰਦਪੁਰ ਸਾਹਿਬ ਵਿਖੇ ਮਨਾਇਆ ਗਿਆ। ਕਰੋਨਾ ਮਹਾਮਾਰੀ ਕਰਕੇ ਬੀਤੇ ਦੋ ਸਾਲਾਂ ਤੋਂ ਇਸ ਤਿਉਹਾਰ ਦੇ ਰੰਗ ਫਿੱਕੇ ਰਹੇ ਸਨ ਪਰ ਇਸ ਵਾਰ ਕਰੋਨਾ ਪਾਬੰਦੀਆਂ ਹਟਾਉਣ ਮਗਰੋਂ ਪਹਿਲੀ ਵਾਰ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿਚ ਸੰਗਤ ਇੱਥੇ ਦਰਸ਼ਨਾਂ ਲਈ ਪਹੁੰਚੀ। ਸੰਗਤ ਲਈ ਲੰਗਰਾਂ, ਰਿਹਾਇਸ਼ ਆਦਿ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਸਨ।

ਸ਼੍ਰੋਮਣੀ ਕਮੇਟੀ ਵੱਲੋਂ ਸਜਾਏ ਗਏ ਨਗਰ ਕੀਰਤਨ 'ਚ ਅਕਾਲ ਤਖਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ, ਪਟਨਾ ਸਾਹਿਬ ਦੇ ਜਥੇਦਾਰ ਰਣਜੀਤ ਸਿੰਘ ਤੇ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਸਣੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਹੋਰ ਕਈ ਸ਼ਖਸੀਅਤਾਂ ਹਾਜਰ ਹੋਈਆਂ।

ਇਸ ਮੌਕੇ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਸਮੁੱਚੀ ਸਿੱਖ ਕੌਮ ਨੂੰ ਸੰਗਠਿਤ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਮੁੱਚੀ ਕੌਮ ਨੂੰ ਵਿਵਾਦਾਂ 'ਚ ਨਾ ਉਲਝ ਕੇ, ਸਗੋਂ ਸੰਵਾਦ ਰਾਹੀਂ ਸਾਰੇ ਮਸਲੇ ਹੱਲ ਕਰਨੇ ਚਾਹੀਦੇ ਹਨ। ਇਸ ਮੌਕੇ ਜਥੇਦਾਰ ਗਿਆਨੀ ਰਘਵੀਰ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਦਸਮ ਪਾਤਸ਼ਾਹ, ਸਾਹਿਬ-ਏ-ਕਮਾਲਿ, ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਭਾਰਤੀ ਲੋਕਾਈ ਵਿਚ ਨਵਾਂ ਜੋਸ਼ ਅਤੇ ਕੁਰਬਾਨੀ ਦਾ ਜਜ਼ਬਾ ਪੈਦਾ ਕਰਦਿਆਂ ਸਮੇਂ ਦੀ ਜਾਬਰ ਅਤੇ ਜਾਲਮ ਸਰਕਾਰ ਖ਼ਿਲਾਫ ਸੰਘਰਸ਼ ਕਰਨ ਲਈ ਰਵਾਇਤੀ ਹੋਲੀ ਦੇ ਤਿਉਹਾਰ ਨੂੰ ਨਵਾਂ ਰੂਪ ਦੇ ਕੇ 1700 ਈਸਵੀ ਵਿਚ ਹੋਲਾ ਮਹੱਲਾ ਦੀ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਉਤੇ ਆਰੰਭਤਾ ਕੀਤੀ ਗਈ ਸੀ। ਗੁਰੂ ਸਾਹਿਬ ਵੱਲੋਂ ਖਾਲਸਈ ਫੌਜਾਂ ਦੇ ਦੋ ਮਨਸੂਈ ਦਲਾਂ ਵਿਚ ਸ਼ਸਤਰ ਵਿਦਿਆ ਦੇ ਜੰਗੀ ਮੁਕਾਬਲੇ ਕਰਵਾਏ ਜਾਂਦੇ ਸਨ ਅਤੇ ਚੰਗਾ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਸਨਮਾਨਿਤ ਕੀਤਾ ਜਾਂਦਾ ਸੀ।

ਬਾਬਾ ਬੁੱਢਾ ਦਲ ਦੇ ਮੁਖੀ ਬਾਬਾ ਬਲਵੀਰ ਸਿੰਘ 96ਵੇਂ ਕਰੋੜੀ ਦੀ ਅਗਵਾਈ ਹੇਠ ਨਿਹੰਗ ਸਿੰਘਾਂ ਨੇ ਘੋੜਿਆਂ 'ਤੇ ਸਵਾਰ ਹੋ ਕੇ ਮਹੱਲਾ ਕੱਢਿਆ, ਜੋ ਗੁਰਦੁਆਰਾ ਸ਼ਹੀਦੀ ਬਾਗ਼ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਮਾਤਾ ਜੀਤੋ ਜੀ ਅਗੰਮਪੁਰ ਹੁੰਦਾ ਹੋਇਆ ਇਤਿਹਾਸਿਕ ਚਰਨ ਗੰਗਾ ਸਟੇਡੀਅਮ ਪਹੁੰਚ ਕੇ ਸੰਪੂਰਨ ਹੋਇਆ। ਇਸ ਤੋਂ ਪਹਿਲਾਂ ਸਾਰੀਆਂ ਨਿਹੰਗ ਸਿੰਘ ਦਲ ਪੰਥਾਂ ਦੀਆਂ ਛਾਉਣੀਆਂ ਵਿਚ ਰੱਖੇ ਅਖੰਡ ਪਾਠਾਂ ਦੇ ਭੋਗ ਪਾਏ ਗਏ। ਇਸ ਮੌਕੇ ਬਾਬਾ ਬਲਬੀਰ ਸਿੰਘ ਅਕਾਲੀ ਨੇ ਹੋਲੇ ਮਹੱਲੇ ਦੀ ਵਧਾਈ ਦਿੰਦਿਆਂ ਸਮੁੱਚੇ ਦਲਾਂ ਦੇ ਮੁਖੀਆਂ ਤੇ ਮਹੱਲੇ 'ਚ ਸ਼ਾਮਲ ਹੋਣ ਪਹੁੰਚੇ ਨਿਹੰਗ ਸਿੰਘਾਂ ਦਾ ਧੰਨਵਾਦ ਕੀਤਾ। ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਨੇ ਸੰਗਤ ਨੂੰ ਅੰਮ੍ਰਿਤ ਛਕ ਕੇ ਸ਼ਸਤਰਧਾਰੀ ਹੋਣ ਦੀ ਅਪੀਲ ਕੀਤੀ। ਤਖਤ ਕੇਸਗੜ੍ਹ ਸਾਹਿਬ ਦੇ ਮੈਨੇਜਰ ਮਲਕੀਤ ਸਿੰਘ ਤੇ ਵਧੀਕ ਮੈਨੇਜਰ ਐਡਵੋਕੇਟ ਹਰਦੇਵ ਸਿੰਘ ਹੈਪੀ ਨੇ ਦੱਸਿਆ ਕਿ ਇਸ ਵਾਰ 25 ਤੋਂ 30 ਲੱਖ ਸ਼ਰਧਾਲੂਆਂ ਨੇ ਵੱਖ-ਵੱਖ ਗੁਰਦੁਆਰਿਆਂ ਵਿਚ ਹਾਜ਼ਰੀ ਲਗਵਾਈ ਹੈ।

ਇਸ ਮੌਕੇ ਕੌਮੀ ਤਿਉਹਾਰ ਹੋਲੇ ਮਹੱਲੇ ਮੌਕੇ ਅਰਬਾਂ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਤਖਤ ਕੇਸਗੜ੍ਹ ਸਾਹਿਬ ਦੇ ਸੁੰਦਰੀਕਰਨ ਦੇ ਕਾਰਜ ਸ਼ੁਰੂ ਕਰਵਾਏ ਗਏ। ਜਥੇਦਾਰ ਰਘਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਟੱਕ ਲਗਾ ਕੇ ਕੰਮ ਸ਼ੁਰੂ ਕਰਵਾਇਆ। ਸ੍ਰੀ ਧਾਮੀ ਨੇ ਦੱਸਿਆ ਕਿ 23 ਸਾਲਾਂ ਬਾਅਦ ਮੁੜ ਸੁੰਦਰੀਕਰਨ ਦੇ ਕਾਰਜ ਆਰੰਭੇ ਗਏ ਹਨ। ਇਨ੍ਹਾਂ ਕਾਰਜਾਂ ਤਹਿਤ ਤਖਤ ਕੇਸਗੜ੍ਹ ਸਾਹਿਬ ਦੇ ਪ੍ਰਬੰਧਕੀ ਬਲਾਕ ਦਾ ਨਿਰਮਾਣ, ਜੋੜਾ ਘਰ ਤੇ ਗਠੜੀ ਘਰ ਦਾ ਨਿਰਮਾਣ, ਜਥੇਦਾਰ ਦੀ ਰਿਹਾਇਸ਼, ਸਰੋਵਰ ਤੋਂ ਆਉਂਦੇ ਰਾਹ 'ਤੇ ਦਰਸ਼ਨੀ ਡਿਓਢੀ, ਸੰਗਤ ਲਈ ਲਿਫਟਾਂ ਲਾਉਣੀਆਂ, ਪੁਰਾਣੀਆਂ ਇਮਾਰਤਾਂ ਦਾ ਨਵੀਨੀਕਰਨ, ਤਖਤ ਕੇਸਗੜ੍ਹ ਸਾਹਿਬ ਤੇ ਗੁਰਦੁਆਰਾ ਮੰਜੀ ਸਾਹਿਬ ਨੂੰ ਆਪਸ ਵਿਚ ਜੋੜਨਾ ਤੇ ਮੰਜੀ ਸਾਹਿਬ ਤੋਂ ਸੀਸਗੰਜ ਸਾਹਿਬ ਤੱਕ ਪੁਲ ਦਾ ਨਿਰਮਾਣ ਸ਼ਾਮਲ ਹੈ।

ਪੰਜਾਬ ਵਾਂਗ ਤਖਤ ਹਜ਼ੂਰ ਸਾਹਿਬ ਨਾਂਦੇੜ ਵਿਖੇ ਵੀ ਜਾਹੋ-ਜਲਾਲ ਨਾਲ ਹੋਲਾ ਮਹੱਲਾ ਮਨਾਇਆ ਗਿਆ। ਇਸ ਸਮਾਗਮ ਵਿਚ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਤਖਤ ਹਜ਼ੂਰ ਸਾਹਿਬ ਦੇ ਜਥੇਦਾਰ ਕੁਲਵੰਤ ਸਿੰਘ ਨੇ ਪੰਥਕ ਸਰੋਕਾਰਾਂ ਲਈ ਦਮਦਮੀ ਟਕਸਾਲ ਦੀ ਭੂਮਿਕਾ ਦੀ ਸ਼ਲਾਘਾ ਕੀਤੀ। ਇਸ ਮੌਕੇ ਟਕਸਾਲ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਹੋਲੇ ਮੁਹੱਲੇ ਦੇ ਇਤਿਹਾਸ 'ਤੇ ਚਾਨਣਾ ਪਾਇਆ। ਉਨ੍ਹਾਂ ਸੰਗਤ ਨੂੰ ਅੰਮ੍ਰਿਤਧਾਰੀ ਹੋਣ ਅਤੇ ਨਸ਼ਿਆਂ ਸਮੇਤ ਹੋਰ ਬੁਰਾਈਆਂ ਤੋਂ ਦੂਰ ਰਹਿਣ ਲਈ ਪ੍ਰੇਰਿਆ।

### ਲਾਡਲੀਆਂ ਫੌਜਾਂ ਨੇ ਸਜਾਇਆ ਮਹੱਲਾ

**ਸ੍ਰੀ ਅਨੰਦਪੁਰ ਸਾਹਿਬ:** ਹੋਲੇ ਮਹੱਲੇ ਦੀ ਸੰਪੂਰਨਤਾ ਮੌਕੇ ਜਥੇਦਾਰ ਬਾਬਾ ਬਲਬੀਰ ਸਿੰਘ ਦੀ ਅਗਵਾਈ ਵਿਚ ਇਤਿਹਾਸਕ ਅਸਥਾਨ ਗੁਰਦੁਆਰਾ ਸ਼ਹੀਦੀ ਬਾਗ ਤੋਂ ਪੁਰਾਤਨ ਰਵਾਇਤਾਂ ਨਾਲ ਮਹੱਲਾ ਸਜਾਇਆ ਗਿਆ। ਗੁਰਦੁਆਰਾ ਸ਼ਹੀਦੀ ਬਾਗ ਸਾਹਿਬ ਤੋਂ ਆਰੰਭ ਹੋਇਆ ਮਹੱਲਾ ਗੁਰਦੁਆਰਾ ਬਾਬਾ ਅਜੀਤਗੜ੍ਹ ਸਾਹਿਬ ਨਿਹੰਗ ਛਾਉਣੀ ਤਰਨਾ ਦਲ ਹਰੀਆਂ ਵੇਲਾਂ, ਗੁਰਦੁਆਰਾ ਗੁਰੂ ਕਾ ਬਾਗ ਸਾਹਿਬ ਨਿਹੰਗ ਸਿੰਘ ਛਾਉਣੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਤੋਂ ਹੁੰਦਾ ਹੋਇਆਂ ਨਵੀਂ ਆਬਾਦੀ, ਤਖਤ ਸ੍ਰੀ ਕੇਸਗੜ੍ਹ ਸਾਹਿਬ, ਵੇਰਕਾ ਚੌਕ, ਬੱਸ ਅੱਡਾ ਹੋ ਕੇ ਇਤਿਹਾਸਕ ਅਸਥਾਨ ਗੁਰਦੁਆਰਾ ਮਾਤਾ ਜੀਤੋ ਜੀ ਸਾਹਿਬ, ਗੁਰਦੁਆਰਾ ਕਿਲ੍ਹਾ ਹੋਲਗੜ੍ਹ ਸਾਹਿਬ ਵਿਖੇ ਨਤਮਸਤਕ ਹੋ ਕੇ ਪੁਰਾਤਨ ਚਰਨ ਗੰਗਾ ਸਟੇਡੀਅਮ ਵਿਖੇ ਪੁੱਜਾ, ਜਿੱਥੇ ਨਿਹੰਗ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ ਦੀ ਅਗਵਾਈ ਹੇਠ ਵੱਖ-ਵੱਖ ਨਿਹੰਗ ਸੰਪਰਦਾਇ ਨਾਲ ਸਬੰਧਤ ਨਿਹੰਗ ਸਿੰਘ ਰਵਾਇਤੀ ਬਾਣਿਆਂ, ਸ਼ਸਤਰਾਂ, ਘੋੜੇ, ਹਾਥੀਆਂ ਉਤੇ ਸਵਾਰ ਹੋ ਕੇ ਚਰਨ ਗੰਗਾ ਸਟੇਡੀਅਮ ਵਿਖੇ ਪਹੁੰਚ ਕੇ ਘੋੜ ਸਵਾਰੀ, ਨੇਜ਼ੇਬਾਜ਼ੀ, ਗਤਕੇਬਾਜ਼ੀ ਆਦਿ ਦਾ ਜੰਗਜੂ ਜੌਹਰ ਦਿਖਾਏ।

# ਪ੍ਰਕਾਸ਼ ਸਿੰਘ ਬਾਦਲ ਨੇ ਸਾਬਕਾ ਵਿਧਾਇਕ ਵਾਲੀ ਪੈਨਸ਼ਨ ਛੱਡੀ

**ਲੰਬੀ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਾਬਕਾ ਵਿਧਾਇਕ ਵਾਲੀ ਪੈਨਸ਼ਨ ਛੱਡ ਦਿੱਤੀ ਹੈ। ਉਨ੍ਹਾਂ ਵਿਧਾਨ ਸਭਾ ਦੇ ਸਪੀਕਰ ਨੂੰ ਚਿੱਠੀ ਲਿਖ ਕੇ ਆਖਿਆ ਹੈ ਕਿ ਪੈਨਸ਼ਨ ਦੀ ਰਾਸ਼ੀ ਦੇ ਅਸਲ ਹੱਕਦਾਰ ਪੰਜਾਬ ਦੇ ਉਹ ਲੋੜਵੰਦ ਲੋਕ ਹਨ, ਜਿਨ੍ਹਾਂ ਨੇ ਸਾਰੀ ਉਮਰ ਉਨ੍ਹਾਂ ਨੂੰ ਆਪਣੇ ਦਿਲ ਵਿਚ ਨਿੱਘੀ ਜਗ੍ਹਾ ਦੇ ਕੇ ਰੱਖੀ।



ਟਵਿੱਟਰ ਰਾਹੀਂ ਜਨਤਕ ਕੀਤੇ ਗਏ ਪੱਤਰ ਵਿਚ ਸ੍ਰੀ ਬਾਦਲ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਇਸ ਤੋਂ ਪਹਿਲਾਂ ਵਿਧਾਨ ਸਭਾ ਤੋਂ ਕਦੇ ਵੀ ਕੋਈ ਪੈਨਸ਼ਨ ਨਹੀਂ ਲਈ ਹੈ। ਇਸ ਤੋਂ ਪਹਿਲਾਂ ਸ੍ਰੀ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਟਵਿੱਟਰ ਹੈਂਡਲ 'ਤੇ ਪੰਜਾਬ ਸਰਕਾਰ ਅਤੇ ਵਿਧਾਨ ਸਭਾ ਸਪੀਕਰ ਨੂੰ ਸੰਬੋਧਨ ਹੁੰਦਿਆਂ ਪੈਨਸ਼ਨ ਨੂੰ ਲੋਕ ਹਿੱਤਾਂ ਲਈ ਵਰਤਣ ਦੀ ਅਪੀਲ ਕੀਤੀ ਸੀ। ਜ਼ਿਕਰਯੋਗ ਹੈ ਕਿ ਸ੍ਰੀ ਬਾਦਲ ਨੂੰ ਇਸ ਵਾਰ ਲੰਬੀ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਪੱਤਰ 'ਚ ਸ੍ਰੀ ਬਾਦਲ ਨੇ ਆਖਿਆ ਕਿ ਪੈਨਸ਼ਨ ਨੂੰ ਕਿਸੇ ਵੀ ਸਮਾਜ ਭਲਾਈ ਲਈ ਇਸਤੇਮਾਲ ਕਰਨ ਹਿੱਤ ਸਰਕਾਰੀ ਖਜ਼ਾਨੇ ਵਿਚ ਹੀ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਬੱਚਿਆਂ ਦੀ ਪੜ੍ਹਾਈ ਦੇ ਕਾਰਜ 'ਚ ਜੇਕਰ ਇਹ ਰਕਮ ਵਰਤੀ ਜਾਵੇਗੀ ਤਾਂ ਉਨ੍ਹਾਂ ਦੇ ਦਿਲ ਨੂੰ ਹੋਰ ਵੀ ਸੰਤੁਸ਼ਟੀ ਹੋਵੇਗੀ। ਉਨ੍ਹਾਂ ਇਸ ਗੱਲ 'ਤੇ ਵੀ ਜੋਰ ਦਿੱਤਾ ਹੈ ਕਿ ਕਿਸੇ ਵੀ ਸੂਰਤ 'ਚ ਉਨ੍ਹਾਂ ਨੂੰ ਪੈਨਸ਼ਨ ਨਾ ਭੇਜੀ ਜਾਵੇ। ਜ਼ਿਕਰਯੋਗ ਹੈ ਕਿ ਪਿਛਲੇ ਵਰ੍ਹੇ ਉਨ੍ਹਾਂ ਵੱਲੋਂ ਬਤੌਰ ਸਾਬਕਾ ਵਿਧਾਇਕ ਹਰ ਮਹੀਨੇ ਲੱਖਾਂ ਰੁਪਏ ਦੀ ਸਭ ਤੋਂ ਵੱਧ ਪੈਨਸ਼ਨ ਲੈਣ ਬਾਰੇ ਸੋਸ਼ਲ ਮੀਡੀਆ 'ਤੇ ਵੱਡਾ ਵਿਵਾਦ ਸਾਹਮਣੇ ਆਇਆ ਸੀ। ਬਾਦਲ ਪਰਿਵਾਰ ਨੇ ਇਨ੍ਹਾਂ ਰਿਪੋਰਟਾਂ ਨੂੰ ਖਾਰਜ ਕਰਦਿਆਂ ਆਖਿਆ ਸੀ ਕਿ ਪ੍ਰਕਾਸ਼ ਸਿੰਘ ਬਾਦਲ ਕੋਈ ਪੈਨਸ਼ਨ ਨਹੀਂ ਲੈ ਰਹੇ ਹਨ ਕਿਉਂਕਿ ਉਹ ਲਗਾਤਾਰ ਵਿਧਾਇਕ ਚੱਲੇ ਆ ਰਹੇ ਹਨ।

# ਸ਼੍ਰੋਮਣੀ ਕਮੇਟੀ ਦੇ ਸੱਤ ਕਰਮਚਾਰੀ ਮੁਅੱਤਲ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਇਕ ਔਰਤ ਵੱਲੋਂ ਬੀੜੀ ਪੀਣ ਦਾ ਯਤਨ ਕਰਨ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਣਗਹਿਲੀ ਵਰਤਣ ਦੇ ਦੋਸ਼ ਹੇਠ ਸੱਤ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਅਤੇ ਤਿੰਨ ਦੇ ਤਬਾਦਲੇ ਕਰ ਦਿੱਤੇ ਹਨ, ਜਿਨ੍ਹਾਂ ਵਿਚ ਸ੍ਰੀ ਦਰਬਾਰ ਸਾਹਿਬ ਦਾ ਮੈਨੇਜਰ ਵੀ ਸ਼ਾਮਲ ਹੈ।

ਸ਼੍ਰੋਮਣੀ ਕਮੇਟੀ ਨੇ ਹੁਣ ਸੁਲੱਖਣ ਸਿੰਘ ਭੰਗਾਲੀ ਨੂੰ ਸ੍ਰੀ ਦਰਬਾਰ ਸਾਹਿਬ ਦਾ ਮੁੱਖ ਮੈਨੇਜਰ ਨਿਯੁਕਤ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਮਾਮਲੇ ਦਾ ਸਖਤ ਨੋਟਿਸ ਲੈਂਦਿਆਂ ਫਲਾਇੰਗ ਵਿਭਾਗ ਕੋਲੋਂ ਪੜਤਾਲ ਕਰਵਾਈ ਸੀ, ਜਿਸ ਦੀ ਰਿਪੋਰਟ ਦੇ ਆਧਾਰ 'ਤੇ ਕੁਲ ਦਸ ਮੁਲਾਜ਼ਮਾਂ ਖਿਲਾਫ ਕਾਰਵਾਈ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਇਕ ਗੈਰ-ਪੰਜਾਬੀ ਔਰਤ ਨੇ ਕੁਝ ਦਿਨ ਪਹਿਲਾਂ ਪਰਿਕਰਮਾ ਵਿਚ ਰਾਤ ਵੇਲੇ ਬੀੜੀ ਪੀਣ ਦੀ ਕੋਸ਼ਿਸ਼ ਕੀਤੀ ਸੀ। ਰਾਤ ਦੀ ਡਿਊਟੀ 'ਤੇ ਤਾਇਨਾਤ ਇਕ ਕਰਮਚਾਰੀ ਨੇ ਉਸ ਨੂੰ ਅਜਿਹਾ ਕਰਦਿਆਂ ਦੇਖ ਲਿਆ ਸੀ। ਬਾਅਦ ਵਿਚ ਉਸ ਔਰਤ ਨੂੰ ਪੁਲਿਸ ਹਵਾਲੇ ਕਰ ਦਿੱਤਾ ਗਿਆ। ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਨੇ ਪ੍ਰਧਾਨ ਨੂੰ ਪੱਤਰ ਭੇਜ ਕੇ ਲਾਪਰਵਾਹੀ ਵਰਤਣ ਵਾਲਿਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਸੀ। ਸ਼੍ਰੋਮਣੀ ਕਮੇਟੀ ਦੇ



ਮੀਤ ਸਕੱਤਰ ਮੀਡੀਆ ਕੁਲਵਿੰਦਰ ਸਿੰਘ ਰਮਦਾਸ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਫਲਾਇੰਗ ਵਿਭਾਗ ਦੀ ਪੜਤਾਲੀਆਂ ਰਿਪੋਰਟ ਦੇ ਆਧਾਰ 'ਤੇ ਮੁਅੱਤਲ ਕੀਤੇ ਮੁਲਾਜ਼ਮਾਂ ਵਿਚ ਨਰਿੰਦਰ ਸਿੰਘ ਮੈਨੇਜਰ, ਪਰਮਜੀਤ ਸਿੰਘ ਵਧੀਕ ਮੈਨੇਜਰ, ਗੁਰਸ਼ਿੰਦਰ ਸਿੰਘ ਨਿਗਰਾਨ, ਰਾਜਵਿੰਦਰ ਸਿੰਘ ਕਲਰਕ-ਕਮ-ਨਿਗਰਾਨ, ਕੁਲਦੀਪ ਸਿੰਘ ਸੇਵਾਦਾਰ, ਸੁਖਵਿੰਦਰ ਸਿੰਘ ਸੇਵਾਦਾਰ ਸੁਰੱਖਿਆ ਦਸਤਾ ਅਤੇ ਰਣਜੀਤ ਸਿੰਘ ਸੇਵਾਦਾਰ ਸ਼ਾਮਲ ਹਨ। ਇਨ੍ਹਾਂ ਦੇ ਹੈੱਡਕੁਆਰਟਰ ਵੱਖ-ਵੱਖ ਗੁਰਦੁਆਰਿਆਂ ਵਿਚ ਬਣਾਏ ਗਏ ਹਨ। ਇਸੇ ਮਾਮਲੇ ਵਿਚ ਦਰਬਾਰ ਸਾਹਿਬ ਦੇ ਮੈਨੇਜਰ ਗੁਰਿੰਦਰ ਸਿੰਘ ਨੂੰ ਤਬਦੀਲ ਕਰਕੇ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਵਜੋਂ ਤਾਇਨਾਤ ਕੀਤਾ ਹੈ ਤੇ ਉਨ੍ਹਾਂ ਦੀ ਥਾਂ ਸੁਲੱਖਣ ਸਿੰਘ ਭੰਗਾਲੀ ਨੇ ਕਾਰਜਭਾਰ ਸੰਭਾਲਿਆ ਹੈ।

# 'ਆਪ' ਵੱਲੋਂ ਬਹਿਬਲ ਕਾਂਡ ਪੀੜਤਾਂ ਨੂੰ ਨਿਆਂ ਦਾ ਭਰੋਸਾ

**ਫਰੀਦਕੋਟ:** ਵਿਧਾਨ ਸਭਾ ਚੋਣਾਂ ਵਿਚ ਜਿੱਤ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਬਹਿਬਲ ਗੋਲੀ ਕਾਂਡ ਦੇ ਪੀੜਤਾਂ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਇਨਸਾਫ ਦਿਵਾਉਣ ਦਾ ਭਰੋਸਾ ਦਿੱਤਾ। ਬਹਿਬਲ ਗੋਲੀ ਕਾਂਡ ਵਾਲੀ ਥਾਂ ਉਤੇ ਧਰਨਾ ਲਾ ਕੇ ਬੈਠੇ ਸੁਖਰਾਜ ਸਿੰਘ ਨਾਲ ਮੁਲਾਕਾਤ ਤੋਂ ਬਾਅਦ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਇਸ ਮਾਮਲੇ ਵਿਚ ਦਰਜਨ ਮੁਲਜ਼ਮਾਂ ਖ਼ਿਲਾਫ਼ ਚਲਾਨ ਪਹਿਲਾਂ ਹੀ ਅਦਾਲਤ ਵਿਚ ਪੇਸ਼ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਹਰ ਸੰਭਵ ਕੋਸ਼ਿਸ਼ ਕਰੇਗੀ ਕਿ ਅਦਾਲਤੀ ਪ੍ਰਕਿਰਿਆ ਲਟਕਾਈ ਨਾ ਜਾਵੇ ਅਤੇ ਮੁਕੱਦਮੇ ਦਾ ਕਾਨੂੰਨ ਅਨੁਸਾਰ ਜਲਦੀ ਫੈਸਲਾ ਹੋਵੇ।



ਸਾਬਕਾ ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ ਨੇ ਕਿਹਾ ਕਿ 'ਆਪ' ਸਰਕਾਰ ਵੱਲੋਂ ਬੇਅਦਬੀ ਅਤੇ ਗੋਲੀ ਕਾਂਡ ਦੇ ਮਾਮਲਿਆਂ ਨਾਲ ਬਿਨਾਂ ਦੇਰੀ ਨਜਿੱਠਿਆ ਜਾਵੇਗਾ। ਵਿਧਾਇਕ ਸੇਖੋਂ ਨੇ ਕਿਹਾ ਕਿ ਪੰਜਾਬ ਦੀ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰ ਨੇ ਇਸ ਮਾਮਲੇ ਵਿਚ ਪੀੜਤਾਂ ਨੂੰ ਇਨਸਾਫ ਦੇਣ ਦੀ ਥਾਂ ਸਿਆਸਤ ਕੀਤੀ ਹੈ। ਇਸੇ ਕਰਕੇ ਘਟਨਾ ਤੋਂ ਸੱਤ ਸਾਲ ਬਾਅਦ ਵੀ ਪੀੜਤਾਂ ਨੂੰ ਇਨਸਾਫ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਇਸ ਸੰਵੇਦਨਸ਼ੀਲ ਮੁੱਦੇ 'ਤੇ ਸਿਆਸਤ ਕਰਨ ਦੀ ਥਾਂ ਲੋਕਾਂ ਨੂੰ ਇਨਸਾਫ ਦੇ ਕੇ ਮਿਸਾਲ ਕਾਇਮ ਕਰੇਗੀ।

# ਹਾਈਕੋਰਟ ਵੱਲੋਂ ਸਿੱਖਾਂ ਨੂੰ ਧਾਰਮਿਕ ਚਿੰਨ੍ਹਾਂ ਨਾਲ ਪ੍ਰੀਖਿਆ ਬਾਰੇ ਫੈਸਲਾ ਲੈਣ ਦੇ ਹੁਕਮ

**ਚੰਡੀਗੜ੍ਹ:** ਸਰਕਾਰੀ ਨੌਕਰੀ ਲਈ ਬਿਨੈਕਾਰ ਪ੍ਰੀਖਿਆਵਾਂ ਦੇ ਦੌਰਾਨ ਸਿੱਖਾਂ ਨੂੰ ਧਾਰਮਿਕ ਚਿੰਨ੍ਹ ਦੇ ਨਾਲ ਪ੍ਰੀਖਿਆ ਦੇਣ ਦੀ ਆਗਿਆ ਨਾਲ ਜੁੜੀ ਪਟੀਸ਼ਨ ਦਾ ਪੰਜਾਬ ਹਰਿਆਣਾ ਹਾਈਕੋਰਟ ਨੇ ਨਿਪਟਾਰਾ ਕਰ ਦਿੱਤਾ ਹੈ। ਹਾਈਕੋਰਟ ਨੇ ਪਟੀਸ਼ਨਕਰਤਾ ਨੂੰ ਇਸ ਸਬੰਧੀ ਹਰਿਆਣਾ ਅਤੇ ਪੰਜਾਬ ਸਰਕਾਰ ਨੂੰ ਮੰਗ ਪੱਤਰ ਸੌਂਪਣ ਅਤੇ ਦੋਵਾਂ ਸਰਕਾਰਾਂ ਨੂੰ ਇਸ ਉਤੇ ਫੈਸਲਾ ਲੈਣ ਦਾ ਨਿਰਦੇਸ਼ ਦਿੱਤਾ ਹੈ। ਪਟੀਸ਼ਨਕਰਤਾ ਐਡਵੋਕੇਟ ਚਰਨਪਾਲ ਸਿੰਘ ਬਾਗੜੀ ਨੇ ਦੱਸਿਆ ਕਿ ਹਰਿਆਣਾ ਸਿਵਲ ਸਰਵਿਸ ਐਗਜੀਕਿਊਟਿਵ ਬਰਾਂਚ ਦੇ 166 ਅਹੁਦਿਆਂ ਲਈ 31 ਮਾਰਚ 2019 ਨੂੰ ਪ੍ਰੀਖਿਆਵਾਂ ਵਿਚ ਸਿੱਖ ਬਿਨੈਕਾਰਾਂ ਨੂੰ ਕਿਰਪਾਨ ਅਤੇ ਕੜਾ ਪਾ ਕੇ ਪ੍ਰੀਖਿਆ ਵਿਚ ਸ਼ਾਮਲ ਹੋਣ ਉਤੇ ਪਾਬੰਦੀ ਲਗਾਈ ਗਈ ਸੀ।

ਇਸ ਨੂੰ ਚੁਣੌਤੀ ਦਿੰਦੇ ਹੋਏ ਹਾਈਕੋਰਟ ਵਿਚ ਪਟੀਸ਼ਨ ਦਾਖਲ ਕਰ ਸਿੱਖ ਬਿਨੈਕਾਰਾਂ ਨੂੰ ਧਾਰਮਿਕ ਚਿੰਨ੍ਹ ਪਾ ਕੇ ਪ੍ਰੀਖਿਆ ਦੇਣ ਦੀ ਆਗਿਆ ਮੰਗੀ ਗਈ ਸੀ। ਹਾਈਕੋਰਟ ਨੇ ਉਸ ਸਮੇਂ ਪ੍ਰੀਖਿਆ ਲਈ ਧਾਰਮਿਕ ਚਿੰਨ੍ਹ ਪਾ ਕੇ ਪ੍ਰੀਖਿਆ ਦੇਣ ਉਤੇ ਲਗਾਈ ਪਾਬੰਦੀ 'ਤੇ ਰੋਕ ਲਗਾਉਂਦੇ ਹੋਏ ਹਰਿਆਣਾ ਸਰਕਾਰ ਅਤੇ ਐਚ.ਪੀ.ਐਸ.ਸੀ. ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਸੀ, ਨਾਲ ਹੀ ਸਿੱਖ ਧਰਮ ਦੇ ਪੰਜਾਂ ਕਕਾਰ ਧਾਰਨ ਕਰਨ ਵਾਲੇ ਬਿਨੈਕਾਰਾਂ ਨੂੰ ਜਾਂਚ ਦੇ ਲਈ ਪ੍ਰੀਖਿਆ ਕੇਂਦਰ ਇਕ ਘੰਟਾ ਪਹਿਲਾਂ ਪਹੁੰਚਣ ਦੇ ਆਦੇਸ਼ ਦਿੱਤੇ ਸਨ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# 35 ਹਜ਼ਾਰ ਮੁਲਾਜ਼ਮ ਪੱਕੇ ਕਰਨ ਦਾ ਐਲਾਨ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੇ ਗਰੁੱਪ-ਸੀ ਅਤੇ ਡੀ ਦੇ 35 ਹਜ਼ਾਰ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਐਲਾਨ ਕੀਤਾ ਹੈ। ਸ੍ਰੀ ਮਾਨ ਨੇ ਇਸ ਬਾਰੇ ਮੁੱਖ ਸਕੱਤਰ ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਇਸ ਬਾਰੇ ਬਿੱਲ ਦਾ ਖਰੜਾ ਤਿਆਰ ਕਰਨ ਦੇ ਹੁਕਮ ਦਿੱਤੇ ਹਨ ਤਾਂ ਜੋ ਅਗਲੇ ਵਿਧਾਨ ਸਭਾ ਸੈਸ਼ਨ ਵਿਚ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਬਾਰੇ ਬਿੱਲ ਪਾਸ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸੂਬੇ ਦੇ ਹਰ ਸ਼ਹਿਰ ਅਤੇ ਚੌਰਾਹੇ ਵਿਚ ਕੱਚੇ ਮੁਲਾਜ਼ਮਾਂ ਦਾ ਧਰਨਾ ਚਲਦਾ ਹੈ। 'ਆਪ' ਨੇ ਚੋਣਾਂ ਵਿਚ ਵਾਅਦਾ ਕੀਤਾ ਸੀ ਕਿ ਪੰਜਾਬ ਨੂੰ ਧਰਨਿਆਂ ਤੋਂ ਮੁਕਤ ਕੀਤਾ ਜਾਵੇਗਾ। ਉਸੇ ਕੜੀ ਵਿਚ ਪੰਜਾਬ ਵਿਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰੀ 35 ਹਜ਼ਾਰ ਮੁਲਾਜ਼ਮਾਂ ਨੂੰ ਪੱਕਾ ਕਰੇਗੀ।

ਇਸੇ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਿਫਾਰਸ਼ 'ਤੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਆਮ ਆਦਮੀ ਪਾਰਟੀ (ਆਪ) ਦੀ ਨਵੀਂ ਬਣੀ ਵਜ਼ਾਰਤ ਵਿਚ ਵਿਭਾਗਾਂ ਦੀ ਵੰਡ ਕਰ ਦਿੱਤੀ ਹੈ। ਮੁੱਖ ਮੰਤਰੀ ਨੇ ਗ੍ਰਹਿ ਵਿਭਾਗ ਅਤੇ ਨਿਆਂ, ਸਥਾਨਕ ਸਰਕਾਰਾਂ ਸਣੇ 27 ਵਿਭਾਗ ਆਪਣੇ ਕੋਲ ਰੱਖੇ ਹਨ। ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਖਜ਼ਾਨਾ, ਯੋਜਨਾਬੰਦੀ, ਪ੍ਰੋਗਰਾਮ ਲਾਗੂ ਕਰਨ, ਆਬਕਾਰੀ ਤੇ ਕਰ ਅਤੇ ਸਹਿਕਾਰਤਾ ਵਿਭਾਗ, ਗੁਰਮੀਤ ਸਿੰਘ ਮੀਤ ਹੇਅਰ ਨੂੰ ਸਕੂਲ ਸਿੱਖਿਆ, ਖੇਡਾਂ ਅਤੇ ਯੁਵਕ ਸੇਵਾਵਾਂ ਤੇ ਉਚੇਰੀ ਸਿੱਖਿਆ ਵਿਭਾਗ ਦੀ ਜ਼ਿੰਮੇਵਾਰੀ ਦਿੱਤੀ ਹੈ। ਡਾ. ਵਿਜੈ ਸਿੰਗਲਾ ਨੂੰ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਸੌਂਪਿਆ ਗਿਆ ਹੈ।

ਕੁਲਦੀਪ ਸਿੰਘ ਧਾਲੀਵਾਲ ਨੂੰ ਪੇਂਡੂ ਵਿਕਾਸ ਅਤੇ ਪੰਚਾਇਤਾਂ, ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਵਿਭਾਗ ਦਿੱਤੇ ਹਨ। ਡਾ. ਬਲਜੀਤ ਕੌਰ ਨੂੰ ਸਮਾਜਿਕ ਨਿਆਂ, ਸ਼ਕਤੀਕਰਨ ਅਤੇ ਘੱਟ ਗਿਣਤੀ ਤੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦਿੱਤੇ ਗਏ ਹਨ। ਹਰਭਜਨ ਸਿੰਘ ਨੂੰ ਲੋਕ ਨਿਰਮਾਣ ਅਤੇ ਬਿਜਲੀ ਵਿਭਾਗ ਦਾ ਚਾਰਜ ਦਿੱਤਾ ਗਿਆ ਹੈ। ਇਸੇ ਤਰ੍ਹਾਂ ਲਾਲ ਚੰਦ ਨੂੰ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ, ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਅਲਾਟ ਕੀਤੇ ਗਏ ਹਨ। ਲਾਲਜੀਤ ਸਿੰਘ ਭੁੱਲਰ ਨੂੰ ਟਰਾਂਸਪੋਰਟ ਅਤੇ ਪ੍ਰਾਹੁਣਚਾਰੀ ਵਿਭਾਗ ਦਾ ਚਾਰਜ ਮਿਲਿਆ ਹੈ। ਬ੍ਰਹਮ ਸ਼ੰਕਰ ਨੂੰ ਮਾਲ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ, ਜਲ ਸਰੋਤ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦਿੱਤਾ ਹੈ। ਹਰਜੋਤ ਸਿੰਘ ਬੈਂਸ ਨੂੰ ਕਾਨੂੰਨੀ ਅਤੇ ਵਿਧਾਨਕ ਮਾਮਲੇ, ਖਾਣਾਂ ਤੇ ਭੂ-ਵਿਗਿਆਨ, ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਅਤੇ ਜੇਲ੍ਹ ਵਿਭਾਗ ਦਿੱਤੇ ਗਏ ਹਨ।

## ਦਰਬਾਰ ਸਾਹਿਬ ਵਿਚ ਸੋਨੇ ਦੇ ਪੱਤਰਿਆਂ ਦੀ ਧੁਆਈ ਦੀ ਸੇਵਾ ਸ਼ੁਰੂ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੀ ਮੁੱਖ ਇਮਾਰਤ ਵਿਚ ਲੱਗੇ ਸੋਨੇ ਦੀ ਧੁਆਈ ਤੇ ਸਫਾਈ ਦੀ ਸੇਵਾ ਗੁਰਮਤਿ ਰਵਾਇਤਾਂ ਮੁਤਾਬਕ ਅਰਦਾਸ ਕਰਨ ਮਗਰੋਂ ਆਰੰਭੀ ਗਈ। ਸ਼੍ਰੋਮਣੀ ਕਮੇਟੀ ਵੱਲੋਂ ਇਹ ਸੇਵਾ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਨੂੰ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਦਰਬਾਰ ਸਾਹਿਬ ਦੀ ਮੁੱਖ ਇਮਾਰਤ ਅੰਦਰ ਲੱਗੇ ਸੋਨੇ ਦੇ ਪੱਤਰਿਆਂ ਦੀ ਮੁਰੰਮਤ, ਸਫਾਈ ਤੇ ਸੰਭਾਲ ਦੀ ਸੇਵਾ ਵੀ ਇਹੀ ਜਥੇਬੰਦੀ ਕਰ ਰਹੀ ਹੈ।

ਨਿਸ਼ਕਾਮ ਸੇਵਕ ਜਥੇ ਦੇ ਆਗੂ ਭਾਈ ਇੰਦਰਜੀਤ ਸਿੰਘ ਨੇ ਦੱਸਿਆ ਕਿ ਜਥੇ ਵੱਲੋਂ 1995 ਤੋਂ 1999 ਤੱਕ ਇਥੇ ਸੋਨੇ ਦੇ ਪੱਤਰਿਆਂ ਦੀ ਸੇਵਾ ਪਹਿਲੀ ਵਾਰ ਕਰਵਾਈ ਗਈ ਸੀ ਤੇ ਉਸ ਮਗਰੋਂ ਧੁਆਈ ਦਾ ਕਾਰਜ ਹਰ ਵਾਰ ਕੀਤਾ ਜਾਂਦਾ ਹੈ। ਇਹ ਸੇਵਾ 10-12 ਦਿਨ ਜਾਰੀ ਰਹੇਗੀ।

# 'ਆਪ' ਨੇ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ 'ਤੇ ਰੱਖੀ ਅੱਖ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀਆਂ 117 'ਚੋਂ 92 ਸੀਟਾਂ ਜਿੱਤਣ ਮਗਰੋਂ 'ਆਪ' ਨੇ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ 'ਤੇ ਅੱਖ ਰੱਖ ਲਈ ਹੈ। ਪਾਰਟੀ ਨੇ ਦੋਵਾਂ ਸੂਬਿਆਂ ਦੇ ਨਾਲ-ਨਾਲ ਦੇਸ਼ 'ਚ ਕੁੱਲ 9 ਸੂਬਿਆਂ ਦੇ ਨਵੇਂ ਇੰਚਾਰਜ ਨਿਯੁਕਤ ਕੀਤੇ ਹਨ। ਇਨ੍ਹਾਂ ਵਿਚ ਪੰਜਾਬ, ਗੁਜਰਾਤ, ਹਿਮਾਚਲ ਪ੍ਰਦੇਸ਼, ਅਸਾਮ, ਛੱਤੀਸਗੜ੍ਹ, ਹਰਿਆਣਾ, ਕੇਰਲਾ, ਰਾਜਸਥਾਨ ਅਤੇ ਤਿਲੰਗਾਨਾ ਸ਼ਾਮਲ ਹਨ। ਦੇਸ਼ ਦੇ 9 ਸੂਬਿਆਂ ਵਿਚ ਪੈਰ ਪਸਾਰਨ ਤੋਂ ਸਪੱਸ਼ਟ ਹੁੰਦਾ ਹੈ ਕਿ 'ਆਪ' ਆਉਣ ਵਾਲੇ ਦਿਨਾਂ ਵਿਚ ਦੇਸ਼ ਭਰ ਵਿਚ ਪੈਰ ਪਸਾਰਨ ਦੀ ਤਿਆਰੀ ਕਰ ਰਹੀ ਹੈ।

ਪੰਜਾਬ ਚੋਣਾਂ ਵਿਚ ਪਾਰਟੀ ਦਾ ਚਾਣਕਿਆ ਮੰਨੇ ਜਾਂਦੇ ਡਾ. ਸੰਦੀਪ ਪਾਠਕ ਨੂੰ ਪੰਜਾਬ 'ਚ ਰਾਘਵ ਚੱਢਾ ਦੀ ਥਾਂ ਦਾ ਸਹਿ-ਇੰਚਾਰਜ ਲਗਾਇਆ ਗਿਆ ਹੈ। ਉਥੇ ਹੀ ਸ੍ਰੀ ਪਾਠਕ ਨੂੰ ਗੁਜਰਾਤ ਦੇ ਇੰਚਾਰਜ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। 'ਆਪ' ਨੇ ਭਾਜਪਾ ਦਾ ਗੜ੍ਹ ਮੰਨੇ ਜਾਂਦੇ ਗੁਜਰਾਤ ਵਿਚ ਸੰਨ੍ਹ ਲਾਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਡਾ. ਸੰਦੀਪ ਪਾਠਕ ਗੁਜਰਾਤ ਲਈ ਰਣਨੀਤੀ ਤਿਆਰ ਕਰਨਗੇ। ਗੁਜਰਾਤ ਵਿੱਚ ਚੋਣ ਰਣਨੀਤੀ ਲਈ ਗੁਲਾਬ ਸਿੰਘ ਨੂੰ ਚੋਣ ਇੰਚਾਰਜ ਲਗਾਇਆ ਗਿਆ ਹੈ। 'ਆਪ' ਨੇ ਪੰਜਾਬ ਦਾ ਇੰਚਾਰਜ ਜਰਨੈਲ ਸਿੰਘ ਨੂੰ ਲਗਾਇਆ ਹੈ। ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ 'ਚ ਚੋਣ ਇੰਚਾਰਜ ਸਤੇਂਦਰ ਜੈਨ, ਇੰਚਾਰਜ ਦੁਰਗੇਸ਼ ਪਾਠਕ, ਸਹਿ-ਇੰਚਾਰਜ ਰਤਨੇਸ਼ ਗੁਪਤਾ, ਕਰਮਜੀਤ ਸਿੰਘ, ਕੁਲਵੰਤ ਬਾਠ, ਜਥੇਬੰਦਕ ਮੰਤਰੀ ਸਤੇਂਦਰ ਤੋਂਗਰ, ਸਕੱਤਰ ਬਿਪਿਨ ਰਾਏ ਅਤੇ ਮੀਡੀਆ ਇੰਚਾਰਜ ਦੀਪਕ ਬਾਲੀ ਨੂੰ ਲਗਾਇਆ ਗਿਆ ਹੈ।

# ਪੰਜਾਂ ਦਰਿਆਵਾਂ ਵਾਲੇ ਪੰਜਾਬ ਦੀ ਧਰਤੀ 'ਤੇ ਪਾਣੀ ਦਾ ਸੰਕਟ

**ਚੰਡੀਗੜ੍ਹ:** ਪੰਜਾਂ ਦਰਿਆਵਾਂ ਵਾਲੇ ਪੰਜਾਬ ਦੀ ਧਰਤੀ ਪਾਣੀ ਦੇ ਡੂੰਘੇ ਸੰਕਟ ਵਿਚੋਂ ਲੰਘ ਰਹੀ ਹੈ। ਕੇਂਦਰੀ ਭੂ-ਜਲ ਬੋਰਡ ਦੀ 2019 ਵਿਚ ਆਈ ਰਿਪੋਰਟ ਨੇ ਬੜੇ ਭਿਆਨਕ ਅੰਕੜੇ ਪੇਸ਼ ਕੀਤੇ ਹਨ।

ਰਿਪੋਰਟ ਮੁਤਾਬਕ ਧਰਤੀ ਹੇਠਲੇ ਤਿੰਨ ਪੱਤਣਾਂ ਦਾ ਪਾਣੀ ਮੁੱਕ ਚੱਲਿਆ ਹੈ। ਇਨ੍ਹਾਂ ਪੱਤਣਾਂ 'ਚ 320 ਅਰਬ ਘਣ ਮੀਟਰ ਪਾਣੀ ਹੈ ਤੇ ਹਰੇਕ ਸਾਲ ਮੀਂਹਾਂ ਰਾਹੀਂ 21 ਅਰਬ ਘਣ ਮੀਟਰ ਪਾਣੀ ਧਰਤੀ 'ਚ ਸਿੰਮਦਾ ਹੈ। ਰਿਪੋਰਟ ਅਨੁਸਾਰ ਪੰਜਾਬੀ ਹਰ ਸਾਲ 35 ਅਰਬ ਘਣ ਮੀਟਰ ਪਾਣੀ ਧਰਤੀ ਹੇਠੋਂ ਕੱਢ ਰਹੇ ਹਨ। ਇਸ ਤਰ੍ਹਾਂ ਪੰਜਾਬ ਵਿਚ ਧਰਤੀ ਹੇਠਲਾ ਪਾਣੀ ਸਿਰਫ 17 ਸਾਲਾਂ ਦਾ ਹੀ ਬਚਿਆ ਹੈ। ਆਈ.ਆਈ.ਟੀ. ਖੜਗਪੁਰ, ਅਮਰੀਕਾ ਦੀ ਨਾਸਾ ਏਜੰਸੀ, ਪੰਜਾਬ ਖੇਤੀਬਾੜੀ ਵਿਭਾਗ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਸਮੇਤ ਵੱਖ-ਵੱਖ ਸੰਸਥਾਵਾਂ ਵੱਲੋਂ ਕੀਤੇ ਗਏ ਅਧਿਐਨਾਂ ਅਨੁਸਾਰ ਪੰਜਾਬ ਬੜੀ ਤੇਜ਼ੀ ਨਾਲ ਰੇਗਿਸਤਾਨ ਬਣਨ ਵੱਲ ਵੱਧ ਰਿਹਾ ਹੈ। ਪੰਜਾਬ ਵਿਚ ਇਸ ਵੇਲੇ 15 ਲੱਖ ਤੋਂ ਵੱਧ ਟਿਊਬਵੈੱਲ ਹਨ, ਜਿਨ੍ਹਾਂ ਵਿਚ 14 ਲੱਖ 20 ਹਜ਼ਾਰ 'ਤੇ ਬਿਜਲੀ ਦੀਆਂ ਮੋਟਰਾਂ ਤੇ ਬਾਕੀਆਂ 'ਤੇ ਡੀਜ਼ਲ ਇੰਜਣ ਲੱਗੇ ਹੋਏ ਹਨ। ਇਨ੍ਹਾਂ ਟਿਊਬਵੈੱਲਾਂ ਰਾਹੀਂ ਪਾਣੀ ਕੱਢਣ ਲਈ ਸਾਢੇ 7 ਹਾਰਸ ਪਾਵਰ ਤੋਂ 12 ਹਾਰਸ ਪਾਵਰ ਤੱਕ ਦੀਆਂ ਮੋਟਰਾਂ ਲੱਗੀਆਂ ਹੋਈਆਂ ਹਨ। ਝੋਨੇ ਦੀ ਬਿਜਾਈ ਸਮੇਂ 15 ਜੂਨ ਤੋਂ 30 ਸਤੰਬਰ ਤੱਕ 8-8 ਘੰਟੇ ਚੱਲਦੀਆਂ ਮੋਟਰਾਂ ਧਰਤੀ ਹੇਠਲੇ ਪਾਣੀ ਦੇ ਅਥਾਹ ਭੰਡਾਰ ਨੂੰ ਲਗਾਤਾਰ ਖਤਮ ਕਰ ਰਹੀਆਂ ਹਨ।

## ਸਰਕਾਰ ਸੰਭਾਲਦੇ ਸਾਰ ਹੀ 'ਆਪ' ਘਿਰੀ

*(ਪਹਿਲੇ ਸਫੇ ਦੀ ਬਾਕੀ)*

ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਰਾਜ ਸਭਾ ਲਈ ਦਿੱਲੀ ਦੇ ਆਗੂਆਂ ਨੂੰ ਉਮੀਦਵਾਰ ਬਣਾਉਣ ਨਾਲ ਸਾਬਤ ਹੋ ਗਿਆ ਕਿ ਪੰਜਾਬ ਦੀ 'ਆਪ' ਸਰਕਾਰ ਦਿੱਲੀ ਦੀ ਕਠਪੁਤਲੀ ਬਣ ਕੇ ਚੱਲੇਗੀ।

ਉਨ੍ਹਾਂ ਕਿਹਾ ਹੈ ਕਿ ਅਕਾਲੀ ਸਰਕਾਰ ਵੇਲੇ ਰਾਜ ਸਭਾ ਵਿਚ ਪੰਜਾਬ ਦੇ ਪ੍ਰਮੁੱਖ ਅਕਾਲੀ ਆਗੂਆਂ ਨੂੰ ਭੇਜਿਆ ਜਾਂਦਾ ਸੀ। 'ਆਪ' ਸਰਕਾਰ ਦੀ ਇਹ ਕਾਰਗੁਜ਼ਾਰੀ ਪੰਜਾਬ ਦੇ ਲੋਕਾਂ ਦਿੱਤੇ ਵੱਡੇ ਬਹੁਮਤ ਦਾ ਅਪਮਾਨ ਅਤੇ ਅਣਦੇਖੀ ਹੈ। ਪੰਜਾਬ ਦੇ ਲੋਕਾਂ ਨੂੰ ਹੌਲੀ-ਹੌਲੀ ਪਤਾ ਲੱਗੇਗਾ ਕਿ ਝੂਠੇ ਪ੍ਰਚਾਰ ਰਾਹੀਂ ਸੱਤਾ ਵਿੱਚ ਆਈ 'ਆਪ' ਸਰਕਾਰ ਤੋਂ ਕੁਝ ਹਾਸਲ ਨਹੀਂ ਹੋਵੇਗਾ ਸਗੋਂ ਇਹ ਪੰਜਾਬ ਤੋਂ ਪਾਣੀਆਂ ਸਮੇਤ ਹੋਰ ਬਹੁਤ ਕੁਝ ਦਿੱਲੀ ਲੈ ਜਾਵੇਗੀ।

## ਬਾਦਲਾਂ ਖਿਲਾਫ ਬਾਗੀ ਸੁਰਾਂ ਹੋਰ ਤਿੱਖੀਆਂ ਹੋਈਆਂ

*(ਪਹਿਲੇ ਸਫੇ ਦੀ ਬਾਕੀ)*

ਕੇਂਦਰਿਤ ਕਰੇਗੀ। ਚੁਫੇਰਿਉਂ ਉਠੀ ਬਗਾਵਤ ਨੂੰ ਬਾਦਲ ਪਰਿਵਾਰ ਵੀ ਵੱਡੀ ਚੁਣੌਤੀ ਮੰਨਣ ਲੱਗਾ ਹੈ। ਇਸੇ ਲਈ ਪ੍ਰਕਾਸ਼ ਸਿੰਘ ਬਾਦਲ ਪਿਛਲੇ ਕਾਫੀ ਦਿਨਾਂ ਤੋਂ ਸਿਆਸੀ ਸਰਗਰਮੀਆਂ ਵਿਚ ਜੁਟੇ ਹੋਏ ਹਨ।

ਵਿਧਾਨ ਸਭਾ ਚੋਣਾਂ ਵਿਚ ਸੁਖਬੀਰ ਬਾਦਲ ਦੀ ਅਗਵਾਈ ਨੂੰ ਅਵਾਮ ਵੱਲੋਂ ਮੁੱਢੋਂ ਨਕਾਰੇ ਜਾਣ ਤੋਂ ਬਾਅਦ ਅਕਾਲੀ ਦਲ ਦੀ ਅਣ-ਐਲਾਨੀ ਰਹਿਨੁਮਾਈ ਪ੍ਰਕਾਸ਼ ਸਿੰਘ ਬਾਦਲ ਦੀ ਸਿਆਸੀ ਮਜਬੂਰੀ ਬਣ ਗਈ ਹੈ। ਸਿਆਸੀ ਸਫ਼ਾਂ ਵਿਚ ਜ਼ਿੰਦਗੀ ਦੀ ਸਭ ਤੋਂ ਵੱਡੀ ਹਾਰ ਝੱਲਣ ਤੋਂ ਬਾਅਦ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜਨਤਕ ਸਫ਼ਾਂ ਵਿਚ ਪਰਤਦਿਆਂ ਲੰਬੀ ਹਲਕੇ ਦੇ ਪਿੰਡਾਂ ਵਿਚ ਧੰਨਵਾਦੀ ਦੌਰਾ ਸ਼ੁਰੂ ਕੀਤਾ। ਸ੍ਰੀ ਬਾਦਲ ਹਲਕਾ ਲੰਬੀ ਵਿਚ ਬਦਲਾਅ ਦੀ ਲਹਿਰ ਤਹਿਤ 11,361 ਵੋਟਾਂ ਦੇ ਫਰਕ ਨਾਲ ਹਾਰੇ ਹਨ। ਸੂਬੇ ਵਿਚ ਬੇਹੱਦ ਮਜ਼ਬੂਤ ਅਤੇ ਵੱਡਾ ਕਾਡਰ ਹੋਣ ਦੇ ਬਾਵਜੂਦ ਤਿੰਨ ਸੀਟਾਂ ਤੱਕ ਸਿਮਟ ਜਾਣਾ ਨਾਲ ਅਕਾਲੀ ਦਲ ਲਈ ਚੰਗਾ ਸੰਕੇਤ ਨਹੀਂ ਹੈ। ਉਧਰ, ਸੁਖਬੀਰ ਬਾਦਲ ਨੇ ਵੀ ਪੂਰੇ ਸੂਬੇ ਵਿਚ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ।

## ਚੋਣਾਂ ਲੰਘਦਿਆਂ ਦੀ ਗੈਸ-ਤੇਲ ਦੀਆਂ ਕੀਮਤਾਂ ਨੇ ਵੱਟੀ ਸ਼ੂਟ

**ਨਵੀਂ ਦਿੱਲੀ:** ਪੰਜ ਰਾਜਾਂ ਵਿਚ ਚੋਣਾਂ ਲੰਘਦਿਆਂ ਹੀ ਸਰਕਾਰ ਨੇ ਲੋਕਾਂ ਨੂੰ ਮਹਿੰਗਾਈ ਦੇ ਝਟਕੇ ਦੇਣੇ ਸ਼ੁਰੂ ਕਰ ਦਿੱਤੇ ਹਨ। ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ 80-80 ਪੈਸੇ ਪ੍ਰਤੀ ਲਿਟਰ ਦਾ ਵਾਧਾ ਕੀਤਾ ਗਿਆ, ਜਦੋਂ ਕਿ ਘਰੇਲੂ ਰਸੋਈ ਗੈਸ ਦੀਆਂ ਕੀਮਤਾਂ ਵਿਚ 50 ਰੁਪਏ ਪ੍ਰਤੀ ਸਿਲੰਡਰ ਦਾ ਵਾਧਾ ਕੀਤਾ ਗਿਆ। ਦਿੱਲੀ ਵਿਚ ਪੈਟਰੋਲ ਦੀ ਕੀਮਤ ਹੁਣ 96.21 ਰੁਪਏ ਪ੍ਰਤੀ ਲਿਟਰ ਹੋ ਗਈ ਹੈ, ਜੋ ਪਹਿਲਾਂ 95.41 ਰੁਪਏ ਸੀ, ਜਦਕਿ ਡੀਜ਼ਲ ਦੀ ਕੀਮਤ 86.67 ਰੁਪਏ ਪ੍ਰਤੀ ਲਿਟਰ ਤੋਂ ਵਧ ਕੇ 87.47 ਰੁਪਏ ਹੋ ਗਈ ਹੈ। ਰਾਸ਼ਟਰੀ ਰਾਜਧਾਨੀ ਵਿਚ 14.2 ਕਿਲੋਗ੍ਰਾਮ ਦੇ ਗੈਰ-ਸਬਸਿਡੀ ਵਾਲੇ ਐੱਲ.ਪੀ.ਜੀ. ਸਿਲੰਡਰ ਦੀ ਕੀਮਤ ਹੁਣ 949.50 ਰੁਪਏ ਹੋਵੇਗੀ।

ਕਾਂਗਰਸ ਨੇ ਵਾਧੇ ਖਿਲਾਫ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਲੋਕ ਹੁਣ ਕਹਿਣ ਲੱਗੇ ਹਨ ਕਿ 'ਮੋਦੀ ਜੀ ਕੇ ਅੱਛੇ ਦਿਨ' ਦੀ ਲੋੜ ਨਹੀਂ ਹੈ। ਪਾਰਟੀ ਦੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਟਵੀਟ ਕੀਤਾ, 'ਮਹਾ ਮਹਿੰਗਾਈ, ਭਾਜਪਾ ਲਿਆਈ! ਹੁਣ ਗੈਸ ਸਿਲੰਡਰ 50 ਰੁਪਏ ਮਹਿੰਗਾ ਹੋਇਆ ਹੈ। ਲੋਕ ਕਹਿ ਰਹੇ ਹਨ, ਕੋਈ ਲੋਟਾ ਦੇ ਵੋਹ ਸੱਚੇ-ਸਸਤੇ ਦਿਨ। ਮੋਦੀ ਜੀ ਦੇ ਅੱਛੇ ਦਿਨ ਨਹੀਂ ਚਾਹੀਦੇ।'

## ਮਜੀਠੀਆ ਦਾ ਜੁਡੀਸ਼ਲ ਰਿਮਾਂਡ 5 ਅਪਰੈਲ ਤੱਕ ਵਧਿਆ

**ਮੁਹਾਲੀ:** ਬਹੁ-ਚਰਚਿਤ ਨਸ਼ਾ ਤਸਕਰੀ ਮਾਮਲੇ ਵਿਚ ਨਾਮਜ਼ਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਭੁਗਤੀ। ਇਸ ਕੇਸ ਦੀ ਸੁਣਵਾਈ ਮੁਹਾਲੀ ਅਦਾਲਤ ਵਿਚ ਹੋਈ। ਅਦਾਲਤ ਨੇ ਮਜੀਠੀਆ ਦਾ ਜੁਡੀਸ਼ਲ ਰਿਮਾਂਡ 5 ਅਪਰੈਲ ਤੱਕ ਵਾਧਾ ਦਿੱਤਾ। ਕੁਝ ਦਿਨ ਪਹਿਲਾਂ ਇਥੋਂ ਦੇ ਫੇਜ਼-4 ਸਥਿਤ ਪੰਜਾਬ ਪੁਲਿਸ ਦੇ ਸਟੇਟ ਕ੍ਰਾਈਮ ਵਿੰਗ ਦੇ ਥਾਣੇ ਵਿਚ ਬਿਕਰਮ ਸਿੰਘ ਮਜੀਠੀਆ ਵਿਰੁੱਧ ਨਸ਼ਾ ਤਸਕਰੀ ਮਾਮਲੇ ਵਿਚ ਅਪਰਾਧਿਕ ਪਰਚਾ ਦਰਜ ਕੀਤਾ ਗਿਆ ਸੀ।

## ਚੀਨ ਵਿਚ 132 ਮੌਤਾਂ

**ਕੁਨਮਿੰਗ (ਚੀਨ):** ਹਾਦਸੇ ਦਾ ਸ਼ਿਕਾਰ ਹੋਏ ਚਾਈਨਾ ਈਸਟਨ ਏਅਰਲਾਈਨ ਦੇ ਜਹਾਜ਼ ਵਿਚ ਸਵਾਰ 132 ਲੋਕਾਂ ਵਿਚੋਂ ਕਿਸੇ ਦਾ ਵੀ ਕੋਈ ਪਤਾ ਨਹੀਂ ਲੱਗਿਆ। ਇਹ ਜਹਾਜ਼ ਦੱਖਣੀ ਸੂਬੇ ਗੁਆਂਗਸੀ ਵਿਚ ਹਾਦਸਾਗ੍ਰਸਤ ਹੋ ਗਿਆ ਅਤੇ ਇਸ ਹਾਦਸੇ ਕਾਰਨ ਪਹਾੜੀ ਖੇਤਰ ਵਿਚ ਅੱਗ ਲੱਗ ਗਈ। ਹਾਦਸੇ ਵਾਲੀ ਥਾਂ ਉਤੇ ਜਹਾਜ਼ ਦਾ ਮਲਬਾ ਮਿਲ ਗਿਆ ਹੈ ਪਰ ਜਹਾਜ਼ ਵਿਚ ਕੋਈ ਵੀ ਵਿਅਕਤੀ ਨਹੀਂ ਮਿਲਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸਾਹਿਤ ਵਿਚਲੇ ਪੱਖਪਾਤ ਸਬੰਧੀ 'ਕਾਫ਼ਲਾ' ਵਲੋਂ ਅਹਿਮ ਫ਼ੈਸਲੇ

## ਸੰਤੁਲਿਤ ਵਿਸ਼ਲੇਸ਼ਣਾਂ ਲਈ ਕਦਮ ਚੁੱਕੇਗਾ ਕਾਫ਼ਲਾ

**ਟੋਰਾਂਟੋ:** 'ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ' ਵਲੋਂ ਪਿਛਲੇ ਦਿਨੀਂ ਕੀਤੀ ਗਈ ਮੀਟਿੰਗ ਵਿਚ ਜਿੱਥੇ ਕਾਫ਼ਲੇ ਦੇ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ ਓਥੇ ਹੀ ਸਾਹਿਤਕ ਖੇਤਰ ਵਿਚ ਹੋ ਰਹੇ ਪੱਖਪਾਤੀ ਖਿਲਵਾੜ ਨੂੰ ਨੱਥ ਪਾਉਣ ਅਤੇ ਮਿਆਰੀ ਕੈਨੇਡੀਅਨ ਪੰਜਾਬੀ ਸਾਹਿਤ ਨੂੰ ਪ੍ਰਫੁੱਲਿਤ ਕਰਨ ਲਈ ਲੋੜੀਂਦੇ ਕਦਮਾਂ ਬਾਰੇ ਵੀ ਵਿਚਾਰਾਂ ਕੀਤੀਆਂ ਗਈਆਂ ਅਤੇ ਫੈਸਲਾ ਲਿਆ ਗਿਆ ਕਿ ਜਿੱਥੇ ਭਾਰਤ ਵਿਚ ਬੈਠੇ ਬੁੱਧੀਜੀਵੀਆਂ ਵੱਲੋਂ ਨਿੱਜੀ ਮੁਫਾਦਾਂ ਖ਼ਾਤਿਰ ਕਿਤਾਬਾਂ ਦੀ ਕੀਤੀ ਜਾ ਰਹੀ ਗੁਮਰਾਹਕੁਨ ਚਰਚਾ ਦਾ ਨੋਟਿਸ ਲਿਆ ਜਾਵੇਗਾ, ਓਥੇ ਹੀ ਲੋੜ ਨੂੰ ਸਮਝਦਿਆਂ ਕਾਫ਼ਲੇ ਦੀਆਂ ਮੀਟਿੰਗਾਂ ਦੇ ਫੌਰਮੈਟ ਨੂੰ ਬਦਲ ਕੇ ਕੈਨੇਡਾ ਭਰ ਵਿਚ ਛਪਣ ਵਾਲ਼ੇ ਮਿਆਰੀ ਸਾਹਿਤ 'ਤੇ ਚਰਚਾ ਦਾ ਕੰਮ ਆਰੰਭਿਆ ਜਾਵੇਗਾ ਅਤੇ ਮੀਟਿੰਗਾਂ ਵਿਚ ਮਿਆਰੀ ਆਲੋਚਨਾ ਦੀ ਪਿਰਤ ਨੂੰ ਮੁੜ ਬਹਾਲ ਕੀਤਾ ਜਾਵੇਗਾ।

ਪਿਛਲੇ ਦਿਨੀਂ ਅਚਾਨਕ ਵਿਛੋੜਾ ਦੇ ਗਏ ਜਸਵਿੰਦਰ ਸਿੰਘ ਬਾਰੇ ਗੱਲ ਕਰਦਿਆਂ ਕੁਲਵਿੰਦਰ ਖਹਿਰਾ ਨੇ ਦੱਸਿਆ ਕਿ ਹਰ ਸਾਹਿਤਕ ਅਤੇ ਸਮਾਜਿਕ ਸਮਾਗਮ ਵਿਚ ਸਰਗਰਮੀ ਨਾਲ਼ ਸ਼ਾਮਲ ਹੋਣ ਵਾਲਾ ਜਸਵਿੰਦਰ ਸਿੰਘ ਬੇਸ਼ੱਕ ਕਦੇ ਸਟੇਜ 'ਤੇ ਨਹੀਂ ਸੀ ਬੋਲਿਆ ਅਤੇ ਨਾ ਹੀ ਕਿਸੇ ਕਿਸਮ ਦੀ ਪ੍ਰਸਿੱਧੀ ਲਈ ਯਤਨ ਕਰਦਾ ਵੇਖਿਆ ਗਿਆ ਸੀ ਪਰ ਉਹ ਖ਼ੁਦ ਸਾਹਿਤ ਨਾਲ਼ ਜੁੜਿਆ ਹੋਇਆ ਵੀ ਸੀ ਅਤੇ ਆਪਣੇ ਸਵੈ-ਜੀਵਨੀਨੁਮਾ ਨਾਵਲ 'ਤੇ ਕੰਮ ਵੀ ਕਰ ਰਿਹਾ ਸੀ। ਪੰਜਾਬੀ ਦੇ ਨਾਮਵਰ ਸ਼ਾਇਰ ਅਤੇ ਗੀਤਕਾਰ ਸੁਖਮਿੰਦਰ ਰਾਮਪੁਰੀ ਬਾਰੇ ਮੇਜਰ ਮਾਂਗਟ ਨੇ ਦੱਸਿਆ ਕਿ ਅਥਲੀਟ ਤੋਂ ਲੇਖਕ ਬਣੇ ਸੁਖਮਿੰਦਰ ਰਾਮਪੁਰੀ ਨੇ ਆਪਣੀ ਅਣਥੱਕ ਮਿਹਨਤ ਅਤੇ ਰਿਆਜ਼ ਨਾਲ਼ ਸਾਹਿਤ ਰਚਨਾ ਤੋਂ ਲੈ ਕੇ ਸੁਰੀਲੀ ਆਵਾਜ਼ ਵਿਚ ਗਾਉਣ ਵਿਚ ਵੀ ਨਾਂ ਕਮਾਇਆ। ਉਂਕਾਰਪ੍ਰੀਤ ਨੇ ਸੁਖਮਿੰਦਰ ਰਾਮਪੁਰੀ ਦੀ ਕਿਤਾਬ "ਮੈਂ ਨਿਰੀ ਪੱਤਝੜ ਨਹੀਂ" ਦੇ ਆਧਾਰ 'ਤੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਰਾਮਪੁਰੀ ਦਾ ਮੰਨਣਾ ਸੀ ਕਿ ਲੇਖਕ ਧੁਰੋਂ ਸਿਰਜੇ ਹੋਏ ਨਹੀਂ ਆਉਂਦੇ ਬਲਕਿ ਅਭਿਆਸ ਅਤੇ ਲਗਨ ਨਾਲ਼ ਬਣਦੇ ਹਨ। ਉਨ੍ਹਾਂ ਦੱਸਿਆ ਕਿ ਰਾਮਪੁਰੀ ਨੇ ਰਵਾਇਤ ਤੋਂ ਹਟ ਕੇ ਨਵੇਂ ਰੂਪ 'ਚ ਮਿਆਰੀ ਗੀਤ ਲਿਖੇ ਹਨ।

ਕੁਝ ਦੇਰ ਪਹਿਲਾਂ ਵਿਛੜ ਗਏ ਸਾਹਿਤਕਾਰ ਅਤੇ ਇਤਿਹਾਸਕਾਰ ਜੋਗਿੰਦਰ ਸ਼ਮਸ਼ੇਰ ਬਾਰੇ ਕੁਲਵਿੰਦਰ ਖਹਿਰਾ ਨੇ ਦੱਸਿਆ ਕਿ ਸ਼ਮਸ਼ੇਰ ਜੀ ਨੇ ਜਿੱਥੇ ਕੈਨੇਡਾ ਰਹਿੰਦਿਆਂ ਮੈਨੀਟੋਬਾ ਦੇ ਪੰਜਾਬੀ ਸਾਹਿਤ ਬਾਰੇ ਲਿਖਿਆ ਓਥੇ ਹੀ "ਮੈਨੀਟੋਬਾ ਦਾ ਇਤਿਹਾਸ" ਕਿਤਾਬ ਵਿਚ ਕੈਨੇਡਾ ਦੇ ਆਦਿਵਾਸੀਆਂ ਦੇ ਇਤਿਹਾਸ ਨੂੰ ਪੰਜਾਬੀ ਵਿਚ ਲਿਖ ਕੇ ਪੰਜਾਬੀ ਸਾਹਿਤ ਦਾ ਮਾਣ ਵਧਾਇਆ ਅਤੇ ਪੰਜਾਬੀਆਂ ਨੂੰ ਇਸ ਧਰਤੀ 'ਤੇ ਹੋਏ ਅੱਤਿਆਚਾਰਾਂ ਤੋਂ ਜਾਣੂ ਕਰਵਾਉਣ ਦੀ ਕੋਸ਼ਿਸ਼ ਵੀ ਕੀਤੀ। ਬਲਬੀਰ ਕੌਰ ਸੰਘੇੜਾ ਨੇ ਜੋਗਿੰਦਰ ਸ਼ਮਸ਼ੇਰ ਜੀ ਨਾਲ ਯਾਦਾਂ ਸਾਂਝੀਆਂ ਕਰਦਿਆਂ ਉਨ੍ਹਾਂ ਦੀ ਸਾਹਿਤ-ਸਿਰਜਣਾ ਬਾਰੇ ਜਾਣਕਾਰੀ ਦਿੱਤੀ।



ਇਹ ਗੱਲ ਖੁੱਲ੍ਹ ਕੇ ਸਾਹਮਣੇ ਆ ਰਹੀ ਹੈ ਕਿ ਭਾਰਤ ਵਿਚਲੇ ਕੁਝ ਬੁੱਧੀਜੀਵੀ ਆਪਣੇ ਨਿੱਜੀ ਹਿੱਤਾਂ ਖਾਤਿਰ ਕੁਝ ਪਰਵਾਸੀ ਸਾਹਿਤ ਨੂੰ ਬੇਲੋੜੀ ਪ੍ਰਸਿੱਧੀ ਦੇ ਕੇ ਅਤੇ ਆਪਣੇ ਅਸਰ-ਰਸੂਖ ਰਾਹੀਂ ਸਿਲੇਬਸਾਂ ਵਿਚ ਲਵਾ ਕੇ ਪੰਜਾਬੀ ਸਾਹਿਤ ਦਾ ਨੁਕਸਾਨ ਕਰਨ ਦੇ ਨਾਲ਼ ਨਾਲ਼ ਕੈਨੇਡੀਅਨ ਪੰਜਾਬੀ ਸਾਹਿਤ ਦਾ ਅਕਸ ਵੀ ਵਿਗਾੜ ਰਹੇ ਹਨ। ਇਸ ਬਾਰੇ ਕਾਫ਼ਲੇ ਦੇ ਸੰਚਾਲਕ ਕੁਲਵਿੰਦਰ ਖਹਿਰਾ ਨੇ ਕਿਹਾ ਕਿ ਅਜਿਹੇ ਰੁਝਾਨ ਕਾਰਨ ਜਿੱਥੇ ਸਬੰਧਤ ਲੇਖਕ ਨੂੰ ਗੁੰਮਰਾਹ ਕਰ ਕੇ ਉਸਦੇ ਨਿਖਰਨ ਦੀਆਂ ਸਾਰੀਆਂ ਸੰਭਾਵਨਾਵਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ, ਓਥੇ ਪੰਜਾਬੀ ਸਾਹਿਤ ਤੋਂ ਪਾਠਕਾਂ ਦਾ ਮੋਹ ਵੀ ਭੰਗ ਕੀਤਾ ਜਾ ਰਿਹਾ ਹੈ। ਇਸਦੇ ਹੱਲ ਲਈ ਉਸਨੇ ਕਾਫ਼ਲੇ ਵਲੋਂ ਆਪ ਆਲੋਚਨਾ ਸ਼ੁਰੂ ਕਰਨ ਦੀ ਤਜਵੀਜ਼ ਪੇਸ਼ ਕਰਦਿਆਂ ਬਾਕੀ ਮੈਂਬਰਾਂ ਤੋਂ ਸੁਝਾਅ ਮੰਗੇ ਜਿਸ ਦੌਰਾਨ ਮੇਜਰ ਮਾਂਗਟ ਨੇ ਕਿਹਾ ਕਿ ਇਹ ਬੜੀ ਮੰਦਭਾਗੀ ਗੱਲ ਹੈ ਕਿ ਯੂਨੀਵਰਸਿਟੀਆਂ ਵੱਲੋਂ ਵੀ ਆਪਣੀਆਂ ਕਾਨਫ਼ਰੰਸਾਂ ਵਿਚ ਉਹੀ ਪਰਵਾਸੀ ਲੇਖਕ ਉਭਾਰੇ ਜਾਂਦੇ ਨੇ ਜਿਨ੍ਹਾਂ ਬਾਰੇ ਏਥੇ ਕਦੀ ਸੁਣਿਆ ਵੀ ਨਹੀਂ ਹੁੰਦਾ ਜਾਂ ਜਿਨ੍ਹਾਂ ਨੂੰ ਅਜੇ ਬਹੁਤ ਮਿਹਨਤ ਕਰਨ ਦੀ ਲੋੜ ਹੁੰਦੀ ਹੈ ਪਰ ਉਨ੍ਹਾਂ ਕੋਲ਼ ਆਪਣੀ ਪ੍ਰਸ਼ੰਸਾ ਕਰਵਾਉਣ ਲਈ ਪੈਸਾ ਹੁੰਦਾ ਹੈ ਤੇ ਉਹ ਇਨ੍ਹਾਂ 'ਬੁੱਧੀਜੀਵੀਆਂ' ਨੂੰ ਕੈਨੇਡਾ ਦੀ ਸੈਰ ਕਰਵਾਉਂਦੇ ਅਤੇ ਮਹਿੰਗੇ ਤੋਹਫ਼ੇ ਦੇ ਕੇ ਨਿਵਾਜ਼ਦੇ ਨੇ।

ਉਂਕਾਰਪ੍ਰੀਤ ਨੇ ਕਿਹਾ ਕਿ ਪਰਵਾਸੀ ਸਾਹਿਤ ਦੇ ਨਾਂ ਹੇਠ ਭਾਰਤੀ ਯੂਨੀਵਰਸਿਟੀਆਂ ਵਿਚ ਬਣੀਆਂ ਚੇਅਰਾਂ ਵਲੋਂ ਇਸ ਪਾਸੇ ਗੰਭੀਰਤਾ ਨਾਲ਼ ਕੰਮ ਕੀਤਾ ਜਾਣਾ ਚਾਹੀਦਾ ਹੈ ਅਤੇ ਕੁਝ ਲੋਕਾਂ ਵਲੋਂ ਕੀਤੀ ਜਾ ਰਹੀ ਪੱਖਪਾਤੀ ਆਲੋਚਨਾ ਦਾ ਸਖ਼ਤ ਨੋਟਿਸ ਲਿਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਾਫ਼ਲੇ ਦੇ ਫੌਰਮੈਟ ਨੂੰ ਬਦਲਣ ਦੀ ਤਜਵੀਜ਼ ਦੀ ਵੀ ਪ੍ਰੋੜ੍ਹਤਾ ਕੀਤੀ। ਬਲਦੇਵ ਰਹਿਪਾ ਨੇ ਕਿਹਾ ਕਿ ਪੰਜਾਬੀ ਸਾਹਿਤ ਵਿਚ 'ਕਾਫ਼ਲੇ' ਦਾ ਬਹੁਤ ਵੱਡਾ ਨਾਂ ਹੈ ਅਤੇ ਇਸਦੇ ਸਮਾਜੀ ਸਰੋਕਾਰਾਂ ਵਾਲ਼ੇ ਪੱਖ ਦੀ ਵੀ ਆਪਣੀ ਪਛਾਣ ਹੈ। ਉਨ੍ਹਾਂ ਕਿਹਾ ਕਿ ਕਾਫ਼ਲੇ ਨੂੰ ਇਸ ਪਾਸੇ ਦ੍ਰਿੜ੍ਹਤਾ ਨਾਲ਼ ਕਦਮ ਚੁੱਕਣੇ ਚਾਹੀਦੇ ਹਨ। ਪ੍ਰੋਫੈਸਰ ਰਾਮ ਸਿੰਘ ਨੇ ਕਿਹਾ ਕਿ ਲੇਖਕ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਕਿਉਂ ਲਿਖਦਾ ਹੈ ਅਤੇ ਉਸਦਾ ਲਿਖਣ ਦਾ ਮਕਸਦ ਕੀ ਹੈ? ਜੇ ਉਹ ਆਪਣੇ ਮਕਸਦ ਪ੍ਰਤੀ ਧੁੰਦਲਾ ਹੋਵੇਗਾ ਤਾਂ ਉਸਦੀ ਲਿਖਤ ਵੀ ਧੁੰਦਲੀ ਹੀ ਹੋਵੇਗੀ। ਬਲਬੀਰ ਕੌਰ ਸੰਘੇੜਾ ਨੇ ਕਿਹਾ ਕਿ ਬੜੀ ਮੁਸ਼ਕਲ ਨਾਲ਼ ਅਸੀਂ ਇਸ ਦੋਸ਼ ਤੋਂ ਮੁਕਤ ਹੋਏ ਸਾਂ ਕਿ ਬਾਹਰਲਾ ਪੰਜਾਬੀ ਸਾਹਿਤ ਪੌਂਡਾਂ/ਡਾਲਰਾਂ ਦੇ ਸਿਰ 'ਤੇ ਛਪ ਰਿਹਾ ਹੈ ਪਰ ਹੁਣ ਚੱਲੇ ਰੁਝਾਨ ਨੇ ਸਾਨੂੰ ਫਿਰ ਉਸੇ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ।

ਇੱਕ ਵੱਖਰੇ ਨੁਕਤੇ ਤੋਂ ਗੱਲ ਅੱਗੇ ਤੋਰਦਿਆਂ ਕਹਾਣੀਕਾਰ ਜਰਨੈਲ ਸਿੰਘ ਨੇ ਕਿਹਾ ਕਿ ਕਿਤਾਬਾਂ ਦੀ ਸੰਪਾਦਨਾ ਕਰਦਿਆਂ ਵੀ ਪੱਖਪਾਤੀ ਅਤੇ ਸਵੈ-ਪ੍ਰਚਾਰ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸੇ ਕਿਤਾਬ ਦੀ ਸੰਪਾਦਨਾ ਕਰਦਿਆਂ ਜਿੱਥੇ ਸਭ ਨੂੰ ਸ਼ਮੂਲੀਅਤ ਵਿਚ ਬਰਾਬਰ ਦਾ ਮੌਕਾ ਦਿੱਤਾ ਜਾਣਾ ਜ਼ਰੂਰੀ ਹੈ ਓਥੇ ਹਰ ਲੇਖਕ ਨੂੰ ਉਸਦੀ ਪ੍ਰਤਿਭਾ ਅਤੇ ਸਾਹਿਤਕ ਦੇਣ ਦੇ ਹਿਸਾਬ ਨਾਲ਼ ਕਿਤਾਬ ਵਿਚ ਉਸਦੀ ਲਿਖਤ ਨੂੰ ਪਹਿਲ ਦੇ ਆਧਾਰ 'ਤੇ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ।

ਕਾਫ਼ਲਾ ਸੰਚਾਲਕ ਪਰਮਜੀਤ ਦਿਓਲ ਨੇ ਜਿੱਥੇ ਹਾਜ਼ਰ ਲੇਖਕਾਂ ਦਾ ਧੰਨਵਾਦ ਕੀਤਾ, ਓਥੇ ਹੀ ਸੰਚਾਲਕਾਂ ਵਲੋਂ ਸੁਝਾਏ ਗਏ ਪ੍ਰਸਤਾਵ ਨੂੰ ਪ੍ਰਵਾਨਗੀ ਦੇਣ ਲਈ ਵੀ ਧੰਨਵਾਦ ਕੀਤਾ ਅਤੇ ਆਪਣੀ ਰਚਨਾ ਵੀ ਸਾਂਝੀ ਕੀਤੀ। ਰਿੰਟੂ ਭਾਟੀਆ, ਜਸਵਿੰਦਰ ਸੰਧੂ, ਪਿਆਰਾ ਸਿੰਘ ਕੁੱਦੋਵਾਲ, ਮਨਮੋਹਨ ਸਿੰਘ ਗੁਲਾਟੀ, ਗਿਆਨ ਸਿੰਘ ਦਰਦੀ, ਰਛਪਾਲ ਕੌਰ ਗਿੱਲ, ਡਾਕਟਰ ਜਗਦੀਸ਼ ਚੋਪੜਾ ਨੇ ਵੀ ਮੀਟਿੰਗ ਵਿਚ ਹਿੱਸਾ ਲਿਆ। ਗਿਆਨ ਸਿੰਘ ਦਰਦੀ ਅਤੇ ਪਰਮਜੀਤ ਢਿੱਲੋਂ ਨੇ ਵੀ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ।


ਗੁਰਦੁਆਰਾ ਸਾਹਿਬ ਪੈਲਾਟਾਈਨ ਦੀਆਂ ਚੋਣਾਂ ਵਿੱਚ ਪੰਥਕ ਸਲੇਟ ਦੇ ਸੇਵਾਦਾਰ

ਬੋਰਡ ਦੇ ਉਮੀਦਵਾਰ Board of Trustee Candidates


ਜੈ ਰਾਮ ਸਿੰਘ ਕਾਹਲੋਂ
Jairam Singh Kahlon
Vote Ballot No 3


ਤਰਲੋਚਨ ਸਿੰਘ ਮੁਲਤਾਨੀ
Tarlochan Singh Multani
Vote Ballot No 5


ਲਖਬੀਰ ਸਿੰਘ ਸੰਧੂ
Lakhbir Singh Sandhu
Vote Ballot No 7


ਅੱਛਰ ਸਿੰਘ
Achhar Singh
Vote Ballot No 8


ਸ਼ਿਵਿੰਦਰਜੀਤ (ਦਾਰਾ) ਸਿੰਘ
Shivinderjit (Dara) Singh
Vote Ballot No 10

ਸੀ ਆਈ ਸੀ ਦੇ ਉਮੀਦਵਾਰ CIC Candidate


ਕਰਮਜੀਤ ਸਿੰਘ ਭਟਨੂਰਾ
Karamjeet Singh Bhatnura
Vote Ballot No 2

ਸੰਗਤ ਨੂੰ ਅਪੀਲ

3 ਅਪ੍ਰੈਲ, 2022 ਨੂੰ ਗੁਰਦੁਆਰਾ ਸਾਹਿਬ ਪੈਲਾਟਾਈਨ ਦੀਆਂ ਚੋਣਾਂ ਵਿੱਚ ਪੰਥਕ ਸਲੇਟ ਦੇ ਸੇਵਾਦਾਰਾਂ ਨੂੰ ਆਪਣਾ ਕੀਮਤੀ ਵੋਟ ਪਾ ਕੇ ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ (ਗੁਰਦੁਆਰਾ ਸਾਹਿਬ ਪੈਲਾਟਾਈਨ) ਦੇ ਸੁਚਾਰੂ ਪ੍ਰਬੰਧ ਅਤੇ ਸੰਗਤ ਦੀ ਸੇਵਾ ਦਾ ਮੌਕਾ ਬਖਸ਼ੋ ਜੀ ।

Sikh Religious Society Chicago (Palatine Gurdwara) election will be held on April 3, 2022. Please cast your valuable vote to elect Panthic Slate candidates.

# 'ਸਿੱਖਸ ਆਫ ਅਮਰੀਕਾ' ਵਲੋਂ ਗਾਇਕ ਗੁਰੂ ਰੰਧਾਵਾ ਤੇ ਕਨਿਕਾ ਕਪੂਰ ਦਾ ਸਨਮਾਨਤ

**ਮੈਰੀਲੈਂਡ:** ਫੇਅਰਫੈਕਸ (ਵਰਜੀਨੀਆ) ਸੂਬੇ ਦੇ ਈਗਲ ਬੈਂਕ ਅਰੀਨਾ ਵਿਖੇ ਕਰਵਾਏ ਗਏ ਸੰਗੀਤਕ ਤੇ ਫੈਸ਼ਨ ਸ਼ੋਅ ਵਿਚ ਪਹੁੰਚੇ ਪੰਜਾਬੀ ਗਾਇਕ ਗੁਰੂ ਰੰਧਾਵਾ ਅਤੇ ਕਨਿਕਾ ਕਪੂਰ ਨੂੰ 'ਸਿੱਖਸ ਆਫ ਅਮੈਰਿਕਾ' ਦੇ ਚੇਅਰਮੈਨ ਜਸਦੀਪ ਸਿੰਘ ਜੱਸੀ, ਵਾਈਸ ਪ੍ਰਧਾਨ ਬਲਜਿੰਦਰ ਸ਼ੰਮੀ ਸਿੰਘ, ਗੁਰਵਿੰਦਰ ਸੇਠੀ, ਮਨਿੰਦਰ ਸੇਠੀ, ਹਰਬੀਰ ਬੱਤਰਾ ਅਤੇ ਜੈਬੋਧ ਨਿੱਬਰ (ਸਾਰੇ ਡਾਇਰੈਕਟਰ) ਨੇ ਯਾਦਗਾਰੀ ਚਿੰਨ੍ਹ ਭੇਟ ਕਰ ਕੇ ਸਨਮਾਨਿਤ ਕੀਤਾ। ਇਸ ਮੌਕੇ ਮੈਰੀਲੈਂਡ ਦੇ ਗਵਰਨਰ ਲੈਰੀ ਹੋਗਨ ਨੇ ਵੀ ਗੁਰੂ ਰੰਧਾਵਾ ਤੇ ਕਨਿਕਾ ਕਪੂਰ ਦੇ ਮਾਣ ਵਿਚ ਸਾਈਟੇਸ਼ਨ ਭੇਜੀ ਜਿਸਨੂੰ ਸਟੀਵ ਮਕੈਡਮ ਤੇ ਜਸਦੀਪ ਸਿੰਘ ਜੱਸੀ ਨੇ ਦੋਵਾਂ ਤਕ ਪੁੱਜਦਾ ਕੀਤਾ। ਇਸ ਸਨਮਾਨ ਵਿਚ ਡੀ.ਸੀ, ਵਰਜੀਨੀਆਂ ਤੇ ਮੈਰੀਲੈਂਡ ਸਟੇਟਾਂ ਤੋਂ ਵੱਡੀ ਗਿਣਤੀ 'ਚ ਭਾਈਚਾਰੇ ਦੇ ਲੋਕ ਪਹੁੰਚੇ ਹੋਏ ਸਨ। ਸ. ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਅਜਿਹੇ ਸਮਾਗਮਾਂ ਨਾਲ ਭਾਈਚਾਰੇ ਵਿਚ ਖੁਸ਼ੀਆਂ ਪਸਰਦੀਆਂ ਹਨ ਅਤੇ ਸਾਡੇ ਗਾਇਕ ਪੰਜਾਬੀ ਸੰਗੀਤ ਸਭਿਆਚਾਰ ਨੂੰ ਜਿਊਂਦਾ ਰੱਖ ਰਹੇ ਹਨ, ਜਿਸ ਲਈ ਉਨ੍ਹਾਂ ਦਾ ਸਨਮਾਨ ਜ਼ਰੂਰ ਕਰਨਾ ਚਾਹੀਦਾ ਹੈ।





# ਪਰਕਸ ਵੱਲੋਂ ਦੇਵ ਦਰਦ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ:** ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੁਸਾਇਟੀ ਲਿਮਟਿਡ ਲੁਧਿਆਣਾ/ਅੰਮ੍ਰਿਤਸਰ (ਪਰਕਸ) ਵਲੋਂ ਹਰਮਨ ਪਿਆਰੇ ਲੇਖਕ, ਸਮਾਜ ਸੇਵਕ, ਅਧਿਆਪਕ ਤੇ ਵਿਰਸਾਤ ਦੀ ਸਾਂਭ-ਸੰਭਾਲ ਲਈ ਕਾਰਜਸ਼ੀਲ ਦੇਵ ਦਰਦ ਦੀ ਬੇਵਕਤੀ ਮੌਤੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਸੁਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਮੀਤ ਪ੍ਰਧਾਨ ਡਾ. ਬ੍ਰਹਮਜਗਦੀਸ਼ ਸਿੰਘ, ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰੈਸ ਸਕੱਤਰ ਪ੍ਰਿੰਸੀਪਲ ਅੰਮ੍ਰਿਤ ਲਾਲ ਮੰਨਣ, ਸਕੱਤਰ ਗੁਰਮੀਤ ਪਲਾਹੀ ਤੇ ਬੋਰਡ ਦੇ ਡਾਇਰੈਟਰ ਡਾ. ਬ੍ਰਿਜਪਾਲ ਸਿੰਘ, ਸ੍ਰੀਮਤੀ ਜਸਬੀਰ ਕੌਰ, ਡਾ. ਬੂਟਾ ਸਿੰਘ ਬਰਾੜ, ਡਾ. ਸੁਰਿੰਦਰਪਾਲ ਸਿੰਘ ਮੰਡ, ਸ੍ਰੀ ਹਰਜਿੰਦਰ ਸਿੰਘ ਸੂਰਜੇਵਾਲੀਆ ਤੇ ਡਾ. ਜੀਤ ਸਿੰਘ ਜੋਸ਼ੀ ਨੇ ਕਿਹਾ ਕਿ ਦੇਵ ਦਰਦ ਦੇ ਅਕਾਲ ਚਲਾਣੇ ਨਾਲ ਸਾਹਿਤ ਜਗਤ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਹ ਅੱਜ ਭਾਵੇਂ ਸਾਡੇ ਵਿਚ ਨਹੀਂ ਰਹੇ ਪਰ ਉਨ੍ਹਾਂ ਵਲੋਂ ਪੰਜਾਬੀ ਸਾਹਿਤ ਲਈ ਪਾਏ ਵਡਮੁੱਲੇ ਯੋਗਦਾਨ ਅਤੇ ਕੀਤੇ ਹੋਰ ਕੰਮਾਂ ਲਈ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

ਵਰਣਨਯੋਗ ਹੈ ਕਿ ਦੇਵ ਦਰਦ ਨੇ 'ਕਾਲੀਆਂ ਧੁੱਪਾਂ', 'ਸ਼ਬਦਾਂ ਦੀ ਵਲਗਣ', 'ਪੁਰਵਸ਼ੀ' ਤੇ 'ਮਿਜ਼ਰਾਬ' ਕਾਵਿ ਸੰਗ੍ਰਹਿ ਸਾਹਿਤ ਜਗਤ ਦੀ ਝੋਲੀ ਪਾਏ।


Follow us on :
LAW OFFICES OF VIVEK MALIK



ACCOMPLISHED IMMIGRATION Attorneys help FAMILIES REUNITE in the UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney
Toll Free No. 866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

- Business Immigration & Worksite Compliance
  ਬਿੰਜਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration
  ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
- Naturalization & Citizenship
  ਨੈਚੂਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers
  ਰੀਮੂਵਲ ਡਿਫੈਂਸੀ ਐਂਡ ਵੈਵੇਰਸ

Languages SPOKEN Punjabi | Hindi | Urdu | Spanish & English



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com



ਖੁੱਲ੍ਹ ਗਿਆ ਹੈ ! ਖੁੱਲ੍ਹ ਗਿਆ ਹੈ ! ! ਖੁੱਲ੍ਹ ਗਿਆ ਹੈ ! ! !



Rosie Sandhu, MSN, NP-C
Co-Founder & Owner
Website: harmonyprimarycare.com

ਤੁਹਾਡੀ ਸਿਹਤ ਤੇ ਸੁੰਦਰਤਾ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇੱਥੇ ਉਪਲੱਬਧ ਹਨ

SERVICES:
ਪ੍ਰਾਇਮਰੀ ਕੇਅਰ /ਸਾਲਾਨਾ ਮੈਡੀਕਲ ਚੈਕਅੱਪ
ਡੀ.ਓ.ਟੀ.
ਪਰੀ ਇੰਪਲਾਈਮੈਂਟ ਫਿਜ਼ੀਕਲ
ਹਾਈ ਸਕੂਲ ਸਪੋਰਟ ਫਿਜ਼ੀਕਲ
ਮੈਡੀਕਲ ਸਪਾ ਸੇਵਾਵਾਂ
BOTOX
Dermal filler
Micro-Needling
Kybella
Lip Blushing
Immune Boost Injections
Derma Plane
Skin Medica Chemical Peels
PRP Micro Needling
B12 Injections
Vitamin D Injections
Lipi-Mino Injections

Brownsburg Primary Care & Wellness
640 Patrick place, Suite B, Brownsburg, IN 46112
Contact: (317)456-0411



Kamna Agarwal, OTC & Certified Yoga Instructor
Co-Founder & Owner

We also offer a variety of Yoga classes including Bikram Style Yoga.

Serving Indian American community in Hendricks County and all surrounding counties in Indiana. Our aim is to bring a unique concept of primary care, aesthetics, yoga, and wellness under one roof.

We will soon be launching laser treatments, acupuncture, and Ayurvedic supplements!

Hours: Open Tuesday-Friday 8 am to 4pm
Saturday 11:30 am to 3:30 pm

ੴ ਸਤਿਗੁਰ ਪ੍ਰਸਾਦਿ॥

ਖਾਲਸਾ ਅਕਾਲ ਪੁਰਖ ਕੀ ਫੌਜ॥
ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥

# ਖਾਲਸਾ ਸਾਜਨਾ ਦਿਵਸ ਦੇ ਸੰਬੰਧ ਵਿਚ ਮਿਸ਼ੀਗਨ ਸਟੇਟ ਦੀ ਗਵਰਨਰ ਗਰੈਚਨ ਵ੍ਹਿਟਮਰ ਗੁਰੂ ਘਰ ਵਿਖੇ ਹਾਜ਼ਰੀ ਭਰਨਗੇ



**Governor Gretchen Whitmer**

**ਪ੍ਰੋਗਰਾਮ:**
ਐਤਵਾਰ 3 ਅਪਰੈਲ 2022 ਨੂੰ
ਦੁਪਹਿਰ 11 ਤੋਂ 1 ਵਜੇ ਤੱਕ ਕੀਰਤਨ
1 ਤੋਂ 3 ਵਜੇ ਦੌਰਾਨ ਇਕ ਘੰਟੇ ਲਈ
ਗਵਰਨਰ ਗੁਰਦੁਆਰਾ ਸਾਹਿਬ ਵਿਖੇ
ਹਾਜ਼ਰੀ ਲੁਆਉਣਗੇ




*ਸਾਰਾ ਦਿਨ ਅਤੁੱਟ ਲੰਗਰ ਵਰਤੇਗਾ*

## ਮਿਸ਼ੀਗਨ 'ਚ ਵਸਦੇ ਸਮੁੱਚੇ ਭੈਣ ਭਰਾਵਾਂ ਨੂੰ ਪਰਿਵਾਰਾਂ ਸਮੇਤ ਸਮਾਗਮ ਵਿਚ ਪਹੁੰਚਣ ਦੀ ਨਿਮਰਤਾ ਸਹਿਤ ਬੇਨਤੀ ਹੈ ਜੀ

## ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਕੈਂਟਨ (ਮਿਸ਼ੀਗਨ)

**48055 Michigan Ave., Canton, MI**

# ਤੀਜੇ ਜੈਂਡਰ ਸੰਬੰਧੀ ਹਿਮਾਨੀ ਠਾਕੁਰ ਦੀ ਪੁਸਤਕ 'ਜੈਂਡਰ ਸਟੱਡੀਜ਼' ਲੋਕ ਅਰਪਣ

**ਪਟਿਆਲਾ:** ਨੌਜਵਾਨ ਲੇਖਕਾ ਹਿਮਾਨੀ ਠਾਕੁਰ ਦੀ ਪੁਸਤਕ 'ਜੈਂਡਰ ਸਟੱਡੀਜ਼' ਦਾ ਲੋਕ ਅਰਪਣ ਪਿਛਲੇ ਦਿਨੀਂ ਪਟਿਆਲਾ ਵਿਖੇ ਹੋਇਆ। ਇਸ ਸਮਾਗਮ ਦੀ ਪ੍ਰਧਾਨਗੀ ਪਟਿਆਲਾ ਸ਼ਹਿਰ ਦੀ ਸਮਾਜ ਸੇਵੀ ਗੁਰਸ਼ਰਨ ਕੌਰ ਰੰਧਾਵਾ ਨੇ ਕੀਤੀ। ਪ੍ਰਧਾਨਗੀ ਮੰਡਲ ਵਿਚ ਸਤਿੰਦਰ ਸਿੰਘ ਨੰਦਾ, ਡਾ. ਸਤਨਾਮ ਸਿੰਘ, ਡਾ. ਹਰਵਿੰਦਰ ਕੌਰ ਗਰੇਵਰ, ਡਾ. ਬਲਜਿੰਦਰ ਕੌਰ ਜੋਸ਼ੀ ਵੀ ਹਾਜ਼ਰ ਸਨ।

ਮਹਿੰਦਰਾ ਕਾਲਜ ਪਟਿਆਲਾ ਦੀ ਪ੍ਰੋਫੈਸਰ ਡਾ. ਨੀਲਮ ਗੋਇਲ ਨੇ ਇਸ ਪੁਸਤਕ ਦੀ ਲੇਖਿਕਾ ਹਿਮਾਨੀ ਸੰਬੰਧੀ ਸੰਖੇਪ ਜਾਣਕਾਰੀ ਦਿੱਤੀ। ਮੈਡਮ ਗੁਰਸ਼ਰਨ ਕੌਰ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਸਮਾਜ ਦੇ ਇਸ ਅਣਗੌਲੇ ਵਰਗ (ਟਰਾਂਸਜੈਂਡਰ) ਨੂੰ ਪੇਸ਼ ਆਉਂਦੀਆਂ ਔਕੜਾਂ ਤੇ ਸਥਿਤੀਆਂ ਨੂੰ ਹੱਲ ਕਰਨਾ ਅੱਜ ਦੇ ਸੱਭਿਅਕ ਸਮਾਜ ਦੀ ਜ਼ਿੰਮੇਵਾਰੀ ਹੀ ਨਹੀਂ ਸਗੋਂ ਫਰਜ਼ ਵੀ ਹੈ ਕਿਉਂ ਜੋ ਤੀਜੇ ਜੈਂਡਰ ਵਾਲੇ ਵੀ ਸਾਡੇ ਹੀ ਸਮਾਜ ਦਾ ਹਿੱਸਾ ਅਤੇ ਅਨਿੱਖੜਵਾਂ ਅੰਗ ਹਨ। ਉਨ੍ਹਾਂ ਨੇ ਲੇਖਿਕਾ ਦੀ ਇਸ ਗੱਲ ਤੋਂ ਭਰਪੂਰ ਪ੍ਰਸ਼ੰਸਾ ਕੀਤੀ ਕਿ ਉਸ ਨੇ ਮਹੱਤਵਪੂਰਨ ਵਿਸ਼ੇ 'ਤੇ ਲਿਖ ਕੇ ਪਹਿਲ ਕਦਮੀ ਹੀ ਨਹੀਂ ਕੀਤੀ ਸਗੋਂ ਉਸ ਨੂੰ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕਰਵਾ ਕੇ ਦੂਜਿਆਂ ਦਾ ਮਾਰਗਦਰਸ਼ਨ ਵੀ ਕੀਤਾ ਹੈ। ਹਿਮਾਨੀ ਠਾਕੁਰ ਨੇ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਦੁਆਲੇ ਪਸਰੇ ਸਮੁੱਚੇ ਪਸਾਰੇ ਵਿਚ ਮਨੁੱਖ ਮਾਤਰ ਹੀ ਸਰਵਸ੍ਰੇਸ਼ਠ ਹੈ। ਉਸ ਨੇ ਇਹ ਵੀ ਕਿਹਾ ਕਿ ਕੁਦਰਤ ਦੇ ਰਚਨਹਾਰੇ ਨੇ ਸਿਰਫ ਮਨੁੱਖ ਨੂੰ ਹੀ ਤੀਜਾ ਨੇਤਰ ਪ੍ਰਦਾਨ ਕੀਤਾ ਹੈ, ਜਿਸ ਨੂੰ ਦਿਮਾਗ ਦੇ ਨਾਲ ਦਿੱਤਾ ਜਾਂਦਾ ਹੈ, ਪਰ ਇਸ ਦੇ ਨਾਲ ਹੀ ਮਨੁੱਖ ਜਾਤੀ ਦੀ ਇਹ ਕਮਜ਼ੋਰੀ ਵੀ ਹੈ ਕਿ ਉਹ ਆਪਣੇ-ਆਪ ਨੂੰ ਸਭ 'ਤੇ ਭਾਰੂ ਪੈਣ ਦਾ ਭਰਮ ਵੀ ਪਾਲੀ ਬੈਠਾ ਹੈ। ਸਾਡੇ ਸਮਾਜ ਵਿਚ ਔਰਤ ਅਤੇ ਆਦਮੀ ਤੋਂ ਇਲਾਵਾ ਕਿਸੇ



ਤੀਜੀ ਧਿਰ ਦੀ ਕੋਈ ਅਹਿਮੀਅਤ ਹੀ ਨਹੀਂ ਪਰ ਪ੍ਰਮਾਤਮਾ ਨੇ ਤੀਜਾ ਰੂਪ ਵੀ ਪੈਦਾ ਕੀਤਾ ਹੈ ਜਿਨ੍ਹਾਂ ਲਈ ਅਸੀਂ ਕੁਝ ਘ੍ਰਿਣਤ ਨਾਂ (ਹਿਜੜਾ, ਛੱਕਾ ਆਦਿ) ਸਿਰਜ ਲਏ ਹਨ। ਅੰਗਰੇਜ਼ੀ ਵਿਚ ਇਨ੍ਹਾਂ ਨੂੰ ਟਰਾਂਸਜੈਂਡਰ ਕਹਿੰਦੇ ਹਨ।

ਪ੍ਰਸਿੱਧ ਪੰਜਾਬੀ ਨਾਟਕਕਾਰ ਸਤਿੰਦਰ ਸਿੰਘ ਨੰਦਾ ਨੇ ਸਰੋਤਿਆਂ ਦੀ ਜਾਣਕਾਰੀ ਵਿਚ ਵਾਧਾ ਕਰਦਿਆਂ ਦੱਸਿਆ ਕਿ ਇਸ ਤੀਜੀ ਸ਼੍ਰੇਣੀ ਲਈ ਅੰਗਰੇਜ਼ੀ, ਹਿੰਦੀ, ਸ਼ਾਹਮੁਖੀ ਵਿਚ ਕਈ ਕਿਤਾਬਾਂ ਉਪਲੱਬਧ ਹਨ। ਪੰਜਾਬੀ ਵਿਚ ਵੀ ਕੁਝ ਕਿਤਾਬਾਂ ਮਿਲਦੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਲਈ ਸਤਿਕਾਰਯੋਗ ਸ਼ਬਦ 'ਮਹਾਰਾਜ' ਵੀ ਵਰਤਿਆ ਜਾਂਦਾ ਹੈ ਅਤੇ ਅੰਗਰੇਜ਼ੀ ਰਾਜ ਸਮੇਂ ਇਨ੍ਹਾਂ ਨੂੰ ਫੌਜ ਵਿਚ 'ਸੈਨਾਪਤੀ' ਕਰ ਕੇ ਜਾਣਿਆ ਜਾਂਦਾ ਸੀ। ਉਨ੍ਹਾਂ ਦੱਸਿਆ ਕਿ ਭਾਰਤ ਦੇ ਉਲਟ ਪਾਕਿਸਤਾਨ ਵਿਚ ਟਰਾਂਸਜੈਂਡਰ ਨੂੰ 'ਰੱਬੀਦਾਤ' ਤਸੱਵਰ ਕੀਤਾ ਜਾਂਦਾ ਹੈ। ਸ਼ਾਹਮੁਖੀ ਵਿਚ ਲਿਖੀਆਂ ਦੋ ਕਿਤਾਬਾਂ 'ਤੀਸਰੀ ਜਿਨਸ' ਅਤੇ 'ਦੋਮੇਲੇ' ਬਹੁਤ ਹੀ ਮਿਹਨਤ ਅਤੇ ਖੋਜ ਤੋਂ ਬਾਅਦ ਲਿਖੀਆਂ ਪੁਸਤਕਾਂ ਹਨ। ਹਿਮਾਨੀ ਠਾਕੁਰ ਨੇ 'ਤੀਸਰੀ ਜਿਨਸ' ਪੁਸਤਕ ਦਾ ਅੰਗਰੇਜ਼ੀ ਰੂਪ 'ਜੈਂਡਰ ਸਟੱਡੀਜ਼' ਪੇਸ਼ ਕੀਤਾ ਹੈ। ਹਿਮਾਨੀ ਸਮਾਜ ਸੇਵੀ ਕਾਰਜ ਵੀ ਕਰ ਰਹੀ ਹੈ। ਉਸ ਨੇ ਅੰਗਰੇਜ਼ੀ, ਸੋਸ਼ਿਆਲੋਜੀ ਅਤੇ ਐਜੂਕੇਸ਼ਨ ਦੇ ਖੇਤਰ ਵਿਚ ਮਾਸਟਰ ਡਿਗਰੀਆਂ ਹਾਸਲ ਕੀਤੀਆਂ ਹਨ। ਇਸ ਤੋਂ ਇਲਾਵਾ ਉਸ ਨੇ ਬੀ ਐਡ ਅਤੇ ਐਲ ਐਲ ਬੀ ਵੀ ਕੀਤੀ ਹੋਈ ਹੈ। ਅੰਗਰੇਜ਼ੀ ਦੀ ਐਮ ਫਿਲ ਵੀ ਹੈ। ਅੱਜ ਕੱਲ੍ਹ ਉਹ ਭਾਈ ਗੁਰਦਾਸ ਕਾਲਜ ਆਫ ਲਾਅ, ਸੰਗਰੂਰ ਵਿਖੇ ਪ੍ਰੋਫੈਸਰ ਹੈ।

ਚੰਡੀਗੜ੍ਹ ਦੇ ਨਜ਼ਦੀਕ ਜ਼ੀਰਕਪੁਰ ਵਿਖੇ ਕੋਠੀ ਵਿਕਾਊ ਹੈ
ਜ਼ੀਰਕਪੁਰ ਪਟਿਆਲਾ ਰੋਡ ਦੇ ਬਿਲਕੁਲ ਨਜ਼ਦੀਕ ਬਣੀ 400 ਗਜ ਦੀ ਕੋਠੀ (ਈਸਟ ਫੇਸਿੰਗ) ਰਿਹਾਇਸ਼ੀ/ਕਮੱਰਸ਼ੀਅਲ, ਜਿਸਦੇ ਦੋਨੋ ਪਾਸੇ ਸੜਕ ਲਗਦੀ ਹੈ, ਵਿਕਾਊ ਹੈ।
ਸੰਪਰਕ ਕਰੋ: 001+847-359-0746, 224-422-4773 (*Whatsapp*)

Singh Tax & Accounting Services LLC.
Individual & Business Taxes, Accounting, Payroll & Financial Consulting Services.
Services: Individual & Small Businesses Tax Filing, Tax Planning, Set up of new Businesses, IRS Audit representation & Amended Tax Returns
ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ

ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ
Ph: 248-982-2036
Office Locations
Michigan: 36167 Ford Rd.Westland, MI 48185
Minnesota: 6043 Hudson Rd, Suite#399A Woodbury, Minnesota 55125
Mohan Singh
Master in Taxation. IRS Enrolled agent, Notary Public
Email : jhand_mohan@yahoo.com; www.SinghTaxServices.com


SUPER TRAVEL
847-676-9090, 773-465-5566
*E-mail: supertravel2003@live.com*
Lowest Fares With Excellent Service
*United Airlines*
*British Airways*

*Etihad, Air India, KLM, Lufthansa, Delta, Qatar Airlines.*
For Emergency Call anytime at 847-673-3825
*EARLY BIRD SALE!!!!*
Domestic fares available

SERVING WISCONSIN & ILLINOIS STATE
BUYING SELLING RENTING OR INVESTING
SELLING: Best Marketing Tools, Affordable Listing Commission
BUYING: Buy A Home Through Us & Get $1000-$10000 Closing Cost Credit (Some Condition Apply)
Also Get Free Home Inspection & Attorney Service

JESSE SINGH
Ph: 847-606-3664
E-Mail: J.SINGH@REMAX.COM,
WEBSITE: JSINGH.REMAX.COM
REMAX SHOWCASE, LONG GROVE, IL 60060
RE/MAX

Desi Bazar
Under new management.
*916 E. Main Street #118, Greenwood, IN, 46143*
*Tel: 317-888-2040, Fax: 317-887-6116*
Lakhvir S. Johal, Ph: 317-709-7800
Help Wanted in the Kitchen
*We specialize in all kind of Indian Groceries and Sweets*
• FRESH VEGETABLES EVERY THURSDAY
• FRESH GOAT MEAT
*10% off on all Gurudwara supplies and Religious programs!!*
We Are Open 7 Days a Week
ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com
*Loans Available In Most States!*
**Refinance up to 125% value of the house.*
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

# ਭਗਵੰਤ ਮਾਨ ਨੇ ਪਹਿਲੀ ਕੈਬਨਿਟ ਮੀਟਿੰਗ 'ਚ ਹੀ ਨੌਜਵਾਨੀ ਲਈ ਜਗਾਈ ਆਸ

**ਚੰਡੀਗੜ੍ਹ:** ਪੰਜਾਬ ਵਿਚ 'ਆਪ' ਕੈਬਨਿਟ ਦੀ ਪਲੇਠੀ ਮੀਟਿੰਗ ਦੌਰਾਨ ਨੌਜਵਾਨਾਂ ਨੂੰ 25 ਹਜ਼ਾਰ ਸਰਕਾਰੀ ਨੌਕਰੀਆਂ ਦੇਣ ਲਈ ਹਰੀ ਝੰਡੀ ਦੇ ਦਿੱਤੀ ਗਈ ਹੈ। ਇਨ੍ਹਾਂ ਵਿਚੋਂ ਪੁਲਿਸ ਵਿਭਾਗ ਦੇ ਵੱਖ-ਵੱਖ ਅਹੁਦਿਆਂ 'ਤੇ 10 ਹਜ਼ਾਰ ਅਤੇ ਹੋਰ ਬੋਰਡਾਂ ਤੇ ਸਰਕਾਰੀ ਵਿਭਾਗਾਂ ਵਿਚ 15 ਹਜ਼ਾਰ ਪੋਸਟਾਂ ਭਰੀਆਂ ਜਾਣਗੀਆਂ। 10 ਮੰਤਰੀਆਂ ਵੱਲੋਂ ਸਹੁੰ ਚੁੱਕਣ ਦੇ ਦੋ ਕੁ ਘੰਟੇ ਬਾਅਦ ਹੀ ਪੰਜਾਬ ਮੰਤਰੀ ਮੰਡਲ ਦੀ ਹੋਈ ਮੀਟਿੰਗ ਦੌਰਾਨ ਇਹ ਵੱਡਾ ਐਲਾਨ ਕੀਤਾ ਗਿਆ।



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਕੈਬਨਿਟ ਮੀਟਿੰਗ ਵਿਚ ਆਗਾਮੀ ਵਿਧਾਨ ਸਭਾ ਇਜਲਾਸ 'ਚ ਸਾਲ 2021-22 ਲਈ ਗ੍ਰਾਂਟਾਂ ਵਾਸਤੇ ਅਨੁਪੂਰਕ ਮੰਗਾਂ ਪੇਸ਼ ਕਰਨ ਦੀ ਪ੍ਰਵਾਨਗੀ ਵੀ ਦਿੱਤੀ ਗਈ। ਇਸ ਫੈਸਲੇ ਨਾਲ ਸਾਲ 2021-22 ਦੌਰਾਨ ਵੱਖ-ਵੱਖ ਵਿਭਾਗਾਂ ਦੇ ਵਾਧੂ ਖਰਚੇ ਲਈ ਬਜਟ ਮੁਹੱਈਆ ਕਰਵਾਇਆ ਜਾਵੇਗਾ ਤਾਂ ਜੋ ਬਕਾਇਆ ਦੇਣਦਾਰੀਆਂ ਨੂੰ ਨਿਪਟਾਇਆ ਜਾ ਸਕੇ। ਇਸੇ ਤਰ੍ਹਾਂ ਗ੍ਰਾਂਟਾਂ ਦੇਣ ਲਈ ਅਨੁਪੂਰਕ ਮੰਗਾਂ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ। ਮੰਤਰੀ ਮੰਡਲ ਨੇ ਸਾਲ 2022-23 ਲਈ ਸੂਬੇ ਦੇ ਪਹਿਲੀ ਅਪਰੈਲ ਤੋਂ 30 ਜੂਨ 2022 ਤੱਕ ਦੇ ਅਨੁਮਾਨਿਤ ਖਰਚੇ ਦੇ ਵੇਰਵੇ ਵਿਧਾਨ ਸਭਾ ਵਿਚ ਪੇਸ਼ ਕਰਨ ਦੀ ਮਨਜ਼ੂਰੀ ਵੀ ਦਿੱਤੀ ਹੈ।

ਕੈਬਨਿਟ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦਾਅਵਾ ਕੀਤਾ ਕਿ ਉਨ੍ਹਾਂ ਸੂਬੇ ਵਿਚ ਵਧ ਰਹੀ ਬੇਰੁਜ਼ਗਾਰੀ 'ਤੇ ਨੱਥ ਪਾਉਣ ਅਤੇ ਲੋਕਾਂ ਨਾਲ ਕੀਤੇ ਵਾਅਦੇ ਨੂੰ ਪੂਰਾ ਕਰਨ ਦੀ ਸ਼ੁਰੂਆਤ ਕਰ ਦਿੱਤੀ ਹੈ। 'ਵਾਅਦੇ ਤਹਿਤ ਮੰਤਰੀ ਮੰਡਲ ਦੀ ਪਹਿਲੀ ਮੀਟਿੰਗ ਵਿਚ ਪੰਜਾਬ ਸਰਕਾਰ ਨੇ ਪਹਿਲੀ ਕਲਮ ਸੂਬੇ ਦੇ 25 ਹਜ਼ਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਚਲਾਈ ਹੈ। ਇਹ ਭਰਤੀਆਂ ਡਿਗਰੀਆਂ ਦੇ ਆਧਾਰ 'ਤੇ ਪਾਰਦਰਸ਼ੀ ਢੰਗ ਨਾਲ ਕੀਤੀਆਂ ਜਾਣਗੀਆਂ, ਜਿਸ ਲਈ ਇਕ ਮਹੀਨੇ ਵਿਚ ਇਸ਼ਤਿਹਾਰ ਅਤੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ।'

ਸ੍ਰੀ ਮਾਨ ਨੇ ਕਿਹਾ ਕਿ ਸਰਕਾਰ ਵੱਲੋਂ ਆਉਣ ਵਾਲੇ ਦਿਨਾਂ ਵਿਚ ਬਾਕੀ ਗਰੰਟੀਆਂ ਨੂੰ ਵੀ ਛੇਤੀ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸਰਕਾਰ ਪੰਜਾਬ ਦੇ ਲੋਕਾਂ ਦੀ ਸਰਕਾਰ ਹੈ ਅਤੇ ਫੈਸਲੇ ਵੀ ਲੋਕਾਂ ਲਈ ਲਏ ਜਾਣਗੇ। ਜ਼ਿਕਰਯੋਗ ਹੈ ਕਿ 'ਆਪ' ਨੇ ਚੋਣ ਪ੍ਰਚਾਰ ਦੌਰਾਨ ਸੂਬੇ ਦੇ ਨੌਜਵਾਨਾਂ ਨੂੰ ਵਿਦੇਸ਼ ਜਾਣ ਤੋਂ ਰੋਕਣ ਅਤੇ ਨੌਕਰੀਆਂ ਮੁਹੱਈਆ ਕਰਵਾਉਣ ਦਾ ਵਿਸ਼ਵਾਸ ਦਿਵਾਇਆ ਸੀ। ਦੂਜੀ ਵਾਰ ਵਿਧਾਨ ਸਭਾ ਦੀ ਚੋਣ ਜਿੱਤਣ ਵਾਲੇ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਸੂਬੇ 'ਚ ਭ੍ਰਿਸ਼ਟਾਚਾਰ ਵਧਦਾ ਜਾ ਰਿਹਾ ਹੈ ਤੇ ਉਨ੍ਹਾਂ ਦੀ ਸਰਕਾਰ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖਤਮ ਕਰੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਭ ਤੋਂ ਪਹਿਲਾ ਕਦਮ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਚੁੱਕਿਆ ਹੈ। ਹੁਣ ਭਵਿੱਖ 'ਚ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਤੇ ਨਸ਼ਿਆਂ ਦੇ ਖਾਤਮੇ ਲਈ ਵੀ ਵੱਡੇ ਫੈਸਲੇ ਲਏ ਜਾਣਗੇ।

### ਅਫਸਰਾਂ ਨੂੰ ਲੋਕਾਂ ਦੇ ਸੇਵਕ ਵਜੋਂ ਕੰਮ ਕਰਨ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੁਲਿਸ ਤੇ ਸਿਵਲ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਪਹਿਲੀ ਮੀਟਿੰਗ ਕਰਦਿਆਂ ਸਾਰੇ ਅਧਿਕਾਰੀਆਂ ਨੂੰ ਲੋਕਾਂ ਦੇ ਸੇਵਕ ਵਜੋਂ ਕੰਮ ਕਰਨ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਜਿਹੜੇ ਲੋਕਾਂ ਨੇ ਸੇਵਾ ਕਰਨ ਦਾ ਮੌਕਾ ਦਿੱਤਾ ਹੈ, ਜਮਹੂਰੀਅਤ ਵਿਚ ਇਹੀ ਲੋਕ ਅਸਲ ਸ਼ਾਸਕ ਹੁੰਦੇ ਹਨ ਅਤੇ ਸਿਆਸਤਦਾਨਾਂ ਨੂੰ ਸੱਤਾ ਵਿਚ ਰਹਿਣ ਜਾਂ ਬਾਹਰ ਦਾ ਰਸਤਾ ਦਿਖਾਉਣ ਦੀ ਤਾਕਤ ਵੀ ਇਨ੍ਹਾਂ ਲੋਕਾਂ ਦੇ ਹੱਥ ਵਿੱਚ ਹੁੰਦੀ ਹੈ। ਸ੍ਰੀ ਮਾਨ ਨੇ ਪੰਜਾਬ ਨੂੰ ਮੋਹਰੀ ਸੂਬਾ ਬਣਾਉਣ ਲਈ ਸੂਬੇ ਦੇ ਸਾਰੇ ਅਧਿਕਾਰੀਆਂ ਨੂੰ ਟੀਮ ਦੀ ਭਾਵਨਾ ਨਾਲ ਕੰਮ ਕਰਨ ਦੀ ਅਪੀਲ ਕੀਤੀ।

# ਅਨਮੋਲ ਰਤਨ ਸਿੱਧੂ ਪੰਜਾਬ ਦੇ ਨਵੇਂ ਐਡਵੋਕੇਟ ਜਨਰਲ

**ਚੰਡੀਗੜ੍ਹ:** ਪੰਜਾਬ ਦੀ 'ਆਪ' ਸਰਕਾਰ ਨੇ ਸੀਨੀਅਰ ਵਕੀਲ ਅਨਮੋਲ ਰਤਨ ਸਿੰਘ ਸਿੱਧੂ ਨੂੰ ਸੂਬੇ ਦਾ ਨਵਾਂ ਐਡਵੋਕੇਟ ਜਨਰਲ (ਏਜੀ) ਨਿਯੁਕਤ ਕੀਤਾ ਹੈ। ਉਨ੍ਹਾਂ ਆਪਣਾ ਅਹੁਦਾ ਸੰਭਾਲ ਲਿਆ। ਨਵੇਂ ਏਜੀ ਨੇ ਸਿਰਫ ਇਕ ਰੁਪਏ ਮਹੀਨਾ ਤਨਖਾਹ ਲੈਣ ਦਾ ਫੈਸਲਾ ਲਿਆ ਹੈ ਤੇ ਅਸਲ ਰਾਸ਼ੀ ਨਸ਼ਾ ਪੀੜਤਾਂ ਦੇ ਇਲਾਜ ਤੇ ਮੁੜ ਵਸੇਬੇ ਲਈ ਦਾਨ ਕਰਨ ਦਾ ਐਲਾਨ ਕੀਤਾ ਹੈ। ਇਸ ਦੀ ਸ਼ੁਰੂਆਤ ਉਹ ਅੰਮ੍ਰਿਤਸਰ ਦੇ ਪਿੰਡ ਮਕਬੂਲਪੁਰਾ ਤੋਂ ਕਰਨਗੇ। ਅਨਮੋਲ ਰਤਨ ਸਿੱਧੂ (64) ਰਾਜਨੀਤੀ ਸ਼ਾਸਤਰ ਵਿਚ ਪੋਸਟ ਗਰੈਜੂਏਟ ਹਨ। ਉਨ੍ਹਾਂ ਪੰਜਾਬ ਯੂਨੀਵਰਸਿਟੀ ਤੋਂ ਐਲ.ਐਲ.ਬੀ, ਐਲ.ਐਲ.ਐਮ. ਤੇ ਲਾਅ ਵਿਚ ਹੀ ਪੀ.ਐਚ.ਡੀ. ਕੀਤੀ ਹੈ। ਇਸ ਦੌਰਾਨ ਉਹ ਵਿਦਿਆਰਥੀ ਕੌਂਸਲ ਦੇ ਪ੍ਰਧਾਨ ਵੀ ਰਹੇ। ਉਨ੍ਹਾਂ 1985 ਵਿਚ ਪ੍ਰੈਕਟਿਸ ਸ਼ੁਰੂ ਕੀਤੀ ਤੇ 1993 ਵਿਚ ਉਹ ਪੰਜਾਬ ਦੇ ਡਿਪਟੀ ਐਡਵੋਕੇਟ ਜਨਰਲ ਬਣੇ। ਸਾਲ 2008 ਤੋਂ 2014 ਤੱਕ ਉਹ ਭਾਰਤ ਸਰਕਾਰ ਦੇ ਸਹਾਇਕ ਸੌਲਿਸਟਰ ਜਨਰਲ ਰਹੇ। ਇਸੇ ਦੌਰਾਨ ਉਹ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸੀ.ਬੀ.ਆਈ. ਦੇ ਵਿਸ਼ੇਸ਼ ਸਰਕਾਰੀ ਵਕੀਲ ਵੀ ਰਹੇ। ਸਿੱਧੂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਬਾਰ ਐਸੋਸੀਏਸ਼ਨ ਦੇ ਅੱਠ ਵਾਰ ਪ੍ਰਧਾਨ ਰਹਿ ਚੁੱਕੇ ਹਨ। ਇਸ ਤੋਂ ਇਲਾਵਾ ਉਹ ਬਾਰ ਕੌਂਸਲ ਆਫ ਪੰਜਾਬ ਤੇ ਹਰਿਆਣਾ ਦੇ ਚੇਅਰਮੈਨ ਵੀ ਰਹਿ ਚੁੱਕੇ ਹਨ।



# ਸ਼੍ਰੋਮਣੀ ਕਮੇਟੀ ਵੱਲੋਂ 'ਜਸ਼ਨ-ਏ-ਬਹਾਰਾਂ' ਸਮਾਗਮ ਰੱਦ ਕਰਨ ਦੇ ਫੈਸਲੇ ਦਾ ਸਵਾਗਤ

**ਅੰਮ੍ਰਿਤਸਰ:** ਸਿੱਖ ਭਾਈਚਾਰੇ ਦੇ ਵਿਰੋਧ ਕਾਰਨ ਪਾਕਿਸਤਾਨ ਸਰਕਾਰ ਨੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਨੇੜੇ 23 ਤੋਂ 27 ਮਾਰਚ ਤੱਕ ਕਰਵਾਇਆ ਜਾਣ ਵਾਲਾ ਪ੍ਰੋਗਰਾਮ 'ਜਸ਼ਨ-ਏ-ਬਹਾਰਾਂ' ਰੱਦ ਕਰ ਦਿੱਤਾ ਗਿਆ ਹੈ, ਜਿਸ 'ਤੇ ਸ਼੍ਰੋਮਣੀ ਕਮੇਟੀ ਨੇ ਤਸੱਲੀ ਪ੍ਰਗਟਾਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਦਾ ਸਖਤ ਵਿਰੋਧ ਕੀਤਾ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਸ ਪ੍ਰਗਟਾਈ ਕਿ ਭਵਿੱਖ ਵਿਚ ਅਜਿਹੀ ਗਲਤੀ ਨਹੀਂ ਹੋਵੇਗੀ।

# 'ਆਪ' ਸਰਕਾਰ ਨੂੰ ਸ਼ਰਾਬ ਦੀ ਵਿਕਰੀ ਤੋਂ ਆਸਾਂ

**ਚੰਡੀਗੜ੍ਹ:** ਪੰਜਾਬ ਦੀ 'ਆਪ' ਸਰਕਾਰ ਨੇ ਸ਼ਰਾਬ ਦੇ ਠੇਕਿਆਂ ਦੀ ਮਿਆਦ ਤਿੰਨ ਮਹੀਨਿਆਂ ਲਈ ਵਧਾ ਦਿੱਤੀ ਹੈ ਅਤੇ ਹੁਣ ਸੂਬੇ ਵਿਚ ਠੇਕਿਆਂ ਦੀ ਨਿਲਾਮੀ ਜੂਨ 'ਚ ਕੀਤੀ ਜਾਵੇਗੀ। ਸੂਬੇ ਦੇ ਕਰ ਅਤੇ ਆਬਕਾਰੀ ਵਿਭਾਗ ਨੇ ਅਪਰੈਲ, ਮਈ ਅਤੇ ਜੂਨ ਦੇ ਤਿੰਨ ਮਹੀਨਿਆਂ ਲਈ ਸ਼ਰਾਬ ਦੇ ਠੇਕੇਦਾਰਾਂ ਨੂੰ 10 ਫੀਸਦੀ ਮਾਲੀਆ ਵਧਾਉਣ ਦੀ ਸ਼ਰਤ 'ਤੇ ਇਹ ਮਿਆਦ ਵਧਾਈ ਹੈ।




ਇਸ ਸਮੇਂ ਦੌਰਾਨ ਸ਼ਰਾਬ ਦੇ ਕੋਟੇ ਵਿਚ ਵੀ ਇਸੇ ਅਨੁਪਾਤ ਨਾਲ ਵਾਧਾ ਕੀਤਾ ਜਾਵੇਗਾ। ਪੰਜਾਬ ਸਰਕਾਰ ਦੀ ਆਮਦਨ ਵਿਚ ਸੂਬੇ ਅੰਦਰ ਸ਼ਰਾਬ ਦੀ ਵਿਕਰੀ ਤੋਂ ਹੁੰਦੀ ਕਮਾਈ ਇਕ ਅਹਿਮ ਖੇਤਰ ਹੈ। ਇਸ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਇਸ ਮਾਮਲੇ ਵਿਚ ਆਮਦਨ ਵਧਾਉਣ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਚਲੰਤ ਮਾਲੀ ਸਾਲ ਦੌਰਾਨ ਕਾਂਗਰਸ ਸਰਕਾਰ ਵੱਲੋਂ ਸ਼ਰਾਬ ਤੋਂ ਮਾਲੀਆ ਕਮਾਉਣ ਦਾ ਟੀਚਾ 7 ਹਜ਼ਾਰ ਕਰੋੜ ਰੁਪਏ ਦੇ ਕਰੀਬ ਰੱਖਿਆ ਗਿਆ ਸੀ ਅਤੇ 'ਆਪ' ਸਰਕਾਰ ਇਸ ਟੀਚੇ ਨੂੰ ਵਧਾ ਕੇ 8 ਹਜ਼ਾਰ ਕਰੋੜ ਰੁਪਏ ਸਾਲਾਨਾ ਤੱਕ ਪਹੁੰਚਾਉਣ 'ਤੇ ਵਿਚਾਰ ਕਰ ਰਹੀ ਹੈ ਤਾਂ ਜੋ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਕੀਤੇ ਗਏ ਵਾਅਦੇ ਪੂਰੇ ਕੀਤੇ ਜਾ ਸਕਣ। ਪੰਜਾਬ ਵਿਚ ਸ਼ਰਾਬ ਤੋਂ ਹੁੰਦੀ ਕਮਾਈ ਅਕਸਰ ਚਰਚਾ ਦਾ ਵਿਸ਼ਾ ਰਹੀ ਹੈ ਅਤੇ ਪਹਿਲਾਂ ਸੂਬੇ ਵਿਚ ਸਿਆਸੀ ਸਰਪ੍ਰਸਤੀ ਹੇਠ ਗੁਆਂਢੀ ਸੂਬਿਆਂ ਤੋਂ ਸ਼ਰਾਬ ਦੀ ਤਸਕਰੀ ਹੋਣ ਦੀਆਂ ਰਿਪੋਰਟਾਂ ਵੀ ਆਉਂਦੀਆਂ ਰਹੀਆਂ ਹਨ। ਪਟਿਆਲਾ ਸਮੇਤ ਕਈ ਜ਼ਿਲ੍ਹਿਆਂ ਵਿਚ ਸ਼ਰਾਬ ਬਣਾਉਣ ਦੀਆਂ ਨਕਲੀ ਫੈਕਟਰੀਆਂ ਫੜੀਆਂ ਗਈਆਂ ਸਨ। ਇਸ ਦੇ ਨਾਲ ਨਕਲੀ ਸ਼ਰਾਬ ਪੀਣ ਕਾਰਨ ਮਾਝਾ ਖਿੱਤੇ ਵਿਚ ਸਵਾ ਸੌ ਤੋਂ ਵੱਧ ਵਿਅਕਤੀ ਮੌਤ ਦੇ ਮੂੰਹ 'ਚ ਵੀ ਜਾ ਪਏ ਸਨ। ਕਾਂਗਰਸ ਦੇ ਪੰਜ ਸਾਲਾ ਸ਼ਾਸਨ ਦੌਰਾਨ ਸ਼ਰਾਬ ਤੋਂ ਹੁੰਦੀ ਕਮਾਈ ਮਾਫੀਆ ਦੀਆਂ ਜੇਬਾਂ 'ਚ ਜਾਣ ਦੀ ਚਰਚਾ ਵੀ ਭਾਰੂ ਰਹੀ ਹੈ।

ਸੂਬੇ 'ਚ 'ਆਪ' ਸਰਕਾਰ ਵੱਲੋਂ ਨਵੀਂ ਸ਼ਰਾਬ ਨੀਤੀ ਬਣਾਉਣ 'ਤੇ ਵੀ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਕਰ ਤੇ ਆਬਕਾਰੀ ਵਿਭਾਗ ਨੇ ਕਿਹਾ ਕਿ ਸਰਕਾਰ ਦਾ ਗਠਨ 16 ਮਾਰਚ ਨੂੰ ਹੋਇਆ ਹੈ। ਇਸ ਲਈ ਨਵੀਂ ਨੀਤੀ ਬਣਾਉਣ ਲਈ ਢੁਕਵਾਂ ਸਮਾਂ ਨਾ ਹੋਣ ਕਰਕੇ ਠੇਕਿਆਂ ਦੀ ਮਿਆਦ ਵਧਾਈ ਗਈ ਹੈ। ਪੰਜਾਬ ਵਿਚ ਚਲੰਤ ਮਾਲੀ ਸਾਲ ਦੌਰਾਨ ਸ਼ਰਾਬ ਦੇ ਠੇਕਿਆਂ ਦੀ ਗਿਣਤੀ 6 ਹਜ਼ਾਰ ਦੇ ਕਰੀਬ ਦੱਸੀ ਜਾਂਦੀ ਹੈ ਅਤੇ ਸ਼ਰਾਬ ਦਾ ਕੋਟਾ 693 ਲੱਖ ਪਰੂਫ ਲਿਟਰ (ਦੇਸੀ ਸ਼ਰਾਬ), 277 ਲੱਖ (ਅੰਗਰੇਜ਼ੀ ਸ਼ਰਾਬ) ਅਤੇ 302 ਲੱਖ ਪਰੂਫ ਲਿਟਰ ਬੀਅਰ ਹੈ। ਆਉਣ ਵਾਲੇ ਮਾਲੀ ਸਾਲ ਦੌਰਾਨ ਸ਼ਰਾਬ ਦਾ ਕੋਟਾ ਅਤੇ ਭਾਅ ਵਧਣ ਦੇ ਆਸਾਰ ਹਨ। ਸੂਬੇ ਵਿਚ ਸ਼ਰਾਬ ਦਾ ਧੰਦਾ ਆਮ ਤੌਰ 'ਤੇ ਸਿਆਸਤਦਾਨਾਂ ਦੇ ਹੱਥ ਰਿਹਾ ਹੈ। ਸਰਕਾਰ ਭਾਵੇਂ ਅਕਾਲੀਆਂ ਦੀ ਹੋਵੇ ਤੇ ਭਾਵੇਂ ਕਾਂਗਰਸੀਆਂ ਦੀ ਹੋਵੇ ਠੇਕਿਆਂ 'ਤੇ ਦਬਦਬਾ ਵਿਧਾਇਕਾਂ ਦਾ ਦੇਖਣ ਨੂੰ ਮਿਲਦਾ ਹੈ। ਸੂਬੇ ਵਿਚ ਸ਼ਰਾਬ ਤੋਂ ਮਾਲੀਆ ਨਾ ਵਧਣ ਦਾ ਇਕ ਕਾਰਨ ਇਸ ਧੰਦੇ ਵਿਚ ਸਿਆਸੀ ਦਬਦਬਾ ਹੋਣਾ ਵੀ ਮੰਨਿਆ ਜਾਂਦਾ ਹੈ। ਕਾਂਗਰਸ ਸਰਕਾਰ ਦੇ ਸਮੇਂ ਸ਼ਰਾਬ ਤੋਂ ਮਾਲੀਆ ਮਹਿਜ਼ 1 ਹਜ਼ਾਰ ਕਰੋੜ ਰੁਪਏ ਕੇ ਕਰੀਬ ਹੀ ਵਧਿਆ ਸੀ। ਸ਼ਰਾਬ ਦੇ ਕੰਮ ਨੂੰ ਸਰਕਾਰੀ ਕੰਟਰੋਲ ਹੇਠ ਲਿਆਉਣ ਲਈ ਕਈ ਆਗੂਆਂ ਖਾਸ ਕਰਕੇ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ ਜ਼ੋਰ ਦਿੱਤਾ ਜਾਂਦਾ ਰਿਹਾ ਹੈ। 'ਆਪ' ਸਰਕਾਰ ਵੱਲੋਂ ਥੋਕ ਜਾਂ ਪ੍ਰਚੂਨ ਨੂੰ ਸਰਕਾਰੀ ਕੰਟਰੋਲ ਹੇਠ ਲਿਆਉਣ 'ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ। ਇਸ ਸਬੰਧੀ ਸ਼ਰਾਬ ਬਣਾਉਣ ਵਾਲੀਆਂ ਕੰਪਨੀਆਂ ਦੀ ਸਲਾਹ ਲਈ ਜਾ ਰਹੀ ਹੈ ਅਤੇ ਹੋਰ ਸੂਬਿਆਂ ਦੇ ਮਾਡਲ ਦਾ ਅਧਿਐਨ ਕੀਤਾ ਜਾ ਰਿਹਾ ਹੈ।

# ਭਗਵੰਤ ਮਾਨ ਸਰਕਾਰ ਨੇ ਪੰਜਾਬ ਵਿਚ ਭ੍ਰਿਸ਼ਟਾਚਾਰ ਖਿਲਾਫ ਕਮਰ ਕੱਸੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਹੁਦਾ ਸੰਭਾਲਣ ਤੋਂ ਬਾਅਦ ਪਹਿਲੇ ਹੀ ਦਿਨ ਸੂਬੇ 'ਚੋਂ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਵੱਡਾ ਐਲਾਨ ਕੀਤਾ ਹੈ ਕਿ ਉਨ੍ਹਾਂ ਵੱਲੋਂ ਦਿੱਲੀ ਦੀ ਤਰਜ਼ 'ਤੇ ਪੰਜਾਬ ਵਿਚ ਵੀ 'ਭ੍ਰਿਸ਼ਟਾਚਾਰ ਰੋਕੂ ਹੈਲਪਲਾਈਨ' ਨੰਬਰ ਜਾਰੀ ਕੀਤਾ ਜਾਵੇਗਾ ਜਿਸ 'ਤੇ ਲੋਕ ਰਿਸ਼ਵਤ ਮੰਗਣ ਵਾਲੇ ਅਧਿਕਾਰੀਆਂ ਦੀ ਆਡੀਓ ਜਾਂ ਵੀਡੀਓ ਭੇਜ ਸਕਣਗੇ।

ਉਸ ਦੀ ਜਾਂਚ ਮਗਰੋਂ ਬਣਦੀ ਕਾਰਵਾਈ ਕੀਤੀ ਜਾਵੇਗੀ। ਇਹ ਹੈਲਪਲਾਈਨ ਨੰਬਰ ਮੁੱਖ ਮੰਤਰੀ ਦਾ ਨਿੱਜੀ ਨੰਬਰ ਹੋਵੇਗਾ।

ਮੁੱਖ ਮੰਤਰੀ ਭਗਵੰਤ ਮਾਨ ਨੇ ਵੀਡੀਓ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਵੋਟਾਂ ਪਾ ਕੇ ਆਪਣੀ ਜ਼ਿੰਮੇਵਾਰੀ ਨਿਭਾ ਦਿੱਤੀ ਹੈ ਅਤੇ ਹੁਣ ਸੂਬੇ ਨੂੰ ਸੰਵਾਰਨ ਦੀ ਜ਼ਿੰਮੇਵਾਰੀ ਆਮ ਆਦਮੀ ਪਾਰਟੀ (ਆਪ) ਦੀ ਹੈ। ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਵਿਚ ਹਰ ਪਾਸੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ, ਜਿਸ ਨੇ ਲੋਕਾਂ ਦਾ ਜਿਊਣਾ ਦੁੱਭਰ ਕਰ ਰੱਖਿਆ ਹੈ। ਸਮਾਜ ਵਿਚ ਪੱਸਰੇ ਭ੍ਰਿਸ਼ਟਾਚਾਰ ਦਾ ਖਾਤਮਾ ਜ਼ਰੂਰੀ ਹੈ। ਪੰਜਾਬ ਦੇ ਲੋਕਾਂ ਦੇ ਸਹਿਯੋਗ ਨਾਲ ਸੂਬੇ ਵਿਚੋਂ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖਤਮ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਵਿਚ 99 ਫ਼ੀਸਦ ਅਧਿਕਾਰੀ ਇਮਾਨਦਾਰ ਹਨ ਜਦਕਿ ਇਕ ਫ਼ੀਸਦ ਅਧਿਕਾਰੀ ਹੀ ਬੇਈਮਾਨ ਹਨ। ਇਕ ਫ਼ੀਸਦ ਭ੍ਰਿਸ਼ਟ ਅਧਿਕਾਰੀਆਂ ਕਰਕੇ 99 ਫ਼ੀਸਦ ਇਮਾਨਦਾਰ ਅਧਿਕਾਰੀਆਂ ਨੂੰ ਬਦਨਾਮ ਨਹੀਂ ਹੋਣ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ, 'ਮੈਂ ਇਮਾਨਦਾਰ ਅਧਿਕਾਰੀਆਂ ਦੇ ਨਾਲ ਖੜ੍ਹਾ ਹਾਂ।'

ਮੁੱਖ ਮੰਤਰੀ ਨੇ ਕਿਹਾ ਕਿ ਪੁਲਿਸ ਪ੍ਰਸ਼ਾਸਨ ਨੂੰ ਵੀ ਪੁਰਾਣੀਆਂ ਸਰਕਾਰਾਂ ਨੇ ਪੈਸੇ ਕਮਾਉਣ ਦਾ ਜਰੀਆ ਬਣਾ ਰੱਖਿਆ ਸੀ ਪਰ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਦਾ ਕੋਈ ਵੀ ਆਗੂ ਪੁਲਿਸ ਵਾਲਿਆਂ ਨੂੰ ਪੈਸਿਆਂ ਲਈ ਫੋਨ ਨਹੀਂ ਕਰੇਗਾ ਅਤੇ ਨਾ ਹੀ ਤਬਾਦਲੇ ਲਈ ਤੰਗ ਪਰੇਸ਼ਾਨ ਕਰੇਗਾ। ਹੁਣ ਹਫਤਾ ਵਸੂਲੀ ਲਈ ਕੋਈ ਵੀ ਆਗੂ ਅਧਿਕਾਰੀਆਂ ਨੂੰ ਪਰੇਸ਼ਾਨ ਨਹੀਂ ਕਰੇਗਾ ਅਤੇ ਲੋਕਾਂ ਦੇ ਕੰਮ ਇਮਾਨਦਾਰੀ ਨਾਲ ਹੋਣਗੇ। ਉਨ੍ਹਾਂ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਲੋਕਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਤਾਂ ਜੋ ਪੰਜਾਬ ਦੇ ਲੋਕਾਂ ਨਾਲ ਮਿਲ ਕੇ ਅਜਿਹਾ ਪ੍ਰਬੰਧ ਬਣਾਇਆ ਜਾ ਸਕੇ, ਜਿੱਥੇ ਲੋਕਾਂ ਦੇ ਕੰਮ ਬਿਨਾਂ ਕਿਸੇ ਖੱਜਲ ਖੁਆਰੀ ਤੋਂ ਹੋ ਸਕਣ। ਮੁੱਖ ਮੰਤਰੀ ਨੇ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਦਿੱਲੀ ਦੀ ਮਿਸਾਲ ਦਿੰਦਿਆਂ ਕਿਹਾ ਕਿ ਜਦੋਂ ਦਿੱਲੀ ਵਿਚ ਆਮ ਆਦਮੀ ਪਾਰਟੀ ਦੀ 49 ਦਿਨਾਂ ਦੀ ਸਰਕਾਰ ਬਣੀ ਸੀ ਤਾਂ ਅਰਵਿੰਦ ਕੇਜਰੀਵਾਲ ਨੇ 'ਭ੍ਰਿਸ਼ਟਾਚਾਰ ਰੋਕੂ ਹੈਲਪਲਾਈਨ' ਨੰਬਰ ਜਾਰੀ ਕੀਤਾ ਸੀ। ਉਸ ਦੇ ਨਤੀਜੇ ਵਜੋਂ ਅੱਜ ਦਿੱਲੀ ਵਿਚ ਭ੍ਰਿਸ਼ਟਾਚਾਰ ਖਤਮ ਹੋ ਗਿਆ ਹੈ।



### ਦਿੱਲੀ ਵਾਂਗ ਪੰਜਾਬ 'ਚੋਂ ਵੀ ਭ੍ਰਿਸ਼ਟਾਚਾਰ ਖਤਮ ਕਰਾਂਗੇ: ਕੇਜਰੀਵਾਲ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਕੌਮੀ ਰਾਜਧਾਨੀ 'ਚ ਭ੍ਰਿਸ਼ਟਾਚਾਰ ਦਾ ਸਫਾਇਆ ਕੀਤਾ ਹੈ ਅਤੇ ਉਨ੍ਹਾਂ ਦੇ ਹਮਰੁਤਬਾ ਭਗਵੰਤ ਮਾਨ ਤੇ ਉਨ੍ਹਾਂ ਦੇ ਮੰਤਰੀ ਹੁਣ ਪੰਜਾਬ 'ਚ ਇਮਾਨਦਾਰੀ ਨਾਲ ਸਰਕਾਰ ਚਲਾਉਣਗੇ। ਕੇਜਰੀਵਾਲ ਨੇ ਆਨਲਾਈਨ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਿਹਾ, 'ਅਗਲੀ ਵਾਰ ਜੇਕਰ ਕੋਈ ਤੁਹਾਡੇ ਤੋਂ ਰਿਸ਼ਵਤ ਮੰਗਦਾ ਹੈ ਤਾਂ ਇਨਕਾਰ ਨਾ ਕਰਨਾ। ਆਪਣਾ ਮੋਬਾਈਲ ਫੋਨ ਕੱਢੋ ਅਤੇ ਇਸ ਨੂੰ ਰਿਕਾਰਡ ਕਰਕੇ ਉਸ ਨੰਬਰ 'ਤੇ ਭੇਜ ਦਿਓ ਜੋ ਜਾਰੀ ਕੀਤਾ ਜਾਵੇਗਾ। ਇਹ ਉਨ੍ਹਾਂ (ਮਾਨ) ਦਾ ਨਿੱਜੀ ਵੱਟਸਐਪ ਨੰਬਰ ਹੋਵੇਗਾ।

### ਨਵਜੋਤ ਸਿੱਧੂ ਨੇ ਭਗਵੰਤ ਨੂੰ ਵਾਅਦਾ ਚੇਤੇ ਕਰਵਾਇਆ

**ਚੰਡੀਗੜ੍ਹ:** ਕਾਂਗਰਸ ਨੇਤਾ ਨਵਜੋਤ ਸਿੱਧੂ ਨੇ ਪੰਜਾਬ ਦੇ ਨਵੇਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਟਵੀਟ ਕਰਕੇ ਚੇਤੇ ਕਰਵਾਇਆ ਕਿ ਲੋਕਾਂ ਦੀਆਂ ਉਨ੍ਹਾਂ ਤੋਂ ਬਹੁਤ ਉਮੀਦਾਂ ਹਨ ਤੇ ਉਨ੍ਹਾਂ ਨੇ ਮਾਫੀਆ ਰਾਜ ਖਤਮ ਕਰਨ ਦਾ ਜੋ ਵਾਅਦਾ ਕੀਤਾ ਹੈ, ਉਸ ਦੀ ਲੋਕ ਬੇਸਬਰੀ ਨਾਲ ਉਡੀਕ ਕਰ ਰਹੇ ਹਨ। ਆਸ ਹੈ ਕਿ ਨਵੇਂ ਮੁੱਖ ਮੰਤਰੀ ਨੇ ਜੋ ਵਾਅਦੇ ਤੇ ਦਾਅਵੇ ਕੀਤੇ ਹਨ, ਉਸ ਨਾਲ ਪੰਜਾਬ ਖੁਸ਼ਹਾਲੀ ਦੇ ਰਾਹ ਪਵੇਗਾ।

ਪੰਜਾਬ ਟਾਈਮਜ਼

*ਸਨਿਚਰਵਾਰ, 26 ਮਾਰਚ 2022*

## ਨਵੀਂ ਸਰਕਾਰ ਦੀਆਂ ਚੁਣੌਤੀਆਂ

ਪੰਜਾਬ ਵਿਧਾਨ ਸਭਾ ਦੇ ਨਤੀਜੇ ਆਉਂਦਿਆਂ ਸਾਰ ਸਪਸ਼ਟ ਹੋ ਗਿਆ ਸੀ ਕਿ ਪੰਜਾਬ ਅੰਦਰ ਬਣਨ ਵਾਲੀ ਆਮ ਆਦਮੀ ਸਰਕਾਰ ਨੂੰ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ ਹੀ ਕਿਹਾ ਸੀ ਕਿ ਪੰਜਾਬ ਦੀ ਤਾਣੀ ਉਲਝੀ ਹੋਈ ਹੈ। ਬਿਨਾਂ ਸ਼ੱਕ, ਪੰਜਾਬ ਇਸ ਵਕਤ ਚੁਫੇਰਿਉਂ ਸੰਕਟਾਂ ਨਾਲ ਘਿਰਿਆ ਹੋਇਆ ਹੈ ਅਤੇ ਇਸ ਦੀ ਤਾਣੀ ਵਾਕਈ ਉਲਝੀ ਹੋਈ ਹੈ; ਪਿਛਲੇ ਢਾਈ ਤਿੰਨ ਦਹਾਕਿਆਂ ਦੌਰਾਨ ਪੰਜਾਬ ਨੂੰ ਜਿਸ ਤਰ੍ਹਾਂ ਦੀ ਲੀਡਰਸ਼ਿਪ ਮਿਲੀ ਹੈ, ਉਸ ਨੇ ਸਗੋਂ ਸੂਬੇ ਦੀ ਤਾਣੀ ਵਧੇਰੇ ਉਲਝਾਈ ਹੈ। ਅਸਲ ਵਿਚ ਜਦੋਂ ਤੋਂ ਸਿਆਸਤ ਨੂੰ ਸਿੱਧੇ ਰੂਪ ਵਿਚ ਵਪਾਰ ਨਾਲ ਜੋੜ ਕੇ ਦੇਖਿਆ ਜਾਣ ਲੱਗਿਆ ਸੀ, ਇਕ ਵਾਰ ਅਜਿਹੀ ਤਾਣੀ ਉਲਝਣੀ ਹੀ ਸੀ। ਇਸ ਦੌਰ ਦੇ ਆਗੂਆਂ ਨੇ ਪੰਜਾਬ ਦੀ ਥਾਂ ਖੁਦ ਨੂੰ, ਆਪਣੇ ਪਰਿਵਾਰ ਨੂੰ, ਤੇ ਜਾਂ ਫਿਰ ਆਪਣੇ ਚਹੇਤਿਆਂ ਵੱਲ ਹੀ ਧਿਆਨ ਦਿੱਤਾ। ਨਤੀਜੇ ਵਜੋਂ ਸੂਬੇ ਨੂੰ ਵੱਖ-ਵੱਖ ਸਮੇਂ ਦੌਰਾਨ ਆਉਂਦੀਆਂ ਸਮੱਸਿਆਵਾਂ ਹੋਰ ਵਿਕਰਾਲ ਹੁੰਦੀਆਂ ਗਈਆਂ ਅਤੇ ਵੱਖ-ਵੱਖ ਸਰਕਾਰਾਂ ਮੌਕੇ ਸੂਬੇ ਦੀ ਲੀਡਰਸ਼ਿਪ ਆਪਣੇ ਨਿੱਜੀ ਮੁਫਾਦਾਂ ਮੁਤਾਬਿਕ ਫੈਸਲੇ ਕਰਦੀ ਰਹੀ। ਅੱਜ ਹਾਲ ਇਹ ਹੈ ਕਿ ਪੰਜਾਬ ਹਰ ਖੇਤਰ ਵਿਚ ਪਛੜ ਰਿਹਾ ਹੈ। ਕਿਸੇ ਵੇਲੇ ਇਹ ਸੂਬੇ ਮੁਲਕ ਦੇ ਮੋਹਰੀ ਸੂਬਿਆਂ ਵਿਚ ਗਿਣਿਆ ਜਾਂਦਾ ਸੀ ਪਰ ਲੀਡਰਸ਼ਿਪ ਦੀ ਨਾਲਾਇਕੀ ਕਾਰਨ ਇਹ ਪਛੜਦਾ ਗਿਆ। ਅੱਜ ਦੀ ਤਾਰੀਕ ਵਿਚ ਤਾਂ ਹਰਿਆਣਾ ਵਰਗੇ ਗੁਆਂਢੀ ਸੂਬੇ ਵੀ ਕਈ ਖੇਤਰਾਂ ਵਿਚ ਪੰਜਾਬ ਤੋਂ ਅੱਗੇ ਲੰਘ ਗਏ ਹਨ।

ਇਹ ਹਨ ਉਹ ਹਾਲਾਤ ਜਿਨ੍ਹਾਂ ਦੇ ਚੱਲਦਿਆਂ ਪੰਜਾਬ ਅੰਦਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ। ਪਿਛਲੇ ਕੁਝ ਸਮੇਂ ਤੋਂ ਪੰਜਾਬ ਦੇ ਲੋਕ ਪੰਜਾਬ ਦੀਆਂ ਰਵਾਇਤੀ ਪਾਰਟੀਆਂ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਸ਼੍ਰੋਮਣੀ ਅਕਾਲੀ ਅਕਾਲੀ ਦਲ ਅਤੇ ਕਾਂਗਰਸ ਸ਼ਾਮਿਲ ਹਨ, ਤੋਂ ਬਹੁਤ ਬੁਰੀ ਤਰ੍ਹਾਂ ਅੱਕੇ ਹੋਏ ਹਨ ਅਤੇ ਤੀਜੀ ਧਿਰ ਲਈ ਤਾਂਘ ਰਹੇ ਸਨ। ਇਸ ਵਾਰ ਲੋਕਾਂ ਨੇ ਆਪਣੀ ਇਸ ਚਾਹਤ ਦਾ ਮੁਜ਼ਾਹਰਾ ਖੁੱਲ੍ਹ ਕੇ ਕੀਤਾ ਹੈ। ਸਿੱਟੇ ਵਜੋਂ ਆਮ ਆਦਮੀ ਪਾਰਟੀ ਨੂੰ ਕੁੱਲ 117 ਵਿਚੋਂ ਰਿਕਾਰਡ 92 ਸੀਟਾਂ ਉਤੇ ਜਿੱਤ ਹਾਸਲ ਹੋਈ ਹੈ। ਉਂਝ, ਇਸ ਜਿੱਤ ਵਿਚ ਪਿਛਲੇ ਸਮੇਂ ਦੌਰਾਨ ਚੱਲੇ ਕਿਸਾਨ ਅੰਦੋਲਨ ਦਾ ਵੱਡਾ ਯੋਗਦਾਨ ਹੈ। ਇਸ ਅੰਦੋਲਨ ਕਾਰਨ ਲੋਕਾਂ ਅੰਦਰ ਇੰਨੀ ਕੁ ਚੇਤਨਾ ਆ ਗਈ ਕਿ ਐਤਕੀਂ ਉਨ੍ਹਾਂ ਨੇ ਕਿਸੇ ਦੇ ਕਹਿਣ 'ਤੇ ਨਹੀਂ ਸਗੋਂ ਆਪਣੀ ਮਰਜ਼ੀ ਨਾਲ ਵੋਟਾਂ ਪਾਈਆਂ। ਇਸੇ ਕਰਕੇ ਵੱਖ-ਵੱਖ ਚੋਣ ਮਾਹਿਰਾਂ ਦੀਆਂ ਕਿਆਸਆਰਾਈਆਂ ਧਰੀਆਂ-ਧਰਾਈਆਂ ਰਹਿ ਗਈਆਂ। ਸਿਆਸੀ ਗੱਠਜੋੜ ਅਤੇ ਗਿਣਤੀਆਂ-ਮਿਣਤੀਆਂ ਚੱਲੇ ਹੀ ਨਹੀਂ। ਜਿਸ ਤਰ੍ਹਾਂ ਕਿਸਾਨ ਅੰਦੋਲਨ ਨੂੰ ਪੰਜਾਬ ਦੇ ਤਕਰੀਬਨ ਹਰ ਵਰਗ ਦਾ ਭਰਪੂਰ ਹੁੰਗਾਰਾ ਮਿਲਿਆ ਸੀ, ਐਨ ਉਸੇ ਤਰ੍ਹਾਂ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਸੂਬੇ ਦੇ ਹਰ ਵਰਗ ਦੇ ਲੋਕਾਂ ਨੇ ਵੱਧ ਤੋਂ ਵੱਧ ਵੋਟਾਂ ਪਾਈ। ਇਸੇ ਕਰਕੇ ਹੀ ਐਤਕੀਂ ਬਹੁਤੀਆਂ ਸੀਟਾਂ ਉਤੇ ਜਿੱਤ ਦਾ ਫਰਕ ਵੀ ਮੁਕਾਬਲਤਨ ਵੱਡਾ ਸੀ। ਇਹ ਰਵਾਇਤੀ ਪਾਰਟੀਆਂ ਨਾਲ ਲੋਕਾਂ ਦੇ ਗੁੱਸੇ ਦਾ ਇਜ਼ਹਾਰ ਹੀ ਸੀ ਕਿ ਤਕਰੀਬਨ ਸਾਰੇ ਦੇ ਸਾਰੇ ਲੀਡਰਾਂ ਨੂੰ ਇਨ੍ਹਾਂ ਚੋਣਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ।

ਇਸੇ ਕਰਕੇ ਹੁਣ ਨਵੀਂ ਸਰਕਾਰ ਤੋਂ ਲੋਕਾਂ ਨੂੰ ਬਹੁਤ ਸਾਰੀਆਂ ਉਮੀਦਾਂ ਹਨ। ਪਹਿਲਾ ਮਸਲਾ ਪ੍ਰਸ਼ਾਸਨ ਨੂੰ ਚੁਸਤ-ਦਰੁਸਤ ਕਰਨ ਦਾ ਤਾਂ ਹੈ ਹੀ, ਨਵੀਂ ਸਰਕਾਰ ਨੂੰ ਸੂਬੇ ਨੂੰ ਆਰਥਿਕ ਲੀਹ ਉਤੇ ਚਾੜ੍ਹਨ ਲਈ ਉਚੇਚ ਕਰਨਾ ਪਵੇਗਾ। ਸੰਭਵ ਹੈ, ਆਉਣ ਵਾਲੇ ਦਿਨਾਂ ਦੌਰਾਨ ਸਰਕਾਰ ਕੁਝ ਖਾਸ ਫੈਸਲੇ ਲਵੇ ਪਰ ਆਮ ਆਦਮੀ ਪਾਰਟੀ ਨੇ ਜਿਸ ਤਰ੍ਹਾਂ ਸਰਕਾਰੀ ਪੈਸਾ ਮੁੱਖ ਮੰਤਰੀ ਦੇ ਸਹੁੰ-ਚੁੱਕ ਸਮਾਗਮ 'ਤੇ ਖਰਚਿਆ, ਉਸ ਤੋਂ ਲੋਕਾਂ ਅੰਦਰ ਰੋਸ ਦੀ ਭਾਵਨਾ ਪੈਦਾ ਹੋਈ ਹੈ। ਦੂਜੇ, ਰਾਜ ਸਭਾ ਲਈ ਚੋਣ ਦੇ ਮਸਲੇ ਨੇ ਵੀ ਸੱਤਾਧਾਰੀ ਆਮ ਆਦਮੀ ਪਾਰਟੀ ਨੂੰ ਕਸੂਤੀ ਸਥਿਤੀ ਵਿਚ ਫਸਾ ਦਿੱਤਾ ਹੈ। ਰਾਜ ਸਭਾ ਲਈ ਪੰਜਾਬ ਵਿਚੋਂ ਪੰਜ ਮੈਂਬਰਾਂ ਦੀ ਚੋਣ 31 ਮਾਰਚ ਨੂੰ ਹੋਣੀ ਹੈ। ਗਿਣਤੀ-ਮਿਣਤੀ ਦੱਸਦੀ ਹੈ ਕਿ ਇਹ ਪੰਜੇ ਮੈਂਬਰ ਆਮ ਆਦਮੀ ਪਾਰਟੀ ਨਾਲ ਹੀ ਸਬੰਧਤ ਹੋਣਗੇ ਪਰ ਪਾਰਟੀ ਨੇ ਰਾਜ ਸਭਾ ਦੀ ਮੈਂਬਰੀ ਲਈ ਪਾਰਟੀ ਵੱਲੋਂ ਜਿਹੜੇ ਲੋਕ ਨਾਮਜ਼ਦ ਕੀਤੇ ਹਨ, ਉਸ ਤੋਂ ਹੰਗਾਮਾ ਖੜ੍ਹਾ ਹੋ ਗਿਆ ਹੈ। ਲੋਕ ਸਵਾਲ ਕਰ ਰਹੇ ਹਨ ਕਿ ਇਨ੍ਹਾਂ ਨਵੇਂ ਚੁਣੇ ਜਾਣ ਵਾਲੇ ਮੈਂਬਰਾਂ ਨੇ ਤਾਂ ਰਾਜ ਸਭਾ ਵਿਚ ਪੰਜਾਬ ਦੀ ਨੁਮਾਇੰਦਗੀ ਕਰਨੀ ਸੀ ਪਰ ਇਨ੍ਹਾਂ ਦੀ ਨਾਮਜ਼ਦਗੀ ਲਈ ਪਾਰਟੀ ਨੇ ਜੋ ਨੁਸਖਾ ਅਪਨਾਇਆ ਹੈ, ਉਹ ਕਿਸੇ ਵੀ ਸੂਰਤ ਵਿਚ ਰਵਾਇਤੀ ਪਾਰਟੀਆਂ ਦੀ ਪਹੁੰਚ ਤੋਂ ਵੱਖਰਾ ਨਹੀਂ। ਲੋਕ ਸਰਕਾਰੀ ਸਿੱਖਿਆ ਅਦਾਰਿਆਂ ਦੀ ਮਾੜੀ ਕਾਰਗੁਜ਼ਾਰੀ ਅਤੇ ਨਾਲ ਦੀ ਨਾਲ ਪ੍ਰਾਈਵੇਟ ਵਿਦਿਅਕ ਅਦਾਰਿਆਂ ਵੱਲੋਂ ਲੋਕਾਂ ਦੀ ਕੀਤੀ ਜਾ ਰਹੀ ਕਥਿਤ ਲੁੱਟ ਤੋਂ ਬਹੁਤ ਔਖੇ ਹਨ ਪਰ ਆਮ ਆਦਮੀ ਪਾਰਟੀ ਨੇ ਇਕ ਪ੍ਰਾਈਵੇਟ ਯੂਨੀਵਰਸਿਟੀ ਦੇ ਸੰਸਥਾਪਕ ਨੂੰ ਰਾਜ ਸਭਾ ਭੇਜਣ ਦਾ ਫੈਸਲਾ ਕਰ ਲਿਆ। ਇਹ ਸ਼ਖਸ ਵਿਦਿਆ ਦੇ ਖੇਤਰ ਵਿਚ ਪ੍ਰਾਈਵੇਟ ਅਦਾਰਿਆਂ ਦੀ ਭੂਮਿਕਾ ਵਧਾਉਣ 'ਤੇ ਸਦਾ ਜ਼ੋਰ ਦਿੰਦਾ ਰਿਹਾ ਹੈ; ਸਿੱਧੀ ਜਿਹੀ ਗੱਲ ਹੈ ਕਿ ਇਹ ਸ਼ਖਸ ਸਰਕਾਰੀ ਅਦਾਰਿਆਂ ਨੂੰ ਬਹੁਤੀ ਅਹਿਮੀਅਤ ਦੇਣ ਦੇ ਹੱਕ ਵਿਚ ਨਹੀਂ ਹੈ। ਲੋਕ ਸਵਾਲ ਪੁੱਛ ਰਹੇ ਹਨ ਕਿ ਆਮ ਆਦਮੀ ਪਾਰਟੀ ਅਜਿਹੇ ਸ਼ਖਸਾਂ ਨੂੰ ਰਾਜ ਸਭਾ ਅੰਦਰ ਭੇਜ ਕੇ ਆਖਰਕਾਰ ਕੀ ਸੁਨੇਹਾ ਦੇਣਾ ਚਾਹੁੰਦੀ ਹੈ। ਅਜਿਹੇ ਕਈ ਹੋਰ ਸਵਾਲ ਹਨ ਜੋ ਆਮ ਲੋਕ, ਆਮ ਆਦਮੀ ਪਾਰਟੀ ਨੂੰ ਕਰ ਰਹੇ ਹਨ। ਪਾਰਟੀ ਦੇ ਲੀਡਰਾਂ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਦੇ ਸਵਾਲਾਂ ਨੂੰ ਗੰਭੀਰਤਾ ਨਾਲ ਵਿਚਾਰਨ। ਆਮ ਆਦਮੀ ਪਾਰਟੀ ਨੂੰ ਲੋਕਾਂ ਨੇ ਵੱਡੀ ਬਹੁਮਤ ਨਾਲ ਜਿਤਾਇਆ ਹੈ ਅਤੇ ਇਸ ਦੀ ਲੀਡਰਸ਼ਿਪ ਉਤੇ ਭਰੋਸਾ ਕੀਤਾ ਹੈ। ਪਾਰਟੀ ਨੂੰ ਲੋਕਾਂ ਦੀ ਨਬਜ਼ ਪਛਾਣਨੀ ਚਾਹੀਦੀ ਹੈ ਅਤੇ ਉਨ੍ਹਾਂ ਕੰਮਾਂ ਵਿਚ ਹੀ ਅਗਾਂਹ ਵਧਣਾ ਚਾਹੀਦਾ ਹੈ ਜਿਸ ਨਾਲ ਸਮੁੱਚੇ ਸੂਬੇ ਅਤੇ ਆਮ ਲੋਕਾਂ ਨੂੰ ਰਾਹਤ ਮਿਲੇ।

### ਠਾਹ-ਸੋਟਾ

-ਚਾਚਾ ਬੇਲਿਹਾਜ਼

**ਸਾੜੇ ਦੇ ਉਬਾਲੇ ਕਿਉਂ?**

ਬੱਝਾ ਪਿੰਡ ਨੂੰ ਪਹਿਲੋਂ ਹੀ ਆਣ ਪਹੁੰਚੇ, ਹੈ ਅਖਾਣ ਜਿਉਂ ਚੋਰ-ਉਚੱਕਿਆਂ ਦਾ।
ਹਾਲ ਹੁਣੇ ਈ ਹੋ ਗਿਆ ਬਹੁਤ ਮਾੜਾ, ਦੂਜੇ ਤੀਜੇ ਥਾਂ ਲੋਕਾਂ ਦੇ ਧੱਕਿਆਂ ਦਾ।
ਮੁੱਢ ਬੱਝਿਆ ਜਾਂਚ-ਪੜਤਾਲ ਵਾਲਾ, ਮਾਰੇ ਲੁੱਟਦੇ 'ਚੌਕਿਆਂ-ਛੱਕਿਆਂ' ਦਾ।
ਆਇਆ ਸ਼ੂਕਦਾ ਤੀਰ ਦੇ ਵਾਂਗ ਯਾਰੋ, 'ਮੱਤ-ਦਾਨ' ਪੰਜਾਬੀਆਂ ਅੱਕਿਆਂ ਦਾ।
ਰੂਹ ਰਿੱਝਦੀ ਸਾੜੇ ਸਰੀਰ ਨੂੰ ਹੀ, ਹੋਰ 'ਕਿਸੇ ਦਾ' ਕੀ ਵਿਗਾੜਦੀ ਐ!
ਰਹੇ ਈਰਖਾ ਨਾਲ ਹੀ ਉਬਲਦੀ ਜੋ, ਤੌੜੀ ਆਪਣੇ ਕੰਢੇ ਹੀ ਸਾੜਦੀ ਐ!

# ਪੰਜਾਬ ਦੀ ਉਲਝੀ ਤਾਣੀ ਅਤੇ 'ਆਪ' ਸਰਕਾਰ

***ਉਲਝੀ ਤਾਣੀ ਸੁਲਝਾਉਣ ਲਈ ਕਿਵੇਂ ਸ਼ੁਰੂ ਕੀਤਾ ਜਾਵੇ, ਇਹ ਅਹਿਮ ਸਵਾਲ ਹੈ। ਕਿਸੇ ਵੀ ਸਰਕਾਰ ਨੂੰ ਕੰਮਾਂ ਦੀ ਸ਼ੁਰੂਆਤ ਲਈ ਆਪਣੇ ਮੁਲਾਜ਼ਮਾਂ ਨੂੰ ਤਨਖਾਹਾਂ/ਉਜਰਤਾਂ ਅਤੇ ਰਿਟਾਇਰ ਮੁਲਾਜ਼ਮਾਂ ਨੂੰ ਪੈਨਸ਼ਨਾਂ ਦੀ ਅਦਾਇਗੀ ਸਮੇਂ ਸਿਰ ਕਰਨੀ ਪੈਂਦੀ ਹੈ। ਇਨ੍ਹਾਂ ਦੀ ਅਦਾਇਗੀ ਵਿਚ ਸਰਕਾਰ ਨੂੰ ਮੁਸ਼ਕਿਲ ਆ ਰਹੀ ਹੈ। ਸਰਕਾਰ ਬੈਂਕਾਂ ਤੋਂ ਕਰਜ਼ੇ ਲੈ ਕੇ ਕੰਮ ਚਲਾ ਰਹੀ ਹੈ। ਇਵੇਂ ਹੀ ਸਰਕਾਰ ਸਿਰ ਕਰਜ਼ੇ ਦੀ ਕਿਸ਼ਤ ਅਤੇ ਵਿਆਜ਼ ਦੀ ਅਦਾਇਗੀ ਸਮੇਂ ਸਿਰ ਕਰਨੀ ਪੈਂਦੀ ਹੈ; ਇਹ ਵੀ ਹੋਰ ਕਰਜ਼ੇ ਲੈ ਕੇ ਅਦਾ ਕੀਤੀ ਜਾਂਦੀ ਹੈ। ਇਸ ਕਰਕੇ ਸਭ ਤੋਂ ਪਹਿਲਾ ਮਸਲਾ ਸਰਕਾਰ ਦੇ ਵਿੱਤੀ ਸਾਧਨਾਂ ਨੂੰ ਪੈਰਾਂ ਸਿਰ ਕਰਨ ਦਾ ਹੈ।***

ਪੰਜਾਬ ਅਤੇ ਇਸ ਦੇ ਲੋਕ ਬਹੁਪੱਖੀ ਸੰਕਟ ਦੇ ਸ਼ਿਕਾਰ ਹਨ। ਇਹ ਸੰਕਟ ਅਤੇ ਇਸ ਨਾਲ ਸਬੰਧਿਤ ਸਮੱਸਿਆਵਾਂ ਚਾਰ ਦਹਾਕਿਆਂ ਤੋਂ ਦਿਨੋ-ਦਿਨ ਗਹਿਰੇ ਹੋ ਰਹੇ ਹਨ। ਇਨ੍ਹਾਂ ਦੇ ਹੱਲ ਵਾਸਤੇ ਲੋਕ ਕਦੀ ਸ਼੍ਰੋਮਣੀ ਅਕਾਲੀ ਦਲ ਅਤੇ ਕਦੀ ਕਾਂਗਰਸ ਪਾਰਟੀ ਨੂੰ ਵੋਟਾਂ ਪਾਉਂਦੇ ਰਹੇ ਪਰ ਇਨ੍ਹਾਂ ਰਵਾਇਤੀ ਪਾਰਟੀਆਂ ਦੀ ਲੀਡਰਸ਼ਿਪ ਨੇ ਲੋਕਾਂ ਨੂੰ ਨਿਰਾਸ਼ ਹੀ ਕੀਤਾ ਅਤੇ ਸਮੱਸਿਆਵਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਇਨ੍ਹਾਂ ਨੇ ਆਪੋ-ਆਪਣੇ ਪਰਿਵਾਰਕ ਕਾਰੋਬਾਰ ਪ੍ਰਫੁਲਤ ਕਰਨ ਅਤੇ ਆਪਣੀਆਂ ਤਨਖਾਹਾਂ,



ਸੁੱਚਾ ਸਿੰਘ ਗਿੱਲ
ਫੋਨ: +91-98550-82857

ਭੱਤੇ ਤੇ ਪੈਨਸ਼ਨਾਂ ਨੂੰ ਵਧਾਉਣ ਦਾ ਹੀ ਕਾਰਜ ਕੀਤਾ। ਇਨ੍ਹਾਂ ਨੇ ਰੇਤਾ-ਬਜਰੀ, ਟਰਾਂਸਪੋਰਟ, ਕੇਬਲ, ਸ਼ਰਾਬ, ਡਰੱਗ, ਜਾਇਦਾਦ, ਵਿਦਿਆ, ਸਿਹਤ ਮਾਫੀਏ ਪੈਦਾ ਕਰਕੇ ਵਿੱਤੀ ਸਾਧਨਾਂ ਦੀ ਲੁੱਟ ਕੀਤੀ। ਇਸ ਤੋਂ ਤੰਗ ਆ ਕੇ ਲੋਕਾਂ ਨੇ ਐਤਕੀਂ ਵਿਧਾਨ ਸਭਾ ਚੋਣਾਂ ਵਿਚ ਇਨ੍ਹਾਂ ਰਵਾਇਤੀ ਪਾਰਟੀਆਂ ਨੂੰ ਰੱਦ ਕਰਕੇ ਆਮ ਆਦਮੀ ਪਾਰਟੀ ਨੂੰ ਭਾਰੀ ਬਹੁਮਤ ਨਾਲ ਜਿਤਾਇਆ। ਇਸ ਨਾਲ ਲੋਕਾਂ ਦੀਆਂ ਆਮ ਆਦਮੀ ਪਾਰਟੀ ਤੋਂ ਉਮੀਦਾਂ ਵੀ ਕਾਫੀ ਵਧ ਗਈਆਂ ਹਨ। ਉਹ ਇਨ੍ਹਾਂ ਸੰਕਟਾਂ ਅਤੇ ਸਮੱਸਿਆਵਾਂ ਦੇ ਫੌਰੀ ਹੱਲ ਦੀ ਤਵੱਕੋ ਕਰਨ ਲੱਗੇ ਹਨ।

ਜਿਸ ਸਮੇਂ ਨਵੀਂ ਸਰਕਾਰ ਨੇ ਚਾਰਜ ਸੰਭਾਲਿਆ ਹੈ, ਵਿੱਤੀ ਸਾਧਨਾਂ ਦੇ ਪੱਖ ਤੋਂ ਸਰਕਾਰ ਦੀ ਹਾਲਤ ਬਹੁਤ ਮਾੜੀ ਹੈ ਅਤੇ ਸੂਬੇ ਸਿਰ ਕਰਜ਼ੇ ਦੀ ਪੰਡ 2.82 ਲੱਖ ਕਰੋੜ ਰੁਪਏ ਹੈ। ਇਹ ਸੂਬੇ ਦੀ ਕੁੱਲ ਆਮਦਨ ਦਾ 53.3% ਬਣਦੀ ਹੈ ਜਿਸ ਤੋਂ ਬਾਅਦ ਸਰਕਾਰ ਨੂੰ ਹੋਰ ਕਰਜ਼ੇ ਮਿਲਣੇ ਸੰਭਵ ਨਹੀਂ। ਸੀਮਾਂਤ ਅਤੇ ਛੋਟੀ ਕਿਸਾਨੀ ਦੀ ਖੇਤੀ ਲਾਹੇਵੰਦ ਨਹੀਂ ਰਹੀ ਅਤੇ ਕਿਸਾਨੀ ਦੀਆਂ ਇਹ ਪਰਤਾਂ ਤੇ ਖੇਤ ਮਜ਼ਦੂਰ ਆਤਮ-ਹੱਤਿਆਵਾਂ ਕਰ ਰਹੇ ਹਨ। ਜ਼ਮੀਨ ਹੇਠਲਾ ਪਾਣੀ ਬਹੁਤ ਹੇਠਾਂ ਚਲਿਆ ਗਿਆ ਹੈ, ਜ਼ਮੀਨ ਜ਼ਹਿਰੀਲੀ ਹੋ ਗਈ ਹੈ। ਬੇਰੁਜ਼ਗਾਰੀ ਦਰ 7.3% ਹੈ ਜਿਹੜੀ ਕੌਮੀ ਬੇਰੁਜ਼ਗਾਰੀ ਦੀ ਦਰ (4.8%) ਤੋਂ 2.5% ਪੁਆਇੰਟ ਵੱਧ ਹੈ। ਪੜ੍ਹੇ ਲਿਖੇ ਨੌਜਵਾਨਾਂ ਦੀ ਬੇਰੁਜ਼ਗਾਰੀ ਦਰ 15.8% ਹੈ ਅਤੇ ਇਹ ਵੀ ਮੁਲਕ ਦੀ ਬੇਰੁਜ਼ਗਾਰੀ ਦੀ ਦਰ ਤੋਂ ਕਾਫੀ ਵੱਧ ਹੈ। ਪਿਛਲੀਆਂ ਸਰਕਾਰਾਂ ਨੇ ਰੁਜ਼ਗਾਰ ਦੀ ਗੁਣਵੱਤਾ ਨੂੰ ਕਾਫੀ ਮਾੜੀ ਕਰ ਦਿੱਤਾ ਹੈ। ਇਹੋ ਹਾਲ ਵਿਦਿਆ ਅਤੇ ਸਿਹਤ ਸੇਵਾਵਾਂ ਦਾ ਹੈ। ਨੌਜਵਾਨ ਪਰਦੇਸਾਂ ਵੱਲ ਵਹੀਰਾਂ ਘੱਤ ਰਹੇ ਹਨ। ਪੰਜਾਬ ਆਰਥਿਕ ਵਿਕਾਸ ਪੱਖੋਂ ਦੂਜਿਆਂ ਸੂਬਿਆਂ ਤੋਂ ਪਛੜ ਗਿਆ ਹੈ। ਪ੍ਰਤੀ ਵਿਅਕਤੀ ਆਮਦਨ ਵਿਚ 1992-93 ਵਿਚ ਪੰਜਾਬ ਪਹਿਲੇ ਸਥਾਨ ਸੀ, ਹੁਣ 19ਵੇਂ ਸਥਾਨ ਤੇ ਹੈ। ਆਰਥਿਕ ਵਿਕਾਸ ਦੀ ਦਰ ਵਿਚ ਆਰਥਿਕਤਾ ਦੇ ਤਿੰਨੇ ਖੇਤਰ- ਖੇਤੀ, ਸੈਕੰਡਰੀ ਸੈਕਟਰ ਤੇ ਸੇਵਾਵਾਂ, ਮੁਲਕ ਅਤੇ ਗਵਾਂਢੀ ਸੂਬਿਆਂ ਦੇ ਮੁਕਾਬਲੇ ਧੀਮੀ ਗਤੀ ਨਾਲ ਵਿਕਾਸ ਕਰ ਰਹੇ ਹਨ। ਪੰਜਾਬ ਵਿਚੋਂ ਸਰਮਾਇਆ ਅਤੇ ਮਨੁੱਖੀ ਸਰੋਤ ਬਾਹਰ ਜਾ ਰਹੇ ਹਨ। ਸਰਕਾਰੀ ਵਿਦਿਆ ਤੇ ਸਿਹਤ ਸਹੂਲਤਾਂ ਬਿਮਾਰ ਹਨ ਅਤੇ ਪ੍ਰਾਈਵੇਟ ਸੰਸਥਾਵਾਂ ਵਿਚ ਵਿਦਿਆ ਤੇ ਸਿਹਤ ਸਹੂਲਤਾਂ ਮਹਿੰਗੀਆਂ ਹੋਣ ਕਾਰਨ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ। ਰੂਸ-ਯੂਕਰੇਨ ਯੁੱਧ ਨੇ ਸਿਹਤ ਤੇ ਵਿਦਿਆ ਦੇ ਇਹ ਪੱਖ ਕਾਫੀ ਉਜਾਗਰ ਕੀਤੇ ਹਨ। ਪੰਜਾਬ ਵਿਚ ਪ੍ਰਸ਼ਾਸਨ ਭ੍ਰਿਸ਼ਟ ਹੈ ਅਤੇ ਇਸ ਦਾ ਸਿਆਸੀਕਰਨ ਕਰ ਦਿੱਤਾ ਗਿਆ ਹੈ। ਅਜਿਹੀਆਂ ਹੋਰ ਸਮੱਸਿਆਵਾਂ ਵੀ ਆਮ ਲੋਕਾਂ ਨੂੰ ਦਰਪੇਸ਼ ਹਨ। ਇਸ ਸਮੇਂ ਪੰਜਾਬ ਦੀ ਆਰਥਿਕਤਾ, ਪ੍ਰਸ਼ਾਸਨ ਅਤੇ ਸਿਆਸਤ ਦੀ ਤਾਣੀ ਉਲਝੀ ਪਈ ਹੈ। ਇਸ ਸਾਰੇ ਕੁਝ ਨੂੰ



ਠੀਕ ਕਰਨ ਲਈ ਕੁਝ ਸਮਾਂ ਲੱਗੇਗਾ।

ਉਲਝੀ ਤਾਣੀ ਸੁਲਝਾਉਣ ਲਈ ਕਿਵੇਂ ਸ਼ੁਰੂ ਕੀਤਾ ਜਾਵੇ, ਇਹ ਅਹਿਮ ਸਵਾਲ ਹੈ। ਕਿਸੇ ਵੀ ਸਰਕਾਰ ਨੂੰ ਕੰਮਾਂ ਦੀ ਸ਼ੁਰੂਆਤ ਲਈ ਆਪਣੇ ਮੁਲਾਜ਼ਮਾਂ ਨੂੰ ਤਨਖਾਹਾਂ/ਉਜਰਤਾਂ ਅਤੇ ਰਿਟਾਇਰ ਮੁਲਾਜ਼ਮਾਂ ਨੂੰ ਪੈਨਸ਼ਨਾਂ ਦੀ ਅਦਾਇਗੀ ਸਮੇਂ ਸਿਰ ਕਰਨੀ ਪੈਂਦੀ ਹੈ। ਇਨ੍ਹਾਂ ਦੀ ਅਦਾਇਗੀ ਵਿਚ ਸਰਕਾਰ ਨੂੰ ਮੁਸ਼ਕਿਲ ਆ ਰਹੀ ਹੈ। ਸਰਕਾਰ ਬੈਂਕਾਂ ਤੋਂ ਕਰਜ਼ੇ ਲੈ ਕੇ ਕੰਮ ਚਲਾ ਰਹੀ ਹੈ। ਇਵੇਂ ਹੀ ਸਰਕਾਰ ਸਿਰ ਕਰਜ਼ੇ ਦੀ ਕਿਸ਼ਤ ਅਤੇ ਵਿਆਜ਼ ਦੀ ਅਦਾਇਗੀ ਸਮੇਂ ਸਿਰ ਕਰਨੀ ਪੈਂਦੀ ਹੈ; ਇਹ ਵੀ ਹੋਰ ਕਰਜ਼ੇ ਲੈ ਕੇ ਅਦਾ ਕੀਤੀ ਜਾਂਦੀ ਹੈ। ਇਸ ਕਰਕੇ ਸਭ ਤੋਂ ਪਹਿਲਾ ਮਸਲਾ ਸਰਕਾਰ ਦੇ ਵਿੱਤੀ ਸਾਧਨਾਂ ਨੂੰ ਪੈਰਾਂ ਸਿਰ ਕਰਨ ਦਾ ਹੈ। ਕੁਝ ਅਰਥ ਵਿਗਿਆਨੀਆਂ ਦਾ ਅੰਦਾਜ਼ਾ ਹੈ ਕਿ ਟੈਕਸ ਦੀਆਂ ਦਰਾਂ ਵਧਾਉਣ ਤੋਂ ਬਿਨਾਂ ਹੀ 38500 ਕਰੋੜ ਰੁਪਿਆ ਹੋਰ ਟੈਕਸਾਂ ਦੀ ਚੋਰੀ ਬੰਦ ਕਰਕੇ ਇਕੱਠਾ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਸ਼ਹਿਰਾਂ ਦੇ ਵਿਕਾਸ ਨਾਲ ਜੋ ਬਸਤੀਆਂ/ਕਲੋਨੀਆਂ ਰੈਗੂਲਰ ਕੀਤੀਆਂ ਹਨ, ਉਨ੍ਹਾਂ ਇਲਾਕਿਆਂ ਤੋਂ ਪਾਣੀ, ਸੀਵਰੇਜ ਦੇ ਬਿੱਲ ਅਤੇ ਵਿਕਾਸ ਖਰਚੇ ਇਕੱਠੇ ਕਰਕੇ ਮਿਉਂਸਿਪਲ ਕਾਰਪੋਰੇਸ਼ਨਾਂ ਤੇ ਕਮੇਟੀਆਂ ਨੂੰ ਆਤਮ-ਨਿਰਭਰ ਬਣਾਇਆ ਜਾ ਸਕਦਾ ਹੈ। ਇਸ ਨਾਲ ਇਨ੍ਹਾਂ ਨੂੰ ਦਿੱਤੀ ਜਾਣ ਵਾਲੀ ਸਾਲਾਨਾ ਸਰਕਾਰੀ ਗਰਾਂਟ ਬਚ ਸਕਦੀ ਹੈ। ਇਹ ਰਾਸ਼ੀ ਸਰਕਾਰੀ ਖਜ਼ਾਨੇ ਵਿਚ 6000-7000 ਕਰੋੜ ਬਚਾ ਸਕਦੀ ਹੈ। ਐਮ.ਐਲ.ਏਜ਼ ਦੀਆਂ ਪੈਨਸ਼ਨਾਂ, ਭੱਤੇ, ਗੱਡੀਆਂ ਅਤੇ ਸੁਰੱਖਿਆ ਘਟਾਉਣ ਨਾਲ ਕਰੋੜਾਂ ਦੀ ਬਚਤ ਹੋ ਸਕਦੀ ਹੈ। ਇਨ੍ਹਾਂ ਕਾਰਜਾਂ ਨੂੰ ਕਾਮਯਾਬੀ ਨਾਲ ਸਿਰੇ ਚਾੜ੍ਹਨ ਵਾਸਤੇ ਵੱਖ ਵੱਖ ਕਿਸਮ ਦੇ ਮਾਫੀਆ ਨੂੰ ਤੋੜਨਾ ਜ਼ਰੂਰੀ ਹੈ। ਇਹ ਕਾਰਜ ਨਵੀਂ ਸਰਕਾਰ ਨੇ ਹੀ ਆਰੰਭਣਾ ਹੈ। ਇਸ ਤੋਂ ਬਗੈਰ ਟੈਕਸਾਂ ਦੀ ਚੋਰੀ ਬੰਦ ਨਹੀਂ ਕੀਤੀ ਜਾ ਸਕਦੀ। ਰੱਖਣ ਵਾਲੀ ਗੱਲ ਇਹ ਹੈ ਕਿ ਵਿੱਤੀ ਸੰਕਟ ਵਿਚੋਂ ਬਾਹਰ ਕੱਢਣ ਵਾਸਤੇ ਕੇਂਦਰ ਸਰਕਾਰ ਬਿਲਕੁਲ ਮਦਦਗਾਰ ਨਹੀਂ ਬਣੇਗੀ। ਪੰਜਾਬ ਦਾ ਪਿਛਲੇ ਤੀਹ ਵਰ੍ਹਿਆਂ ਦਾ ਤਜਰਬਾ ਵੀ ਇਸ ਦਾ ਗਵਾਹ ਹੈ ਸਗੋਂ ਨਵੀਂ ਸਰਕਾਰ ਨੂੰ ਸੂਬਿਆਂ ਦੇ ਹੱਕਾਂ ਤੇ ਹੋ ਰਹੇ ਹਮਲਿਆਂ ਖਿਲਾਫ ਡਟਣਾ ਪਵੇਗਾ।

ਦੂਸਰਾ ਫੌਰੀ ਕੰਮ ਪ੍ਰਸ਼ਾਸਨ ਨੂੰ ਠੀਕ ਕਰਨ ਦਾ ਹੈ। ਜਿਥੇ ਭ੍ਰਿਸ਼ਟਾਚਾਰ ਵਿਰੋਧੀ ਐਪ ਮਦਦਗਾਰ ਸਾਬਤ ਹੋ ਸਕਦੀ ਹੈ, ਉਥੇ ਪ੍ਰਸ਼ਾਸਨ ਨੂੰ ਐਮਐਲਏ ਦੀ ਦਖਲਅੰਦਾਜ਼ੀ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ। ਐਮਐਲਏ ਨੂੰ ਹਲਕਾ ਇੰਚਾਰਜ ਨਿਯੁਕਤ ਕਰਨ ਨਾਲ ਪ੍ਰਸ਼ਾਸਨ ਨਿਰਪੱਖਤਾ ਨਾਲ ਕੰਮਕਾਜ ਨਹੀਂ ਕਰ ਸਕਦਾ।

ਪ੍ਰਸ਼ਾਸਨ ਵਿਚ ਦਖਲ ਵਧਣ ਨਾਲ ਇਹ ਗੈਰ-ਵਾਜਬ ਪੈਸੇ ਕਮਾਉਣ ਦਾ ਧੰਦਾ ਬਣ ਜਾਂਦਾ ਹੈ। ਵਿਧਾਇਕਾਂ ਦਾ ਕੰਮ ਕਾਨੂੰਨ ਬਣਾਉਣਾ ਅਤੇ ਬਜਟ ਪਾਸ ਕਰਨਾ ਹੈ। ਇਹ ਦੋਵੇਂ ਕੰਮ ਪੰਜਾਬ ਦੇ ਵਿਧਾਇਕ ਬਿਨਾਂ ਪੜ੍ਹੇ ਕਰਦੇ ਹਨ। ਅਗਲਾ ਕਾਰਜ ਵਿਧਾਨ ਸਭਾ ਵਿਚ ਸਵਾਲ ਪੁੱਛ ਕੇ ਮੰਤਰੀਆਂ ਅਤੇ ਪ੍ਰਸ਼ਾਸਨ ਦੀ ਜਵਾਬਦੇਹੀ ਕਰਨਾ ਹੈ, ਇਹ ਕੰਮ ਵੀ ਵਿਧਾਇਕਾਂ ਨੇ ਛੱਡਿਆ ਹੋਇਆ ਹੈ। ਇਹ ਮੰਤਰੀ ਜਾਂ ਚੇਅਰਮੈਨ ਬਣ ਕੇ ਤਾਕਤ ਦੀ ਦੁਰਵਰਤੋਂ ਕਰਦੇ ਹਨ। ਇਹ ਪੰਚਾਇਤਾਂ ਅਤੇ ਸ਼ਹਿਰੀ ਲੋਕਲ ਬਾਡੀਜ਼ ਨੂੰ ਵੱਧ ਹੱਕਾਂ ਦੇ ਖਿਲਾਫ ਰਹੇ ਹਨ। ਇਸ ਕਰਕੇ ਇਨ੍ਹਾਂ ਨੂੰ ਸਕੂਲਾਂ ਅਤੇ ਹਸਪਤਾਲਾਂ ਦੀ ਚੈਕਿੰਗ ਦਾ ਕੰਮ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਪੰਜਾਬ ਇਸ ਤਜਰਬੇ ਵਿਚ ਫਸ ਕੇ ਪਹਿਲਾਂ ਹੀ ਕਾਫੀ ਨੁਕਸਾਨ ਉਠਾ ਚੁੱਕਾ ਹੈ।

ਵਿੱਤੀ ਸਾਧਨਾਂ ਦੀ ਉਗਰਾਹੀ ਠੀਕ ਕਰਨ, ਪ੍ਰਸ਼ਾਸਨ ਨੂੰ ਚੁਸਤ ਕਰਨ ਅਤੇ ਭ੍ਰਿਸ਼ਟਾਚਾਰ ਰੋਕਣ ਨਾਲ ਲੋਕਾਂ ਨੂੰ ਫੌਰੀ ਤੌਰ ਤੇ ਕਾਫੀ ਰਾਹਤ ਮਿਲ ਸਕਦੀ ਹੈ। ਸੂਬੇ ਦੇ ਆਰਥਿਕ ਵਿਕਾਸ ਵਿਚ ਤੇਜ਼ੀ ਲਿਆਉਣ ਅਤੇ ਲੋੜੀਂਦੇ ਸਾਧਨ ਲਗਾਉਣ ਵਾਸਤੇ ਜ਼ਰਾ ਗੰਭੀਰਤਾ ਨਾਲ ਵਿਚਾਰਨ ਦੀ ਜ਼ਰੂਰਤ ਹੈ। ਇਸ ਲਈ ਆਰਥਿਕ-ਸਮਾਜਿਕ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰਨ ਵਾਸਤੇ ਗਰੁੱਪ ਬਣਾ ਕੇ 2-3 ਮਹੀਨਿਆਂ ਵਿਚ ਠੋਸ ਕਦਮ ਚੁੱਕਣੇ ਪੈਣਗੇ। ਖੇਤੀ ਸੰਕਟ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਸਮੱਸਿਆਵਾਂ ਬਾਰੇ ਵੱਖਰਾ ਗਰੁੱਪ ਕਾਇਮ ਕਰਨਾ ਪਵੇਗਾ ਜਿਸ ਵਿਚ ਖੇਤੀ ਮਾਹਿਰ, ਅਰਥ ਵਿਗਿਆਨੀ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਸ਼ਾਮਲ ਕੀਤਾ ਜਾਵੇ। ਇਸੇ ਤਰ੍ਹਾਂ ਵਿਦਿਆ ਤੇ ਸਿਹਤ, ਰੁਜ਼ਗਾਰ ਅਤੇ ਵਿਦੇਸ਼ ਵੱਲ ਨੌਜਵਾਨਾਂ ਦੀ ਦੌੜ ਬਾਰੇ ਗਰੁੱਪ ਬਣਾਏ ਜਾ ਸਕਦੇ ਹਨ। ਤਿੰਨ ਮਹੀਨਿਆਂ ਦੇ ਵਿਚਾਰ ਵਟਾਂਦਰੇ ਤੋਂ ਬਾਅਦ ਪੰਜਾਬ ਦੇ ਵਿਕਾਸ, ਸੂਬੇ ਨੂੰ ਕਰਜ਼ਾ ਮੁਕਤ ਕਰਨ, ਰੁਜ਼ਗਾਰ ਪੈਦਾ ਕਰਨ, ਵਿਦਿਆ ਤੇ ਸਿਹਤ ਦੀ ਪੁਨਰ ਸੁਰਜੀਤੀ ਲਈ ਨਕਸ਼ਾ (ਰੋਡਮੈਪ) ਤਿਆਰ ਕਰਕੇ ਯੋਜਨਾਬੱਧ ਤਰੀਕੇ ਨਾਲ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ।

ਸੂਬੇ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਵਲ ਵਧਣ ਵਾਸਤੇ ਫ਼ਿਲਹਾਲ ਨਿੱਜੀਕਰਨ ਤੇ ਵਪਾਰੀਕਰਨ ਵੱਲ ਜਾਣ ਤੋਂ ਬਚਣ ਦੀ ਲੋੜ ਹੈ। ਇਸ ਸਮੇਂ ਸਰਕਾਰ ਤੇ ਸਰਕਾਰੀ ਸੰਸਥਾਵਾਂ ਨੂੰ ਮਜ਼ਬੂਤ ਕਰਨਾ ਅਤੇ ਇਨ੍ਹਾਂ ਦੇ ਸਮਾਜੀਕਰਨ ਦੀ ਵਧੇਰੇ ਜ਼ਰੂਰਤ ਹੈ। ਕੋਵਿਡ-19 ਮਹਾਮਾਰੀ ਦੌਰਾਨ ਪ੍ਰਾਈਵੇਟ ਸੈਕਟਰ ਨੇ ਖੇਤੀ ਤੋਂ ਇਲਾਵਾ ਸਭ ਕੰਮ ਬੰਦ ਕਰ ਦਿੱਤੇ ਸਨ। ਕਿਰਤੀਆਂ ਨੂੰ ਬਿਨਾਂ ਰੁਜ਼ਗਾਰ ਫਾਕੇ ਕੱਟਣੇ ਪਏ ਸਨ। ਇਸ ਸਮੇਂ ਸੂਬੇ ਦੀ ਆਰਥਿਕਤਾ ਨੂੰ ਸਰਕਾਰੀ ਮਦਦ ਅਤੇ ਦਖਲ ਦੀ ਸਖਤ ਜ਼ਰੂਰਤ ਹੈ। ਸਰਕਾਰੀ ਪੂੰਜੀ ਨਿਵੇਸ਼ ਨਾਲ ਪ੍ਰਾਈਵੇਟ ਸੈਕਟਰ ਵਿਚ ਪੂੰਜੀ ਨਿਵੇਸ਼ ਨੂੰ ਉਤਸ਼ਾਹ ਮਿਲਦਾ ਹੈ। ਇਸ ਦੇ ਨਾਲ ਹੀ ਪ੍ਰਾਈਵੇਟ ਸੈਕਟਰ ਦੇ ਅਦਾਰਿਆਂ ਦੀ ਮਦਦ ਕਰਨ ਦੇ ਨਾਲ ਨਾਲ ਉਨ੍ਹਾਂ ਨੂੰ ਨਿਯਮਤ ਵੀ ਕਰਨਾ ਪੈਣਾ ਹੈ ਤਾਂ ਕਿ ਮੁਲਾਜ਼ਮਾਂ ਅਤੇ ਕਿਰਤੀਆਂ ਦੇ ਰੁਜ਼ਗਾਰ ਅਤੇ ਉਨ੍ਹਾਂ ਦੇ ਕੰਮਕਾਰ ਦੇ ਹਾਲਾਤ ਨੂੰ ਸਥਿਰ ਅਤੇ ਬਿਹਤਰ ਬਣਾਇਆ ਜਾ ਸਕੇ। ਆਰਥਿਕ ਵਿਕਾਸ ਦੀ ਪ੍ਰਕਿਰਿਆ ਵਿਚ ਸਾਰਿਆਂ ਦੀ ਸ਼ਾਮੂਲੀਅਤ ਲਈ ਇਹ ਜ਼ਰੂਰੀ ਹੈ।

# ਭਗਵਾਂ ਪ੍ਰਚਾਰਤੰਤਰ, ਮੋਦੀ ਸਰਕਾਰ ਦਾ ਸਿਆਸੀ ਏਜੰਡਾ ਅਤੇ 'ਦਿ ਕਸ਼ਮੀਰ ਫਾਈਲਜ਼'

***ਜੰਮੂ ਕਸ਼ਮੀਰ ਵਿਚ ਸਵੈ-ਨਿਰਣੇ ਲਈ ਲਹਿਰ ਦੇ ਉਭਰਨ ਦੇ ਸਮੇਂ ਤੋਂ ਲੈ ਕੇ ਇਕ ਲੱਖ ਦੇ ਕਰੀਬ ਕਸ਼ਮੀਰੀ ਮਾਰੇ ਜਾ ਚੁੱਕੇ ਹਨ ਪਰ ਸੰਘੀ ਫਿਲਮਸਾਜ਼ ਦੀ 'ਡੂੰਘੀ ਖੋਜ' ਅਨੁਸਾਰ ਉੱਥੇ ਸਿਰਫ ਕਸ਼ਮੀਰ ਪੰਡਿਤਾਂ ਦੀ ਨਸਲਕੁਸ਼ੀ ਹੋਈ ਹੈ। ਫੌਜ ਅਤੇ ਪਾਕਿਸਤਾਨ ਪੱਖੀ ਦਹਿਸ਼ਤੀ ਗਰੁੱਪਾਂ ਵੱਲੋਂ ਕਸ਼ਮੀਰੀਆਂ ਦਾ ਕਤਲੇਆਮ ਅਤੇ ਲੁੱਟਮਾਰ, ਹਿਰਾਸਤੀ ਕਤਲ, ਕੁਨਨ-ਪੌਸ਼ਪੁਰਾ ਵਰਗੇ ਸਮੂਹਿਕ ਬਲਾਤਕਾਰਾਂ ਦੇ ਹੌਲਨਾਕ ਕਾਂਡ, ਪੈਲੈਟ ਗੰਨਾਂ ਨਾਲ ਅੰਨ੍ਹੇ ਕੀਤੇ ਨੌਜਵਾਨ, ਅਗਵਾ ਕਰਕੇ ਲਾਪਤਾ ਕਰ ਦਿੱਤੇ ਗਏ ਨੌਜਵਾਨ, ਉਨ੍ਹਾਂ ਦਹਿ-ਹਜ਼ਾਰਾਂ ਔਰਤਾਂ ਦਾ ਸੰਤਾਪ ਜਿਨ੍ਹਾਂ ਦੇ ਘਰਾਂ ਦੇ ਮਰਦ ਅਗਵਾ ਕਰਨ ਪਿੱਛੋਂ ਮਾਰ ਕੇ ਖਪਾ ਦਿੱਤੇ ਗਏ, ਥਾਂ-ਥਾਂ ਬਣੀਆਂ ਅਣਪਛਾਤੀਆਂ ਕਬਰਾਂ ਵਗੈਰਾ ਇਹ ਸਭ ਫਿਲਮਸਾਜ਼ ਅਨੁਸਾਰ ਭਾਰਤੀ ਫੌਜ ਨੂੰ ਬਦਨਾਮ ਕਰਨ ਲਈ ਘੜਿਆ ਕੋਰਾ ਝੂਠ ਹੈ। ਬਸ ਉਹੀ ਸੱਚ ਹੈ ਜੋ ਆਰ.ਐਸ.ਐਸ.-ਭਾਜਪਾ ਕਹਿ ਰਹੀ ਹੈ।***


ਇਨ੍ਹੀਂ ਦਿਨੀਂ ਫਿਲਮਸਾਜ਼ ਵਿਵੇਕ ਅਗਨੀਹੋਤਰੀ ਦੀ ਬਣਾਈ ਫਿਲਮ 'ਦਿ ਕਸ਼ਮੀਰ ਫਾਈਲਜ਼' ਖੂਬ ਚਰਚਾ 'ਚ ਹੈ। ਇਹ ਉਹੀ ਅਗਨੀਹੋਤਰੀ ਹੈ ਜਿਸ ਨੇ 'ਸ਼ਹਿਰੀ ਨਕਸਲੀ' ਦੀ ਨਿਆਰੀ ਪਰਿਭਾਸ਼ਾ ਈਜਾਦ ਕੀਤੀ ਸੀ ਕਿ ਆਪਣੇ ਦਿਮਾਗ ਤੋਂ ਕੰਮ ਲੈਣ ਵਾਲਾ ਹਰ ਉਹ ਅਧਿਆਪਕ 'ਸ਼ਹਿਰੀ ਨਕਸਲੀ' ਹੈ ਜੋ ਆਪਣੇ ਵਿਦਿਆਰਥੀਆਂ ਨੂੰ ਧਾਰਮਿਕ ਗ੍ਰੰਥਾਂ ਅਤੇ ਰੂੜੀਵਾਦੀ ਸੰਸਕ੍ਰਿਤੀ ਉੱਪਰ ਸਵਾਲ ਕਰਨੇ ਸਿਖਾਉਂਦਾ ਹੈ। ਯੂ.ਪੀ., ਗੁਜਰਾਤ, ਹਰਿਆਣਾ ਸਮੇਤ ਭਾਜਪਾ ਦੀਆਂ ਕਈ ਸਰਕਾਰਾਂ ਵੱਲੋਂ ਫਿਲਮ ਨੂੰ ਟੈਕਸ ਤੋਂ ਛੋਟ ਦਿੱਤੀ ਗਈ ਹੈ।

**ਬੂਟਾ ਸਿੰਘ**
ਫੋਨ: +91-94634-74342

ਨਰਿੰਦਰ ਮੋਦੀ ਜਿੱਥੇ ਬੀ.ਜੇ.ਪੀ. ਦੀ ਪਾਰਲੀਮੈਂਟਰੀ ਇਕੱਤਰਤਾ ਵਿਖੇ 'ਦਿ ਕਸ਼ਮੀਰ ਫਾਈਲਜ਼' ਨੂੰ ਇਹ ਕਹਿ ਕੇ ਪ੍ਰੋਮੋਟ ਕਰਦਾ ਹੈ ਕਿ ਐਸੀਆਂ ਫਿਲਮਾਂ 'ਅਕਸਰ ਹੀ ਬਣਾਈਆਂ ਜਾਣੀਆਂ ਚਾਹੀਦੀਆਂ ਹਨ ਕਿਉਂਕਿ ਇਸ ਵਿਚ ਉਹ 'ਸੱਚ' ਦਿਖਾਇਆ ਗਿਆ ਹੈ ਜਿਸ ਨੂੰ ਸਾਲਾਂ ਤੋਂ ਦਬਾ ਕੇ ਰੱਖਿਆ ਗਿਆ ਸੀ। ਨਾਲ ਹੀ ਉਹ ਵਿਚਾਰ-ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ 'ਚ ਆਵਾਜ਼ ਉਠਾਉਣ ਵਾਲੇ 'ਬੇਚੈਨ' ਆਲੋਚਕਾਂ ਨੂੰ ਖਾਸ ਨਿਸ਼ਾਨਾ ਬਣਾਉਂਦਾ ਹੈ ਕਿ ਉਹ ਤੱਥਾਂ ਨੂੰ ਸਵੀਕਾਰ ਕਰਨ ਦੀ ਬਜਾਏ ਫਿਲਮ ਨੂੰ ਬਦਨਾਮ ਕਰਨ ਲਈ ਮੁਹਿੰਮ ਚਲਾ ਰਹੇ ਹਨ।

ਸੰਘ ਦਾ ਮੁਖੀ ਮੋਹਨ ਭਾਗਵਤ ਫਿਲਮਸਾਜ਼ ਅਤੇ ਉਸ ਦੀ ਟੀਮ ਨਾਲ ਉਚੇਚੇ ਤੌਰ 'ਤੇ ਮੁਲਾਕਾਤ ਕਰਦਾ ਹੈ। ਭਾਗਵਤ 'ਸੱਚ ਦੀ ਭਾਲ ਕਰਨ ਵਾਲਿਆਂ' ਨੂੰ ਇਹ ਫਿਲਮ ਲਾਜ਼ਮੀ ਦੇਖਣ ਦੀ ਸਿਫਾਰਸ਼ ਕਰਦਾ ਹੈ ਕਿਉਂਕਿ ਇਹ 'ਸ਼ਾਨਦਾਰ ਸਕ੍ਰਿਪਟ, ਡੂੰਘੀ ਖੋਜ, ਮੁਕੰਮਲ ਕਲਾਤਮਕ ਕਿਰਤ' ਹੈ। ਆਮ ਤੌਰ 'ਤੇ ਸਮਾਜ ਨੂੰ ਚੰਗੀ ਸੇਧ ਦੇਣ ਵਾਲੀਆਂ ਫਿਲਮਾਂ ਨੂੰ ਟੈਕਸ ਤੋਂ ਛੋਟ ਦੇ ਕੇ ਉਤਸ਼ਾਹਤ ਕੀਤਾ ਜਾਂਦਾ ਹੈ ਪਰ ਸੰਘ ਬ੍ਰਿਗੇਡ ਲਈ ਫਿਲਮਾਂ ਆਪਣੇ ਨਫਰਤ ਦੇ ਏਜੰਡੇ ਨੂੰ ਪ੍ਰਚਾਰਨ ਦਾ ਸੰਦ ਹਨ। ਮੁੱਖਧਾਰਾ ਸਿਨਮਾ ਕਦੇ ਵੀ ਸੱਚ ਨੂੰ ਇਮਾਨਦਾਰੀ ਨਾਲ ਪੇਸ਼ ਨਹੀਂ ਕਰਦਾ। ਕਲਾਤਮਕ ਫਿਲਮਾਂ ਵਿਚ ਬਹੁਤ ਸਾਰੀ ਕਲਪਨਾ ਹੋ ਹੀ ਸਕਦੀ ਹੈ ਪਰ ਇਹ ਤਾਂ ਖੁੱਲ੍ਹ-ਮ-ਖੁੱਲ੍ਹਾ ਨਫਰਤ ਦੀ ਪਟਾਰੀ ਹੈ। ਸੰਘ ਬ੍ਰਿਗੇਡ ਵੱਲੋਂ ਇਸ ਨੂੰ ਕਸ਼ਮੀਰ ਦਾ ਐਸਾ ਪ੍ਰਮਾਣਿਕ ਇਤਿਹਾਸ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਜਿਸ ਨੂੰ ਸਿਆਸੀ ਜਮਾਤ ਅਤੇ ਮਨੁੱਖੀ ਹੱਕਾਂ ਦੇ ਕਾਰਕੁਨਾਂ ਯਾਨੀ 'ਸ਼ਹਿਰੀ ਨਕਸਲੀਆਂ' ਵੱਲੋਂ ਲੁਕੋਇਆ ਗਿਆ ਹੈ ਜਦਕਿ ਕਸ਼ਮੀਰੀ ਪੰਡਿਤਾਂ ਦੀ ਦਾਸਤਾਂ ਲੁਕੀ-ਛਿਪੀ ਨਹੀਂ ਹੈ।

ਜਿਸ ਨੂੰ ਸੰਘ ਮੁਖੀ 'ਡੂੰਘੀ ਖੋਜ ਵਾਲੀ ਕਲਾਤਮਕ ਕਿਰਤ' ਦੱਸਦਾ ਹੈ, ਉਹ ਦਰਅਸਲ ਸੋਸ਼ਲ ਮੀਡੀਆ ਉੱਪਰ ਪਰੋਸੀ ਜਾਂਦੀ ਅਤਿਅੰਤ ਘਟੀਆ ਦਰਜੇ ਦੀ, ਮੁਸਲਿਮ ਵਿਰੋਧੀ ਅਤੇ ਕਸ਼ਮੀਰ ਦੇ ਸਵੈ-ਨਿਰਣੇ ਦੇ ਹੱਕ 'ਚ ਆਵਾਜ਼ ਉਠਾਉਣ ਵਾਲਿਆਂ ਦੀ ਕਿਰਦਾਰਕੁਸ਼ੀ ਕਰਨ ਵਾਲੀ ਨਫਰਤੀ ਪ੍ਰਚਾਰ ਸਮੱਗਰੀ ਦਾ ਫਿਲਮੀ ਰੂਪ ਹੈ। ਫਿਲਮ ਸਮੂਹ ਮੁਸਲਿਮ ਕਸ਼ਮੀਰੀਆਂ ਨੂੰ ਬੇਕਿਰਕ ਦਹਿਸ਼ਤਗਰਦ, ਮਜ਼ਲੂਮ ਪੰਡਿਤਾਂ ਨੂੰ ਤਸੀਹੇ ਦੇ ਕੇ ਸੁਆਦ ਲੈਣ ਵਾਲੇ ਹੈਵਾਨ, ਗੁਆਂਢੀ ਪੰਡਿਤਾਂ ਨੂੰ ਲੁੱਟਣ ਵਾਲੇ ਧਾੜਵੀ, ਹਿੰਦੂ ਔਰਤਾਂ ਨੂੰ ਬੇਪੱਤ ਕਰਨ ਵਾਲੇ ਦਾਨਵ ਬਣਾ ਕੇ ਪੇਸ਼ ਕਰਦੀ ਹੈ। ਪਾਕਿਸਤਾਨ ਪੱਖੀ ਦਹਿਸ਼ਤੀ ਗਰੁੱਪਾਂ ਅਤੇ ਆਜ਼ਾਦ ਕਸ਼ਮੀਰ ਲਈ ਲੜਨ ਵਾਲੇ ਧਰਮਨਿਰਪੱਖ ਹਿੱਸਿਆਂ ਸਭ ਨੂੰ ਜਾਣ-ਬੁੱਝ ਕੇ ਰਲਗੱਡ ਕੀਤਾ ਗਿਆ ਹੈ। ਕਸ਼ਮੀਰੀ ਪੰਡਿਤਾਂ ਨੂੰ ਜਬਰੀ ਮੁਸਲਮਾਨ ਬਣਾਉਣ ਦੀ ਮਨਘੜਤ ਕਹਾਣੀ ਵੀ ਪਰੋਸੀ ਗਈ ਹੈ। ਮੁਸਲਿਮ ਦਹਿਸ਼ਤਗਰਦਾਂ ਵੱਲੋਂ 24 ਕਸ਼ਮੀਰੀ ਹਿੰਦੂ ਔਰਤ-ਮਰਦਾਂ-ਬੱਚਿਆਂ ਨੂੰ ਵਾਰੀ-ਵਾਰੀ ਗੋਲੀ ਮਾਰ ਕੇ ਮਾਰਨ ਅਤੇ ਇਕ ਔਰਤ ਨੂੰ ਨਿਰਵਸਤਰ ਕਰਨ ਅਤੇ ਆਰੀ ਮਸ਼ੀਨ ਨਾਲ ਵੱਢਣ ਦੇ ਦ੍ਰਿਸ਼ ਖਾਸ ਮਨੋਰਥ ਨਾਲ ਦਿਖਾਏ ਗਏ ਹਨ। ਕਥਿਤ ਮੁਸਲਿਮ ਦਹਿਸ਼ਤੀਆਂ ਵੱਲੋਂ ਕਸ਼ਮੀਰੀ ਪੰਡਿਤਾਂ ਦੇ ਕਤਲਾਂ ਦੀ ਤੁਲਨਾ ਨਾਜ਼ੀਆਂ ਵੱਲੋਂ ਯਹੂਦੀਆਂ ਦੀ ਨਸਲਕੁਸ਼ੀ ਨਾਲ ਕਰਨ ਤੋਂ ਫਿਲਮਸਾਜ਼ ਦੀ ਮਨਸ਼ਾ ਸਪਸ਼ਟ ਹੋ ਜਾਂਦੀ ਹੈ।




ਜੰਮੂ ਕਸ਼ਮੀਰ ਵਿਚ ਸਵੈ-ਨਿਰਣੇ ਲਈ ਲਹਿਰ ਦੇ ਉਭਰਨ ਦੇ ਸਮੇਂ ਤੋਂ ਲੈ ਕੇ ਇਕ ਲੱਖ ਦੇ ਕਰੀਬ ਕਸ਼ਮੀਰੀ ਮਾਰੇ ਜਾ ਚੁੱਕੇ ਹਨ ਪਰ ਸੰਘੀ ਫਿਲਮਸਾਜ਼ ਦੀ 'ਡੂੰਘੀ ਖੋਜ' ਅਨੁਸਾਰ ਉੱਥੇ ਸਿਰਫ ਕਸ਼ਮੀਰ ਪੰਡਿਤਾਂ ਦੀ ਨਸਲਕੁਸ਼ੀ ਹੋਈ ਹੈ। ਫੌਜ ਅਤੇ ਪਾਕਿਸਤਾਨ ਪੱਖੀ ਦਹਿਸ਼ਤੀ ਗਰੁੱਪਾਂ ਵੱਲੋਂ ਕਸ਼ਮੀਰੀਆਂ ਦਾ ਕਤਲੇਆਮ ਅਤੇ ਲੁੱਟਮਾਰ, ਹਿਰਾਸਤੀ ਕਤਲ, ਕੁਨਨ-ਪੌਸ਼ਪੁਰਾ ਵਰਗੇ ਸਮੂਹਿਕ ਬਲਾਤਕਾਰਾਂ ਦੇ ਹੌਲਨਾਕ ਕਾਂਡ, ਪੈਲੈਟ ਗੰਨਾਂ ਨਾਲ ਅੰਨ੍ਹੇ ਕੀਤੇ ਨੌਜਵਾਨ, ਅਗਵਾ ਕਰਕੇ ਲਾਪਤਾ ਕਰ ਦਿੱਤੇ ਗਏ ਨੌਜਵਾਨ, ਉਨ੍ਹਾਂ ਦਹਿ-ਹਜ਼ਾਰਾਂ ਔਰਤਾਂ ਦਾ ਸੰਤਾਪ ਜਿਨ੍ਹਾਂ ਦੇ ਘਰਾਂ ਦੇ ਮਰਦ ਅਗਵਾ ਕਰਨ ਪਿੱਛੋਂ ਮਾਰ ਕੇ ਖਪਾ ਦਿੱਤੇ ਗਏ, ਥਾਂ-ਥਾਂ ਬਣੀਆਂ ਅਣਪਛਾਤੀਆਂ ਕਬਰਾਂ ਵਗੈਰਾ ਇਹ ਸਭ ਫਿਲਮਸਾਜ਼ ਅਨੁਸਾਰ ਭਾਰਤੀ ਫੌਜ ਨੂੰ ਬਦਨਾਮ ਕਰਨ ਲਈ ਘੜਿਆ ਕੋਰਾ ਝੂਠ ਹੈ। ਬਸ ਉਹੀ ਸੱਚ ਹੈ ਜੋ ਆਰ.ਐਸ.ਐਸ.-ਭਾਜਪਾ ਕਹਿ ਰਹੀ ਹੈ।

ਫਿਲਮ ਤੱਥਾਂ ਨੂੰ ਤੋੜ-ਮਰੋੜ ਕੇ ਅਤੇ ਖਾਸ ਤੱਥਾਂ ਨੂੰ ਦਬਾ ਕੇ ਜੋ ਤਸਵੀਰ ਪੇਸ਼ ਕਰਦੀ ਹੈ, ਉਸ ਅਨੁਸਾਰ ਸਿਰਫ ਤੇ ਸਿਰਫ ਆਰ.ਐਸ.ਐਸ.-ਭਾਜਪਾ ਹੀ ਹੈ ਜੋ ਕਸ਼ਮੀਰੀ ਪੰਡਿਤਾਂ ਦੀ ਖੈਰ-ਖਵਾਹ ਹੈ ਜਿਸ ਨੇ ਧਾਰਾ 370 ਦਾ ਖਾਤਮਾ ਕਰਕੇ ਰਿਆਸਤ ਦੀ ਤਰੱਕੀ ਦਾ ਰਾਹ ਖੋਲ੍ਹਿਆ। ਕਿ ਹੋਰ ਕਿਸੇ ਪ੍ਰਧਾਨ ਮੰਤਰੀ ਵਿਚ ਮੋਦੀ ਦੀ ਤਰ੍ਹਾਂ ਧਾਰਾ 370 ਤੋਂ ਕਸ਼ਮੀਰ ਨੂੰ ਮੁਕਤ ਕਰਾਉਣ ਦੀ ਹਿੰਮਤ ਨਹੀਂ ਸੀ। ਫਿਲਮ ਅਨੁਸਾਰ ਕਥਿਤ ਧਰਮ-ਨਿਰਪੱਖ, ਯਾਨੀ ਕਾਂਗਰਸ ਵਰਗੀਆਂ ਰਾਜਨੀਤਕ ਤਾਕਤਾਂ ਤਾਂ ਮੁਸਲਮਾਨਾਂ ਨੂੰ ਖੁਸ਼ ਕਰਨ ਲਈ ਕਸ਼ਮੀਰੀ ਪੰਡਿਤਾਂ ਦਾ ਮੁੱਲ ਵੱਟਣ ਵਾਲੀਆਂ ਗਿਰਝਾਂ ਹਨ। ਕਿ ਰਾਜੀਵ ਗਾਂਧੀ ਨੇ ਕਸ਼ਮੀਰੀ ਪੰਡਿਤਾਂ ਦੀ ਮੱਦਦ ਨਹੀਂ ਕੀਤੀ ਜਦਕਿ ਇਤਿਹਾਸਕ ਤੱਥ ਇਹ ਹੈ ਕਿ ਕਸ਼ਮੀਰੀ ਪੰਡਿਤਾਂ ਦੇ ਕਤਲੇਆਮ ਅਤੇ ਹਿਜ਼ਰਤ ਦੇ ਵਕਤ ਭਾਰਤ ਵਿਚ ਵਿਸ਼ਵਨਾਥ ਪ੍ਰਤਾਪ ਸਿੰਘ ਦੀ ਅਗਵਾਈ ਵਾਲੀ ਸਰਕਾਰ ਸੀ ਜੋ ਬੀ.ਜੇ.ਪੀ. ਦੀ ਹਮਾਇਤ ਨਾਲ ਹੋਂਦ 'ਚ ਆਈ ਸੀ।

ਇਹ ਜੱਗ ਜ਼ਾਹਿਰ ਤੱਥ ਹੈ ਕਿ ਕਸ਼ਮੀਰੀ ਲੋਕਾਂ ਦੀ ਨਸਲਕੁਸ਼ੀ ਲਈ ਸਮੁੱਚੀ ਭਾਰਤੀ ਹੁਕਮਰਾਨ ਜਮਾਤ ਅਤੇ ਇਸ ਦੇ ਜੰਮੂ ਕਸ਼ਮੀਰ ਵਿਚਲੇ ਜੋਟੀਦਾਰ ਸਿਆਸਤਦਾਨ ਮੁੱਖ ਜ਼ਿੰਮੇਵਾਰ ਹਨ ਜੋ ਕਸ਼ਮੀਰੀ ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਰਾਇਸ਼ੁਮਾਰੀ ਰਾਹੀਂ ਮਸਲੇ ਦਾ ਰਾਜਨੀਤਕ ਹੱਲ ਕਰਨ ਦੀ ਬਜਾਏ ਹਮੇਸ਼ਾ ਕਪਟੀ ਚਾਲਾਂ ਚੱਲਦੇ ਰਹੇ ਅਤੇ ਜਿਨ੍ਹਾਂ ਨੇ ਇਸ ਸਰਜ਼ਮੀਨ ਨੂੰ ਕੁਚਲਣ ਲਈ ਫੌਜ ਨੂੰ ਖੁੱਲ੍ਹੀ ਛੁੱਟੀ ਦੇ ਕੇ ਕਤਲਗਾਹ ਬਣਾਇਆ ਹੋਇਆ ਹੈ। ਚਾਹੇ ਕਾਂਗਰਸ ਹੈ ਜਾਂ ਬੀ.ਜੇ.ਪੀ. ਜਾਂ ਕੋਈ ਹੋਰ ਹਕੂਮਤ, ਭਾਰਤ ਦੀ ਹੁਕਮਰਾਨ ਜਮਾਤ ਕਦੇ ਵੀ ਕਸ਼ਮੀਰੀ ਪੰਡਿਤਾਂ ਦੇ ਮੁੜ-ਵਸੇਬੇ ਅਤੇ ਜਾਨ-ਮਾਲ ਦੀ ਸੁਰੱਖਿਆ ਲਈ ਇਮਾਨਦਾਰ ਅਤੇ ਸੁਹਿਰਦ ਨਹੀਂ ਰਹੀ। ਆਰ.ਐਸ.ਐਸ.-ਬੀ.ਜੇ.ਪੀ. ਦੀ ਭੂਮਿਕਾ ਸਭ ਤੋਂ ਜ਼ਿਆਦਾ ਘਿਨਾਉਣੀ ਹੈ।

ਕਸ਼ਮੀਰੀ ਪੰਡਿਤ ਭਾਈਚਾਰੇ ਨੂੰ ਕਸ਼ਮੀਰ ਦੇ ਸਵੈ-ਨਿਰਣੇ ਦੇ ਸੰਘਰਸ਼ ਦੇ ਵਿਰੋਧ 'ਚ ਖੜ੍ਹਾ ਕਰਨ ਲਈ ਉਨ੍ਹਾਂ ਦੇ ਕਤਲਾਂ ਅਤੇ ਹਿਜ਼ਰਤ ਨੂੰ ਵਧਾ-ਚੜ੍ਹਾ ਕੇ ਫਿਰਕੂ ਰੰਗਤ ਦੇਣ ਦਾ ਮਾਸਟਰ-ਮਾਈਂਡ ਭਾਜਪਾਈ ਗਵਰਨਰ ਜਗਮੋਹਨ ਮਲਹੋਤਰਾ ਸੀ ਜਿਸ ਨੇ ਦਹਿਸ਼ਤ ਅਤੇ ਅਸੁਰੱਖਿਆ ਦਾ ਮਾਹੌਲ ਪੈਦਾ ਕਰਕੇ ਯੋਜਨਾਬੱਧ ਹਿਜਰਤ ਨੂੰ ਅੰਜਾਮ ਦਿੱਤਾ। ਫਿਰਕੂ ਕੱਟੜਪੰਥੀ ਗੁੱਟਾਂ ਵੱਲੋਂ ਸਿਰਫ ਕਸ਼ਮੀਰੀ ਪੰਡਿਤਾਂ ਦੇ ਹੀ ਨਹੀਂ ਸਗੋਂ ਕਸ਼ਮੀਰੀ ਮੁਸਲਿਮ ਨਾਗਰਿਕਾਂ ਦੇ ਵੀ ਕਤਲ ਕੀਤੇ ਗਏ। ਜਿਨ੍ਹਾਂ ਦਾ ਭਾਰਤ ਦੀਆਂ ਇਨਸਾਫਪਸੰਦ ਤਾਕਤਾਂ ਵੱਲੋਂ ਹਮੇਸ਼ਾ ਵਿਰੋਧ ਕੀਤਾ ਜਾਂਦਾ ਰਿਹਾ ਹੈ।

***ਕਸ਼ਮੀਰੀ ਪੰਡਿਤਾਂ ਸਮੇਤ ਸਮੂਹ ਕਸ਼ਮੀਰੀਆਂ ਨੂੰ ਨਿਆਂ ਮਿਲਣਾ ਚਾਹੀਦਾ ਹੈ ਪਰ ਆਰ.ਐਸ.ਐਸ. ਬੀ.ਜੇ.ਪੀ. ਜਾਂ ਹੋਰ ਕਿਸੇ ਵੀ ਲੋਕ ਵਿਰੋਧੀ ਰਾਜਨੀਤਕ ਤਾਕਤ ਨੂੰ ਇਸ ਬਹਾਨੇ ਕਸ਼ਮੀਰੀ ਪੰਡਿਤਾਂ ਦੇ ਸੰਤਾਪ ਉੱਪਰ ਰਾਜਨੀਤਕ ਰੋਟੀਆਂ ਸੇਕਣ ਅਤੇ ਨਫਰਤ ਫੈਲਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਇਹ ਚੰਗੀ ਗੱਲ ਹੈ ਕਿ ਕਸ਼ਮੀਰੀ ਪੰਡਿਤਾਂ ਦੇ ਜਾਗਰੂਕ ਹਿੱਸਿਆਂ ਨੇ ਇਸ ਝੂਠੇ ਬਿਰਤਾਂਤ ਨੂੰ ਰੱਦ ਕੀਤਾ ਹੈ ਪਰ ਸਿਨੇਮਾ ਘਰਾਂ ਦੇ ਅੰਦਰ ਅਤੇ ਬਾਹਰ ਇਸ ਫਿਲਮ ਰਾਹੀਂ ਭੜਕ ਰਹੀ ਫਿਰਕੂ ਨਫਰਤ ਅਤੇ ਜਨੂਨ ਚਿੰਤਾਜਨਕ ਹੈ।***

ਇਹ ਫਿਲਮ ਹਿੰਸਾ ਦਾ ਸ਼ਿਕਾਰ ਹੋਏ ਕਸ਼ਮੀਰ ਪੰਡਿਤਾਂ ਦੀ ਗਿਣਤੀ ਨੂੰ ਬੇਹੱਦ ਵਧਾ-ਚੜ੍ਹਾ ਕੇ ਪੇਸ਼ ਕਰਦੀ ਹੈ ਕਿ ਹਥਿਆਰਬੰਦ ਲੜਾਈ ਸ਼ੁਰੂ ਹੋਣ ਤੋਂ ਲੈ ਕੇ 4000 ਕਸ਼ਮੀਰੀ ਪੰਡਿਤਾਂ ਦੀ ਹੱਤਿਆ ਕਰ ਦਿੱਤੀ ਗਈ ਅਤੇ ਪੰਜ ਲੱਖ ਹਿਜਰਤ ਕਰਨ ਲਈ ਮਜਬੂਰ ਹੋ ਗਏ ਜਦਕਿ ਕਸ਼ਮੀਰੀ ਪੰਡਿਤ ਸੰਘਰਸ਼ ਸੰਮਤੀ ਦੇ ਸਰਵੇਖਣ ਅਨੁਸਾਰ ਇਹ ਗਿਣਤੀ 399 ਤੋਂ ਲੈ ਕੇ 650 ਤੱਕ ਹੈ।

ਖੋਜਕਾਰ ਅਲੈਗਜੈਂਡਰ ਇਵਾਨਜ਼ ਦਾ ਕਹਿਣਾ ਹੈ ਕਿ 1990 'ਚ ਕਸ਼ਮੀਰ 160000-170000 ਕਸ਼ਮੀਰੀ ਪੰਡਿਤ ਸਨ ਜਿਨ੍ਹਾਂ 'ਚੋਂ ਜ਼ਿਆਦਾਤਰ ਹਿੰਸਾ ਕਾਰਨ ਉੱਥੋਂ ਛੱਡ ਕੇ ਆ ਗਏ। ਜੰਮੂ ਕਸ਼ਮੀਰ ਸਰਕਾਰ ਦੀ ਵੈੱਬਸਾਈਟ ਕਹਿੰਦੀ ਹੈ ਕਿ 60000 ਕਸ਼ਮੀਰ ਹਿੰਦੂ ਪਰਿਵਾਰਾਂ ਨੇ ਕਸ਼ਮੀਰ ਘਾਟੀ 'ਚੋਂ ਹਿਜਰਤ ਕੀਤੀ। ਫਿਲਮ ਦੇ ਦਾਅਵੇ ਇਨ੍ਹਾਂ ਵਿਚੋਂ ਕਿਸੇ ਵੀ ਅੰਕੜੇ ਨਾਲ ਮੇਲ ਨਹੀਂ ਖਾਂਦੇ।

ਨਫਰਤ ਭੜਕਾਉਣ ਲਈ ਫਿਲਮ ਸਾਰੇ ਹੀ ਕਸ਼ਮੀਰੀ ਮੁਸਲਮਾਨਾਂ ਨੂੰ ਪੂਰੇ ਭਾਈਚਾਰੇ ਦੇ ਤੌਰ 'ਤੇ ਗੁਆਂਢੀ ਕਸ਼ਮੀਰੀ ਪੰਡਿਤਾਂ ਦੇ ਦੁਸ਼ਮਣ ਬਣਾ ਕੇ ਪੇਸ਼ ਕਰਦੀ ਹੈ ਜਦ ਕਿ ਹਕੀਕਤ ਇਹ ਹੈ ਕਿ ਕਸ਼ਮੀਰ ਮੁਸਲਮਾਨ ਨਾ ਸਿਰਫ ਖੁਦ ਪਾਕਿਸਤਾਨ ਪੱਖੀ ਦਹਿਸ਼ਤੀ ਗਰੋਹਾਂ ਹੱਥੋਂ ਕਤਲ ਹੋਏ, ਸਗੋਂ ਉਨ੍ਹਾਂ ਵੱਲੋਂ ਖਤਰਾ ਮੁੱਲ ਲੈ ਕੇ ਆਪਣੇ ਗੁਆਂਢੀ ਕਸ਼ਮੀਰੀ ਪੰਡਿਤਾਂ ਦੀ ਰਾਖੀ ਕਰਨ ਅਤੇ ਉਨ੍ਹਾਂ ਨੂੰ ਆਪਣਾ ਅਨਿੱਖੜ ਹਿੱਸਾ ਸਮਝਣ ਦੀਆਂ ਵੀ ਬੇਸ਼ੁਮਾਰ ਮਿਸਾਲਾਂ ਹਨ ਜੋ ਕਸ਼ਮੀਰੀਅਤ ਦੀ ਸੱਚੀ ਧਰਮਨਿਰਪੱਖ ਭਾਵਨਾ ਦੀ ਤਰਜ਼ਮਾਨੀ ਕਰਦੀਆਂ ਹਨ।

ਫਿਲਮ ਸਿਰਫ ਕਸ਼ਮੀਰੀ ਪੰਡਿਤਾਂ ਦੀ ਗੱਲ ਕਰਦੀ ਹੈ ਪਰ ਉਨ੍ਹਾਂ ਅਤਿਅੰਤ ਘਿਨਾਉਣੇ ਕਤਲ ਕਾਂਡਾਂ ਬਾਰੇ ਚੁੱਪ ਹੈ ਜੋ ਪੁਲਿਸ ਅਤੇ ਭਾਰਤੀ ਫੌਜ ਵੱਲੋਂ ਕੀਤੇ ਗਏ। ਜਦੋਂ ਦਰਜਨਾਂ ਆਮ ਕਸ਼ਮੀਰੀਆਂ ਨੂੰ ਬੇਕਿਰਕੀ ਨਾਲ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਫਿਲਮ ਚਿੱਟੀਸਿੰਘਪੁਰਾ ਕਤਲੇਆਮ ਵਰਗੇ ਕਾਂਡਾਂ ਦੀ ਗੱਲ ਨਹੀਂ ਕਰਦੀ ਜਦੋਂ 20 ਮਾਰਚ 2000 ਨੂੰ ਘਾਟੀ ਦੇ ਇਸ ਪਿੰਡ 'ਚ 36 ਸਿੱਖਾਂ ਨੂੰ ਰਾਤ ਸਮੇਂ ਫੌਜ ਦੀਆਂ ਵਰਦੀਆਂ ਪਾਈ ਗਰੋਹ ਵੱਲੋਂ ਘਰਾਂ ਤੋਂ ਬਾਹਰ ਧੂਹ ਕੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਅਮਰੀਕਨ ਰਾਸ਼ਟਰਪਤੀ ਬਿੱਲ ਕਲਿੰਟਨ ਦੀ ਭਾਰਤ ਫੇਰੀ ਮੌਕੇ ਹੋਏ ਇਸ ਕਤਲੇਆਮ ਨੂੰ ਕਸ਼ਮੀਰੀ ਗਰੁੱਪਾਂ ਦੇ ਖਾਤੇ ਪਾਇਆ ਗਿਆ ਪਰ ਹਕੀਕਤ ਦੇ ਸੰਕੇਤ ਹੋਰ ਸਨ।

ਅਮਰੀਕਾ ਦੀ ਸਾਬਕਾ ਸੈਕਟਰੀ ਆਫ ਸਟੇਟ ਮੈਡਲੀਨ ਅਲਬ੍ਰਾਈਟ ਨੇ ਰਾਸ਼ਟਰਪਤੀ ਬਿਲ ਕਲਿੰਟਨ ਦੇ ਹਵਾਲੇ ਨਾਲ ਆਪਣੀ ਕਿਤਾਬ 'ਦਿ ਮਾਈਟੀ ਐਂਡ ਦਿ ਆਲਮਾਈਟੀ' ਵਿਚ ਇਸ ਕਤਲੇਆਮ ਬਾਰੇ ਲਿਖਿਆ - 'ਮੇਰੀ ਭਾਰਤ ਫੇਰੀ ਦੌਰਾਨ ਕੁਝ ਹਿੰਦੂ ਅਤਿਵਾਦੀਆਂ ਨੇ ਅਠੱਤੀ ਸਿੱਖਾਂ ਦਾ ਕਤਲੇਆਮ ਕਰਕੇ ਆਪਣਾ ਗੁੱਸਾ ਕੱਢਣ ਦਾ ਫੈਸਲਾ ਕੀਤਾ। ਜੇ ਮੈਂ ਉਸ ਫੇਰੀ 'ਤੇ ਨਾ ਗਿਆ ਹੁੰਦਾ ਤਾਂ ਉਹ ਪੀੜਤ ਸ਼ਾਇਦ ਅੱਜ ਜਿਊਂਦੇ ਹੁੰਦੇ।' ਇਸ ਟਿੱਪਣੀ ਤੋਂ ਬੁਖਲਾਏ ਭਾਰਤੀ ਹੁਕਮਰਾਨਾਂ ਦੇ ਦਬਾਓ ਹੇਠ ਪ੍ਰਕਾਸ਼ਕ ਨੂੰ ਕਿਤਾਬ ਵਿਚੋਂ 'ਹਿੰਦੂ ਮਿਲੀਟੈਂਟਸ' ਹਟਾ ਕੇ 'ਐਂਗਰੀ ਰੈਡੀਕਲ' ਸ਼ਬਦ ਪਾਉਣਾ ਪਿਆ ਸੀ।

ਕਸ਼ਮੀਰੀਆਂ ਅਤੇ ਭਾਰਤ ਦੇ ਹੋਰ ਲੋਕਾਂ ਦੀ ਨਸਲਕੁਸ਼ੀ ਦੀਆਂ ਸਮੂਹ ਫਾਈਲਾਂ ਇਮਾਨਦਾਰੀ ਨਾਲ ਖੁੱਲ੍ਹਣੀਆਂ ਹੀ ਚਾਹੀਦੀਆਂ ਹਨ। ਇਸ ਬਾਰੇ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਨੇ ਤੱਥ ਖੋਜ ਰਿਪੋਰਟਾਂ ਰਾਹੀਂ ਹਾਲਾਤ ਦਾ ਦਸਤਾਵੇਜ਼ੀਕਰਨ ਕਰਕੇ ਬਹੁਤ ਵੱਡਮੁੱਲਾ ਕੰਮ ਕੀਤਾ ਹੋਇਆ ਹੈ ਜਿਸ ਨੂੰ ਦਬਾਉਣ ਲਈ ਗੌਤਮ ਨਵਲਖਾ, ਖੁਰਮ ਪਰਵੇਜ਼ ਵਰਗੇ ਮਨੁੱਖੀ ਹੱਕਾਂ ਦੇ ਸਿਰਕੱਢ ਘੁਲਾਟੀਆਂ ਨੂੰ ਝੂਠੇ ਕੇਸਾਂ ਵਿਚ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ। ਦਰਅਸਲ, ਭਗਵੀਂ ਹਕੂਮਤ ਦੇ ਹਿਤ ਕਸ਼ਮੀਰ ਦੇ ਸਮੂਹ ਲੋਕਾਂ ਵੱਲੋਂ ਝੱਲੇ ਜਾ ਰਹੇ ਸੰਤਾਪ, ਆਰ.ਐਸ.ਐਸ.-ਬੀ.ਜੇ.ਪੀ. ਦੇ ਰਾਜ ਵਿਚ ਗੁਜਰਾਤ ਕਤਲੇਆਮ 2002, ਕੋਵਿਡ ਮਹਮਾਰੀ ਅਤੇ ਕਾਰਪੋਰੇਟ ਹਿਤੈਸ਼ੀ ਨੀਤੀਆਂ ਰਾਹੀਂ ਜੰਗਲਾਂ-ਪਹਾੜਾਂ ਵਿਚੋਂ ਆਦਿਵਾਸੀ ਲੋਕਾਂ ਦੇ ਉਜਾੜੇ ਅਤੇ ਨਸਲਕੁਸ਼ੀ ਉੱਪਰ ਪਰਦਾ ਪਾਈ ਰੱਖਣ 'ਚ ਹਨ। ਇਸੇ ਲਈ ਫਿਲਮ ਕਸ਼ਮੀਰੀ ਪੰਡਿਤ ਭਾਈਚਾਰੇ ਦੇ ਦੁੱਖ-ਤਕਲੀਫਾਂ ਨੂੰ ਇਨਸਾਨੀ ਸੰਵੇਦਨਸ਼ੀਲਤਾ ਨਾਲ ਪੇਸ਼ ਕਰਨ ਦੀ ਬਜਾਏ ਉਨ੍ਹਾਂ ਦੇ ਸੰਤਾਪ ਨੂੰ ਭਗਵੇਂ ਰੰਗ 'ਚ ਰੰਗ ਕੇ ਪੇਸ਼ ਕਰਦੀ ਹੈ। ਇਸ ਨੂੰ ਦੇਖਦਿਆਂ ਪੂਰੇ ਭਗਵੇਂ ਤੰਤਰ ਦਾ ਫਿਲਮ ਦੇ ਪ੍ਰਚਾਰ 'ਚ ਜੁੱਟਣਾ ਹੈਰਾਨੀਜਨਕ ਨਹੀਂ ਹੈ। ਇਹ ਆਰ.ਐਸ.ਐਸ.-ਬੀ.ਜੇ.ਪੀ. ਵੱਲੋਂ ਜੰਮੂ ਕਸ਼ਮੀਰ ਬਾਰੇ ਤੱਥਾਂ ਨੂੰ ਆਪਣੇ ਫਾਸ਼ੀਵਾਦੀ ਨਜ਼ਰੀਏ ਅਨੁਸਾਰ ਤੱਥਾਂ ਨੂੰ ਪ੍ਰਸੰਗ ਨਾਲੋਂ ਤੋੜ-ਮਰੋੜ ਕੇ ਪੇਸ਼ ਕਰਨ ਅਤੇ ਖਾਸ ਤੱਥਾਂ ਨੂੰ ਦਬਾ ਕੇ ਆਪਣੀ ਪਸੰਦ ਦਾ ਝੂਠਾ ਬਿਰਤਾਂਤ ਸਿਰਜਣ ਦਾ ਸਿੱਕੇਬੰਦ ਨਮੂਨਾ ਹੈ। ਬੁੱਧੀਜੀਵੀ ਵਰਗ ਨੇ ਕਸ਼ਮੀਰੀ ਪੰਡਿਤਾਂ ਦੇ ਸੰਤਾਪ ਵੱਲ ਘੱਟ ਧਿਆਨ ਦਿੱਤਾ ਹੋ ਸਕਦਾ ਹੈ। ਪਰ ਉਹ ਕਦੇ ਵੀ ਕੱਟੜਪੰਥੀ ਦਹਿਸ਼ਤਵਾਦ ਦੇ ਹਮਾਇਤੀ ਨਹੀਂ ਰਹੇ ਜਿਵੇਂ ਫਿਲਮ ਤੱਥਾਂ ਨਾਲ ਖਿਲਵਾੜ ਕਰਦੀ ਹੈ। ਜੇ.ਐਨ.ਯੂ. 'ਚ 2016 'ਚ ਕਸ਼ਮੀਰ ਬਾਰੇ ਨਾਅਰਿਆਂ ਨੂੰ, ਜਿਨ੍ਹਾਂ ਦੀ ਕੋਈ ਪ੍ਰਮਾਣਿਕਤਾ ਨਹੀਂ ਹੈ, ਕਸ਼ਮੀਰੀ ਪੰਡਿਤ ਭਾਈਚਾਰੇ ਦੇ ਸੰਤਾਪ ਨਾਲ ਇਸ ਲਈ ਜੋੜਿਆ ਗਿਆ ਹੈ ਤਾਂ ਜੁ ਉਸ ਬੁੱਧੀਜੀਵੀ ਹਿੱਸੇ ਬਾਰੇ ਨਫਰਤ ਭੜਕਾਈ ਜਾ ਸਕੇ ਜੋ ਕਸ਼ਮੀਰ ਮਸਲੇ ਦੇ ਰਾਜਨੀਤਕ ਹੱਲ ਦੀ ਗੱਲ ਕਰਦਾ ਹੈ। ਇਹ ਕਸ਼ਮੀਰੀ ਲੋਕਾਂ ਨਾਲ ਭਾਰਤੀ ਹੁਕਮਰਾਨ ਜਮਾਤ ਦੇ ਵਿਸ਼ਵਾਸਘਾਤ ਨੂੰ ਇਤਿਹਾਸ ਦੇ ਪੰਨਿਆਂ 'ਚੋਂ ਮਿਟਾ ਦੇਣ ਲਈ ਘੜਿਆ ਝੂਠਾ ਬਿਰਤਾਂਤ ਹੈ।

ਕਸ਼ਮੀਰੀ ਪੰਡਿਤਾਂ ਸਮੇਤ ਸਮੂਹ ਕਸ਼ਮੀਰੀਆਂ ਨੂੰ ਨਿਆਂ ਮਿਲਣਾ ਚਾਹੀਦਾ ਹੈ ਪਰ ਆਰ.ਐਸ.ਐਸ.-ਬੀ.ਜੇ.ਪੀ. ਜਾਂ ਹੋਰ ਕਿਸੇ ਵੀ ਲੋਕ ਵਿਰੋਧੀ ਰਾਜਨੀਤਕ ਤਾਕਤ ਨੂੰ ਇਸ ਬਹਾਨੇ ਕਸ਼ਮੀਰੀ ਪੰਡਿਤਾਂ ਦੇ ਸੰਤਾਪ ਉੱਪਰ ਰਾਜਨੀਤਕ ਰੋਟੀਆਂ ਸੇਕਣ ਅਤੇ ਨਫਰਤ ਫੈਲਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਇਹ ਚੰਗੀ ਗੱਲ ਹੈ ਕਿ ਕਸ਼ਮੀਰੀ ਪੰਡਿਤਾਂ ਦੇ ਜਾਗਰੂਕ ਹਿੱਸਿਆਂ ਨੇ ਇਸ ਝੂਠੇ ਬਿਰਤਾਂਤ ਨੂੰ ਰੱਦ ਕੀਤਾ ਹੈ ਪਰ ਸਿਨੇਮਾ ਘਰਾਂ ਦੇ ਅੰਦਰ ਅਤੇ ਬਾਹਰ ਇਸ ਫਿਲਮ ਰਾਹੀਂ ਭੜਕ ਰਹੀ ਫਿਰਕੂ ਨਫਰਤ ਅਤੇ ਜਨੂਨ ਚਿੰਤਾਜਨਕ ਹੈ। 'ਕਸ਼ਮੀਰ ਫਾਈਲਜ਼' ਉੱਪਰ ਚਰਚਾਵਾਂ ਕਰਵਾ ਕੇ ਇਸ ਕਥਿਤ ਫਿਲਮ ਪਿੱਛੇ ਕੰਮ ਕਰਦੀ ਘਿਨਾਉਣੀ ਸਿਆਸਤ ਦਾ ਪਰਦਾਫਾਸ਼ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਸਾਰੀਆਂ ਹੀ ਤਾਕਤਾਂ ਦੇ ਚਿਹਰੇ ਨੰਗੇ ਕਰਨੇ ਚਾਹੀਦੇ ਹਨ ਜੋ ਕਸ਼ਮੀਰ ਪੰਡਿਤਾਂ ਅਤੇ ਹੋਰ ਕਸ਼ਮੀਰੀਆਂ ਦੇ ਦਰਦਨਾਕ ਹਾਲਾਤ ਲਈ ਜ਼ਿੰਮੇਵਾਰ ਹਨ।

# ਪੰਜਾਬੀਆਂ ਨੇ ਤਾਂ ਕਮਾਲ ਕਰਤੀ!

'ਪੰਜਾਬੀ ਜਦੋਂ ਵੀ ਕਰਦੇ ਨੇ ਕਮਾਲ ਕਰਦੇ ਨੇ' ਲੋਕਾਂ ਨੂੰ ਅਕਸਰ ਕਹਿੰਦੇ ਸੁਣਿਆ ਪਰ ਆਹ ਹੁਣ ਅੱਖੀਂ ਵੇਖ ਲਿਆ ਭਈ ਪੰਜਾਬੀਆਂ ਨੇ ਸੱਚੀਂ ਕਮਾਲ ਕਰਤੀ! ਧਰਮ, ਜਾਤੀ ਤੇ ਡੇਰਿਆਂ ਦੀ ਸਿਆਸਤ ਰੱਦ ਕਰ ਪੰਜਾਬੀਅਤ ਦੇ ਨਾਂ 'ਤੇ ਵੋਟਾਂ ਪਾ ਬੱਲੇ-ਬੱਲੇ ਕਰਾ ਲਈ।

ਵੀਹ ਫਰਵਰੀ ਨੂੰ ਪੰਜਾਬ ਅਸੈਂਬਲੀ ਦੀਆਂ ਚੋਣਾਂ ਤੋਂ ਬਾਅਦ ਨਤੀਜੇ ਨਿਕਲਣ ਤਕ ਅਜੀਬ ਤਰ੍ਹਾਂ ਦੀ ਘੁਟਣ ਪੰਜਾਬ ਦੇ ਵਾਤਾਵਰਨ ਵਿਚ ਛਾਈ ਲਗਦੀ ਸੀ ਜਿਹਨੂੰ ਕਹਿੰਦੇ ਨੇ 'ਤੂਫਾਨ ਤੋਂ ਪਹਿਲਾਂ ਵਾਲੀ ਸ਼ਾਂਤੀ'। ਚੋਣਾਂ ਵੇਲੇ ਦੀ ਹਫੜਾ-ਦਫੜੀ ਇੱਕਦਮ ਸ਼ਾਂਤ ਹੋ ਗਈ। ਵੱਡੇ ਨੇਤਾਵਾਂ ਦਾ ਇੱਕ ਦਿਨ ਵਿਚ ਕਈ-ਕਈ ਥਾਵਾਂ 'ਤੇ ਜਾਣਾ, ਲੋਕਾਂ ਦੇ ਇਕੱਠਾਂ ਨੂੰ ਸੰਬੋਧਨ ਕਰਨਾ, ਮੀਡੀਆ ਵਾਲਿਆਂ ਦੀਆਂ ਨੇਤਾਵਾਂ ਨਾਲ ਮੁਲਾਕਾਤਾਂ ਅਤੇ ਸਪੈਸ਼ਲ ਇਲੈਕਸ਼ਨ ਪ੍ਰੋਗਰਾਮ ਸਭ ਕੁੱਝ ਠੱਪ ਹੋ ਗਿਆ। ਬੇਸ਼ੱਕ ਚੋਣ ਨਤੀਜਿਆਂ ਦੇ ਕਿਆਫ਼ੇ

**ਗੁਰਚਰਨ ਕੌਰ ਥਿੰਦ**
**403-402-9635**

ਮੀਡੀਆ ਵਲੋਂ ਵੱਖ ਵੱਖ ਰੂਪਾਂ ਵਿਚ ਸਾਹਮਣੇ ਆਉਣ ਲਗੇ ਪਰ ਵੱਡੇ ਨੇਤਾਵਾਂ ਦੀ ਬਹੁਗਿਣਤੀ ਚੁੱਪ ਧਾਰ ਗਈ। ਕਈ ਤਾਂ ਚੋਣਾਂ ਦੀ ਹੜਫਲੀ ਵਿਚ ਪਿੱਛੇ ਪੈ ਗਏ ਆਪਣੇ ਕੰਮ ਧੰਦੇ ਵੀ ਮੁਕਾਉਂਦੇ ਨਜ਼ਰ ਆਏ। ਹਾਲਾਂਕਿ ਚੋਣ ਨਤੀਜਿਆਂ ਤੋਂ ਕੁਝ ਦਿਨ ਪਹਿਲਾਂ ਕਈ ਜਾਣੇ-ਮਾਣੇ ਨੇਤਾਵਾਂ ਦੀਆਂ ਅਗਾਊਂ ਜਨਮ ਦਿਨ ਮਨਾਉਂਦਿਆਂ ਅਤੇ ਖੁਸ਼ੀਆਂ ਦੇ ਗੀਤ ਗਾਉਂਦਿਆਂ ਦੀਆਂ ਵੀਡੀਓਜ਼ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ। ਉਧਰ ਸੋਸ਼ਲ ਮੀਡੀਆ ਵਾਲੇ ਕਿਸੇ ਉਮੀਦਵਾਰ ਦੀ ਝੋਲੀ ਜਿੱਤ ਪਾਉਂਦੇ ਤੇ ਕਿਸੇ ਦੀ ਝੋਲੀ ਹਾਰ, ਕਦੇ ਕਿਸੇ ਨੂੰ ਖੁਸ਼ ਕਰਦੇ ਤੇ ਕਦੇ ਕਿਸੇ ਨੂੰ ਗ਼ਮ ਦੇ ਸਮੁੰਦਰ ਵਿਚ ਡੁਬੋਂਦੇ ਆਪੋ ਆਪਣੀ ਵਾਹ ਲਾਉਂਦੇ ਰਹੇ।

ਤੇ ਲਓ ਜੀ! ਜਿਉਂ ਹੀ ਯੂ.ਪੀ. ਵਿਚ ਚੋਣਾਂ ਦਾ ਆਖਰੀ ਦੌਰ ਖਤਮ ਹੋਇਆ ਤਾਂ ਨਾਲ ਹੀ ਸ਼ੁਰੂ ਹੋ ਗਿਆ 'ਐਗਜ਼ਿਟ-ਪੋਲ' ਦਾ ਹਲੂਚਾਲਾ! ਜੋ ਸਭ ਕੁਝ ਸਿਰੇ ਹੀ ਲਾ ਰਿਹਾ ਸੀ। ਕੋਈ ਇੱਕ ਪਾਰਟੀ ਦੀ ਝੋਲੀ ਭਰ ਰਿਹਾ ਤਾਂ ਦੂਜਾ ਜਮ੍ਹਾਂ ਈ ਖਾਲੀ ਕਰ ਦੇਂਦਾ ਤੇ ਕੋਈ ਵਿਚ-ਵਿਚਾਲੇ। ਬੰਦਾ ਕੀਹਦੇ 'ਤੇ ਯਕੀਨ ਕਰੇ। ਘਬਰਾਹਟ, ਉਲਝਣ, ਨਤੀਜਿਆਂ ਦੀ ਅਨਿਸ਼ਚਤਤਾ ਜਿਉਂ ਦੀ ਤਿਉਂ। ਆਖਰ ਚੋਣਾਂ ਦੇ ਨਤੀਜਿਆਂ ਵਾਲੀ ਦਸ ਮਾਰਚ ਦੀ ਸਵੇਰ ਹੋ ਗਈ। ਜਿਵੇਂ ਸਖਤ ਚੋਣ-ਪ੍ਰਬੰਧਾਂ ਹੇਠ ਵੋਟਾਂ ਪਈਆਂ ਅਤੇ ਸੰਭਾਲੀਆਂ ਗਈਆਂ ਉਸੇ ਤਰ੍ਹਾਂ ਚੋਣਾਂ ਦੀ ਗਿਣਤੀ ਸ਼ੁਰੂ ਹੋਈ। ਚੋਣ-ਮਸ਼ੀਨਾਂ ਦੇ ਵੋਟਰਾਂ ਵਲੋਂ ਦੱਬੇ ਗਏ ਬਟਨਾਂ ਦਾ ਲੇਖਾ-ਜੋਖਾ ਹੋਣ ਲੱਗਾ। ਦੇਸ਼-ਵਿਦੇਸ਼ ਵਸਦੇ ਪੰਜਾਬੀ ਸੌ ਕੰਮ ਛੱਡ ਇਧਰ ਰੁਚਿਤ ਹੋ ਗਏ। ਪੰਜਾਬ ਵਸਦੇ ਪੰਜਾਬੀਆਂ ਨਾਲੋਂ ਵਿਦੇਸ਼ ਰਹਿੰਦੇ ਪੰਜਾਬੀਆਂ ਨੂੰ ਪੰਜਾਬ ਦੀਆਂ ਚੋਣਾਂ ਦੇ ਨਤੀਜਿਆਂ ਦੀ ਉਤਸੁਕਤਾ ਉਨ੍ਹਾਂ ਦੇ ਟੀ.ਵੀ. ਸਾਹਮਣੇ ਬੈਠਿਆਂ ਦੀਆਂ ਭੇਜੀਆਂ ਵੀਡੀਓਜ਼ ਤੋਂ ਪ੍ਰਤੱਖ ਵਿਖਾਈ ਦਿੱਤੀ। ਹੁੰਦੀ ਵੀ ਕਿਉਂ ਨਾ ਜੰਮਣ-ਭੋਇੰ ਦਾ ਮੋਹ ਕਿਤੇ ਤਿਆਗ ਹੁੰਦਾ! ਬਾਪ ਦਾ ਘਰ ਛੱਡ ਸਹੁਰੇ ਗਈਆਂ ਧੀਆਂ ਵਾਂਗ ਹਰ ਵੇਲੇ ਪਿੱਛੇ ਦੀ ਸੁੱਖ ਮੰਗਦੇ ਰਹਿੰਦੇ ਨੇ ਵਿਦੇਸ਼ੀਂ ਗਏ ਪੰਜਾਬੀ। ਪੰਜਾਬ ਦੀ ਕੋਈ ਵੀ ਸਰਗਰਮੀ ਖਾਸ ਤੌਰ 'ਤੇ ਪੰਜਾਬ ਦੀ ਬੇਹਤਰੀ ਲਈ ਚੁੱਕਿਆ ਜਾਣ ਵਾਲਾ ਕੋਈ ਵੀ ਕਦਮ ਉਨ੍ਹਾਂ ਦੇ ਕਾਲਜੇ ਧੂਹ ਪਾਉਂਦਾ ਹੈ।

ਖੈਰ! ਜਿਉਂ ਜਿਉਂ ਨਤੀਜੇ ਆਉਣ ਲੱਗੇ ਬਦਲਾਅ ਦੀ ਇੱਕ ਲਹਿਰ ਵਿਖਾਈ ਦੇਣ ਲੱਗੀ। ਰਵਾਇਤੀ ਪਾਰਟੀਆਂ ਦੀ ਥਾਂ ਇਸ ਵਾਰ ਨਵੀਂ ਪਾਰਟੀ ਜਿੱਤਣ ਲੱਗੀ। ਇਹ ਨਹੀਂ ਕਿ ਮੂਲੋਂ ਹੀ ਨਵੀਂ ਸੀ। ਪਿਛਲੀ ਅਸੈਂਬਲੀ ਦੀਆਂ ਚੋਣਾਂ ਵੇਲੇ ਵੀ ਬਦਲਾਅ ਦਾ ਨਾਅਰਾ ਲਾ ਕਿਸਮਤ ਅਜ਼ਮਾਈ ਕੀਤੀ ਸੀ ਇਸ ਪਾਰਟੀ ਨੇ। ਪ੍ਰੰਤੂ ਲੋਕਾਂ ਨੇ ਕਬੂਲਿਆ ਨਹੀਂ ਤੇ ਇਹ ਪਾਰਟੀ ਵਿਰੋਧੀ ਧਿਰ ਬਣ ਅਸੈਂਬਲੀ ਦੀਆਂ ਬਰੂਹਾਂ ਲੰਘ ਗਈ ਸੀ। ਪਤਾ ਨਹੀਂ ਇਸ ਵਾਰ ਕੀ ਜਾਦੂ ਚੱਲਿਆ ਕਿ ਇੱਕ ਤੋਂ ਬਾਅਦ ਇੱਕ ਜਿੱਤ ਇਸ ਆਮ ਜਿਹੇ ਬੰਦਿਆਂ ਦੀ ਆਖੀ ਜਾਣ ਵਾਲੀ ਪਾਰਟੀ ਦੇ ਪੱਲੇ ਪੈਣ ਲੱਗੀ। ਆਖਰ ਗਿਣਤੀ ਖਤਮ ਹੁੰਦਿਆਂ ਤਕ ਇਸ ਪਾਰਟੀ ਦੇ ਬਿਲਕੁਲ ਸਿੱਧੇ-ਸਾਦੇ, ਸਿਆਸਤ ਤੋਂ ਅਣਜਾਣ ਉਮੀਦਵਾਰਾਂ ਨੇ ਵਰ੍ਹਿਆਂ ਦੇ ਰੜ੍ਹੇ ਹੋਏ ਘਾਗ ਸਿਆਸਤਦਾਨਾਂ ਨੂੰ ਧੋਬੀ ਪਟਕਾ ਦੇ ਮਾਰਿਆ। ਪਾਰਟੀ ਦੀ ਐਨੀਆਂ ਸੀਟਾਂ ਉਪਰ ਜਿੱਤ ਹੋਈ ਕਿ ਸ਼ਾਇਦ ਉਨ੍ਹਾਂ ਨੂੰ ਆਪ ਵੀ ਯਕੀਨ ਨਹੀਂ ਆਉਂਦਾ ਹੋਣਾ। ਭਾਰੀ ਬਹੁਮਤ ਲੈ ਇਸ ਪਾਰਟੀ ਨੇ ਪਿਛਲੀ ਵਾਰ ਦੀ ਮਾਯੂਸੀ ਆਪਣੇ ਮੱਥੇ ਤੋਂ ਪੂੰਝ ਲਈ ਲੱਗਦੀ ਹੈ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਇਸ ਵਾਰ ਐਸਾ ਕੀ ਵਾਪਰਿਆ ਕਿ ਲੋਕ ਜ਼ਮੀਨੀ ਧਰਾਤਲ 'ਤੇ ਖੜ੍ਹੇ ਲੋਕਾਂ ਦੇ ਹਾਣ ਦੇ ਹੋ ਗਏ ਅਤੇ ਵੱਡੇ ਵੱਡੇ ਥੰਮ੍ਹਾਂ ਨੂੰ ਢਹਿ ਢੇਰੀ ਕਰ ਦਿੱਤਾ? ਜ਼ਰੂਰ ਹੀ ਦਿੱਲੀ ਦੀਆਂ ਬਰੂਹਾਂ 'ਤੇ ਸਾਲ ਭਰ ਲੱਗੇ ਕਿਸਾਨ ਮੋਰਚੇ ਵੇਲੇ ਦੀ ਜਾਗਰੂਕਤਾ ਦਾ ਨਤੀਜਾ ਹੋਣਾ ਹੈ। ਲੋਕ ਆਪਣੇ ਹੱਕਾਂ ਲਈ ਜਾਗਦੇ ਹੋ ਗਏ ਸਨ। ਠੀਕ ਤੇ ਗਲਤ ਦੀ ਪਛਾਣ ਕਰਨੀ ਸਿੱਖ ਗਏ ਸਨ। ਪ੍ਰੰਪਰਿਕ ਨੇਤਾਵਾਂ ਨੂੰ ਸੁਆਲ ਕਰਨ ਲੱਗ ਪਏ ਸਨ। ਉਨ੍ਹਾਂ ਨੂੰ 'ਮੂੰਹ ਮੇਂ ਰਾਮ ਰਾਮ ਬਗਲ ਮੇਂ ਛੂਰੀ' ਵਾਲੇ ਨੇਤਾਵਾਂ ਦੀ ਥਾਂ ਆਪਣੇ ਹਿਤੈਸ਼ੀਆਂ ਦਾ ਗਿਆਨ ਹੋ ਗਿਆ ਸੀ। ਜੇ ਇਹ ਸਭ ਠੀਕ ਹੈ ਤਾਂ ਫਿਰ ਕਿਸਾਨ ਸੰਘਰਸ਼ ਵਿਚੋਂ ਉੱਭਰੀ ਕਿਸਾਨੀ ਧਿਰ ਜੋ ਚੋਣਾਂ ਦੇ ਅਖਾੜੇ ਵਿਚ ਉਤਰੀ ਸੀ ਉਹ ਖਾਲੀ ਹੱਥ ਕਿਉਂ ਮੁੜੀ? ਲੋਕਾਂ ਨੇ ਉਨ੍ਹਾਂ ਕਿਸਾਨ ਨੇਤਾਵਾਂ ਨੂੰ ਮੂੰਹ ਕਿਉਂ ਨਾ ਲਾਇਆ ਜਿਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਮੋਰਚਾ ਫਤਿਹ ਕੀਤਾ ਸੀ? ਸਿੱਧੀ ਜਿਹੀ ਗੱਲ ਹੈ ਕਿ ਆਮ ਆਖੇ ਜਾਣ ਵਾਲੇ ਲੋਕ ਐਨੇ ਸਿੱਧਰੇ ਵੀ ਨਹੀਂ ਕਿ ਰਾਜਨੀਤੀ ਦੇ ਵਲ-ਫੇਰਾਂ ਨੂੰ ਸਮਝਦੇ ਨਾ ਹੋਣ। ਜਿਵੇਂ ਇਸ ਵਾਰ ਦੀ ਜੇਤੂ ਪਾਰਟੀ ਨੂੰ ਪਿਛਲੀ ਵਾਰ ਬਹੁਤਾ ਮੂੰਹ ਨਹੀਂ ਸੀ ਲਾਇਆ, ਉਸੇ ਤਰ੍ਹਾਂ ਇਸ ਵਾਰ ਕਿਸਾਨ ਸੰਘਰਸ਼ ਵਿਚੋਂ ਉਭਰੀ ਮੂਲੋਂ ਹੀ ਸਿਖਾਂਦਰੂ ਰਾਜਨੀਤਕ ਪਾਰਟੀ ਨੂੰ ਪਛਾੜ ਦਿੱਤਾ। ਇਹ ਜਨਤਾ ਹੈ, ਭਈ ਸਭ ਕੁਝ ਜਾਣਦੀ ਹੈ!

ਰਵਾਇਤੀ ਪਾਰਟੀਆਂ ਤਾਂ ਬਹੁਤੀਆਂ ਹੀ ਮੂਧੇ ਮੂੰਹ ਜਾ ਪਈਆਂ। ਉਨ੍ਹਾਂ ਦੀਆਂ ਪੱਕੀਆਂ ਵੋਟਾਂ ਕਿਧਰ ਗਈਆਂ ਇਸ ਵਾਰ ਤਾਂ ਉਹ ਵੀ ਨਹੀਂ ਭੁਗਤੀਆਂ? ਸੁਣਿਆ ਹੈ ਸਭ ਕੁਝ ਪਹਿਲਾਂ ਵਾਂਗ ਹੀ ਕੀਤਾ ਗਿਆ। ਦਰਜਾ ਬਦਰਜਾ ਲਕਸ਼ਮੀ ਦੇਵੀ ਦਾ ਜਲਵਾ ਵੀ ਵਿਖਾਇਆ ਗਿਆ। ਹੋਰ ਚੀਜ਼ਾਂ ਵਸਤਾਂ ਵੀ ਲੋੜ ਅਨੁਸਾਰ ਘਰੋ-ਘਰੀਂ ਪੁੱਜਦੀਆਂ ਕੀਤੀਆਂ ਗਈਆਂ। ਚੋਣ-ਪ੍ਰਚਾਰ ਦੀ ਵੀ ਕੋਈ ਕਸਰ ਨਹੀਂ ਰਹਿ ਗਈ ਲੱਗਦੀ। ਧਰਮ, ਜਾਤ, ਡੇਰਾਵਾਦ, ਹਰ ਤਰ੍ਹਾਂ ਦਾ ਪੱਤਾ ਵੀ ਪਹਿਲਾਂ ਵਾਂਗ ਹੀ ਖੇਡਿਆ ਗਿਆ। ਕਿਸੇ ਨੇ ਬੇਅਦਬੀ ਕਾਂਡ ਨੂੰ ਨਵੇਂ ਸਿਰਿਓਂ ਜਾਗਦਾ ਕਰ ਧਰਮ ਦੇ ਨਾਂ 'ਤੇ ਲੋਕਾਂ ਨੂੰ ਲੁੱਟਣ ਦਾ ਯਤਨ ਕੀਤਾ। ਕਿਸੇ ਨੇ ਜਾਤ-ਪਾਤ ਦੀ ਗੋਟੀ ਸੁੱਟ ਲੋਕਾਂ ਦੀ ਮਾਸੂਮੀਅਤ ਕੈਸ਼ ਕਰਨ ਦਾ ਉਪਰਾਲਾ ਕੀਤਾ। ਵੱਖ ਵੱਖ ਡੇਰਿਆਂ ਦੇ ਬੂਹਿਆਂ ਅੱਗੇ ਮੱਥੇ ਵੀ ਰਗੜੇ। ਐਨ ਆਖਰੀ ਮੌਕੇ ਜੇਲ੍ਹ ਵਿਚ ਬੰਦ ਸਭ ਤੋਂ ਪ੍ਰਭਾਵਸ਼ਾਲੀ ਕਹੇ ਜਾਣ ਵੇਲੇ ਡੇਰੇ ਦੇ ਮੁਖੀ ਨੂੰ ਵੀ ਪੈਰੋਲ 'ਤੇ ਬਾਹਰ ਲਿਆ ਹੁਕਮ ਦਾ ਯੱਕਾ ਵੀ ਦਾਅ 'ਤੇ ਲਾ ਲਿਆ ਪਰ ਆਹ ਕੀ ਹੋ ਗਿਆ! ਇਸ ਵਾਰ ਤਾਂ ਕੋਈ ਵੀ ਦਾਅ ਸਿੱਧੇ ਮੂੰਹ ਨਹੀਂ ਪਿਆ। ਕੀ ਸੱਚਮੁੱਚ ਲੋਕ ਸਿਆਣੇ ਹੋ ਗਏ ਨੇ? ਜੀਅ ਤਾਂ ਕਰਦਾ ਕਹਿ ਦੇਵਾਂ, ਜੀ ਹਾਂ ਲੋਕ ਸਿਆਣੇ ਹੋ ਨਹੀਂ ਗਏ ਲੋਕ ਸਿਆਣੇ ਹੀ ਹੁੰਦੇ ਹਨ। ਉਨ੍ਹਾਂ ਨੂੰ ਜਿਧਰ ਲੱਗਦਾ ਕਿ ਇਹ ਵਾਲੇ ਸਾਡੀ ਕਿਸਮਤ ਬਦਲਣ ਦਾ ਵਾਇਦਾ ਕਰ ਰਹੇ ਹਨ ਉਹ ਉਧਰ ਨੂੰ ਮੁਹਾਰਾਂ ਮੋੜ ਲੈਂਦੇ ਹਨ। ਆਮ ਬੰਦਾ ਆਪਣੀ ਰੋਜ਼ੀ-ਰੋਟੀ, ਸਿਹਤ-ਸਹੂਲਤਾਂ, ਪੜ੍ਹਾਈ-ਲਿਖਾਈ ਤੇ ਹੋਰ ਲੋੜਾਂ-ਥੋੜ੍ਹਾਂ ਲਈ ਸਰਕਾਰਾਂ ਦਾ ਮੁਥਾਜ ਹੁੰਦਾ ਹੈ। ਜਦੋਂ ਵਾਇਦੇ ਕਰਨ ਵਾਲੇ ਪੰਜ ਸਾਲ ਬਾਤ ਨਹੀਂ ਪੁੱਛਦੇ ਤੇ ਜੇ ਮਾੜੀ ਮੋਟੀ ਵਾਈ ਸੋਈ ਲੈਂਦੇ ਹਨ ਤਾਂ ਰਾਜੇ ਬਣ ਟੁੱਕਰ ਸੁੱਟਣ ਵਾਂਗ, ਤਾਂ ਫਿਰ ਇਹ ਨਾ ਸਮਝੋ ਕਿ ਲੋਕੀਂ ਸਮਝਦੇ ਨਹੀਂ।




ਉਹ ਸਭ ਸਮਝਦੇ ਤੇ ਜਾਣਦੇ ਹਨ। ਬੱਸ ਮੌਕੇ ਦੀ ਉਡੀਕ ਵਿਚ ਹੁੰਦੇ ਹਨ। ਲੋਕਤੰਤਰ ਵਿਚ ਲੱਖ ਖਾਮੀਆਂ ਹੋਣ ਪਰ ਚੰਗੀ ਗੱਲ ਇਹ ਹੈ ਕਿ ਲੋਕਤੰਤਰ ਲੋਕਾਂ ਦੀ ਉਡੀਕ ਨੂੰ ਬੂਰ ਜ਼ਰੂਰ ਪਾਉਂਦਾ ਹੈ। ਅਤੇ ਉਦੋਂ ਲੋਕ-ਤਾਕਤ ਰਜਵਾੜਿਆਂ ਨੂੰ ਮੂਧੇ ਮੂੰਹ ਸੁੱਟ ਲੋਕ-ਭਲਾਈ ਦੀਆਂ ਗੱਲਾਂ ਕਰਨ ਵਾਲਿਆਂ ਵੱਲ ਮੂੰਹ ਕਰ ਚੰਗੇ ਦੀ ਆਸ ਨਾਲ ਉਨ੍ਹਾਂ ਸੰਗ ਹੋ ਤੁਰਦੀ ਹੈ।

ਨਾਲੇ ਤਬਦੀਲੀ ਕੁਦਰਤ ਦਾ ਨਿਯਮ ਹੈ। ਖੜ੍ਹੇ ਤਾਂ ਪਾਣੀ ਵੀ ਬੋਅ ਮਾਰਨ ਲਗ ਪੈਂਦੇ ਹਨ। ਪੰਜਾਬ ਦੀ ਸਿਆਸਤ ਵਿਚ ਹੁਣ ਤੱਕ 'ਉੱਤਰ ਕਾਟੋ ਮੈਂ ਚੜ੍ਹਾਂ' ਹੀ ਹੁੰਦਾ ਰਿਹਾ। ਬਹੁਤੀ ਵਾਰ ਤਾਂ ਕਹਿੰਦੇ ਨੇ ਕਿ ਨੇਤਾ ਲੋਕ ਰਲ ਮਿਲ ਕੇ ਵੀ ਖੇਡਾਂ ਖੇਡ ਲੈਂਦੇ ਰਹੇ ਹਨ। ਉਨ੍ਹਾਂ ਦੀਆਂ ਉਹੋ ਹੀ ਜਾਨਣ, 'ਢੱਕੀ ਰਿੱਝੇ ਕੋਈ ਨਾ ਬੁੱਝੇ'। ਲਗਦਾ ਇਸ ਵਾਰ ਪੰਜਾਬੀ ਇਹੋ ਜਿਹੀਆਂ ਖੇਡਾਂ ਤੋਂ ਅੱਕੇ ਵੀ ਪਏ ਸਨ, ਉਹ ਜਾਗਰੂਕ ਵੀ ਸਨ ਅਤੇ ਉਨ੍ਹਾਂ ਨੂੰ ਲੱਗਾ ਕਿ ਉਨ੍ਹਾਂ ਕੋਲ ਸਿਹਤਮੰਦ ਬਦਲ ਵੀ ਹੈ। ਬੱਸ ਉਲਰ ਪਏ ਉਧਰ ਨੂੰ ਤੇ ਲਾ ਦਿੱਤੀ ਡੰਕੇ 'ਤੇ ਚੋਟ। ਬਣਾ ਦਿੱਤਾ ਸਧਾਰਨ ਜਿਹੇ ਘਰ ਵਿਚ ਜੰਮੇ, ਅੱਧਪੜ੍ਹ ਜਿਹੇ, ਕਿਸੇ ਸਮੇਂ ਦੇ ਕਾਮੇਡੀਅਨ ਕਲਾਕਾਰ ਨੂੰ ਆਪਣੀ ਕਿਸਮਤ ਦਾ ਘਾੜਾ। ਫੜਾ ਦਿੱਤੀ ਆਪਣੀਆਂ ਲੋੜਾਂ-ਥੋੜਾਂ ਦੀ ਡੋਰ ਅਣਜਾਣ ਤੇ ਅਜਨਬੀ ਜਿਹੇ ਨੇਤਾਵਾਂ ਨੂੰ। ਵੇਖੋ ਇਹ ਹੁਣ ਕੀ ਚੰਦ ਚਾੜ੍ਹਦੇ ਹਨ। ਆਪਣੇ ਵਾਅਦਿਆਂ 'ਤੇ ਫੁੱਲ ਚੜ੍ਹਾਉਂਦੇ ਜਾਂ ਪਹਿਲਾਂ ਵਾਂਗ ਹੀ......। ਖੈਰ! ਉਮੀਦ ਤਾਂ ਚੰਗੇ ਦੀ ਹੀ ਰੱਖਣੀ ਚਾਹੀਦੀ ਹੈ।

ਪਰ ਜਿੱਤੇ-ਹਾਰੇ ਸਾਰਿਆਂ ਨੂੰ ਕੰਨ ਜ਼ਰੂਰ ਹੋ ਜਾਣੇ ਚਾਹੀਦੇ ਹਨ ਕਿ ਢਿੱਲੀ ਪੱਗ ਤੇ ਲਮਕਦੀਆਂ ਜਟੂਰੀਆਂ ਵਾਲੇ ਆਮ ਲੋਕਾਂ ਨੂੰ ਮੂਰਖ ਅਤੇ ਸਿੱਧ-ਪੱਧਰੇ ਨਾ ਜਾਣਿਓ। ਇਨ੍ਹਾਂ ਨੂੰ ਧਰਮ, ਜਾਤ, ਰੰਗ, ਨਸਲ ਦੇ ਨਾਂ 'ਤੇ ਵੰਡਣ ਦੀ ਕਦੇ ਕੋਸ਼ਿਸ਼ ਵੀ ਨਾ ਕਰਿਓ। ਇਹ ਤਾਂ ਉਦੋਂ ਨਾ ਵੰਡੇ ਗਏ ਜਦੋਂ ਸ਼ਾਤਰ ਸਿਆਸਤਦਾਨਾਂ ਨੇ ਘਰਾਂ ਅੰਦਰ ਵੜ ਇਨ੍ਹਾਂ ਦਾ ਘਾਣ ਕੀਤਾ, ਹੱਥੀਂ ਮਸ਼ੀਨ ਗੰਨਾਂ ਫੜਾ ਦਿੱਤੀਆਂ। ਜਦੋਂ ਧਾਰਮਿਕ ਅਸਥਾਨਾਂ 'ਤੇ ਬੰਬ ਗੋਲੇ ਵਰਸਾ ਨਫ਼ਰਤ ਦੀ ਹਨੇਰੀ ਝੁਲਾਉਣ ਲਈ ਟਿੱਲ ਲਾ ਦਿੱਤਾ। ਤੁਹਾਡੀਆਂ ਸਿਆਸੀ ਲੂੰਬੜ-ਚਾਲਾਂ ਨੇ ਲੋਕਾਂ ਨੂੰ ਮਰਨਹਾਰ ਕਰ ਦਿੱਤਾ। ਤੁਹਾਡੇ ਤਾਂ ਘਰ ਭਰ ਗਏ ਪਰ ਇਹ ਮਿੱਟੀ ਨਾਲ ਮਿੱਟੀ ਹੁੰਦੇ ਵੀ ਢਿੱਡ ਭਰ ਖਾ ਨਾ ਸਕੇ। ਸ਼ਾਇਦ ਤੁਸੀਂ ਭੁੱਲ ਗਏ ਹੋਵੋ ਕਿ ਪੰਜਾਬੀ ਉਹ ਹਨੇਰੀ ਹਨ, ਜਿਨ੍ਹਾਂ ਬਗੈਰ ਕਿਸੇ ਧਾਰਮਿਕ ਤੇ ਜਾਤੀ ਵਖਰੇਵੇਂ ਦੇ, ਕਦੇ ਕਾਬਲ, ਕੰਧਾਰ ਦੀਆਂ ਫਸੀਲਾਂ ਚੜ੍ਹ ਕਿਲ੍ਹੇ ਫਤਿਹ ਕੀਤੇ ਸਨ ਅਤੇ ਪੰਜਾਬੀਅਤ ਦੇ ਝੰਡੇ ਝੁਲਾਏ ਸਨ। ਇਸ ਵਾਰ ਵੀ ਪੰਜਾਬੀਆਂ ਨੇ ਆਪਣੀ ਏਕਤਾ, ਇੱਕਮੁੱਠਤਾ ਤੇ ਪੰਜਾਬੀਅਤ ਦਾ ਝੰਡਾ ਝੁਲਾਇਆ ਹੈ। ਵਾਹਿਗੁਰੂ ਪੰਜਾਬੀਆਂ ਦੀ ਝੋਲੀ ਬਰਕਤ ਪਾਵੇ!

ਇਸ ਬਰਕਤ ਦੀ ਜ਼ਿੰਮੇਵਾਰੀ ਜਿੱਤੀ ਧਿਰ ਦੇ ਹੱਥ ਹੈ। ਲੋਕਾਂ ਨੇ ਆਪਣਾ ਫ਼ਰਜ਼ ਪੂਰਾ ਕਰ ਦਿੱਤਾ ਹੈ ਹੁਣ ਪਾਰੀ ਜੇਤੂਆਂ ਦੇ ਹੱਥ ਹੈ। ਸ਼ੁਰੂਆਤ ਹੋ ਚੁੱਕੀ ਹੈ। ਮੁੱਢਲੇ ਬਿਆਨ ਵੀ ਲੋਕ-ਮਨਾਂ ਨੂੰ ਲੁਭਾਉਂਦੇ ਲਗਦੇ ਹਨ। ਹਾਲਾਂਕਿ ਤਾਜਪੋਸ਼ੀ ਦੀਆਂ ਰਸਮਾਂ 'ਤੇ ਮੀਡੀਆ ਥੋੜ੍ਹੀ ਬਹੁਤ ਕਿੰਤੂ-ਪ੍ਰੰਤੂ ਕਰਦਾ ਨਜ਼ਰ ਆਇਆ ਹੈ। ਸ਼ੁਰੂ ਵਿਚ ਹੀ ਉਪਰੋਂ ਲੈ ਜੜ੍ਹਾਂ ਤੱਕ ਪਸਰੀ ਕੁਰੱਪਸ਼ਨ ਦੂਰ ਕਰਨ ਦੇ ਸਖ਼ਤ ਹੁਕਮ, ਬੇਰੁਜ਼ਗਾਰਾਂ ਨੂੰ ਨੌਕਰੀਆਂ, ਕੱਚਿਆਂ ਨੂੰ ਪੱਕੇ ਕਰਨ ਦੇ ਵਾਇਦੇ ਕੰਨਾਂ ਨੂੰ ਹੀ ਨਹੀਂ ਮਗਜ਼ ਨੂੰ ਵੀ ਧੂਹ ਪਾਉਂਦੇ ਹਨ। ਆਮ ਲੋਕ ਆਸਵੰਦ ਵੀ ਜ਼ਰੂਰ ਹੋਣਗੇ। ਆਖਰ ਆਮ ਜਿਹੇ ਆਖੇ ਜਾਣ ਵਾਲੇ ਮੁਖੀ ਦੀ ਜ਼ੁਬਾਨ ਹੈ, ਫਿਸਲੇਗੀ ਤਾਂ ਨਹੀਂ! ਲੋਕ ਯਕੀਨ ਕਰਨਾ ਚਾਹੁੰਦੇ ਹਨ। ਲਓ ਜੀ ਕਰ ਲਿਆ ਯਕੀਨ। ਹੁਣ ਜੇ ਆਮ ਜਿਹੇ ਬੰਦੇ ਕੁਝ ਆਪਣੇ ਵਲੋਂ ਕਹਿਣਾ ਚਾਹੁੰਦੇ ਹੋਣ ਤਾਂ ਉਮੀਦ ਹੈ ਆਵਾਜ਼ ਉਪਰ ਤੱਕ ਜ਼ਰੂਰ ਪਹੁੰਚੇਗੀ। ਪਹੁੰਚਣੀ ਵੀ ਚਾਹੀਦੀ ਹੈ। ਹੋਰ ਨਹੀਂ ਤਾਂ ਕੋਈ ਪੜ੍ਹਦਾ ਸੁਣਦਾ ਹੀ ਪੁਚਾ ਦੇਵੇ। ਵੱਡਾ ਸੁਵਾਬ ਹੋਵੇਗਾ।

ਤੇ ਸੁਣੋ ਫਿਰ, ਲੋਕਾਂ ਦਾ ਤੱਤ ਕੱਢਿਆ ਹੋਇਆ ਕਿ ਭ੍ਰਿਸ਼ਟਾਚਾਰ ਉਪਰੋਂ ਸ਼ੁਰੂ ਹੁੰਦਾ ਹੈ। ਹੇਠਲੇ ਤਾਂ ਮਰਦੇ ਅੱਕ ਚੱਬਦੇ ਹਨ। ਭ੍ਰਿਸ਼ਟਾਚਾਰ ਖਤਮ ਕਰਨਾ ਹੈ ਤਾਂ ਜਿਵੇਂ ਅਸੈਂਬਲੀ ਹਾਲ ਵਿਚ ਚੰਗਾ ਝਾੜੂ ਮਾਰਿਆ ਜੇ, ਓਨਾ ਹੀ ਹੇਠਾਂ ਤੱਕ ਵੀ ਸੁੰਭਰਨਾ ਪਊ। ਹਰ ਸਰਕਾਰੀ ਵਿਭਾਗ ਵਿਚੋਂ ਭ੍ਰਿਸ਼ਟਾਚਾਰ ਕਰਨ ਵਾਲੇ ਘਾਗ ਕਰਮਚਾਰੀਆਂ ਦੇ ਉਪਰਲੇ ਵਰਗ ਨੂੰ ਵੀ ਰੁਖ਼ਸਤ ਕਰਨਾ ਹੋਵੇਗਾ ਜਿਨ੍ਹਾਂ ਦੇ ਹੱਡਾਂ ਵਿਚ ਭ੍ਰਿਸ਼ਟਾਚਾਰ ਡੂੰਘਾ ਧਸਿਆ ਹੋਇਆ ਹੈ। ਪਿਛਲੀਆਂ ਸਰਕਾਰਾਂ ਵਲੋਂ ਮਿਲੀ ਦੋ-ਦੋ ਸਾਲ ਦੀ ਐਕਸਟੈਂਸ਼ਨ ਲੈ ਉਹ ਹੋਰ ਵੀ ਗੁਲਸ਼ੱਰੇ ਉਡਾ ਰਹੇ ਹਨ। ਜਿੰਨੇ ਮਰਜ਼ੀ ਸਖ਼ਤ ਹੁਕਮ ਜਾਰੀ ਕਰ ਦਿੱਤੇ ਜਾਣ, ਸਿਆਣੇ ਕਹਿੰਦੇ ਨੇ, 'ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਈ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ', ਉਨ੍ਹਾਂ ਚੋਰ-ਮੋਰੀਆਂ ਲੱਭ ਹੀ ਲੈਣੀਆਂ ਹਨ। ਸੋ ਰਿਟਾਇਰਮੈਂਟ ਦੀ ਉਮਰ ਘਟਾ ਕੇ ਉਪਰਲੇ ਸਰਕਾਰੀ ਤਬਕੇ ਨੂੰ ਪੈਨਸ਼ਨਾਂ ਦੇ ਕੇ ਬੜੇ ਆਦਰ ਸਤਿਕਾਰ ਨਾਲ ਘਰੋ ਘਰੀ ਭੇਜ ਦੇਣਾ ਹੀ ਬੇਹਤਰ ਹੋਵੇਗਾ। 'ਨਾਲੇ ਪੁੰਨ ਨਾਲੇ ਫ਼ਲੀਆਂ' ਇੱਕ ਤਾਂ ਉਹ ਅਰਾਮ ਨਾਲ ਘਰ ਬੈਠ ਬੁਢਾਪੇ ਦਾ ਆਨੰਦ ਮਾਨਣਗੇ ਦੂਸਰਾ ਤੁਹਾਡੇ ਹੱਥ ਵਿਚ ਬਹੁਤ ਸਾਰੀਆਂ ਖਾਲੀ ਅਸਾਮੀਆਂ। ਚਿਰਾਂ ਤੋਂ ਰੁਕੀਆਂ ਪ੍ਰਮੋਸ਼ਨਾਂ ਅਤੇ ਲੰਮੀ ਉਡੀਕ ਬਾਅਦ ਪ੍ਰਮੋਟ ਹੋਇਆਂ ਨੂੰ ਕੰਮ ਕਰਨ ਦਾ ਲੋਹੜੇ ਦਾ ਚਾਅ। ਅਤੇ ਹੇਠਲੀ ਪੱਧਰ 'ਤੇ ਖ਼ਾਲੀ ਹੋਈਆਂ ਅਸਾਮੀਆਂ ਵਰ੍ਹਿਆਂ ਤੋਂ ਖੱਜਲ ਖੁਆਰ ਹੋ ਰਹੇ ਬੇਰੁਜ਼ਗਾਰਾਂ ਲਈ ਤਿਆਰ ਬਰ ਤਿਆਰ।

ਇੱਕ ਅਣਚਾਹਿਆ ਜਿਹਾ ਸੁਆਲ ਜ਼ਰੂਰ ਸਾਹਮਣੇ ਆਵੇਗਾ। 'ਪੁਰਾਣਿਆਂ ਨੂੰ ਪੈਨਸ਼ਨਾਂ ਤੇ ਨਵਿਆਂ ਨੂੰ ਤਨਖਾਹਾਂ, ਐਨਾ ਪੈਸਾ ਕਿਥੋਂ ਆਊ?' ਇਸ ਅੜਾਉਣੀ ਦਾ ਹੱਲ ਵੀ ਲੋਕਾਂ ਨੇ ਸੌਖਾ ਜਿਹਾ ਹੀ ਤਜਵੀਜ਼ਿਆ ਹੈ। ਉਹ ਆਖਦੇ ਹਨ ਕਿ ਨਵੇਂ ਕਰਮਚਾਰੀ ਦੀ ਤਨਖਾਹ ਤੇ ਸੇਵਾ-ਮੁਕਤ ਹੋਏ ਉਪਰਲੇ ਕਰਮਚਾਰੀ ਦੀ ਪੈਨਸ਼ਨ ਦਾ ਜੋੜ ਉਸ ਵਲੋਂ ਹਰ ਮਹੀਨੇ ਲਈ ਜਾਣ ਵਾਲੀ ਚੰਗੀ ਚੋਖੀ ਰਕਮ ਦੇ ਲਗਪਗ ਬਰਾਬਰ ਹੀ ਹੋ ਜਾਣਾ ਹੈ। ਰਤਾ ਮਾਸਾ ਝੋਲ ਸਰਕਾਰੀ ਖ਼ਜ਼ਾਨਾ ਝੱਲ ਲਊ। ਵੇਖੋ ਜੀ, 'ਇੱਕ ਪੰਥ ਦੋ ਕਾਜ' ਵਾਲਾ ਰਾਹ ਹੈ। ਮੋਟੀ ਮੱਤ ਵਾਲੇ ਆਮ ਜਿਹੇ ਲੋਕਾਂ ਦੀ ਇਹ ਮੋਟੀ ਠੁੱਲੀ ਸਲਾਹ ਜਾਂ ਕਹਿ ਲਓ ਦਲੀਲ ਹੈ। ਅੱਗੇ ਮੰਨਣਾ ਜਾਂ ਨਾ ਮੰਨਣਾ ਵੱਡੀਆਂ ਸਰਕਾਰਾਂ ਦੀ ਮਰਜ਼ੀ। ਹਾਂ, ਜੇ ਇਹ ਮਸ਼ਵਰਾ ਗੌਲਣਯੋਗ ਲੱਗੇ ਤਾਂ ਫਿਰ ਬੇਨਤੀ ਹੈ ਕਿ ਨਾਲ ਲੱਗਦੇ ਇੱਕ ਗੱਲ ਵੱਲ ਹੋਰ ਜ਼ਰੂਰ ਗ਼ੌਰ ਫਰਮਾਉਣਾ ਜੀ। ਨੌਕਰੀਆਂ ਵਿਚ ਪਹਿਲ ਟੈਂਕੀਆਂ 'ਤੇ ਚੜ੍ਹ ਚੜ੍ਹ ਹਾਕਾਂ ਮਾਰਨ ਵਾਲੇ ਅਤੇ ਮੁਜ਼ਾਹਰੇ ਹੜਤਾਲਾਂ ਕਰ ਕਰ ਥੱਕੇ ਹਾਰੇ ਓਵਰਏਜ ਹੋ ਚੁੱਕੇ ਜਾਂ ਛੇਤੀ ਹੀ ਹੋ ਜਾਣ ਵਾਲਿਆਂ ਨੂੰ ਦੇਣੀ। ਉਹ ਵੀ ਇੱਕ ਦੋ ਦਹਾਕੇ ਸੁੱਖ ਦੀ ਰੋਟੀ ਖਾ ਲੈਣ ਅਤੇ ਆਪਣੇ ਜੁਆਕਾਂ ਦਾ ਭਵਿੱਖ ਤੇ ਆਪਣਾ ਬੁਢਾਪਾ ਸਵਾਰ ਲੈਣ।

ਆਖਰ ਤੇ ਲੋਕਾਂ ਦੀ ਸਲਾਹ ਨਹੀਂ ਚੇਤਾਵਨੀ ਹੈ ਕਿ ਉਹ ਕੁਝ ਵੀ ਕਰ ਸਕਦੇ ਹਨ। ਇਹ ਤਾਂ ਨਵੀਂ ਬਣੀ ਸਰਕਾਰ ਵੀ ਭਲੀ-ਭਾਂਤ ਜਾਣਦੀ ਹੀ ਹੈ। ਉਹ ਕਦੋਂ ਤੇ ਕਿੱਥੇ ਝਾੜੂ ਫੇਰ ਦੇਣ, ਕਦੋਂ ਪੰਜੇ ਦਾ ਠੁੱਠ ਬਣਾ ਵਖਾ ਦੇਣ ਜਾਂ ਫਿਰ ਕੀਹਨੂੰ ਕਿਹੜੀ ਤੱਕੜੀ ਵਿਚ ਤੋਲਣਾ, ਉਹ ਸਭ ਜਾਣਦੇ ਹਨ। ਕਿਉਂ ਜੁ ਲੋਕ ਜਦੋਂ ਵੀ ਕਰਦੇ ਹਨ ਕਮਾਲ ਹੀ ਕਰਦੇ ਹਨ!

## ਰਿਸ਼ਤਾ

ਨਿਮਰਤਾ ਨੇ ਹਾਸੇ-ਹਾਸੇ ਵਿਚ ਹੀ ਉਦੈ ਨੂੰ ਇਹ ਗੱਲ ਕਹੀ ਸੀ ਪਰ ਉਸਨੂੰ ਇਹ ਨਹੀਂ ਸੀ ਪਤਾ ਕਿ ਉਸਦੀ ਇਸ ਇੱਕੋ ਗੱਲ ਨਾਲ ਉਦੈ ਭੜਕ ਜਾਊਗਾ।

'ਠੀਕ ਹੈ ਪਰ ਹੁਣ ਗੁੱਸਾ ਛੱਡੋ ਅੱਗੇ ਤੋਂ ਨਹੀਂ ਕਹਿੰਦੀ।'

'ਤੈਨੂੰ ਇਹ ਕਹਿਣਾ ਹੀ ਨਹੀਂ ਚਾਹੀਦਾ ਸੀ ਕੀ ਮੈਂ ਇੱਥੇ ਲੋੜ ਨੂੰ ਆਉਂਦਾ ਆਂ ਮੈਂ ਲੋੜ ਨੂੰ ਆਵਾਂ ਚਾਹੇ ਉਦਾਂ ਆਵਾਂ ਇਹ ਸਿਰਫ ਤੇ ਸਿਰਫ ਮੇਰੀ ਮਰਜ਼ੀ ਆ ਤੈਨੂੰ ਕੀ?'

'ਕਿਉਂ ਮੈਨੂੰ ਕੁਝ ਨੀ?'

'ਹਾਂ ਨਹੀਂ ਤਾਂ ਮਤਲਬ ਨਹੀਂ।'

'ਤੁਸੀਂ ਬਦਲੀਆਂ ਗੱਲਾਂ ਕਰਦੇ ਹੋ ਪਹਿਲਾਂ ਤੁਸੀਂ ਮੈਨੂੰ ਐਦਾਂ ਕਦੇ ਨਹੀਂ ਸੀ ਕਿਹਾ ਤੇ ਹੁਣ?'

'ਪਹਿਲਾਂ ਦੀ ਗੱਲ ਹੋਰ ਸੀ ਉਦੋਂ ਸਮਾਂ ਹੋਰ ਸੀ ਹਾਲਾਤ ਹੋਰ ਸੀ ਹੁਣ ਉਹ ਗੱਲ ਕਿੱਥੇ।'

'ਤੇ ਜੋ ਤੁਸੀਂ ਕਹਿੰਦੇ ਹੁੰਦੇ ਸੀ ਕਿ ਤੁਹਾਡਾ ਮੇਰੇ ਨਾਲ ਦਿਲ ਦਾ ਰਿਸ਼ਤਾ ਹੈ ਉਸਦਾ ਕੀ?'

'ਹਾ-ਹਾ-ਹਾ ਜਿਸ ਧੰਦੇ ਵਿਚ ਤੂੰ ਪਈ ਹੋਈ ਆਂ ਐਥੇ ਕਿਸੇ ਵੀ ਤਰ੍ਹਾਂ ਦੇ ਰਿਸ਼ਤੇ ਨਾਤੇ ਦਾ ਕੀ ਮਤਲਬ ਰਹਿ ਜਾਂਦਾ?'

'ਫਿਰ ਅੱਜ ਤੱਕ ਬਿਨਾਂ ਈ ਰਿਸ਼ਤੇ ਤੋਂ ਆਉਂਦੇ ਰਹੇ?'

'ਨਹੀਂ ਇੱਕ ਰਿਸ਼ਤਾ ਸੀ ਉਸੇ ਕਰਕੇ ਆਉਂਦਾ ਸੀ।'

'ਅੱਛਾ ਉਹ ਕਿਹੜਾ ਰਿਸ਼ਤਾ?'

'ਗਾਹਕ ਦਾ ਹੋਰ ਕਿਸਦਾ?'

'ਤੇ ਮੈਂ ਕੀ ਸੀ ਮੈਨੂੰ ਕੀ ਮੰਨਦੇ ਸੀ?'

'ਉਹੀ ਜੋ ਤੂੰ ਹੈਂ ਉਹੀ ਮੰਨਦਾ ਸੀ ਹੋਰ ਕੀ ਮੰਨਣਾ ਸੀ ਤੈਨੂੰ?' ਫਿਰ ਨਿਮਰਤਾ ਕੁਝ ਨਾ ਬੋਲੀ ਉਸਨੂੰ ਉਦੈ ਦੇ ਰਿਸ਼ਤੇ ਵਾਲੀ ਗੱਲ ਸਮਝ ਆ ਗਈ ਸੀ।

-ਰੋਹਿਤ

# ਨਵੀਂ ਸਰਕਾਰ ਤੋਂ ਨਵੀਆਂ ਆਸਾਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਇਕ ਵੱਡੀ ਤਬਦੀਲੀ ਦਾ ਗਵਾਹ ਬਣ ਰਿਹਾ ਹੈ। ਸਗੋਂ ਵੱਧ ਠੀਕ ਕਿਹਾ ਜਾਵੇ ਤਾਂ ਇਹ ਤਬਦੀਲੀ ਦਾ ਗਵਾਹ ਬਣ ਚੁੱਕਾ ਹੈ। ਪਿਛਲਾ ਸਮਾਂ ਨਾ ਵੀ ਗਿਣੀਏ ਤਾਂ ਹਰਿਆਣੇ ਨੂੰ ਕੱਢ ਦੇਣ ਪਿੱਛੋਂ ਬਾਕੀ ਬਚੇ ਮੌਜੂਦਾ ਪੰਜਾਬ ਵਿਚ ਤੇਈ-ਤੇਈ ਸਾਲਾਂ ਤੋਂ ਵੱਧ ਅਗਵਾਈ ਕਰ ਚੁੱਕੀਆਂ ਦੋ ਵੱਡੀਆਂ ਪਾਰਟੀਆਂ, ਕਾਂਗਰਸ ਤੇ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਲੋਕਾਂ ਨੇ ਰੱਦ ਕਰ ਕੇ ਇੱਕ ਨਵੀਂ ਪਾਰਟੀ ਨੂੰ ਅਗਵਾਈ ਸੌਂਪ ਦਿੱਤੀ ਹੈ। ਇਸ ਪਾਰਟੀ ਦੀ ਜਿੱਤ ਵੀ ਏਨੀ ਜ਼ੋਰਦਾਰ ਹੈ ਕਿ ਇੱਕ ਸੌ ਸਤਾਰਾਂ ਵਿਚੋਂ ਬਾਨਵੇਂ ਵਿਧਾਇਕ ਇਸ ਇੱਕੋ ਪਾਰਟੀ ਦੇ ਚੁਣੇ ਗਏ ਤੇ ਦੂਸਰਿਆਂ ਦੀ ਸ਼ਰਮਨਾਕ ਹਾਰ ਹੋਈ ਹੈ। ਕਾਂਗਰਸ ਪਾਰਟੀ ਮਸਾਂ ਡੇਢ ਦਰਜਨ ਵਿਧਾਇਕ ਜਿਤਵਾ ਸਕੀ ਤੇ ਅਕਾਲੀ ਦਲ ਲਈ ਪੰਜਾਬ ਦੇ ਤਿੰਨਾਂ ਖੇਤਰਾਂ ਮਾਝਾ, ਮਾਲਵਾ ਤੇ ਦੋਆਬਾ ਤੋਂ ਮਸਾਂ ਇੱਕ-ਇੱਕ ਵਿਧਾਇਕ ਮਿਲਾ ਕੇ ਤਿੰਨ ਜਣੇ ਜਿੱਤ ਸਕੇ ਹਨ ਤੇ ਦੋਵਾਂ ਪਾਰਟੀਆਂ ਦੀ ਮੁੱਖ ਲੀਡਰਸ਼ਿਪ ਅਸਲੋਂ ਰੁਲ ਗਈ ਹੈ। ਲੋਕਾਂ ਨੇ ਇੱਕੋ ਵਾਰ ਕਾਂਗਰਸੀ ਮੁੱਖ ਮੰਤਰੀ ਨੂੰ ਦੋ ਹਲਕਿਆਂ ਵਿਚੋਂ ਹਰਾ ਦਿੱਤਾ ਅਤੇ ਇਸ ਪਾਰਟੀ ਦੇ ਦੋ ਸਾਬਕਾ ਮੁੱਖ ਮੰਤਰੀ ਵੀ ਇਸ ਚੋਣ ਵਿਚ ਹਾਰ ਗਏ। ਪੰਜਾਬ ਦੇ ਸਿਆਸੀ ਖੇਤਰ ਵਿਚ ਕਾਂਗਰਸ ਦੀ ਅੱਧੀ ਸਦੀ ਤੋਂ ਵੱਧ ਸਮਾਂ ਸ਼ਰੀਕਣੀ ਬਣਦੀ ਰਹੀ ਅਕਾਲੀ ਪਾਰਟੀ ਦਾ ਪੰਜ ਵਾਰ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਬੜੀ ਬੁਰੀ ਤਰ੍ਹਾਂ ਹਾਰ ਗਿਆ ਤੇ ਉਸ ਦਾ ਸਾਬਕਾ ਡਿਪਟੀ ਮੁੱਖ ਮੰਤਰੀ ਪੁੱਤਰ ਵੀ ਪੂਰਾ ਮੁੱਖ ਮੰਤਰੀ ਬਣਨ ਦੇ ਸੁਫਨੇ ਲੈਂਦਾ ਹਾਰ ਦਾ ਗਮ ਲੈ ਕੇ ਬਹਿ ਗਿਆ। ਜਿਹੜੀ ਪਾਰਟੀ ਪੰਜ ਸਾਲ ਪਹਿਲਾਂ ਦੀ ਚੋਣ ਵਿਚ ਪੰਜਾਬ ਦੀ ਕਮਾਨ ਸਾਂਭਣ ਦਾ ਦਾਅਵਾ ਕਰਦੀ ਮਸਾਂ ਵੀਹ ਸੀਟਾਂ ਜਿੱਤ ਸਕੀ ਤੇ ਬਾਹਰਿਲਆਂ ਦੀ ਚੁੱਕ ਹੇਠ ਇਸ ਦੇ ਦਸ ਵਿਧਾਇਕ ਪਾਰਟੀ ਛੱਡ ਕੇ ਇਸ ਲਈ ਨਮੋਸ਼ੀ ਦਾ ਕਾਰਨ ਬਣੇ ਸਨ, ਇਨ੍ਹਾਂ ਚੋਣਾਂ ਵਿਚ ਉਸ ਧਿਰ ਨੂੰ ਫਿਰ ਨਿਕੰਮਾ ਤੇ ਕਈ ਕੁਝ ਹੋਰ ਕਿਹਾ ਜਾਂਦਾ ਰਿਹਾ ਸੀ, ਪਰ ਉਹ ਪੰਜਾਬ ਦੀਆਂ ਦੋਵਾਂ ਮੁੱਖ ਧਿਰਾਂ ਨੂੰ ਹਰਾ ਕੇ ਜਿੱਤ ਗਈ ਹੈ। ਇਸ ਪਾਰਟੀ ਦੇ ਮੁਖੀ ਭਗਵੰਤ ਮਾਨ ਨੇ ਹਰਮਨ ਪਿਆਰਤਾ ਦੇ ਪੱਖੋਂ ਸਾਰੇ ਪਿਛਲੇ ਮੁੱਖ ਮੰਤਰੀਆਂ ਨੂੰ ਪਛਾੜ ਦਿੱਤਾ ਹੈ।

ਇਸ ਰਾਜ ਵਿਚ ਇਸ ਪੱਖੋਂ ਤਬਦੀਲੀ ਦਾ ਪਹਿਲਾ ਪ੍ਰਗਟਾਵਾ ਇਹ ਸੀ ਕਿ ਨਵੇਂ ਮੁੱਖ ਮੰਤਰੀ ਦੇ ਸਹੁੰ ਚੁੱਕਣ ਦੀ ਰਸਮ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਵਿਚ ਕੀਤੀ ਗਈ ਹੈ। ਨਵੇਂ ਮੁੱਖ ਮੰਤਰੀ ਦੀ ਕਾਰਗੁਜ਼ਾਰੀ ਬਾਰੇ ਬਾਕੀ ਦਾ ਲੇਖਾ ਬਾਅਦ ਵਿਚ ਕੀਤਾ ਜਾਵੇਗਾ, ਪਰ ਸਰਕਾਰ ਸੰਭਾਲਦੇ ਸਾਰ ਜਿਹੜੇ ਪਹਿਲੇ ਕਦਮ ਉਠਾਏ ਹਨ, ਉਹ ਪੰਜਾਬ ਦੇ ਲੋਕਾਂ ਦੀ ਸ਼ਲਾਘਾ ਖੱਟਣ ਵਾਲੇ ਹਨ। ਚਾਰਜ ਲੈਂਦੇ ਸਾਰ ਨਵੇਂ ਮੁੱਖ ਮੰਤਰੀ ਨੇ ਅਫਸਰਾਂ ਦੀ ਬੈਠਕ ਵਿਚ ਸਾਫ ਕਹਿ ਦਿੱਤਾ ਕਿ ਲੋਕਤੰਤਰ ਵਿਚ ਸਾਡੇ ਸਭਨਾਂ ਤੋਂ ਵੱਡੇ ਲੋਕ ਹੁੰਦੇ ਹਨ, ਜਿਹੜੇ ਕਿਸੇ ਨੂੰ ਫਰਸ਼ ਤੋਂ ਅਰਸ਼ ਤੱਕ ਪਹੁੰਚਾਉਣ ਦੀ ਤਾਕਤ ਦੇ ਮਾਲਕ ਹਨ ਤੇ ਅਰਸ਼ ਉੱਤੇ ਪਹੁੰਚਿਆ ਆਗੂ ਜੇ ਆਸਾਂ ਉੱਤੇ ਪੂਰਾ ਨਹੀਂ ਉੱਤਰਦਾ ਤਾਂ ਫਰਸ਼ ਉੱਤੇ ਵੀ ਸੁੱਟਣ ਦੇ ਸਮਰੱਥ ਹਨ ਅਤੇ ਅਫਸਰਸ਼ਾਹੀ ਲੋਕਾਂ ਲਈ ਹਾਕਮ ਨਹੀਂ, ਸੇਵਕ ਹੋਣੀ ਚਾਹੀਦੀ ਹੈ। ਅਫਸਰਾਂ ਨੂੰ ਇਹ ਵੀ ਕਹਿ ਦਿੱਤਾ ਕਿ ਜਿਹੜੇ ਅਫਸਰ ਚੰਗਾ ਕੰਮ ਕਰਨਗੇ, ਉਨ੍ਹਾਂ ਦਾ ਸਨਮਾਨ ਸਰਕਾਰ ਕਰੇਗੀ ਤੇ ਜਿਨ੍ਹਾਂ ਦੀ ਆਮ ਲੋਕਾਂ ਨਾਲ ਕਿਸੇ ਮਾੜੇ ਵਿਹਾਰ ਦੀ ਸ਼ਿਕਾਇਤ ਆਈ, ਉਹ ਕਿਸੇ ਹਮਦਰਦੀ ਦੀ ਝਾਕ ਵੀ ਨਾ ਰੱਖਣ। ਅਗਲੇ ਦਿਨ ਮੁੱਖ ਮੰਤਰੀ ਨੇ ਨਰਮੇ ਵਾਲੇ ਕਿਸਾਨਾਂ ਨੂੰ ਸੁੰਡੀ ਨਾਲ ਖਰਾਬ ਹੋਈ ਫਸਲ ਦਾ ਚਿਰਾਂ ਦਾ ਰੁਕਿਆ ਮੁਆਵਜ਼ਾ ਦੇਣ ਲਈ ਹੁਕਮ ਜਾਰੀ ਕੀਤਾ ਤਾਂ ਨਾਲ ਨਰਮੇ ਦੀ ਚੁਗਾਈ ਕਰ ਕੇ ਪਰਿਵਾਰ ਪਾਲਣ ਵਾਲੇ ਮਜ਼ਦੂਰਾਂ ਦੇ ਪਰਿਵਾਰਾਂ ਦਾ ਖਿਆਲ ਵੀ ਰੱਖਿਆ ਅਤੇ ਉਨ੍ਹਾਂ ਦੀ ਮਦਦ ਲਈ ਵੀ ਬਣਦੀ ਨਕਦ ਸਹਾਇਤਾ ਦੇਣ ਦਾ ਹੁਕਮ ਦੇ ਦਿੱਤਾ ਹੈ।

ਬਹੁਤ ਸਾਰੇ ਲੋਕਾਂ ਦਾ ਕਹਿਣਾ ਹੈ ਕਿ ਇਹ ਸਰਕਾਰ ਗੱਲਾਂ ਤਾਂ ਬਹੁਤ ਕਰਦੀ ਹੈ, ਅਮਲ ਵਿਚ ਕੰਮ ਕਰਨਾ ਏਨਾ ਸੌਖਾ ਨਹੀਂ ਹੁੰਦਾ, ਇਸ ਕੋਲੋਂ ਕੀਤੇ ਗਏ ਵਾਅਦਿਆਂ ਮੁਤਾਬਕ ਸਿੱਟੇ ਨਹੀਂ ਨਿਕਲ ਸਕਣੇ। ਸਾਡੀ ਸਮਝ ਕਹਿੰਦੀ ਹੈ ਕਿ ਕਰਨ ਵਾਲੇ ਦੀ ਨੀਤ ਸਾਫ ਹੋਣ ਨਾਲ ਉਹ ਕੰਮ ਵੀ ਹੋ ਜਾਂਦੇ ਹਨ, ਜਿਹੜੇ ਕਿਸੇ ਹੋਰ ਨੇ ਨਹੀਂ ਕੀਤੇ ਤੇ ਏਸੇ ਸਰਕਾਰੀ ਮਸ਼ੀਨਰੀ ਤੋਂ ਕਰਵਾਉਣ ਦੀਆਂ ਮਿਸਾਲਾਂ ਵੀ ਮੌਜੂਦ ਹਨ। ਇਸ ਦੀ ਇੱਕ ਮਿਸਾਲ ਇਸ ਵਾਰ ਅਸੈਂਬਲੀ ਚੋਣਾਂ ਦੇ ਵਕਤ ਮਿਲ ਗਈ। ਪੰਜਾਬ ਦੇ ਮੌਜੂਦਾ ਮੁੱਖ ਚੋਣ ਅਫਸਰ ਡਾਕਟਰ ਕਰੁਣਾ ਰਾਜੂ ਦੀ ਨੀਤ ਉੱਤੇ ਕੋਈ ਸ਼ੱਕ ਨਹੀਂ ਕਰ ਸਕਦਾ। ਉਨ੍ਹਾਂ ਨੇ ਸਾਫ-ਸਾਫ ਕਹਿ ਦਿੱਤਾ ਕਿ ਕਾਨੂੰਨ ਦੀ ਉਲੰਘਣਾ ਨਹੀਂ ਹੋਣ ਦੇਣਗੇ ਅਤੇ ਹੋਣ ਵੀ ਨਹੀਂ ਦਿੱਤੀ। ਹੋਰ ਤਾਂ ਹੋਰ, ਇਸ ਵਾਰੀ ਕਾਨੂੰਨ ਤੋਂ ਭਗੌੜੇ ਏਨੇ ਅਪਰਾਧੀ ਸਿਰਫ ਚੋਣਾਂ ਦੌਰਾਨ ਫੜੇ ਗਏ ਕਿ ਪੂਰੀ ਗਿਣਤੀ ਦਾ ਪਤਾ ਲੱਗਣ ਨਾਲ ਬੰਦਾ ਹੈਰਾਨ ਹੋ ਜਾਂਦਾ ਹੈ। ਵੋਟਾਂ ਪੈਣ ਤੋਂ ਦੋ ਦਿਨ ਪਹਿਲਾਂ ਇੱਕ ਆਮ



ਨਾਗਰਿਕ ਨੇ ਉਨ੍ਹਾਂ ਨੂੰ ਇੱਕ ਸੁਨੇਹਾ ਭੇਜ ਦਿੱਤਾ ਕਿ ਫਲਾਣੇ ਇਲਾਕੇ ਵਿਚ ਇੱਕ ਗੈਂਗਸਟਰ ਫਿਰਦਾ ਹੈ, ਜਿਹੜਾ ਵੋਟਾਂ ਵਾਲੇ ਦਿਨ ਕੋਈ ਚੰਦ ਚਾੜ੍ਹ ਸਕਦਾ ਹੈ। ਡਾਕਟਰ ਕਰੁਣਾ ਰਾਜੂ ਨੇ ਸੰਬੰਧਤ ਜ਼ਿਲ੍ਹੇ ਦੇ ਪੁਲਿਸ ਮੁਖੀ ਨੂੰ ਕਿਹਾ ਅਤੇ ਨਾਲ ਉਸ ਤੋਂ ਡੀ ਐੱਸ ਪੀ ਦਾ ਨੰਬਰ ਵੀ ਲੈ ਲਿਆ, ਜਿਸ ਨੇ ਇਹ ਕੰਮ ਕਰਨਾ ਸੀ। ਫਿਰ ਉਸ ਡੀ ਐੱਸ ਪੀ ਨੂੰ ਫੋਨ ਕਰ ਕੇ ਹਰ ਅੱਧੇ ਘੰਟੇ ਪਿੱਛੋਂ ਕੀਤੀ ਕਾਰਵਾਈ ਦੀ ਰਿਪੋਰਟ ਦੇਣ ਅਤੇ ਆਪਣੀ ਲੋਕੇਸ਼ਨ ਦੱਸਣ ਨੂੰ ਕਹਿ ਦਿੱਤਾ ਤੇ ਜਦੋਂ ਡੀ ਐੱਸ ਪੀ ਨੇ ਗੱਲਾਂ ਵਿਚ ਘੁਮਾਉਣ ਲਈ ਥੋੜ੍ਹਾ ਸਮਾਂ ਖਾਲੀ ਲੰਘਾ ਦਿੱਤਾ ਤਾਂ ਉਸ ਨੂੰ ਕਹਿ ਦਿੱਤਾ ਕਿ ਜੇ ਗੈਂਗਸਟਰ ਨਾ ਫੜਿਆ ਤਾਂ ਇੱਕ ਘੰਟੇ ਵਿਚ ਏਥੇ ਨਵਾਂ ਡੀ ਐੱਸ ਪੀ ਆਵੇਗਾ ਅਤੇ ਤੁਸੀਂ ਕਾਰਵਾਈ ਦਾ ਸਾਹਮਣਾ ਕਰੋਗੇ। ਵਰਦੀ ਲਹਿ ਜਾਣ ਦੀ ਚਿੰਤਾ ਵਿਚ ਅਜੇ ਤੱਕ ਗੱਲ ਟਾਲਦੇ ਰਹੇ ਡੀ ਐੱਸ ਪੀ ਨੇ ਅੱਧੇ ਘੰਟੇ ਤੋਂ ਪਹਿਲਾਂ ਰਿਪੋਰਟ ਭੇਜ ਦਿੱਤੀ ਕਿ ਗੈਂਗਸਟਰ ਫੜ ਲਿਆ ਹੈ, ਕਿਉਂਕਿ ਲੱਭਣ ਦੀ ਲੋੜ ਨਹੀਂ ਸੀ, ਉਸ ਨੂੰ ਪਤਾ ਹੋਵੇਗਾ ਕਿ ਬੰਦਾ ਕਿਸ ਰਾਜਸੀ ਆਗੂ ਨੇ ਕਿੱਥੇ ਲੁਕਾਇਆ ਹੈ!

ਇਹ ਸਿਰਫ ਇੱਕ ਮਿਸਾਲ ਹੈ, ਪਰ ਇੱਕੋ-ਇੱਕੋ ਨਹੀਂ, ਅਗਲੇ ਦਿਨਾਂ ਵਿਚ ਏਦਾਂ ਦੀਆਂ ਕਈ ਮਿਸਾਲਾਂ ਹੋਰ ਵੀ ਮਿਲਣ ਦੀ ਆਸ ਹੈ। ਸਰਕਾਰ ਜਦੋਂ ਕੁਝ ਅਗਲੇ ਕਦਮ ਉਠਾਵੇਗੀ ਤੇ ਦਫਤਰਾਂ ਵਿਚ ਸਿਰਫ ਲੋਕ ਲੁਭਾਊ ਛਾਪਿਆਂ ਦੀ ਕਾਰਵਾਈ ਪਾਉਣ 'ਚ ਰੁੱਝੇ ਆਪਣੇ ਵਿਧਾਇਕਾਂ ਨੂੰ ਅਨੁਸ਼ਾਸਨ ਵਿਚ ਰੱਖੇਗੀ, ਉਸ ਮਗਰੋਂ ਉਸ ਬਾਰੇ ਅਗਲੇ ਪੜਾਵਾਂ ਵਿਚ ਸੋਚਿਆ ਜਾ ਸਕਦਾ ਹੈ, ਪਰ ਮੁੱਢਲੇ ਪੱਧਰ ਉੱਤੇ ਲੋਕਾਂ ਨੂੰ ਉਸ ਤੋਂ ਆਸਾਂ ਬਹੁਤ ਹਨ। ਆਮ ਲੋਕਾਂ ਦੀਆਂ ਇਨ੍ਹਾਂ ਵੱਡੀਆਂ ਆਸਾਂ ਮੁਤਾਬਕ ਕੰਮ ਕਰਨਾ ਅਤੇ ਸਿੱਟੇ ਕੱਢਣਾ ਇਸ ਪਾਰਟੀ ਲਈ ਵੱਡਾ ਇਮਤਿਹਾਨ ਹੈ। ਪੰਜਾਬ ਦੇ ਲੋਕਾਂ ਨੇ ਜਿੱਦਾਂ ਦਾ ਫਤਵਾ ਦਿੱਤਾ ਹੈ, ਉਸ ਦੇ ਬਾਅਦ ਨਾਅਰੇ ਭਾਵੇਂ ਇਨਕਲਾਬ ਦੇ ਲੱਗਦੇ ਰਹੇ ਹੋਣ, ਇਹ ਕੋਈ ਵਿਚਾਰਧਾਰਕ ਜਾਂ ਵੱਖਰੇ ਸਮਾਜ ਦੀ ਸਿਧਾਂਤਕ ਪਹੁੰਚ ਵਾਲਾ ਇਨਕਲਾਬ ਨਹੀਂ ਮੰਨਣਾ ਚਾਹੀਦਾ। ਇਹ ਇੱਕ ਤਬਦੀਲੀ ਜ਼ਰੂਰ ਹੈ, ਪਰ ਤਬਦੀਲੀ ਇਸੇ ਸਿਆਸੀ ਢਾਂਚੇ ਅੰਦਰ ਆਏ ਵਿਗਾੜਾਂ ਨੂੰ ਏਸੇ ਸੰਵਿਧਾਨ ਤੇ ਅਜੋਕੇ ਨਿਯਮਾਂ ਦੇ ਅਧੀਨ ਚੱਲਦੇ ਹੋਏ ਹੀ ਸਮਾਜ ਨੂੰ ਸੁਧਾਰ ਕੇ ਲੀਹ ਉੱਤੇ ਪਾਉਣ ਵੱਲ ਸੇਧਤ ਹੈ। ਸਮਾਜ ਸੁਧਾਰਕ ਅੰਨਾ ਹਜ਼ਾਰੇ ਨੇ ਭਾਰਤ ਦੇ ਲੋਕਾਂ ਦੀ ਚੇਤਨਾ ਨੂੰ ਜਦੋਂ ਟੁੰਬਿਆ ਤੇ ਉਨ੍ਹਾਂ ਨੂੰ ਸਿਰਫ ਭ੍ਰਿਸ਼ਟਾਚਾਰ ਵਿਰੋਧ ਦੇ ਇੱਕ ਨੁਕਤੇ ਉੱਤੇ ਲਾਮਬੰਦੀ ਦੇ ਰਾਹ ਪਾਇਆ ਸੀ, ਉਹ ਵੀ ਕੋਈ ਸਿਧਾਂਤਕ ਪੱਖ ਤੋਂ ਇਨਕਲਾਬ ਦੀ ਲਹਿਰ ਨਹੀਂ, ਇਸੇ ਸਿਸਟਮ ਦੇ ਅੰਦਰ ਆ ਚੁੱਕੇ ਵਿਗਾੜਾਂ ਨੂੰ ਸੁਧਾਰਨ ਦੀ ਕੋਸ਼ਿਸ਼ ਸੀ। ਜਦੋਂ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਦਾ ਕ੍ਰਿਸ਼ਮਾ ਹੋਇਆ ਤੇ ਭਾਰਤ ਦੀ ਰਾਜਧਾਨੀ ਦੇ ਲੋਕਾਂ ਨੇ ਉਸ ਦਾ ਕੰਮ ਹੁੰਦਾ ਵੇਖਿਆ ਤਾਂ ਅਗਲੀ ਵਾਰ ਫਿਰ ਕੇਜਰੀਵਾਲ ਦੀ ਅਗਵਾਈ ਦੇ ਹੱਕ ਵਿਚ ਫਤਵਾ ਦੇ ਦਿੱਤਾ ਸੀ। ਉਸ ਦੀਆਂ ਲਗਾਤਾਰ ਇਨ੍ਹਾਂ ਦੋ ਜਿੱਤਾਂ ਨੇ ਭਾਰਤੀ ਲੋਕਾਂ ਨੂੰ ਵਿਖਾ ਦਿੱਤਾ ਸੀ ਕਿ ਸਿਰਫ ਕਿਸੇ ਇੱਕ ਧਰਮ ਦੇ ਨਾਂਅ ਉੱਤੇ ਆਮ ਲੋਕਾਂ ਨੂੰ ਉਕਸਾ ਕੇ ਹੀ ਰਾਜ ਦੀ ਮਿਆਦ ਲੰਮੀ ਨਹੀਂ ਕੀਤੀ ਜਾਂਦੀ, ਆਮ ਲੋਕਾਂ ਦਾ ਸਾਹ ਅਮਲ ਵਿਚ ਸੁਖਾਲਾ ਕੀਤਾ ਜਾਵੇ ਤਾਂ ਲੋਕ ਇਸ ਦੀ ਵੀ ਏਨੀ ਕਦਰ ਪਾਉਂਦੇ ਹਨ ਕਿ ਬਾਕੀ ਸਭ ਗੱਲਾਂ ਰੱਦ ਕਰ ਦੇਂਦੇ ਹਨ।

ਪੰਜਾਬ ਵਿਚ ਜਿਹੜੀ ਤਬਦੀਲੀ ਆਈ ਹੈ, ਉਹ ਕਿਸੇ ਸਿਧਾਂਤਕ ਸੋਚਣੀ ਦੀ ਪ੍ਰਤੀਕ ਨਹੀਂ, ਪੰਜਾਬ ਦੇ ਆਮ ਲੋਕਾਂ ਦੀ ਇਸ ਇੱਛਾ ਦੀ ਪ੍ਰਤੀਕ ਹੈ ਕਿ ਇਸ ਰਾਜ ਵਿਚ ਆਮ ਲੋਕਾਂ ਦੀ ਕਦਰ ਕਦੇ ਨਾ ਕਦੇ ਪੈਣੀ ਚਾਹੀਦੀ ਹੈ। ਇਸ ਨੇਕ ਸੋਚ ਲਈ ਲੋਕਾਂ ਨੇ ਵੋਟਾਂ ਪਾਈਆਂ ਹਨ ਅਤੇ ਇਸ ਸੋਚ ਲਈ ਨਵੀਂ ਸਰਕਾਰ ਨੂੰ ਅਗਲੇ ਕਦਮ ਪੁੱਟਣੇ ਪੈਣਗੇ ਅਤੇ ਯਾਦ ਰੱਖਣਾ ਹੋਵੇਗਾ ਕਿ ਜਿੰਨਾ ਵੀ ਲੰਮਾ ਸਮਝਿਆ ਜਾਵੇ, ਪੰਜ ਸਾਲ ਵਾਲਾ ਸਮਾਂ ਨਾ ਕੰਮ ਕਰਨ ਦੇ ਲਈ ਬਹੁਤਾ ਹੁੰਦਾ ਹੈ, ਨਾ ਲੋਕਾਂ ਨੂੰ ਗੱਲਾਂ ਵਿਚ ਲਾ ਕੇ ਡੰਗ ਟਪਾਉਣ ਲਈ ਮਿਲਿਆ ਹੁੰਦਾ ਹੈ। ਇੱਕ-ਇੱਕ ਦਿਨ ਕਰ ਕੇ ਕਿਰਦੇ ਜਾ ਸਕਦੇ ਇਸ ਪੰਜ ਸਾਲਾਂ ਵਾਲੇ ਸਮੇਂ ਵਿਚ ਹਰ ਪਲ ਲੋਕਾਂ ਦੇ ਲੇਖੇ ਲਾਉਣਾ ਪਵੇਗਾ। ਸਿੱਟੇ ਤਦੇ ਹੀ ਨਿਕਲਣਗੇ।

## ਕਾਵਿ-ਕਿਆਰੀ

### 'ਮਾਨਾਂ' ਵੇ ਬੇਈਮਾਨ ਨਾ ਕਹਾਵੀਂ

ਕਰ ਦਿੱਤਾ ਸਾਫ਼ ਸਾਰਾ ਕੂੜਾ ਢੇਰ ਜੀ,
ਹੌ.ਲੀ ਹੌ.ਲੀ ਸਹੀ ਭਾਵੇਂ ਲੱਗੀ ਦੇਰ ਜੀ।
ਅੱਕ ਗਏ ਸੀ ਲੋਕ ਗੱਪਾਂ ਸੁਣ ਸੁਣ ਕੇ,
ਤੋੜ'ਤੀ ਜ਼ੰਜੀਰ ਜਿੱਥੋਂ ਵੱਜਦੇ ਸੀ ਤੁਣਕੇ।

ਰੱਖੋ 'ਆਪ' 'ਤੇ ਭਰੋਸੇ ਦੀਆਂ ਡੋਰੀਆਂ,
ਭਗਵੰਤ ਮਾਨ ਕਰੋ ਬੰਦ ਚੋਰ ਮੋਰੀਆਂ।
ਬਾਦਲ ਦੀਆਂ ਬੱਸਾਂ ਖਜ਼ਾਨਾ ਲੁੱਟਿਆ,
ਝੂਠੇ ਲਾਰੇ ਲਾ ਕੇ ਕੈਪਟਨ ਨੇ ਕੁੱਟਿਆ।

ਖਾ ਰੇਤਾ ਬਜਰੀ ਪੰਜਾਬ ਕੀਤਾ ਖੋਖ਼.ਲਾ,
ਲੋਕਾਂ ਦੇ ਕਚੂੰਮਰ ਹਾਕਮਾਂ ਦਾ ਚੋਚਲਾ।
ਤੰਤਰ ਸਰਕਾਰੀ ਵੱਢੀਖੋਰ ਹੋ ਗਿਆ,
ਚੌਕੀਦਾਰ ਚਿੱਟੇ ਦਿਨ ਚੋਰ ਹੋ ਗਿਆ।

ਚਿੱਟਾ ਵੇਚ ਵੇਚ ਲੋਕਾਂ ਮਹਿਲ ਪਾ ਲਏ,
ਨਸ਼ੇ ਵਾ.ਲੀ ਲਤ ਧੀਆਂ ਪੁੱਤ ਫਾਹ ਲਏ।
ਪੰਜਾਬ ਗੋਡੇ ਗੋਡੇ ਦਲਦਲ ਹੈ ਖੁੱਭਿਆ,
ਗੱਭਰੂ ਦੇ ਪ੍ਰਦੇਸ ਦਾ ਖੰਜਰ ਹੈ ਚੁੱਭਿਆ।

ਦੇਖੋ ਦੇਖੀ ਤੁਰ ਪਏ ਸਭ ਘੱਤ ਵਹੀਰਾਂ,
ਵੇਚ ਕੇ ਜ਼ਮੀਨਾਂ ਅਜ਼ਮਾਉਣ ਤਕਦੀਰਾਂ।
ਬੇਵੱਸ ਪਿੱਛੇ ਕੁਰਲਾਉਂਦੇ ਬੁੱਢੜੇ ਮਾਪੇ,
ਭੁਗਤ ਰਹੇ ਅਣਹੋਣੀ ਵਾ.ਲੇ ਸਿਆਪੇ।

ਸਾਂਭ ਲੈ ਮਾਨਾ ਮੁੱਖ ਮੰਤਰੀ ਦੀ ਕੁਰਸੀ,
ਚੁੱਕ ਦੇਵੀਂ ਪੰਜਾਬ ਦੀ ਖੰਘ ਤੇ ਖੁਸ਼ਕੀ।
ਮਖਾਂ ਆ ਜਾਏ ਇਸਨੂੰ ਸੁੱਖ ਦਾ ਸਾਹ,
ਫਿਰ ਜਨਤਾ ਆਖੂ 'ਵਾਹ ਬਈ ਵਾਹ।'

ਦਿਸਦਾ ਸੌਖਾ ਪਰ ਕੰਮ ਬੜਾ ਔਖਾ,
ਦੇਖੀਂ ਦੇਵੀਂ ਨਾ ਵਿਸ਼ਵਾਸ ਨੂੰ ਧੋਖਾ।
ਹਰ ਦਿਨ ਲੱਗਣੀ ਲੋਕ ਕਚਹਿਰੀ,
ਤਿਰਛੀਆਂ ਨਜ਼ਰਾਂ ਦੇਖਣਾ ਗਹਿਰੀ।

*-ਸੇਵਾ ਸਿੰਘ 'ਨੂਰਪੁਰੀ'*

### ਕਤਲ ਕਬੱਡੀ ਦਾ

ਇਕ ਹੋਰ ਸਿਤਾਰਾ ਟੁੱਟ ਗਿਆ ਅੰਬਰੋਂ
ਖੇਡ ਕਬੱਡੀ ਦਾ।
ਸੰਦੀਪ ਕਤਲ ਨਹੀਂ ਤੇਰਾ
ਇਹ ਤਾਂ ਕਤਲ ਕਬੱਡੀ ਦਾ।

ਪ੍ਰਦੇਸੀਆਂ ਮੋਢੇ ਚੁੱਕ ਕੇ
ਕਬੱਡੀ ਅੰਬਰੀਂ ਚਾੜ੍ਹ ਦਿੱਤੀ,
ਸੁਪਨਾ ਵਿਚ ਓਲਿੰਪਿਕ ਖੇਡੂ
ਇਹ ਖੇਲ ਕਬੱਡੀ ਦਾ।

ਘੜੰਮ ਚੌਧਰੀਆਂ ਲੱਗਦਾ
ਸਾਰੀਆਂ ਖੇਡਾਂ ਖਾ ਜਾਣੀਆਂ,
ਕਿਵੇਂ ਜਲੂਸ ਹਾਏ ਕੱਢਿਆ
ਸਾਡੀ ਮਾਂ ਖੇਡ ਕਬੱਡੀ ਦਾ।

ਸਿਆਸਤਦਾਨਾਂ ਵਿਚ ਇਹਦੇ
ਰਾਜਨੀਤੀ ਵਾੜ ਦਿੱਤੀ,
ਇਕ ਅੱਧਾ ਘਰ ਡੈਣ ਵੀ ਕਹਿੰਦੀ
ਅਸੀਂ ਵੀ ਛੱਡੀ ਦਾ।

ਡਰੱਗ ਮਾਫ਼ੀਆ ਵਿਚ ਕਬੱਡੀ
ਜ਼ੋਰ ਫੜ ਗਿਆ ਹੁਣ ,
ਲੋਕੋ ਫ.ਲ ਅਤੇ ਛਾਂ ਵਾਲੇ ਰੁੱਖ ਨੂੰ
ਕਦੀ ਨਹੀਂ ਵੱਢੀ ਦਾ।

ਕਿਹੜੇ ਕਿਹੜੇ ਟੀਕੇ ਲਾ ਕੇ
ਕਿਹਨੂੰ ਜ਼ੋਰ ਦਿਖਾਉਂਦੇ ਹੋ,
ਯਾਰੋ ਮਿਹਨਤ ਅਤੇ ਖ਼ੁਰਾਕ ਨਾਲ
ਸਦਾ ਝੰਡਾ ਗੱਡੀ ਦਾ।

ਝਿੰਗੜਾਂਵਾਲਾ ਦੀਪ ਬੇਨਤੀ
ਭਗਵੰਤ ਨੂੰ ਕਰਨ ਲੱਗਾ,
ਦਿਖਾ ਦੇ ਨਸ਼ਾ ਤੇ ਅਸਲਾ
ਪੰਜਾਬ 'ਚੋਂ ਕਿਵੇਂ ਕੱਢੀ ਦਾ।

*-ਕੁਲ 'ਦੀਪ' ਸਿੰਘ ਗਿੱਲ*
*ਫੋਨ: 416-409-3811*

---

### ਭਗਤ ਸਿੰਘ

ਨੌਵੇਂ ਮਾਹ ਦੀ ਮਿਤੀ ਅਠਾਈ,
ਸੰਨ ਉੰਨੀ ਸੌ ਸੱਤ ਸੀ
ਦੇਸ਼ ਆਜ਼ਾਦ ਕਰਾਵਣ ਦੇ ਲਈ,
ਜੰਮਿਆ ਸਿੰਘ ਭਗਤ ਸੀ।

ਵਿੱਦਿਆਵਤੀ ਤੇ ਕਿਸ਼ਨ ਸਿੰਘ ਦਾ,
ਪੁੱਤ ਸੀ ਭਾਗਾਂ ਵਾਲਾ
ਦੇਸ਼-ਪ੍ਰੇਮ ਦੇ ਜਜ਼ਬੇ ਵਿਚ ਉਹ,
ਬਣ ਬੈਠਾ ਮਤਵਾਲਾ।

ਗਾਂਧੀ ਜੀ ਨਾ-ਮਿਲਵਰਤਨ ਦੀ,
ਐਸੀ ਲਹਿਰ ਚਲਾਈ
ਭਗਤ ਸਿੰਘ ਪ੍ਰਭਾਵਿਤ ਹੋ,
ਅੱਧ-ਵਿਚੋਂ ਛੱਡੀ ਪੜ੍ਹਾਈ।

ਇਨਕਲਾਬ ਤੇ ਜ਼ਿੰਦਾਬਾਦ ਦੇ,
ਨਾਅਰੇ ਅਰਸ਼ੀਂ ਗੂੰਜੇ
ਗੋਰਾ ਸਾਂਡਰਸ ਮਾਰ ਮੁਕਾਇਆ,
ਲਾ ਦਿੱਤਾ ਸੀ ਖੂੰਜੇ।

ਭਗਤ ਸਿੰਘ, ਬਟੁਕੇਸ਼ਵਰ ਰ.ਲ ਕੇ,
ਬੰਬ ਅਸੈਂਬਲੀ ਸੁੱਟਿਆ
ਪਰ ਭੱਜਣ ਲਈ ਦੋਹਾਂ ਉਥੋਂ,
ਇੱਕ ਵੀ ਕਦਮ ਨਾ ਪੁੱਟਿਆ।

ਕ੍ਰਾਂਤੀਕਾਰੀ ਫੜ ਕੇ ਗੋਰਿਆਂ,
ਹੱਥਕੜੀਆਂ ਸੀ ਲਾਈਆਂ
ਵਤਨ-ਪ੍ਰੇਮੀ ਸੁੱਟੇ ਜੇਲ੍ਹੀਂ,
ਪੈ ਗਏ ਵੱਸ ਕਸਾਈਆਂ।

ਰਾਜਗੁਰੂ, ਸੁਖਦੇਵ, ਭਗਤ ਸਿੰਘ,
ਚੜ੍ਹ ਗਏ ਫਾਂਸੀ ਹੱਸਦੇ
"ਫੇਰ ਮਿਲਾਂਗੇ, ਦੇਸ਼ਵਾਸੀਓ!
ਰਹਿਣਾ ਵੱਸਦੇ-ਰਸਦੇ।"

ਸੰਨ ਉਨੀ ਸੌ 'ਕੱਤੀ ਦਾ ਸੀ,
ਮਿਤੀ ਮਾਰਚ ਦੀ ਤੇਈ
ਨਮ ਅੱਖਾਂ ਨਾਲ 'ਰੂਹੀ' ਆਖੇ:
'ਮਿੱਤਰ ਅਸਾਡੇ ਸੇਈ।'

ਜੀਵਨ ਅਤੇ ਵਿਚਾਰਧਾਰਾ ਸੀ,
ਭਗਤ ਸਿੰਘ ਦੀ ਐਸੀ
ਸ਼ਹੀਦੇ-ਆਜ਼ਮ ਰੁਤਬਾ ਪਾਇਆ,
ਕਰਨੀ ਕੀਤੀ ਕੈਸੀ।

ਐਸੇ ਸੂਰੇ ਯੋਧਿਆਂ ਨੂੰ ਸਭ,
ਰਲ ਕੇ ਸੀਸ ਝੁਕਾਈਏ
ਭੀੜ ਬਣੇ ਜੇ ਦੇਸ਼ ਦੇ ਉਤੇ,
ਕਦੇ ਨਾ ਪਿੱਠ ਵਿਖਾਈਏ।

*-ਪ੍ਰੋ. ਨਵ ਸੰਗੀਤ ਸਿੰਘ*
*ਫੋਨ: 94176-92015*

---

### ਜੰਗ ਨੂੰ ਠੱਲ੍ਹ ਪਾਈਏ!

ਰਲ-ਮਿਲ ਦੁਨੀਆ ਵਾਲਿਓ!
ਜੰਗ ਨੂੰ ਠੱਲ੍ਹ ਪਾਈਏ।
ਇਹ ਜੰਗ ਕਿਤੇ ਨਾ ਫੈਲ ਜਾਏ,
ਆਓ! ਸੰਸਾਰ ਬਚਾਈਏ।

ਚੰਗਿਆੜੀ ਜੋ ਭੜਕ ਰਹੀ,
ਕਿਤੇ ਸਾੜ ਸੁੱਟੇ,
ਵਿੱਥਾਂ ਭਰੇ ਇਸ ਜੱਗ ਵਿਚ,
ਆਓ ਠੰਢ ਵਰਤਾਈਏ।

ਮੁਲਕਾਂ ਦੇ ਰਹਿਬਰ ਨੇ,
ਕਿਸ ਪਾਸੇ ਵੱਲ ਜਾ ਰਹੇ,
ਆਓ! ਰਲ-ਮਿਲ ਇਨ੍ਹਾਂ ਨੂੰ,
ਸਿੱਧੇ ਰਾਹ ਪਾਈਏ।

ਦੁਨੀਆ ਦੀ ਸਟੇਜ 'ਤੇ,
ਹਉਮੈ ਦੇਖੋ ਪ੍ਰਧਾਨ ਹੈ,
ਨਿਮਰਤਾ ਦੇ ਪੱਖ ਨੂੰ,
ਆਓ ਮੁੜ ਦੁਹਰਾਈਏ।

ਪੀਰ, ਫਕੀਰ, ਸੰਤ ਸਭ,
ਸਾਨੂੰ ਰਹੇ ਸਮਝਾਂਵਦੇ,
(ਸਰਬ) ਸਾਂਝੀਵਾਲਤਾ ਦੇ ਸਬਕ ਦਾ,
ਗੁਣਗਾਣ ਕਰਾਈਏ।

ਤਰੱਕੀਆਂ ਦੇ ਸਿਖਰ 'ਤੇ,
ਦੁਨੀਆ ਹੈ ਭਾਵੇਂ ਜਾਪਦੀ,
ਮਨੁੱਖਤਾ ਦੀ ਅੜਬ ਸੋਚ 'ਤੇ
ਕਿਵੇਂ ਪਰਦਾ ਪਾਈਏ।

ਹਥਿਆਰਾਂ ਦਾ ਵਪਾਰ ਹੀ,
ਕਾਰਨ ਹੈ ਹਰ ਜੰਗ ਦਾ,
ਉਚੇ ਆਦਰਸ਼ੀਂ ਸੇਧ ਦੇ,
ਆਓ ਜੱਗ ਰੁਸ਼ਨਾਈਏ।

ਜੰਗਾਂ ਦੇ ਇਤਿਹਾਸ ਪੜ੍ਹ, ਸੁਣ,
ਕਰੋ ਸੋਚ-ਵਿਚਾਰਾਂ,
ਭੁੱਲੇ ਭਿਆਨਕ ਸਿੱਟਿਆਂ ਨੂੰ
ਆਓ ਯਾਦ ਕਰਾਈਏ।

ਜੰਗਾਂ ਦੇ ਬਿਰਤਾਂਤ 'ਚੋਂ,
ਨਸਲਵਾਦ ਹੈ ਝਲਕਾਂ ਮਾਰਦਾ,
ਮੀਡੀਆ ਨੂੰ ਅੱਜ ਪਰਖ ਕੇ,
ਸੱਚ ਵੱਲ ਲੈ ਜਾਈਏ।

*-ਮਨਜੀਤ ਸਿੰਘ ਗਿੱਲ,*
*ਮਿਸ਼ੀਗਨ*
*ਫੋਨ: 91-94175-02773*

# ਪੜ੍ਹਨ-ਯੋਗ ਪੁਸਤਕ 'ਮੇਰੇ ਮੇਹਰਬਾਨ'

ਮੇਰੇ ਸਾਹਮਣੇ ਸਾਧੂ ਸਿੰਘ (ਡਾ.), ਜਿਨ੍ਹਾਂ ਨੂੰ ਅਸੀਂ ਸਾਰੇ, ਬਕੌਲ ਉਨ੍ਹਾਂ ਦੇ, 'ਯਾਰ ਅਨਮੁੱਲੇ' ਹੀ 'ਸਾਧੂ ਭਾਅ ਜੀ' ਨਹੀਂ ਕਹਿੰਦੇ, ਸਗੋਂ ਉਨ੍ਹਾਂ ਦੇ ਕਈ ਯਾਰਾਂ ਦੇ ਬੱਚੇ ਵੀ 'ਭਾਅ ਜੀ ਅੰਕਲ' ਆਖ ਕੇ ਸੰਬੋਧਨ ਕਰਦੇ ਹਨ, ਦੀ ਕਿਤਾਬ 'ਮੇਰੇ ਮੇਹਰਬਾਨ' ਪਈ ਹੈ। 160 ਸਫ਼ਿਆਂ ਦੀ ਇਹ ਕਿਤਾਬ ਉਨ੍ਹਾਂ ਦੀ 'ਮੇਹਰ' ਨਾਲ ਜਿਸ ਦਿਨ ਮੈਨੂੰ ਦੁਪਹਿਰ ਤੋਂ ਪਹਿਲਾਂ ਡਾਕ ਰਾਹੀਂ ਮਿਲੀ; ਮੈਂ ਸੂਰਜ ਡੁੱਬਣ ਤੋਂ ਪਹਿਲਾਂ ਪੜ੍ਹ ਵੀ ਲਈ। ਇਸ ਵਿਚ ਉਨ੍ਹਾਂ ਦੇ ਵੱਖ-ਵੱਖ ਸ਼ਖ਼ਸੀਅਤਾਂ ਬਾਰੇ ਲਿਖੇ ਬਾਰਾਂ ਵਾਰਤਕ-ਲੇਖ ਸ਼ਾਮਲ ਹਨ। ਉਨ੍ਹਾਂ ਨੇ ਇਨ੍ਹਾਂ ਲੇਖਾਂ ਨੂੰ ਜਾਣ-ਬੁੱਝ ਕੇ 'ਰੇਖਾ ਚਿਤਰ' ਜਾਂ 'ਸ਼ਬਦ-ਚਿਤਰ' ਕਹਿਣੋਂ ਗੁਰੇਜ਼ ਕੀਤਾ ਹੈ।



ਇਸ ਲਿਖਤ ਦੀ ਪਹਿਲੀ ਖ਼ੂਬੀ ਹੀ ਇਹੋ ਹੈ ਕਿ ਤੁਸੀਂ ਪੜ੍ਹਨ ਬੈਠੋ ਤਾਂ ਕਿਤਾਬ ਨੂੰ ਹੱਥੋਂ ਛੱਡਣ ਨੂੰ ਚਿੱਤ ਨਹੀਂ ਕਰਦਾ।

**ਵਰਿਆਮ ਸਿੰਘ ਸੰਧੂ**
**ਫੋਨ: 647-535-1539**

ਸਾਧੂ ਭਾਅ ਜੀ ਦੇ ਜਾਣਕਾਰ ਜਾਣਦੇ ਹਨ ਕਿ ਉਨ੍ਹਾਂ ਦੀ ਕਲਮ ਤੇ ਜ਼ਬਾਨ 'ਤੇ ਸਰਸਵਤੀ ਦਾ ਵਾਸ ਹੈ। ਉਹ ਜਿੰਨੀ ਮੁਹਾਰਤ ਨਾਲ ਸੰਕੋਚਵੇਂ, ਸੰਤੁਲਿਤ, ਸੁਹਿਰਦ, ਸਹਜ-ਭਾਵੀ ਸ਼ਾਨਦਾਰ ਸ਼ਬਦਾਂ ਵਿਚ ਆਪਣੀ ਗੱਲ ਬੋਲ ਕੇ ਕਰਦੇ ਹਨ, ਓਨੀ ਹੀ, ਦਿਲ-ਦਿਮਾਗ ਵਿਚ ਘਰ ਲੈਣ ਵਾਲੀ ਸੁੰਦਰ ਤੇ ਸੁਹਜੀਲੀ ਜੜਤ ਵਾਲੀ ਵਾਰਤਕ ਲਿਖਣ ਦੇ ਵੀ ਧਨੀ ਹਨ। ਹੱਥ ਕੰਗਣ ਨੂੰ ਆਰਸੀ ਦੀ ਲੋੜ ਨਹੀਂ। ਉਹ ਖ਼ੁਦ ਲਿਖਦੇ ਹਨ, "ਜਦ ਕਦੇ ਕਿਸੇ ਦੀ ਕਲਮ ਜਾਂ ਜ਼ਬਾਨ ਰਾਹੀਂ ਆਪਣੇ ਪਾਠਕਾਂ ਜਾਂ ਸਰੋਤਿਆਂ ਦੇ ਮਨਾਂ ਨੂੰ ਕੀਲ ਲੈਣ ਵਾਲੇ ਸ਼ਬਦਾਂ ਦਾ ਯੋਅ-ਮੇਲ ਬਣੇ ਤਾਂ ਉਸ ਘੜੀ ਦੇ ਮਾਹੌਲ ਬਾਰੇ ਲੋਕ ਇਹ ਕਹਿੰਦੇ ਸੁਣੀਂਦੇ ਹਨ ਕਿ ਫ਼ਲਾਣੇ ਦੀ ਜ਼ਬਾਨ 'ਤੇ ਉਸ ਵੇਲੇ ਸਰਸਵਤੀ ਦਾ ਵਾਸਾ ਹੋ ਗਿਆ ਲੱਗਦਾ ਸੀ। ਕਦੀ ਕਦੀ ਇਸ ਖ਼ੂਬਸੂਰਤ ਸਬੱਬ ਦਾ ਭਾਗੀ ਹੋਣ ਦਾ ਮੈਨੂੰ ਵੀ ਵਿਰਲਾ ਟਾਵਾਂ ਮੌਕਾ ਮਿਲ ਹੀ ਜਾਂਦਾ ਹੈ।"

ਮੈਂ ਇਸ ਵਿਚ ਕੇਵਲ ਏਨਾ ਕੁ ਜੋੜਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਤਕਰੀਰ ਅਤੇ ਤਹਿਰੀਰ ਰਾਹੀਂ ਸਰੋਤਿਆਂ ਤੇ ਪਾਠਕਾਂ ਨੂੰ ਕੀਲ ਲੈਣ ਦਾ ਮੌਕਾ 'ਵਿਰਲਾ ਟਾਵਾਂ' ਨਹੀਂ, ਸਗੋਂ ਹਰ ਵਾਰ ਮਿਲਦਾ ਹੈ। ਉਹ ਸ਼ਬਦਾਂ ਦਾ ਜਾਦੂਗਰ ਹੈ। ਸ਼ਬਦ ਤਾਂ ਉਹਦੀ ਹਜ਼ੂਰੀ ਵਿਚ ਹੱਥੀਂ-ਬੱਧੇ ਗ਼ੁਲਾਮ ਵਾਂਗ ਸਿਰ ਝੁਕਾਈ ਖੜੋਤੇ ਨਜ਼ਰ ਆਉਂਦੇ ਹਨ। ਸਮੇਂ ਦੀ ਧੂੜ ਵਿਚ ਗੁੰਮ-ਗੁਆਚ ਗਏ ਕਈ ਸ਼ਬਦ ਉਹ ਅਛੋਪਲੇ ਜਿਹੇ ਹੀ ਮਨ ਦੇ ਕਿਸੇ ਖੂੰਜੇ ਵਿਚੋਂ ਪੁੱਟ ਲਿਆਉਂਦਾ ਹੈ ਤੇ ਉਨ੍ਹਾਂ ਨੂੰ ਮਾਂਜ ਸਵਾਰ ਕੇ ਆਪਣੀ ਤਹਿਰੀਰ ਜਾਂ ਤਕਰੀਰ ਵਿਚ ਇੰਜ ਜੜਦਾ ਹੈ ਕਿ ਉਨ੍ਹਾਂ ਦੇ ਅਰਥਾਂ ਦੀ ਲਿਸ਼ਕ ਸਾਡੇ ਧੁਰ ਅੰਦਰ ਤੱਕ ਕੌਂਧ ਜਾਂਦੀ ਹੈ।

ਜੇ ਅੱਜ ਤੱਕ ਉਨ੍ਹਾਂ ਦੀ ਤਕਰੀਰ ਨਹੀਂ ਸੁਣੀ ਤਾਂ ਜਦ ਮੌਕਾ ਲੱਗੇ ਤਾਂ ਖੁੰਝਣ ਨਾ ਦੇਣਾ, ਪਰ, ਜੇ ਤਹਿਰੀਰ ਦਾ ਹੁਸਨ ਮਾਨਣਾ ਹੈ ਤਾਂ 'ਮੇਰੇ ਮੇਹਰਬਾਨ' ਜ਼ਰੂਰ ਪੜ੍ਹੋ।

ਇਨ੍ਹਾਂ ਵਿਚੋਂ ਸੱਤ ਲੇਖ ਤਾਂ ਸਭ ਦੀਆਂ ਜਾਣੀਆਂ-ਪਛਾਣੀਆਂ ਸਾਹਿਤਕ ਹਸਤੀਆਂ (ਪ੍ਰੋ. ਗੁਲਵੰਤ ਸਿੰਘ, ਅੰਮ੍ਰਿਤਾ ਪ੍ਰੀਤਮ, ਕੁਲਵੰਤ ਸਿੰਘ ਵਿਰਕ, ਦੇਵ, ਤੇਰਾ ਸਿੰਘ ਚੰਨ ਤੇ ਇਕਬਾਲ ਮਾਹਲ) ਬਾਰੇ ਹਨ। ਚਾਰ ਲੇਖ ਕਮਿਊਨਿਸਟ ਲਹਿਰ ਨਾਲ ਜੁੜੇ ਰਹੇ ਆਗੂਆਂ ਤੇ ਬੁੱਧੀਮਾਨਾਂ (ਦਰਸ਼ਨ ਸਿੰਘ ਕੈਨੇਡੀਅਨ, ਕਰਮ ਸਿੰਘ ਮਾਨ, ਜਗਜੀਤ ਸਿੰਘ ਆਨੰਦ ਤੇ ਨੌ ਨਿਹਾਲ ਬਾਈ) ਬਾਰੇ ਹਨ। ਦੋ ਲੇਖ ਉਨ੍ਹਾਂ ਵਿਲੱਖਣ ਸ਼ਖ਼ਸੀਅਤਾਂ (ਗੁਰਮੇਲ ਵੈਲੀ ਤੇ ਭੈਣ ਚਰਨੀ) ਬਾਰੇ ਹਨ, ਜਿਨ੍ਹਾਂ ਦੇ ਦੀਦਾਰ, ਸਾਹਿਤ ਦੇ ਪਾਠਕ ਸ਼ਾਇਦ ਪਹਿਲੀ ਵਾਰ, ਇਸ ਪੁਸਤਕ ਰਾਹੀਂ ਕਰਨਗੇ।

ਇਹ ਸਾਰੇ ਲੇਖ ਸੁੱਚੇ ਮੋਹ ਤੇ ਡੂੰਘੀ ਅਪਣੱਤ ਵਿਚ ਭਿੱਜ ਕੇ ਲਿਖੇ ਗਏ ਹਨ। ਮੈਂ ਨਿੱਜੀ ਤੌਰ 'ਤੇ ਇਨ੍ਹਾਂ ਵਿਚੋਂ ਪਹਿਲੀ ਵਾਰ ਦੇਵ, ਨੌ ਨਿਹਾਲ ਬਾਈ, ਗੁਰਮੇਲ ਵੈਲੀ ਤੇ ਭੈਣ ਚਰਨੀ ਨੂੰ ਸਾਧੂ ਭਾਅ ਜੀ ਦੀ ਬਦੌਲਤ ਮਿਲਿਆ ਸਾਂ। ਉਨ੍ਹਾਂ ਬਾਰੇ ਜਾਣਿਆ-ਸੁਣਿਆ ਸੀ। ਕਰਮ ਸਿੰਘ ਮਾਨ ਨੂੰ ਮੈਂ ਸਿਰਫ਼ ਚੱਠਾ-ਪਰਿਵਾਰ ਦੇ ਕਿਸੇ ਵਿਆਹ ਸਮਾਗਮ 'ਤੇ ਦੋ ਕੁ ਵਾਰ ਵੇਖਿਆ ਹੀ ਹੈ, ਪਰ ਉਨ੍ਹਾਂ ਦਾ ਜ਼ਿਕਰ ਨੌਂ ਨਿਹਾਲ, ਨੇਤਾ ਜੀ ਹਰਦਿਆਲ, ਪ੍ਰੇਮ ਚੱਠਾ ਤੇ ਸਾਧੂ ਸਿੰਘ ਦੀ ਸੰਗਤ ਵਿਚ ਅਕਸਰ ਸੁਣਦਾ ਰਿਹਾਂ। ਇਨ੍ਹਾਂ ਲੇਖਾਂ ਰਾਹੀਂ ਇਨ੍ਹਾਂ ਸਭਨਾਂ ਬਾਰੇ ਹੁਣ ਕੁਝ ਹੋਰ ਵਿਸਥਾਰ ਨਾਲ ਜਾਣ ਰਿਹਾਂ।

ਇਸ ਲਿਖਤ ਦੀ ਪਹਿਲੀ ਖ਼ੂਬੀ ਜਿੱਥੇ ਇਸਦੀ ਕਮਾਲ ਦੀ ਪੜ੍ਹਨ-ਯੋਗਤਾ ਵਿਚ ਹੈ, ਦੂਜੀ ਵੱਡੀ ਖ਼ੂਬੀ ਸਾਧੂ ਭਾਅ ਜੀ ਦੀ ਹੰਸ-ਚੋਗ ਬਿਰਤੀ ਦੀ ਹੈ। ਮੈਨੂੰ ਸਾਧੂ ਭਾਅ ਜੀ ਨਾਲ ਨੇੜਤਾ ਤੇ ਦਿਲ ਦੀਆਂ ਗੱਲਾਂ ਆਪਸ ਵਿਚ ਸਾਂਝੀਆਂ ਕਰਨ ਦਾ ਸ਼ਰਫ਼ ਹਾਸਲ ਰਿਹਾ ਹੈ ਤੇ ਜਾਣਦਾ ਹਾਂ ਕਿ ਇਨ੍ਹਾਂ ਸ਼ਖ਼ਸੀਅਤਾਂ ਵਿਚੋਂ ਇੱਕ-ਦੋ ਨੇ ਉਨ੍ਹਾਂ ਨਾਲ 'ਜ਼ਿਆਦਤੀਆਂ' ਵੀ ਕੀਤੀਆਂ ਨੇ, ਪਰ ਕਮਾਲ ਹੈ, ਸਾਧੂ ਭਾਅ ਜੀ ਦੀ ਬਿਬੇਕ ਬੁੱਧ ਦੇ, ਜਿਸ ਨੇ ਉਨ੍ਹਾਂ ਸ਼ਖ਼ਸੀਅਤਾਂ 'ਚੋਂ ਮੋਤੀ ਚੁਗ ਕੇ ਹੀ ਸਾਡੇ ਅੱਗੇ ਪਰੋਸੇ ਹਨ। ਇਹ ਲੇਖਕ-ਮਨ ਦੀ ਸੁਹਿਰਦਤਾ 'ਤੇ ਡੁੱਲ੍ਹ-ਡੁੱਲ੍ਹ ਪੈਂਦੀ ਮੁਹੱਬਤ ਦਾ ਹੀ ਮੋਅਜਜ਼ਾ ਹੈ। ਇਹ ਲਿਖਤ ਉਸ ਦੇ ਆਪਣੇ ਨਿਰਮਲ ਮਨ ਦੀ ਝਾਕੀ ਹੈ। ਲੇਖਕ ਏਨਾ ਸੁਹਿਰਦ ਹੈ ਕਿ ਤੇਰਾ ਸਿੰਘ ਚੰਨ ਹੁਰਾਂ ਵਾਲੇ ਲੇਖ ਵਿਚ ਉਸ 'ਵੱਡੇ ਲੇਖਕ', ਜਿਸ ਨੂੰ ਰੂਸੀ ਸਫ਼ਾਰਤਖ਼ਾਨੇ ਵਿਚ ਚੰਨ ਹੁਰਾਂ ਦੇ ਕਹਿਣ 'ਤੇ ਹੀ ਨੌਕਰੀ ਮਿਲੀ ਸੀ ਤੇ ਜਿਸ ਨੇ ਬਾਅਦ ਵਿਚ ਚੰਨ ਹੁਰਾਂ ਦੇ ਖ਼ਿਲਾਫ਼ ਹੀ ਗੁਪਤ ਸ਼ਿਕਾਇਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ, ਦਾ ਨਾਂ ਉਜਾਗਰ ਹੋਇਆਂ ਵੀ, ਉਹਦਾ ਨਾਂ 'ਗੁਪਤ' ਹੀ ਰੱਖਿਆ ਹੈ ਕਿਉਂਕਿ ਸੁਹਿਰਦ ਭਾਵੀ ਤੇਰਾ ਸਿੰਘ ਚੰਨ ਨੇ ਜੇ ਆਪ ਕਦੀ ਉਸ ਸੱਜਣ ਦਾ ਨਾਂ-ਥੇਹ ਨਹੀਂ ਸਾਂਝਾ ਕੀਤਾ ਤਾਂ ਉਹ ਕਿਉਂ ਸਾਂਝਾ ਕਰੇ!

ਏਨੀ ਗੁੰਜਾਇਸ਼ ਨਹੀਂ ਕਿ ਅਸੀਂ ਹਰੇਕ ਲੇਖ ਬਾਰੇ ਵਿਸਥਾਰ ਨਾਲ ਟਿੱਪਣੀ ਕਰੀਏ, ਤਦ ਵੀ 'ਦਾਲ ਵਿਚੋਂ ਦਾਣਾ ਟੋਹ' ਕੇ ਤਾਂ ਦੱਸ ਹੀ ਸਕਦੇ ਹਾਂ। ਸਾਧੂ ਭਾਅ ਜੀ ਦੇ ਫਗਵਾੜੇ ਵਾਲੇ ਹਿਤੈਸ਼ੀ ਅਧਿਆਪਕ ਪ੍ਰੋ. ਗੁਰਨਾਮ ਸਿੰਘ ਨੇ, ਉਹਨੂੰ ਨੇੜੇ ਪੈਂਦਾ ਲਾਇਲਪੁਰ ਖ਼ਾਲਸਾ ਕਾਲਜ ਛੱਡ ਕੇ ਲੁਧਿਆਣੇ ਦੇ ਗੌਰਮਿੰਟ ਕਾਲਜ ਵਿਚ ਐਮ ਏ ਵਿਚ ਦਾਖ਼ਲਾ ਲੈਣ ਲਈ ਇਸ ਕਰ ਕੇ ਪ੍ਰੇਰਿਤ ਕੀਤਾ ਸੀ ਕਿ ਓਥੇ ਉਹ ਪ੍ਰੋ. ਗੁਲਵੰਤ ਸਿੰਘ ਹੁਰਾਂ ਦੀ ਵਿਦਵਤਾ ਤੋਂ ਕੁਝ ਸਿੱਖ ਸਕੇਗਾ। ਸਾਧੂ ਭਾਅ ਜੀ ਨੂੰ ਪ੍ਰੋ. ਗੁਲਵੰਤ ਸਿੰਘ ਦੀ ਸਿਆਣਪ ਤੇ ਸਾਦਗੀ ਨੇ ਮੋਹ ਲਿਆ। ਪ੍ਰੋ. ਸਾਹਿਬ ਵੀ ਹੋਣਹਾਰ ਤੇ ਲਾਇਕ ਵਿਦਿਆਰਥੀ ਕਰ ਕੇ ਉਸ ਨਾਲ ਮੋਹ ਕਰਦੇ। ਪਰ ਪ੍ਰੋ. ਗੁਰਨਾਮ ਸਿੰਘ ਨਾਲ ਜਿਨ੍ਹਾਂ ਦੀ ਨਹੀਂ ਸੀ ਬਣਦੀ, ਉਨ੍ਹਾਂ ਨੇ ਪ੍ਰੋ. ਗੁਲਵੰਤ ਸਿੰਘ ਕੋਲ ਲੂਤੀ ਲਾ ਦਿੱਤੀ ਕਿ ਗੁਰਨਾਮ ਸਿੰਘ ਨੇ ਕਿਸੇ ਸਾਜ਼ਿਸ਼ ਤਹਿਤ ਸਾਧੂ ਸਿੰਘ ਨੂੰ ਲਾਇਲਪੁਰ ਖ਼ਾਲਸਾ ਕਾਲਜ ਛੁਡ ਕੇ ਲੁਧਿਆਣੇ ਦਾਖ਼ਲ ਕਰਵਾਇਆ ਹੈ।

ਇਸ ਤੋਂ ਅਗਲਾ ਬਿਰਤਾਂਤ ਸਾਧੂ ਸਿੰਘ ਹੋਰਾਂ ਦੀ ਜ਼ਬਾਨੀ ਸੁਣੋ:

ਪ੍ਰੋ. ਗੁਲਵੰਤ ਸਿੰਘ ਹੋਰਾਂ ਨੇ ਆਪਣੇ ਸੁਭਾਅ ਅਨੁਸਾਰ ਬਿਨਾਂ ਕਿਸੇ ਤਮਹੀਦ ਦੇ ਇਹ ਕਿਹਾ, "ਮੈਨੂੰ ਪਤਾ ਲੱਗਾ ਹੈ ਕਿ ਤੈਨੂੰ ਮੇਰੀ ਪਗੜੀ ਉਛਾਲਣ ਲਈ ਏਥੇ ਭੇਜਿਆ ਹੈ।"

"ਮੁਆਫ਼ ਕਰਨਾ ਪ੍ਰੋ. ਸਾਹਿਬ, ਤੁਹਾਡਾ ਜੋ ਕੋਈ ਵੀ ਦੋਸਤ ਹੈ, ਉਸ ਵਿਚ ਹੋਰ ਕਈ ਗੁਣ ਹੋ ਸਕਦੇ ਹਨ ਪਰ ਉਹ ਸਰਾਸਰ ਝੂਠਾ ਤੇ ਚੁਗਲੀਖ਼ੋਰ ਬੰਦਾ ਹੈ।"

ਇਸ ਵਾਰੀ ਚੁੱਪ ਰਹਿਣ ਦੀ ਵਾਰੀ ਪ੍ਰੋ. ਸਾਹਿਬ ਦੀ ਸੀ। ਮੈਂ ਇੱਕੋ ਸਾਹੇ ਉਨ੍ਹਾਂ ਨੂੰ ਉਸ ਕਾਰਨ ਦੀ ਵਜ਼ਾਹਤ ਕੀਤੀ, ਜਿਸ ਕਰਕੇ ਪ੍ਰੋ. ਗੁਰਨਾਮ ਸਿੰਘ ਹੁਰਾਂ ਮੈਨੂੰ ਉਨ੍ਹਾਂ ਦੀ ਸ਼ਰਨ ਵਿਚ ਭੇਜਿਆ ਸੀ।

ਮੇਰੇ ਦੁੱਖ ਅਤੇ ਪੀੜ ਦਾ ਕੋਈ ਪਾਰਾਵਾਰ ਨਹੀਂ ਸੀ। ਮੈਂ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ, "ਪ੍ਰੋ. ਸਾਹਿਬ ਤੁਸੀਂ ਮੈਨੂੰ ਏਨਾ ਹੀ ਕੱਦਾਵਰ ਸਮਝਦੇ ਹੋ ਕਿ ਮੇਰੇ ਹੱਥ ਤੁਹਾਡੀ ਪਗੜੀ ਨੂੰ ਛੂਹ ਸਕਣ ਦੀ ਹਿੰਮਤ ਜਾਂ ਹਿਮਾਕਤ ਕਰ ਸਕਣ।"

"ਮੇਰੇ ਹੱਥਾਂ ਵਿਚ ਤਾਂ ਤੁਹਾਡੇ ਪੈਰਾਂ ਤੋਂ ਸ਼ੁਰੂ ਕਰ ਕੇ ਗੋਡਿਆਂ ਤੋਂ ਉਪਰ ਜਾਣ ਦੀ ਨਾ ਹਿੰਮਤ ਹੈ ਨਾ..."

ਪ੍ਰੋ. ਗੁਲਵੰਤ ਸਿੰਘ ਹੋਰਾਂ ਮੇਰੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਮੈਨੂੰ ਆਪਣੇ ਕਲਾਵੇ ਵਿਚ ਘੁੱਟ ਲਿਆ।



*ਲੇਖਕ ਵਰਿਆਮ ਸਿੰਘ ਸੰਧੂ, ਸਾਧੂ ਸਿੰਘ ਅਤੇ ਰਣਬੀਰ ਸਿਰਜਣਾ ਦੇ ਨਾਲ।*

ਇਹ ਬਿਰਤਾਂਤ ਇਹ ਦੱਸਣ ਲਈ ਵੀ ਸਾਂਝਾ ਕੀਤਾ ਗਿਆ ਹੈ ਕਿ ਵਿਦਵਾਨਾਂ ਦੀ ਆਪਸੀ ਖਹਿਬਾਜ਼ੀ ਉਦੋਂ ਵੀ ਚੱਲਦੀ ਸੀ, ਪਰ ਬਹੁਤਾ ਇਹ ਦੱਸਣ ਲਈ ਵੀ ਸਾਂਝਾ ਕੀਤਾ ਹੈ ਕਿ ਉਸਤਾਦ-ਸ਼ਾਗਿਰਦ ਦਾ ਰਿਸ਼ਤਾ ਉਨ੍ਹਾਂ ਦਿਨਾਂ ਵਿਚ ਕਿੰਨੇ ਖ਼ਲੂਸ, ਮੁਹੱਬਤ ਤੇ ਪਿਆਰ-ਸਤਿਕਾਰ ਵਾਲਾ ਹੁੰਦਾ ਸੀ। ਇਕ ਦਿਨ ਪ੍ਰੋ. ਸਾਹਿਬ ਨੇ ਸਾਧੂ ਸਿੰਘ ਨੂੰ ਬੁਲਾ ਕੇ ਇਕ ਲਿਫ਼ਾਫ਼ਾ ਉਸ ਵੱਲ ਵਧਾਉਂਦਿਆਂ ਕਿਹਾ, "ਆਪ ਕਾ ਪਾਰਸਲ ਆਇਆ ਹੈ। ਲੇ ਲੇਨਾ, ਬਹਿਸ ਮਤ ਕਰਨਾ।"

ਪਾਰਸਲ ਖੋਲ੍ਹ ਕੇ ਵੇਖਿਆ, ਉਸ ਵਿਚ ਇੱਕ ਨਵਾਂ-ਨਿਕੋਰ ਸਵੈਟਰ ਸੀ। ਪਰਿਵਾਰ ਦੀ ਆਰਥਿਕ ਹਾਲਤ ਠੀਕ ਨਾ ਹੋਣ ਕਰਕੇ ਸਾਧੂ ਸਿੰਘ ਭਰ ਸਰਦੀਆਂ ਵਿਚ ਵੀ ਕਮੀਜ਼ ਪਜਾਮੇ ਵਿਚ ਹੀ ਆਉਂਦਾ ਰਿਹਾ ਸੀ।

ਕਿੱਥੇ ਗਏ ਉਹ ਉਸਤਾਦ ਜਿਹੜੇ ਲਾਇਕ ਤੇ ਲੋੜਵੰਦ ਵਿਦਿਆਰਥੀਆਂ ਦੇ ਪਿੰਡੇ ਦੀ ਠੰਢ ਨੂੰ ਆਪਣੀ ਦੇਹ 'ਤੇ ਮਹਿਸੂਸ ਕਰ ਸਕਦੇ ਸਨ!

ਸਾਧੂ ਭਾਅ ਜੀ ਨੇ ਪ੍ਰੋ. ਗੁਲਵੰਤ ਸਿੰਘ ਦੀ ਸ਼ਖ਼ਸੀਅਤ ਦੀ ਬੁਲੰਦੀ ਨੂੰ ਤਾਂ ਸਤਿਕਾਰ ਅਤੇ ਮੁਹੱਬਤ ਨਾਲ ਬਿਆਨ ਕੀਤਾ ਹੀ ਹੈ, ਪਰ ਇਹ ਬਿਆਨ ਕਰਦਿਆਂ ਉਹਦੀ ਆਪਣੀ ਸ਼ਖ਼ਸੀਅਤ ਦਾ ਸੁੱਚਾ ਰੰਗ ਵੀ ਸਹਿਜ ਨਾਲ ਉਘੜਦਾ ਦਿਖਾਈ ਦੇ ਜਾਂਦਾ ਹੈ।

ਅੰਮ੍ਰਿਤਾ ਪ੍ਰੀਤਮ ਬਾਰੇ ਲੇਖ ਆਕਾਰ ਵਿਚ ਵੀ ਲੰਮਾ ਹੈ ਤੇ ਇਸ ਵਿਚ ਲੇਖਕ ਨੇ ਅੰਮ੍ਰਿਤਾ ਪ੍ਰੀਤਮ ਉੱਤੇ ਉਨ੍ਹਾਂ ਦੇ ਜਿਉਂਦੇ ਜੀਅ ਤੇ ਮਰਨ ਪਿੱਛੋਂ ਮਲੇ ਚਿੱਕੜ ਨੂੰ ਦਲੀਲਾਂ, ਖ਼ਤਾਂ, ਸਬੂਤਾਂ ਤੇ ਤਰਕ ਨਾਲ ਪੇਸ਼ ਕਰ ਕੇ, ਧੋ ਕੇ ਸਾਫ਼ ਹੀ ਨਹੀਂ ਕੀਤਾ, ਸਗੋਂ ਉਹਦੀ ਲਿਖਤ ਦੀ ਕਰਾਮਾਤ ਹੀ ਹੈ ਕਿ ਉਹ ਚਿੱਕੜ ਉਲਟਾ ਦੋਖੀਆਂ ਦੇ ਮੂੰਹ 'ਤੇ ਚਿਪਕਿਆ ਨਜ਼ਰ ਆਉਣ ਲੱਗਦਾ ਹੈ। ਇਸ ਲੇਖ ਨੂੰ ਅਸੀਂ ਸਭ ਤੋਂ ਪਹਿਲਾਂ ਆਪਣੇ ਪਰਚੇ 'ਸੀਰਤ' ਵਿਚ ਤਸਵੀਰਾਂ ਤੇ ਖ਼ਤਾਂ ਦੀਆਂ ਹੂਬਹੂ ਕਾਪੀਆਂ ਛਾਪ ਕੇ ਪ੍ਰਕਾਸ਼ਿਤ ਕੀਤਾ ਸੀ ਤੇ ਬਾਅਦ ਵਿਚ ਮੈਂ ਇਸ ਨੂੰ ਆਪਣੇ ਫੇਸਬੁੱਕ ਪੇਜ 'ਤੇ ਇੱਕ ਤੋਂ ਵੱਧ ਵਾਰ ਸਾਂਝਾ ਵੀ ਕੀਤਾ ਹੈ। ਇਸਨੂੰ ਬੇਹੱਦ ਪਸੰਦ ਕੀਤਾ ਗਿਆ। ਤੁਸੀਂ ਪੜ੍ਹੋਗੇ ਤਾਂ ਅੰਮ੍ਰਿਤਾ ਨਾਲ ਜੁੜੇ ਬਹੁਤ ਸਾਰੇ ਭਰਮ-ਭੁਲੇਖੇ ਦੂਰ ਹੋ ਜਾਣਗੇ। ਉਨ੍ਹਾਂ ਨੂੰ ਇੱਕ ਪਾਸੜ ਮੁਹੱਬਤ ਕਰਨ ਵਾਲੇ ਪਰ ਲੋਕਾਂ ਸਾਹਮਣੇ ਦੁਵੱਲੇ ਪਿਆਰ ਦਾ ਢੌਂਗ ਰਚਾਉਣ ਵਾਲੇ ਪ੍ਰੋ. ਮੋਹਨ ਸਿੰਘ, ਸੰਤੋਖ ਸਿੰਘ ਧੀਰ, ਸੁਰਿੰਦਰ ਸਿੰਘ ਨਰੂਲਾ ਆਦਿ ਦੀਆਂ ਝੂਠੀਆਂ ਕਹਾਣੀਆਂ ਬਾਰੇ ਨਿੱਤਰਿਆ ਹੋਇਆ ਸੱਚ ਮਿਲੇਗਾ। ਅੰਮ੍ਰਿਤਾ ਦੇ ਸਾਬਕਾ ਪਤੀ ਪ੍ਰੀਤਮ ਸਿੰਘ ਕਵਾਤੜਾ ਤੇ ਇਮਰੋਜ਼ ਨਾਲ ਉਹਦੀ ਰਿਸ਼ਤਗੀ ਦੀਆਂ ਕਈ ਲੁਕਵੀਆਂ ਪਰਤਾਂ ਵੀ ਖੁੱਲ੍ਹਣਗੀਆਂ ਤੇ ਇਹਦੇ ਨਾਲ ਹੋਰ ਵੀ ਕਿੰਨਾ ਕੁਝ, ਜੋ ਤੁਸੀਂ ਪਹਿਲੀ ਵਾਰ ਹੀ ਪੜ੍ਹ/ਜਾਣ ਰਹੇ ਹੋਵੋਗੇ।

ਕੁਲਵੰਤ ਸਿੰਘ ਵਿਰਕ ਲੇਖਕ ਤਾਂ ਵੱਡਾ ਹੈ ਹੀ ਸੀ ਪਰ ਇਨਸਾਨ ਵੀ ਲਾਸਾਨੀ ਸੀ। ਸਾਧੂ ਸਿੰਘ ਤੇ ਵਿਰਕ ਨੇ ਇੱਕੋ ਯੂਨੀਵਰਸਿਟੀ ਵਿਚ ਵੀ ਕੰਮ ਕੀਤਾ ਤੇ ਇੱਕੋ ਕਲੋਨੀ ਵਿਚ ਗਵਾਂਢੀ ਬਣ ਕੇ ਵੀ ਰਹੇ। ਮੈਂ ਸਾਧੂ ਭਾਅ ਜੀ ਕੋਲ ਜਾਂਦਾ ਤਾਂ ਅਸੀਂ ਸਵੇਰੇ ਸੈਰ ਕਰਦਿਆਂ ਅੱਗੋਂ ਵਿਰਕ ਨੂੰ ਸੈਰ ਕਰ ਕੇ ਪਰਤਦਿਆਂ ਵੇਖਦੇ/ਮਿਲਦੇ। ਇੱਕ ਦੋ ਵਾਰ ਵਿਰਕ ਸਾਹਿਬ ਦੇ ਘਰ ਵੀ ਮਿਲਣ ਗਏ। ਵਿਰਕ ਸਾਹਿਬ ਵਾਲੇ ਲੇਖ ਵਿਚ ਵਿਰਕ ਦੀ ਸ਼ਖ਼ਸੀਅਤ ਦੇ ਸੁਰਖ਼ ਰੰਗ ਦੇ ਦੀਦਾਰ ਹੁੰਦੇ ਨੇ। ਉਹ ਆਪਣੇ ਨੇੜਲਿਆਂ 'ਤੇ ਕਿੰਨਾ ਭਰੋਸਾ ਕਰਦੇ ਸਨ, ਉਹਦੀਆਂ ਦੋ ਮਿਸਾਲਾਂ ਦੇਣੀਆਂ ਚਾਹਾਂਗਾ।

ਵਿਰਕ ਸਾਹਿਬ ਦੀ ਧੀ ਦਾ ਵਿਆਹ ਸੀ ਤੇ ਉਨ੍ਹਾਂ ਨੇ ਧੀ ਦੀ ਜੰਜ ਦੀ ਆਓ-ਭਗਤ ਤੇ ਹੋਰ ਕੰਮਾਂ ਦੀ ਜ਼ਿੰਮੇਵਾਰੀ ਭੁਗਤਾਉਣ ਲਈ ਆਪਣੇ ਪੀਏ ਵਿਰਦੀ ਦੇ ਹੱਥ 'ਤੇ ਪੈਸਿਆਂ ਦਾ ਥੱਬਾ ਰੱਖ ਦਿੱਤਾ ਤੇ ਆਪ ਸੁਰਖ਼ਰੂ ਹੋ ਗਏ। ਵਿਆਹ ਭੁਗਤ ਗਿਆ ਤਾਂ ਵਿਰਦੀ ਪੂਰੀ ਤਰਤੀਬ ਨਾਲ ਸਾਂਭ ਕੇ ਰੱਖੀਆਂ ਖ਼ਰਚੇ ਦੀਆਂ ਰਸੀਦਾਂ ਵਾਲੀ ਫ਼ਾਈਲ ਦਾ ਮੂੰਹ ਖੋਲ੍ਹ ਕੇ ਵਿਰਕ ਸਾਹਿਬ ਵੱਲ ਘੁਮਾਉਣ ਹੀ ਲੱਗਾ ਸੀ ਤਾਂ ਉਹ ਕਹਿੰਦੇ, "ਵਿਰਦੀ ਤੂੰ ਮੇਰਾ ਬੜਾ ਭਾਰ ਵੰਡਾਇਆ ਹੈ। ਵੰਡਾਇਆ ਵੀ ਕੀ, ਸਾਰਾ ਖ਼ੁਦ ਹੀ ਚੁੱਕਿਆ ਹੈ।"

"ਉਹ ਤਾਂ ਸਾਡਾ ਫ਼ਰਜ਼ ਸੀ ਜੀ।"

"ਕਿੱਦਾਂ, ਪੈਸਿਆਂ ਦਾ ਸਰ ਗਿਆ ਸੀ। ਥੁੜ੍ਹੇ ਤਾਂ ਨੀਂ?"

"ਨਹੀਂ ਜੀ, ਸਗੋਂ ਬਚੇ ਨੇ ਬਹੁਤ ਸਾਰੇ।"

ਵਿਰਦੀ ਨੇ ਬਚੇ ਪੈਸਿਆਂ ਵਾਲਾ ਲਿਫ਼ਾਫ਼ਾ ਪੇਸ਼ ਕਰ ਦਿੱਤਾ।

ਵਿਰਕ ਨੇ ਬਿਨਾਂ ਗਿਣਿਆਂ ਲਿਫ਼ਾਫ਼ਾ ਦਰਾਜ਼ ਵਿਚ ਰੱਖਿਆ, "ਰਸੀਦਾਂ ਦੀ ਕੋਈ ਲੋੜ ਨਹੀਂ। ਸ਼ਾਮ ਨੂੰ ਸਾਰੇ ਮੁੰਡਿਆਂ ਨੂੰ ਨਾਲ ਲੈ ਕੇ ਘਰ ਆ ਜਾਈਂ। ਗੱਪ-ਸ਼ੱਪ ਮਾਰਾਂਗੇ।"

ਏਨੇ ਵੱਡੇ ਦਿਲ ਵਾਲਾ ਸੀ ਕੁਲਵੰਤ ਸਿੰਘ ਵਿਰਕ।

ਇੱਕ ਹੋਰ ਬਿਰਤਾਂਤ ਮੁਲਾਹਜ਼ਾ ਹੋਵੇ। ਵਿਰਕ ਨੇ ਸਾਧੂ ਸਿੰਘ ਹੁਰਾਂ ਦੀ ਕਲੋਨੀ ਵਿਚ ਘਰ ਲੈਣ ਦਾ ਨਿਰਣਾ ਕਰ ਲਿਆ। ਸਾਧੂ ਸਿੰਘ ਨੇ ਇੱਕ ਮਕਾਨ ਦੇ ਪੈਂਹਠ ਹਜ਼ਾਰ ਵਿਚ ਬਣਦੇ ਸੌਦੇ ਦੀ ਦੱਸ ਪਾਈ ਤਾਂ ਵਿਰਕ ਸਾਹਿਬ ਨੇ ਅਲਮਾਰੀ ਖੋਲ੍ਹ ਕੇ ਪੰਜ ਹਜ਼ਾਰ ਰੁਪਏ ਉਹਦੇ ਹੱਥ ਫੜਾ ਕੇ ਕਿਹਾ, "ਜਾਹ, ਸਾਈ ਦੇ ਆ। ਪੰਦਰਾਂ ਦਿਨਾਂ ਦੀ ਮੋਹਲਤ ਲੈ ਆਈਂ। ਉਦੋਂ ਬਾਕੀ ਬਚਦੇ ਪੈਸੇ ਵੀ ਦੇ ਆਵਾਂਗੇ।"

"ਵਿਰਕ ਸਾਹਿਬ ਮਕਾਨ 'ਤੇ ਇੱਕ ਵਾਰ ਨਿਗਾਹ ਤਾਂ ਮਾਰ ਲੈਂਦੇ।"

"ਮੈਂ ਕੀ ਨਿਗਾਹ ਮਾਰਨੀ ਹੈ। ਤੂੰ ਮਾਰੀ ਹੋਈ ਆ ਨਿਗਾਹ।"

ਸੋਚਣਾ ਹੀ ਔਖਾ ਲੱਗਦਾ ਹੈ ਕਿ ਆਪਣਾ ਘਰ ਖ਼ਰੀਦਣਾ ਹੋਵੇ ਤਾਂ ਉਹਨੂੰ ਵੇਖਣ ਦੀ ਵੀ ਲੋੜ ਨਾ ਸਮਝੀ ਜਾਵੇ ਕਿਉਂਕਿ ਮਕਾਨ ਉਹਦੇ ਕਿਸੇ ਅਜ਼ੀਜ਼ ਨੇ ਹੀ ਵੇਖ ਤੇ ਪਸੰਦ ਕਰ ਲਿਆ ਹੈ।

ਕਿੱਥੇ ਲੱਭਦੇ ਨੇ ਅਜਿਹੇ ਵੱਡੇ ਦਿਲਾਂ ਵਾਲੇ ਬੰਦੇ!

ਇਸ ਲੇਖ ਵਿਚ ਹੋਰ ਵੀ ਬਹੁਤ ਕੁਝ ਹੈ ਪੜ੍ਹਨ ਜਾਣਨ ਵਾਲਾ। ਪਿਛਲੇਰੀ ਉਮਰ ਵਿਚ ਵਿਰਕ ਸਾਹਿਬ ਨੂੰ ਲੈ ਕੇ 'ਬਹਿ ਜਾਣ' ਵਾਲੇ ਇਸ਼ਕ ਬਾਰੇ ਵੀ ਤੇ ਉਨ੍ਹਾਂ ਦੀ ਸ਼ਖ਼ਸੀਅਤ ਦੇ ਹੋਰ ਰੰਗਾਂ ਬਾਰੇ ਵੀ।

ਅੱਜ ਵਿਰਕ ਸਾਹਿਬ ਨੂੰ ਪੰਜਾਬੀ ਦਾ ਸਭ ਤੋਂ ਵੱਡਾ ਕਥਾਕਾਰ ਮੰਨਿਆ ਜਾਂਦਾ ਹੈ, ਪਰ, ਉਹ ਕਿਹਾ ਕਰਦੇ ਸਨ, "ਲੇਖਕ ਕੋਈ ਬਹੁਤ ਵੱਡੇ ਲੋਕ ਨਹੀਂ ਹੁੰਦੇ। ਆਪਣੇ ਭਾਈਚਾਰੇ ਦੇ ਮਿਰਾਸੀ ਹੀ ਤਾਂ ਹੁੰਦੇ ਨੇ। ਬੱਸ ਥੋੜ੍ਹਾ ਜਿਹਾ ਹੀ ਫ਼ਰਕ ਹੁੰਦਾ ਹੈ ਲੇਖਕਾਂ ਦਾ ਮਿਰਾਸੀਆਂ ਨਾਲੋਂ। ਮਿਰਾਸੀ ਆਪਣਾ ਕੰਮ ਲਾਗ ਲੈਣ ਖ਼ਾਤਰ ਕਰਦੇ ਹਨ ਤੇ ਲੇਖਕ ਮੁਫ਼ਤ ਹੀ, ਬੱਸ, ਆਪਣੇ ਸ਼ੌਕ ਵਜੋਂ।"

ਇਹ ਵਿਰਕ ਸਾਹਿਬ ਦੀ ਵਡਿਆਈ ਸੀ ਕਿ ਉਹ ਆਪਣੇ ਆਪ ਨੂੰ ਲੋਕਾਂ ਦਾ ਮਿਰਾਸੀ ਆਖਦੇ ਸਨ ਤੇ ਇਹ ਸਾਧੂ ਸਿੰਘ ਦੀ ਵਡਿਆਈ ਹੈ ਕਿ ਵਿਰਕ ਸਾਹਿਬ ਦੀ ਨਿਮਰਤਾ ਨੂੰ ਆਪਣੇ ਖ਼ਿੱਤੇ ਦੇ ਮਹਾਂ ਕਵੀ ਬਾਬਾ ਨਾਨਕ ਤੋਂ ਬਖ਼ਸ਼ਿਸ਼ ਵਿਚ ਪ੍ਰਾਪਤ ਹੋਈ ਮੰਨਦਾ ਹੈ, ਜਿਸ ਬਾਬੇ ਨੂੰ ਜਗਤ ਗੁਰੂ ਦੇ ਲਕਬ ਨਾਲ ਯਾਦ ਕੀਤਾ ਜਾਂਦਾ ਹੈ, ਪਰ ਉਹ ਆਪਣੇ ਆਪ ਨੂੰ 'ਬੇਕਾਰ ਢਾਡੀ' ਆਖਿਆਂ ਹੀ ਪ੍ਰਸੰਨ ਹੋ ਜਾਇਆ ਕਰਦੇ ਸਨ।

ਰੂਹ ਤੱਕ ਭਿੱਜ ਕੇ ਲਿਖੇ ਸ਼ਾਇਰ ਤੇ ਚਿਤਰਕਾਰ ਦੇਵ ਵਾਲੇ ਲੇਖ ਵਿਚ ਉਹ ਦੇਵ ਨੂੰ 'ਉਮਰਾਂ ਲੰਮੇ ਸਫ਼ਰਾਂ ਦਾ ਸਾਥੀ' ਆਖ ਕੇ ਯਾਦ ਕਰਦਾ ਹੈ। ਇਸ ਲਿਖਤ ਵਿਚ ਦੇਸ਼-ਵਿਦੇਸ਼ ਵਿਚ ਦੋਵਾਂ ਵੱਲੋਂ ਕੀਤੇ ਸਾਂਝੇ ਸਫ਼ਰਾਂ ਦਾ ਵੇਰਵਾ ਦਰਜ ਹੈ। ਸਾਂਝੀਆਂ ਮੁਲਾਕਾਤਾਂ, ਸਾਂਝੀਆਂ ਯਾਰੀਆਂ ਤੇ ਮਨੋਂ-ਸਾਂਝੀਆਂ ਅੰਤਰੀਵ ਸੁਰਾਂ ਦਾ ਸੁਹਜਾਤਮਕ ਬਿਆਨ ਹੈ।

ਇਹ ਵੇਰਵਾ ਭਾਵੇਂ ਪੁਸਤਕ ਵਿਚ ਦਰਜ ਨਹੀਂ, ਪਰ ਮੈਨੂੰ ਕਦੀ ਨਹੀਂ ਭੁੱਲਣ ਵਾਲਾ ਕਿ ਦੇਵ ਤੇ ਭਾਅ ਜੀ ਦੋਵੇਂ ਮੇਰੇ ਪਿੰਡ ਸੁਰ ਸਿੰਘ ਵੀ ਮੈਨੂੰ 'ਤਾਰਨ' ਲਈ ਪਹੁੰਚੇ ਸਨ। ਸਾਡੇ ਖੇਤਾਂ ਵਿਚ ਉਨ੍ਹਾਂ ਦੀਆਂ ਪੈੜਾਂ ਅੱਜ ਵੀ ਜਾਗਦੀਆਂ ਪਈਆਂ ਹਨ।

ਦੋਵਾਂ ਦੋਸਤਾਂ ਦਾ ਰਿਸ਼ਤਾ ਧੁਰ ਰੂਹਾਂ ਦਾ ਰਿਸ਼ਤਾ ਹੈ। ਇਹ ਦੇਵ ਹੀ ਹੈ ਜਿਸ ਨੇ ਸਾਧੂ ਸਿੰਘ ਨੂੰ ਪਹਿਲੀ ਵਾਰ 'ਸਾਧੂ ਭਾਅ ਜੀ' ਆਖ ਕੇ ਆਪਣੀ ਮੁਹੱਬਤ ਦਾ ਪ੍ਰਗਟਾਵਾ ਕੀਤਾ ਸੀ। ਉਸਤੋਂ ਬਾਅਦ ਇਹ ਸੰਬੋਧਨ ਐਸਾ ਪ੍ਰਚੱਲਿਤ ਹੋਇਆ ਕਿ ਸਾਧੂ ਸਿੰਘ ਹੁਰੀਂ ਸਭ ਦੇ 'ਸਾਧੂ ਭਾਅ ਜੀ' ਬਣ ਗਏ। ਇਸ ਲੇਖ ਵਿਚ ਉਹਨੇ ਦੇਵ ਦੀਆਂ ਅਸਫ਼ਲ ਮੁਹੱਬਤਾਂ ਦਾ ਦਿਲ-ਛੂਹਵਾਂ ਬਿਰਤਾਂਤ ਸਿਰਜਿਆ ਹੈ। ਦੇਵ ਨੇ ਕਦੀ ਸੁਝਾਇਆ ਸੀ ਕਿ ਜੇ ਸਾਧੂ ਭਾਅ ਜੀ ਕਦੇ ਉਸ ਬਾਰੇ ਲਿਖਣਗੇ ਤਾਂ ਉਹ ਆਪਣੀ ਗੱਲ ਕੁਝ ਇੰਝ ਸ਼ੁਰੂ ਕਰਨਗੇ, "ਆਪ ਦੀ ਤਬੀਅਤ ਬਚਪਨ ਤੋਂ ਹੀ ਆਸ਼ਕਾਨਾ ਸੀ। ਕੁੜੀਆਂ ਵੱਲੋਂ ਆਪ ਜੀ ਦਾ ਹੱਥ ਸਦਾ ਹੀ ਖੁੱਲ੍ਹਾ ਰਿਹਾ ਹੈ।"

ਇਹ ਹਾਲਾਤ ਦੀ ਵਿਡੰਬਨਾ ਹੀ ਆਖ ਸਕਦੇ ਹਾਂ ਕਿ ਆਸ਼ਕਾਨਾ ਤਬੀਅਤ ਵਾਲੇ ਇਸ ਕੋਮਲ-ਭਾਵੀ ਕਵੀ-ਚਿਤਰਕਾਰ ਨੂੰ ਰੱਜਵੀਂ ਮੁਹੱਬਤ ਤੇ ਵਫ਼ਾ ਕਦੀ ਨਸੀਬ ਨਾ ਹੋ ਸਕੀ। ਅਜਿਹੇ ਕਈ ਪ੍ਰਸੰਗ ਕਿਤਾਬ ਵਿਚੋਂ ਹੀ ਪੜ੍ਹਨ ਨੂੰ ਮਿਲਣਗੇ।

ਯਾਰਾਂ ਦੇ ਯਾਰ ਤੇ ਸ਼ਾਹ-ਖ਼ਰਚ ਦੇਵ ਦੀ ਮਾਣਮੱਤੀ ਹਸਤੀ ਨੂੰ ਜਿੰਨੀ ਅਪਣੱਤ ਤੇ ਮੋਹ ਨਾਲ ਸਾਧੂ ਭਾਅ ਜੀ ਨੇ ਯਾਦ ਕੀਤਾ ਹੈ, ਉਹ ਤਾਂ ਆਪਣੀ ਥਾਂ 'ਤੇ ਜ਼ਿਕਰਯੋਗ ਹੈ ਹੀ, ਪਰ ਜਿਨ੍ਹਾਂ ਸ਼ਬਦਾਂ ਤੇ ਵਾਕਾਂ ਦੀ ਸੁਹਜੀਲੀ ਜੜਤ ਦੇ ਦੀਦਾਰ ਇਸ ਲਿਖਤ ਵਿਚੋਂ ਹੁੰਦੇ ਹਨ, ਉਹ ਉੱਤਮ ਪੰਜਾਬੀ ਵਾਰਤਕ ਦਾ ਨਮੂਨਾ ਹੋ ਨਿੱਬੜੇ ਹਨ। ਦੇਵ ਨਾਲ ਡੁੱਲ੍ਹ ਡੁੱਲ੍ਹ ਪੈਂਦੀ ਮੁਹੱਬਤ ਦੇ ਏਨੇ ਵੇਰਵੇ ਸਾਧੂ ਭਾਅ ਜੀ ਕੋਲ ਹਨ ਕਿ ਲੱਗਦਾ ਹੈ ਕਿ ਅਜੇ ਤਾਂ ਉਨ੍ਹਾਂ ਨੇ ਇਸ ਬਹੁ-ਦਿਸ਼ਾਵੀ ਬਿਰਤਾਂਤ ਦੀ ਪੂਣੀ ਹੀ ਛੋਹੀ ਹੈ, 'ਮੇਰੇ ਲਈ ਦੇਵ ਦੀ ਦੋਸਤੀ ਦੀ ਕਮਾਈ ਦਾ ਕੋਈ ਪਾਰਾਵਾਰ ਨਹੀਂ। ਕਈ ਬੰਦਿਆਂ ਦਾ ਪਿਆਰ ਸਤਿਕਾਰ ਹਾਸਲ ਕਰਨ ਲਈ ਇਹ ਪਹਿਲੋਂ ਪੜ੍ਹਿਆ ਸੁਣਿਆ ਹਵਾਲਾ ਹੀ ਕਾਫ਼ੀ ਹੁੰਦਾ ਸੀ ਕਿ ਮੈਂ ਦੇਵ ਦਾ ਦੋਸਤ ਸਾਂ।'

ਅੰਮ੍ਰਿਤਾ ਨਾਲ ਸਾਧੂ ਭਾਅ ਜੀ ਦੀ ਰਿਸ਼ਤਗੀ ਦੇ ਡੂੰਘ ਦਾ ਆਧਾਰ ਹੀ ਇਹ ਸੱਚ ਬਣਿਆ ਸੀ ਕਿ ਦੇਵ ਨੇ ਪਤਾ ਨਹੀਂ ਕਿੰਨੀ ਵਾਰ ਅੰਮ੍ਰਿਤਾ ਕੋਲ ਸਾਧੂ ਸਿੰਘ ਦੇ ਸੋਹਿਲੇ ਗਾਏ ਸਨ।

ਆਪਣੇ ਜਿਗਰੀ ਯਾਰਾਂ ਦੇ ਸੋਹਿਲੇ ਕਿਵੇਂ ਗਾਏ ਜਾਂਦੇ ਨੇ, ਇਹ ਜਾਨਣ ਲਈ ਇਸ ਲਿਖਤ ਨੂੰ ਪੜ੍ਹਨਾ ਜ਼ਰੂਰੀ ਹੈ।

ਤੇਰਾ ਸਿੰਘ ਚੰਨ ਦਰਵੇਸ਼ ਸ਼ਖ਼ਸੀਅਤ ਸਨ। ਸਾਦਾ ਦਿਲ। ਮਧੁਰ ਭਾਸ਼ੀ। ਪ੍ਰਗਤੀਵਾਦੀ ਲਹਿਰ ਨਾਲ ਜੁੜੀ ਮਾਣਯੋਗ ਹਸਤੀ। ਸਕੂਲਾਂ ਵਿਚ ਦਹਾਕਿਆਂ ਤੱਕ ਸਵੇਰ ਦੀ ਪ੍ਰਾਰਥਨਾ ਵਿਚ ਗਾਈ ਜਾਣ ਵਾਲੀ ਲਿਖਤ, 'ਹੇ ਪਿਆਰੀ ਭਾਰਤ ਮਾਂ, ਅਸੀਂ ਤੈਨੂੰ ਸੀਸ ਨਿਵਾਂਦੇ ਹਾਂ, ਤੇਰੇ ਤੋਂ ਸਦਕੇ ਜਾਂਦੇ ਹਾਂ' ਦੇ ਮਾਣ-ਮੱਤੇ ਸਿਰਜਕ। ਪੰਜਾਬ ਵਿਚ ਇਪਟਾ ਦੀ ਮੋਢੀ ਸ਼ਖ਼ਸੀਅਤ। ਉਨ੍ਹਾਂ ਦੇ ਲਿਖੇ ਉਪੇਰੇ ਤੇ ਗੀਤ ਕਮਿਊਨਿਸਟ ਸਟੇਜਾਂ ਦੀ ਸ਼ਾਨ ਹੁੰਦੇ। ਉਨ੍ਹਾਂ ਦਾ ਲਿਖਿਆ ਗੀਤ, 'ਕਾਗ ਸਮੇਂ ਦਾ ਬੋਲਿਆ, ਅਮਨਾਂ ਦੀ ਬੋਲੀ' ਜਦੋਂ ਅਮਰਜੀਤ

**(ਬਾਕੀ ਅਗਲੇ ਸਫੇ 'ਤੇ)**

ਗੁਰਦਾਸਪੁਰੀ ਦੀ ਟੁਣਕਦੀ ਬੁਲੰਦ ਆਵਾਜ਼ ਵਿਚ ਗਾਇਆ ਜਾਂਦਾ ਤਾਂ ਸਰੋਤੇ ਸਰਸ਼ਾਰੇ ਜਾਂਦੇ। ਉਨ੍ਹਾਂ ਨੇ ਕਈ ਫਰੰਟਾਂ 'ਤੇ ਕੰਮ ਕੀਤਾ, ਪੂਰੀ ਤਨਦੇਹੀ ਤੇ ਸੁਹਿਰਦਤਾ ਨਾਲ। ਪਰ ਕਦੀ ਆਪਣੇ ਕੰਮ ਦਾ ਵਿਖਾਲਾ ਨਾ ਪਾਇਆ। ਸਾਧੂ ਸਿੰਘ ਨੂੰ ਚੰਨ ਹੁਰਾਂ ਦੀ ਧੀ ਬੀਬੀ ਸੁਲੇਖਾ ਤੋਂ ਪਤਾ ਲੱਗਾ ਕਿ ਪੰਜਾਬ ਦੇ ਬਹੁਤ ਵੱਡੇ ਲੇਖਕ, ਸਿਆਸਤਦਾਨ ਤੇ ਮੁੱਖ-ਮੰਤਰੀ ਰਹਿ ਚੁੱਕੇ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇ ਵਿਚੋਂ ਸਾਂਢੂ ਲੱਗਦੇ ਸਨ। ਪਰ ਕਿਸੇ ਨੂੰ ਵੀ ਇਸ ਗੱਲ ਦਾ ਪਤਾ ਨਹੀਂ ਸੀ ਕਿਉਂਕਿ ਚੰਨ ਹੁਰੀਂ ਅਜਿਹੀ ਰਿਸ਼ਤਗੀ ਦੀ ਫੜ੍ਹ ਮਾਰਨ ਵਾਲਿਆਂ ਵਿਚੋਂ ਨਹੀਂ ਸਨ। ਇਹ ਤਾਂ ਅਸੀਂ ਪਿੱਛੇ ਦੱਸ ਹੀ ਆਏ ਹਾਂ ਕਿ ਜਿਸ ਲੇਖਕ ਨੂੰ ਉਨ੍ਹਾਂ ਦੀ ਸਿਫ਼ਾਰਿਸ਼ ਨਾਲ ਰੂਸੀ ਸਫ਼ਾਰਤਖ਼ਾਨੇ ਵਿਚ ਨੌਕਰੀ ਮਿਲੀ ਸੀ, ਉਹੋ ਹੀ ਚੰਨ ਹੁਰਾਂ ਖ਼ਿਲਾਫ਼ ਗੁਪਤ ਚਿੱਠੀਆਂ ਲਿਖਦਾ ਰਿਹਾ। ਚੰਨ ਹੁਰਾਂ ਨੇ ਕਦੀ ਜਨਤਕ ਤੌਰ 'ਤੇ ਉਸ ਲੇਖਕ ਬਾਰੇ ਕਦੀ ਵੀ ਸ਼ਿਕਾਇਤ ਨਾ ਕੀਤੀ। ਅਜਿਹੇ ਦਰਵੇਸ਼ ਇਨਸਾਨ, ਸਾਧੂ ਲੇਖਕ ਤੇ ਸਰਗਰਮ ਕਾਰਕੁਨ ਵੀ ਕਿੱਥੇ ਲੱਭਦੇ ਅੱਜ ਕੱਲ੍ਹ। ਸਤਜੁਗੀ ਰੂਹਾਂ ਸਨ ਉਹ ਤਾਂ।

ਇੱਕ ਛੋਟਾ ਜਿਹਾ ਲੇਖ ਮੀਡੀਆ ਕਰਮੀ ਤੇ ਲੇਖਕ ਇਕਬਾਲ ਮਾਹਲ ਬਾਰੇ ਵੀ ਹੈ, ਜਿਸ ਵਿਚ ਉਸ ਵੱਲੋਂ ਟੀਵੀ 'ਤੇ ਪੇਸ਼ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਵਿਚ ਮਾਹਲ ਦੀ ਭਾਸ਼ਾਈ ਕੌਸ਼ਲਤਾ, ਵਿਸ਼ਾਲ ਗਿਆਨ ਦੇ ਜ਼ਿਕਰ ਦੇ ਨਾਲ ਨਾਲ ਗਾਇਕਾਂ ਬਾਰੇ ਲਿਖੀ 'ਸੁਰਾਂ ਦੇ ਸੌਦਾਗਰ' ਵਾਰਤਕ ਪੁਸਤਕ ਦੀ ਵੀ ਵਡਿਆਈ ਕੀਤੀ ਗਈ ਹੈ ਤੇ ਉਹਦੇ ਇਕਲੌਤੇ ਨਾਵਲ 'ਡੌਗੀ ਟੇਲ ਡਾਰੀਏਵ' ਦਾ ਜ਼ਿਕਰ ਬੜੇ ਚੰਗੇ ਸ਼ਬਦਾਂ ਵਿਚ ਕੀਤਾ ਗਿਆ ਹੈ।

'ਤੇਜੱਸਵੀ ਮੱਥੇ, ਰੁਸ਼ਨਾਈ ਨਜ਼ਰ, ਧੁਰ ਅੰਦਰ ਤੱਕ ਲਹਿ ਜਾਣ ਵਾਲੀ ਬੋਲ-ਬਾਣੀ, ਖ਼ੂਬਸੂਰਤ ਦਿੱਖ, ਸਾਦ-ਮੁਰਾਦੀ ਰਹਿਤਲ ਅਤੇ ਮਨ-ਬਚਨ-ਕਰਮ ਵਿਚਕਾਰ ਉਮਰ ਭਰ ਦੀ ਕਮਾਈ ਨਾਲ ਸਿਰਜੇ ਸਹਿਜ ਸੁਮੇਲ ਵਾਲੀ ਬੇਨਜ਼ੀਰ ਸ਼ਖ਼ਸੀਅਤ ਵਾਲਾ ਦਰਸ਼ਨ ਸਿੰਘ ਕੈਨੇਡੀਅਨ ਸਚਮੁੱਚ ਇੱਕ ਦਰਸ਼ਨੀ ਇਨਸਾਨ ਸੀ।'

ਇਸ ਸੁਗਠਿਤ ਤੇ ਸੁਹਜਾਤਮਕ ਲੰਮੇ ਵਾਕ ਰਾਹੀਂ ਸਾਧੂ ਭਾਅ ਜੀ ਨੇ ਦਰਸ਼ਨ ਸਿੰਘ ਕੈਨੇਡੀਅਨ ਵਾਲੀ ਲਿਖਤ ਦੀ ਸ਼ੁਰੂਆਤ ਕਰ ਕੇ ਕੈਨੇਡੀਅਨ ਨਾਲ ਹੀ ਨਹੀਂ, ਆਪਣੀ 'ਬੇਨਜ਼ੀਰ' ਵਾਰਤਕ ਨਾਲ ਵੀ ਸਾਡੀ ਸਾਂਝ ਪੁਆ ਕੇ ਗੱਲ ਅੱਗੇ ਤੋਰੀ ਹੈ। ਲੋਕ ਇਨਕਲਾਬ ਲਈ ਜੀਵਨ ਭਰ ਜੂਝਦਿਆਂ ਤੇ ਸੱਚ ਦੀ ਬਾਣੀ ਬੋਲਦਿਆਂ ਜੀਵਨ ਨੂੰ ਕੁਰਬਾਨ ਕਰ ਜਾਣ ਵਾਲੇ, 'ਮਹਾਨਤਾ' ਦੇ ਰੁਤਬੇ ਤੱਕ ਪਹੁੰਚਣ ਵਾਲੇ ਦਰਸ਼ਨ ਸਿੰਘ ਕੈਨੇਡੀਅਨ ਦੀ ਪ੍ਰਤੀਬੱਧਤਾ, ਕੁਰਬਾਨੀ ਤੇ ਕਿਰਤ-ਕਮਾਈ ਦੀ ਬਾਤ ਪਾਉਂਦੀ ਇਹ ਲਿਖਤ ਕੈਨੇਡੀਅਨ ਦੇ ਜੀਵਨ ਸੰਘਰਸ਼ ਦੀ ਅਜਿਹੀ ਸੁਗਠਿਤ ਤੇ ਸਜਿੰਦ ਬਾਤ ਪਾਉਂਦੀ ਹੈ ਕਿ ਸੁਣਦਿਆਂ ਸਾਡੇ ਲੂੰ-ਕੰਡੇ ਵੀ ਖੜੇ ਹੁੰਦੇ ਹਨ ਤੇ ਅਜਿਹੀ ਬੁਲੰਦ ਸ਼ਖ਼ਸੀਅਤ ਅੱਗੇ ਨਤਮਸਤਕ ਹੋਣ ਨੂੰ ਵੀ ਜੀਅ ਕਰਦਾ ਹੈ। ਸਾਧੂ ਸਿੰਘ ਹੁਰਾਂ ਕੈਨੇਡੀਅਨ ਦੀ ਭਾਸ਼ਾਈ ਅਮੀਰੀ, ਅਖੁੱਟ ਗਿਆਨ-ਭੰਡਾਰ, ਪੰਜਾਬੀ ਸਭਿਆਚਾਰ ਤੇ ਇਤਿਹਾਸ ਦੀ ਤਰਕਸ਼ੀਲ ਤੇ ਵਿਗਿਆਨਕ ਸਮਝ ਅਤੇ ਲੋਕ-ਮਨਾਂ 'ਤੇ ਛਾ ਜਾਣ ਵਾਲੀ ਦਰਿਆਈ ਰਵਾਨੀ ਵਾਲੀ ਭਾਸ਼ਨ ਕਲਾ ਦਾ ਬਿਆਨ ਕਰਦਿਆਂ ਦੱਸਿਆ ਹੈ ਕਿ ਉਹਦੇ ਬੋਲ ਕਿਵੇਂ ਭੀੜਾਂ ਨੂੰ ਕੀਲ ਲੈਂਦੇ ਸਨ। ਕੈਨੇਡੀਅਨ ਚਾਹੁੰਦਾ ਤਾਂ ਕੈਨੇਡਾ ਵਿਚ ਰਹਿ ਕੇ ਸੁਖੀ ਜੀਵਨ ਭੋਗ ਸਕਦਾ ਸੀ। ਪਰ ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਉਹ ਕਰ ਆਰਾਮ ਨਹੀਂ ਬਹਿੰਦੇ। ਉਹਨੇ ਦੇਸ਼ ਵਿਚ ਆ ਕੇ ਆਪਣੇ ਆਪ ਨੂੰ ਲੋਕ-ਲਹਿਰ ਦੇ ਸਪਰਪਿਤ ਕਰ ਦਿੱਤਾ। ਲੋਕਾਂ ਲਈ ਉਮਰ ਭਰ ਲੜਦਾ ਰਿਹਾ, ਬੋਲਦਾ ਰਿਹਾ ਤੇ ਪੰਜਾਬ ਦੇ ਕਾਲੇ ਦੌਰ ਵਿਚ ਗੁਰੂ ਨਾਨਕ ਦੀ ਦਿੱਤੀ ਸਿਖਿਆ 'ਤੇ ਚੱਲਦਿਆਂ, 'ਸੱਚ ਸੁਣਾਇਸੀ ਸੱਚ ਕੀ ਬੇਲਾ' ਦਾ ਪਾਲਣ ਕਰਦਿਆਂ ਗੁਰੂ ਦੇ ਨਕਲੀ ਸਿੱਖਾਂ ਵੱਲੋਂ ਚਲਾਈਆਂ ਗੋਲੀਆਂ ਦਾ ਸ਼ਿਕਾਰ ਹੋ ਗਿਆ। ਇਸ ਹੀਰੇ ਇਨਸਾਨ ਤੇ ਕਰਮ-ਯੋਗੀ ਬਾਰੇ ਹੋਰ ਜਾਨਣ ਲਈ ਵੀ ਇਹ ਕਿਤਾਬ ਪੜ੍ਹਨੀ ਜ਼ਰੂਰੀ ਹੈ।

ਕਰਮ ਸਿੰਘ ਮਾਨ ਵਲਾਇਤ ਤੋਂ ਬਾਰ ਐਟ ਲਾਅ ਕਰ ਕੇ ਦੇਸ਼ ਪਰਤਿਆ ਅੰਗਰੇਜ਼ੀ ਪਹਿਰਾਵੇ ਤੇ ਦਿੱਖ ਵਾਲਾ ਅਜਿਹਾ ਸੁਨੱਖਾ ਨੌਜਵਾਨ ਸੀ, ਜਿਸ ਨੇ ਵਕਾਲਤ ਕਰਨ ਦੀ ਥਾਂ ਦਰਸ਼ਨ ਸਿੰਘ ਕੈਨੇਡੀਅਨ ਵਾਂਗ ਹੀ ਇਨਕਲਾਬ ਲਈ ਲੜਨ ਦਾ ਦ੍ਰਿੜ੍ਹ ਇਰਾਦਾ ਕਰ ਕੇ ਕਮਿਊਨਿਸਟ ਲਹਿਰ ਨਾਲ ਜੁੜਨ ਤੇ ਜੀਵਨ ਲੇਖੇ ਲਾਉਣ ਦਾ ਫ਼ੈਸਲਾ ਕੀਤਾ। ਕਰਮ ਸਿੰਘ ਮਾਨ ਵਾਂਗ ਹੀ ਵਲਾਇਤ ਪੜ੍ਹਨ ਗਏ ਕਾਮਰੇਡ ਨੌਨਿਹਾਲ ਦੇ ਪਿਤਾ ਗੁਰਪਾਲ ਸਿੰਘ ਚੱਠਾ ਨਾਲ ਮਾਨ ਦਾ ਯਾਰਾਨਾ ਸੀ। ਨੌਨਿਹਾਲ ਹੁਰਾਂ ਦੀ ਮਾਤਾ ਦਾ ਗੋਤ 'ਮਾਨ' ਹੋਣ ਕਰ ਕੇ ਉਹ ਉਹਨੂੰ ਆਪਣੀ ਭੈਣ ਮੰਨ ਕੇ ਸਦਾ 'ਬੀਬੀ ਜੀ' ਆਖ ਕੇ ਸਤਿਕਾਰ ਦਿੰਦਾ ਰਿਹਾ ਸੀ। ਇਸ ਲਈ ਨੌਨਿਹਾਲ ਹੁਰੀਂ ਤੇ ਸਾਧੂ ਸਿੰਘ ਹੁਰੀਂ ਉਹਨੂੰ 'ਮਾਮਾ ਜੀ' ਕਹਿ ਕੇ ਸਤਿਕਾਰ ਦਿੰਦੇ ਸਨ। ਇਸ ਲਿਖਤ ਵਿਚ ਕਰਮ ਸਿੰਘ ਮਾਨ ਦੀ ਸ਼ਖ਼ਸੀਅਤ ਦੇ ਸੁਭਾਅ ਦੀਆਂ ਵਿਭਿੰਨ ਪਰਤਾਂ ਦ੍ਰਿਸ਼ਟੀਗੋਚਰ ਹੁੰਦੀਆਂ ਨੇ। ਦੇਸ਼ ਪਰਤ ਕੇ ਵਕਾਲਤ ਕਰਨ ਦੀ ਥਾਂ ਉਹ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਿਆ ਤੇ ਕੁਲਵਕਤੀ ਕਾਰਕੁਨ ਬਣ ਕੇ ਵਿਚਰਨ ਲੱਗਾ। ਜ਼ਹੀਨ ਏਨਾ ਕਿ ਜਗਜੀਤ ਸਿੰਘ ਆਨੰਦ ਵਰਗੇ ਮੰਨਦੇ ਸਨ ਕਿ ਦਵੰਦਵਾਦੀ ਪਦਾਰਥਵਾਦ ਬਾਰੇ ਮੁਢਲੀ ਜਾਣਕਾਰੀ ਉਹਨੂੰ ਮਾਨ ਵੱਲੋਂ ਲਾਏ ਪਾਰਟੀ ਸਕੂਲ ਵਿਚੋਂ ਹੀ ਹਾਸਲ ਹੋਈ ਸੀ। ਉਨ੍ਹਾਂ ਵੇਲਿਆਂ ਵਿਚ ਵੱਡੇ ਕਮਿਊਨਿਸਟ ਨੇਤਾ ਵਜੋਂ ਜਾਣੇ ਜਾਂਦੇ ਮਾਨ ਨੂੰ ਕਿਸੇ ਕਾਰਨ ਕਮਿਊਨਿਸਟ ਪਾਰਟੀ ਦੀ ਕੁਲਵਕਤੀ ਸੇਵਾ ਨੂੰ ਤਿਆਗਣਾ ਪਿਆ, ਪਰ ਕਮਿਊਨਿਸਟ ਵਿਚਾਰਧਾਰਾ ਨਾਲ ਉਹ ਤਾਅ-ਉਮਰ ਜੁੜਿਆ ਰਿਹਾ। ਤੁਸੀਂ ਪੜ੍ਹ ਕੇ ਹੈਰਾਨ ਹੋ ਜਾਉਗੇ ਕਿ ਵਲਾਇਤ ਪਾਸ ਕਰ ਕੇ ਪਰਤਿਆ ਸੋਹਲ ਜਿਹਾ ਗੱਭਰੂ ਕਿਸੇ ਵੇਲੇ ਜ਼ਮੀਨ ਠੇਕੇ 'ਤੇ ਲੈ ਕੇ ਸੰਢਾਂ ਨਾਲ ਵੀ ਵਾਹੀ ਕਰਦਾ ਰਿਹਾ। ਪਰ ਇਹ ਵੀ ਸੱਚ ਹੈ ਕਿ ਬਾਅਦ ਵਿਚ ਉਹਨੇ ਵੱਡੇ ਸੌਦੇ ਕਰ ਕੇ ਵੱਡੀਆਂ ਕਮਾਈਆਂ ਕੀਤੀਆਂ ਤੇ ਬਹੁਤ ਵੱਡੀ ਜਾਇਦਾਦ ਵੀ ਬਣਾਈ। ਇਹ ਜਾਨਣਾ ਵੀ ਦਿਲਚਸਪ ਹੋਵੇਗਾ ਕਿ ਕਮਿਊਨਿਸਟ ਵਿਚਾਰਧਾਰਾ ਨਾਲ ਜੁੜਿਆ ਹੋਣ ਦੇ ਬਾਵਜੂਦ ਉਹ ਜੋਤਸ਼ੀ ਕੋਲੋਂ 'ਤੰਤਰ' ਬਣਵਾ ਕੇ ਜ਼ਮੀਨ ਵਿਚ ਵੀ ਦੱਬ ਸਕਦਾ ਹੈ ਤਾਂ ਕਿ ਉਸ ਵੱਲੋਂ ਖ਼ਰੀਦੀ ਹੋਈ ਕੀਮਤੀ ਜ਼ਮੀਨ ਸਰਕਾਰ ਕਿਸੇ ਸਕੀਮ ਅਧੀਨ ਕਬਜ਼ੇ ਵਿਚ ਨਾ ਲੈ ਲਵੇ। ਕਮਿਊਨਿਸਟ ਪਾਰਟੀ ਦੀ ਸਦਾ ਆਰਥਿਕ ਮਦਦ ਕਰਦੇ ਰਹਿਣ ਵਾਲੇ ਮਾਨ ਨੇ ਦਹਾਕਿਆਂ ਤੋਂ ਅਗਾਂਹਵਧੂ ਪੱਤਰਕਾਰਤਾ ਦੀ ਅਨੋਖੀ ਤੇ ਇਕੱਲੀ ਆਵਾਜ਼ 'ਨਵਾਂ ਜ਼ਮਾਨਾ' ਨੂੰ ਜਦੋਂ ਘੋਰ ਸੰਕਟ ਵਿਚ ਵੇਖਿਆ ਤਾਂ ਉਹੋ ਹੀ ਉਹਨੂੰ ਡੁੱਬਣੋਂ ਬਚਾਉਣ ਲਈ ਅੱਗੇ ਆਇਆ। ਇਸ ਲਿਖਤ ਨੂੰ ਪੜ੍ਹਨਾ ਅਨੂਠੇ ਅਨੁਭਵ ਵਿਚੋਂ ਗੁਜ਼ਰਨ ਵਾਂਗ ਹੈ।

ਜਗਜੀਤ ਸਿੰਘ ਆਨੰਦ ਸਰੋਤਿਆਂ 'ਤੇ ਜਾਦੂ ਧੂੜ ਦੇਣ ਵਾਲਾ ਬਾ-ਕਮਾਲ ਬੁਲਾਰਾ ਸੀ, ਬੇਮਿਸਾਲ ਅਨੁਵਾਦਕ ਸੀ। ਪੰਜਾਬੀ ਜ਼ਬਾਨ ਦੀ ਅਮੀਰੀ ਉਹਦੇ ਬੋਲੇ ਬੋਲਾਂ ਤੇ ਲਿਖੇ ਸ਼ਬਦਾਂ ਵਿਚੋਂ ਡੁੱਲ੍ਹ-ਡੁੱਲ੍ਹ ਪੈਂਦੀ ਸੀ। ਕਮਿਊਨਿਸਟ ਆਗੂ ਵੀ ਰਿਹਾ ਤੇ ਵੱਡਾ ਪੱਤਰਕਾਰ ਵੀ। ਪੱਤਰਕਾਰੀ ਵੀ ਅਜਿਹੀ ਜਿਸ ਨੂੰ ਕੁਲਵੰਤ ਸਿੰਘ ਵਿਰਕ, 'ਛੋਹਲੇ ਪੈਰੀਂ ਕੀਤੀ ਸਾਹਿਤਕਾਰੀ' ਕਿਹਾ ਕਰਦਾ ਸੀ। ਕਲਮ ਦੀ ਨੋਕ ਵਿਚੋਂ ਛਲਕ-ਛਲਕ ਤੇ ਡੁੱਲ੍ਹ-ਡੁੱਲ੍ਹ ਪੈਂਦੀਆਂ ਪੱਤਰਕਾਰੀ ਤੇ ਸਾਹਿਤਕ ਰਚਨਾਵਾਂ ਵਿਚੋਂ ਸਹਿਜੇ ਹੀ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਹਦੇ ਮਨ ਦੀਆਂ ਤਹਿਆਂ ਅੰਦਰ ਧੁਰ ਡੂੰਘਾਣਾਂ ਵਿਚ ਸੰਵੇਦਨਸ਼ੀਲਤਾ ਤੇ ਸਾਹਿਤਕਤਾ ਦਾ ਜੋ ਰੰਗ-ਬ-ਰੰਗਾ ਸਰ-ਚਸ਼ਮਾ ਝਰ ਝਰ ਕਰਦਾ, ਝੰਮ ਝੰਮ ਲਿਸ਼ਕਦਾ ਤੇ ਕਲ ਕਲ ਵਗਦਾ ਪਿਆ ਹੈ, ਉਹਦੇ ਰੰਗਾਂ ਦੀ ਬਦੌਲਤ ਹੀ ਉਹਦੇ ਖੁਸ਼ਕ ਸਿਧਾਂਤਕ ਪ੍ਰਵਚਨ ਵੀ ਸੁਣਨ-ਯੋਗ ਤੇ ਪੜ੍ਹਨਯੋਗ, ਮਾਣਨਯੋਗ ਤੇ ਮੰਨਣ-ਯੋਗ ਬਣ ਜਾਂਦੇ ਸਨ। ਜਗਜੀਤ ਸਿੰਘ ਆਨੰਦ ਦੀ ਬਹੁਪਾਸਾਰੀ ਅਲੋਕਾਰ ਸ਼ਖ਼ਸੀਅਤ ਦੀਆਂ ਰੁਚੀਆਂ, ਝੁਕਾਵਾਂ ਤੇ ਜੀਵਨ ਸਰਗਰਮੀਆਂ ਦੀ ਤਰਤੀਬ ਭਾਵੇਂ ਸਿਆਸਤ ਤੋਂ ਤੁਰ ਕੇ, ਪੱਤਰਕਾਰੀ ਵਿਚੋਂ ਹੁੰਦੀ ਹੋਈ ਸਾਹਿਤਕਾਰੀ ਤੱਕ ਪੁੱਜਦੀ ਹੈ ਪਰ ਇਹ ਤਰਤੀਬ ਵੱਖੋ-ਵੱਖ ਖਾਨਿਆਂ ਵਿਚ ਵੰਡੀ ਹੋਈ ਨਹੀਂ ਸਗੋਂ ਇਸ ਦੇ ਰੰਗ ਇੱਕ ਖੇਤਰ ਤੋਂ ਦੂਜੇ ਖੇਤਰ ਵਿਚ ਪਿਘਲਦੇ, ਘੁਲਦੇ ਤੇ ਲਿਸ਼ਕਦੇ ਨਜ਼ਰ ਆਉਂਦੇ ਹਨ। ਵਿਭਿੰਨ ਖੇਤਰਾਂ ਵਿਚ ਜੁੜਵਾਂ ਤੇ ਜਾਨਦਾਰ ਕੰਮ ਕਰਕੇ ਆਪਣੀ ਕਿਰਤ ਕਮਾਈ ਨਾਲ ਉਸ ਨੇ ਅਜਿਹਾ ਬੁਲੰਦ ਆਪਾ ਸਿਰਜ ਲਿਆ ਹੈ ਕਿ ਪੰਜਾਬੀ ਜਨ-ਜੀਵਨ ਵਿਚ ਉਸ ਜਿਹੀ ਬਹੁ-ਬਿਧ ਪ੍ਰਤਿਭਾ ਵਾਲਾ ਉਹ 'ਅਨੋਖਾ ਤੇ ਇਕੱਲਾ' ਹੋ ਨਿਬੜਿਆ ਹੈ।

'ਨਵਾਂ ਜ਼ਮਾਨਾਂ' ਨੂੰ ਹੁਣ ਤੱਕ ਜਿਊਂਦਿਆਂ ਰੱਖਣ ਲਈ ਆਨੰਦ ਦੇ ਲਾਸਾਨੀ ਯੋਗਦਾਨ ਨੂੰ ਸਾਰਾ ਸਾਹਿਤਕ ਤੇ ਪੱਤਰਕਾਰੀ ਜਗਤ ਭਲੀ-ਭਾਂਤ ਜਾਣਦਾ ਹੈ। ਸਾਧੂ ਸਿੰਘ ਨੇ ਕੁਝ ਸਮਾਂ 'ਨਵਾਂ ਜ਼ਮਾਨਾ' ਵਿਚ ਕੰਮ ਵੀ ਕੀਤਾ ਸੀ ਤੇ ਆਨੰਦ ਦੀ ਨੇੜਤਾ ਵੀ ਮਾਣੀ ਤੇ ਉਹਦੀ ਸ਼ਖ਼ਸੀਅਤ ਦੇ ਬਦਲਦੇ ਰੰਗ ਵੀ ਨੇੜਿਉਂ ਵੇਖੇ। ਕਦੀ ਗੁੱਸੇ ਵਿਚ ਉਬਲਦਾ ਆਨੰਦ। ਕਦੇ ਇੱਕਦਮ ਪਿਘਲ ਕੇ ਅੱਥਰੂ ਬਣ ਜਾਣ ਵਾਲਾ ਆਨੰਦ। ਮੈਂ ਨਿੱਜੀ ਤੌਰ 'ਤੇ ਦੋਵਾਂ ਦੀ ਪੀਚਵੀਂ ਰਿਸ਼ਤਗੀ ਬਾਰੇ ਜਾਣਦਾ ਹੋਣ ਕਰ ਕੇ ਆਸ ਕਰਦਾ ਸਾਂ ਕਿ ਆਨੰਦ ਵਾਲੀ ਲਿਖਤ ਕੁਝ ਵਧੇਰੇ ਵਿਸਥਾਰ ਵਿਚ ਹੁੰਦੀ। ਤਦ ਵੀ, ਭਾਵੇਂ ਸੰਖੇਪ ਵਿਚ ਹੀ ਸਹੀ, ਸਾਧੂ ਸਿੰਘ ਨੇ ਆਨੰਦ ਹੁਰਾਂ ਦੇ ਜੀਵਨ ਤੇ ਸੋਚ ਦੇ ਬਹੁਤ ਸਾਰੇ ਪ੍ਰਸੰਗ ਸੰਕੇਤਿਕ ਰੂਪ ਵਿਚ ਪੇਸ਼ ਕਰ ਦਿੱਤੇ ਨੇ। ਆਪ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਧੀ ਉਰਮਿਲਾ ਨਾਲ ਮੁਹੱਬਤ ਦਾ ਵਿਆਹ ਕਰਨ ਵਾਲੇ ਆਨੰਦ ਸਾਹਵੇਂ ਜਦੋਂ ਇਹ ਮਸਲਾ ਆਇਆ ਕਿ ਉਹਦੀ ਧੀ ਆਪਣੇ ਮੁਸਲਮਾਨ ਪ੍ਰੇਮੀ ਨਾਲ ਵਿਆਹ ਕਰਵਾ ਲਵੇ ਜਾਂ ਨਾ ਕਰਵਾਏ ਤਾਂ ਇਹ ਆਨੰਦ ਦੀ ਫ਼ਰਾਖ਼ਦਿਲੀ ਦਾ ਕਮਾਲ ਹੀ ਸੀ ਕਿ ਉਹਨੇ ਧੀ ਨੂੰ ਆਗਿਆ ਦਿੱਤੀ ਕਿ ਪਹਿਲਾਂ ਉਹ ਕੁਝ ਦਿਨ ਉਸ ਲੜਕੇ ਦੇ ਪਰਿਵਾਰ ਵਿਚ ਰਹਿ-ਵਿਚਰ ਕੇ ਵੇਖੇ ਤੇ ਉਸਤੋਂ ਬਾਅਦ ਜੋ ਵੀ ਫ਼ੈਸਲਾ ਦੇਵੇ ਉਹਨੂੰ ਮਨਜ਼ੂਰ ਹੋਵੇਗਾ। ਕੁੜੀ ਨੇ ਕਸ਼ਮੀਰ ਜਾ ਕੇ ਉਸ ਮੁਸਲਿਮ ਪਰਿਵਾਰ ਵਿਚ ਰਹਿ ਕੇ ਅਨੁਭਵ ਕੀਤਾ ਕਿ ਇਹ ਰਿਸ਼ਤਾ ਉਸ ਲਈ ਸੁਖਾਵਾਂ ਨਹੀਂ ਰਹੇਗਾ ਤੇ ਉਸ ਮੁੰਡੇ ਨਾਲ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ। ਅਜਿਹਾ ਸੀ ਜਗਜੀਤ ਸਿੰਘ ਆਨੰਦ!



ਪੁਸਤਕ ਮੇਰੇ ਮੇਹਰਬਾਨ ਦਾ ਮੁਖੜਾ।

ਨੌਨਿਹਾਲ ਬਾਈ ਸਾਧੂ ਸਿੰਘ ਦਾ ਜਿਗਰੀ ਯਾਰ ਸੀ। ਸਾਧੂ ਸਿੰਘ ਰਾਹੀਂ ਹੀ ਮੇਰੀ ਨੌਨਿਹਾਲ ਤੇ ਸਾਰੇ ਚੱਠਾ ਪਰਿਵਾਰ ਨਾਲ ਗੂੜ੍ਹੀ ਸਾਂਝ ਪਈ। ਨੌਨਿਹਾਲ ਅਮੀਰ ਬਾਪ ਦਾ ਵੱਡਾ ਪੁੱਤ। ਐਮ ਏ ਪਾਸ। ਪਰ ਚੜ੍ਹਦੀ ਉਮਰੇ ਕਮਿਊਨਿਸਟ ਲਹਿਰ ਨਾਲ ਜੁੜ ਗਿਆ। ਘਰ ਦੀ ਅਮੀਰੀ ਤਿਆਗ ਕੇ ਗਰੀਬਾਂ ਵਿਚ ਰਹਿ ਕੇ, ਗਰੀਬਾਂ ਵਾਂਗ ਜੀ-ਵਿਚਰ ਕੇ ਉਨ੍ਹਾਂ ਦੇ ਜੀਵਨ ਨੂੰ ਬਦਲਣ ਲਈ ਜੂਝਣ ਵਾਲਾ ਨੌਜਵਾਨ। ਰਾਜ ਤੇ ਸਮਾਜ ਨੂੰ ਬਦਲਣ ਦਾ ਸੁਪਨਾ ਅੱਖਾਂ ਵਿਚ ਤਰਦਾ। ਸਾਧੂ ਸਿੰਘ ਨਾਲ ਉਹਦੀ ਯਾਰੀ ਉਨ੍ਹਾਂ ਦਿਨਾਂ ਵਿਚ ਹੀ ਗੂੜ੍ਹੀ ਹੋ ਗਈ ਸੀ ਜਦੋਂ ਫ਼ਗਵਾੜੇ ਦੀ ਜਗਤਜੀਤ ਮਿੱਲ ਦੇ ਮਜ਼ਦੂਰਾਂ ਵਿਚ ਕੰਮ ਕਰਨ ਲਈ ਨੌਨਿਹਾਲ ਨੂੰ ਭੇਜਿਆ ਗਿਆ। ਉਹਦੇ ਫ਼ਗਵਾੜੇ ਵਿਚ ਰਹਿਣ ਦਾ ਬੰਦੋਬਸਤ ਸਾਧੂ ਸਿੰਘ ਨੇ ਹੀ ਕੀਤਾ। ਉਦੋਂ ਦਾ ਬਣਿਆ ਇਹ ਰਿਸ਼ਤਾ ਤਾਅ-ਉਮਰ ਨਿਭਿਆ। ਚੱਠਾ-ਪਰਿਵਾਰ ਤੇ ਸਾਧੂ ਸਿੰਘ ਹੁਰਾਂ ਦਾ ਪਰਿਵਾਰ ਕਿਵੇਂ ਇੱਕ ਦੂਜੇ ਦੀ ਦੇਹ-ਜਾਨ ਸਨ, ਇਸਦੇ ਹਵਾਲੇ ਤੁਹਾਨੂੰ ਇਸ ਲਿਖਤ ਵਿਚੋਂ ਤਾਂ ਭਲੀ-ਭਾਂਤ ਮਿਲ ਹੀ ਜਾਣਗੇ, ਮੈਂ ਖ਼ੁਦ ਵੀ ਇਨ੍ਹਾਂ ਰਿਸ਼ਤਿਆਂ ਦੇ ਹੁਸਨ ਦੇ ਰੰਗ ਨੇੜਿਉਂ ਮਾਣੇ ਹੋਏ ਨੇ। ਫ਼ਗਵਾੜੇ ਵਿਚ ਚੱਲਦੀ ਐਜੀਟੇਸ਼ਨ ਤੋਂ ਦੁਖੀ ਹੋ ਕੇ ਮਾਲਕਾਂ ਨੇ ਘਿਨੌਣੀ ਚਾਲ ਖੇਡੀ ਸੀ। ਮਾਲਕਾਂ ਵੱਲੋਂ ਮਿੱਲ ਦੇ ਗੇਟ 'ਤੇ ਧਰਨੇ 'ਤੇ ਬੈਠੇ ਨੌਨਿਹਾਲ ਨੂੰ ਮਾਰਨ ਲਈ ਪਾਰਸਲ-ਬੰਬ ਭੇਜਿਆ ਗਿਆ। ਬੰਬ ਦੇ ਫਟਣ ਨਾਲ ਕੁਝ ਮੌਤਾਂ ਹੋਈਆਂ। ਨੌਨਿਹਾਲ ਜ਼ਖ਼ਮੀ ਤਾਂ ਹੋਇਆ, ਪਰ ਬਚ ਗਿਆ। ਇਸ ਬਾਰੇ ਸਾਧੂ ਸਿੰਘ ਨੇ ਇੱਕ ਯਾਦਗਾਰੀ ਕਹਾਣੀ ਲਿਖੀ ਸੀ, 'ਮਿੱਲ ਗੇਟ ਦਾ ਮਸੀਹਾ'। ਦੋਵਾਂ ਯਾਰਾਂ ਦੀ ਦੋਸਤੀ ਦੀ ਬਹੁ-ਰੰਗਤਾ ਦੇ ਦੀਦਾਰ ਹੁੰਦੇ ਨੇ ਇਸ ਲਿਖਤ ਵਿਚੋਂ। 'ਨਵਾਂ ਜ਼ਮਾਨਾਂ' ਨੂੰ ਚਾਲੂ ਰੱਖਣ ਵਿਚ ਪਾਏ ਅਣਮੁੱਲੇ ਯੋਗਦਾਨ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਕਮੇਟੀ ਵਿਚ ਪ੍ਰਧਾਨ ਤੇ ਜਨਰਲ ਸਕੱਤਰ ਵਜੋਂ ਕੰਮ ਕਰ ਕੇ ਨੌਨਿਹਾਲ ਨੇ ਚੋਖੀ ਪ੍ਰਸ਼ੰਸਾ ਖੱਟੀ ਸੀ। ਸਰੀਰਕ ਹਾਲਤ ਠੀਕ ਨਾ ਹੋਣ ਕਰ ਕੇ ਉਹ ਆਪਣੀ ਧੀ ਕੀਰਤ ਕੋਲ ਧਰਮਸ਼ਾਲਾ ਗਿਆ ਹੋਇਆ ਸੀ ਕਿ ਓਥੇ ਹੀ ਸਰੀਰ ਤਿਆਗ ਗਿਆ। ਪਰ ਹਾਲਾਤ ਦੀ ਵਿਡੰਬਨਾ ਵੇਖੋ ਹਜ਼ਾਰਾਂ ਲੋਕਾਂ ਦਾ ਚਹੇਤਾ ਆਗੂ ਤੇ ਪਿਆਰਾ ਇਨਸਾਨ , ਕਰੋਨਾ ਦੀਆਂ ਪਾਬੰਦੀਆਂ ਕਾਰਨ, ਕੁਝ ਕੁ ਜੀਆਂ ਦੀ ਹਾਜ਼ਰੀ ਵਿਚ ਸਪੁਰਦ-ਏ-ਖ਼ਾਕ ਹੋ ਗਿਆ।

ਗੁਰਮੇਲ ਵੈਲੀ ਨੂੰ ਮੈਂ ਇੱਕ ਤੋਂ ਵੱਧ ਵਾਰ ਮਿਲਿਆ ਹੋਇਆ ਹਾਂ। ਉਹਦੀਆਂ ਗੱਲਾਂ ਵੀ ਸੁਣੀਆਂ ਹੋਈਆਂ ਨੇ। ਉਹਦੀਆਂ ਅੱਖਾਂ ਦੀ ਚਮਕ, ਕਦਮਾਂ ਦੀ ਛੋਹਲੀ ਤੇ ਬੋਲਾਂ ਦੀ ਲਿਸ਼ਕ ਮਾਣੀ ਹੋਈ ਹੈ। ਸਵੈ-ਮਾਣ ਨਾਲ ਭਰਿਆ ਰੰਗ-ਰੱਤਾ ਤੇ ਮੋਹ-ਵੰਤਾ ਇਨਸਾਨ। ਆਖਣ ਨੂੰ ਦਰਜਾ ਚਾਰ ਮੁਲਾਜ਼ਮ ਸਾਧੂ ਸਿੰਘ ਵਾਸਤੇ ਪਹਿਲੇ ਦਰਜੇ ਦਾ ਬੰਦਾ ਸੀ। ਐਵੇਂ ਤਾਂ ਨਹੀਂ, ਪੰਜਾਬ ਦੀਆਂ ਵਿਭਿੰਨ ਖੇਤਰਾਂ ਦੀਆਂ ਨਾਮਵਰ ਹਸਤੀਆਂ ਵਿਚ ਬਰਾਬਰ ਰੱਖ ਕੇ ਉਹਦਾ ਜ਼ਿਕਰ ਕੀਤਾ ਗਿਆ।

ਸਾਧੂ ਸਿੰਘ ਹੁਰਾਂ ਦੀ ਵੱਡੀ ਭੈਣ ਚਰਨੀਂ ਦੇ ਪਿੰਡ ਸਾਧੂ ਸਿੰਘ ਦੇ ਨਾਲ ਜਾ ਕੇ ਮੈਨੂੰ ਉਹਦੇ ਵੀ ਚਰਨ ਪਰਸਨ ਦਾ ਮੌਕਾ ਨਸੀਬ ਹੋਇਆ ਹੈ। ਭੈਣ ਚਰਨੀ ਦੇ ਜੀਵਨ-ਬਿਰਤਾਂਤ ਦਾ ਇੱਕ ਵੇਰਵਾ ਇਸ ਲਿਖਤ ਵਿਚ ਦਰਜ ਹੈ। ਪਿੰਡ ਦੇ ਦਰਜੀ ਸਾਧੂ ਦੀ ਧੀ ਦਾ ਵਿਆਹ ਹੈ। ਦਸ ਹਜ਼ਾਰ ਉਸ ਕੋਲ ਹੈ ਤੇ ਦਸ ਹਜ਼ਾਰ ਦੀ ਮੰਗ ਉਹ ਭੈਣ ਚਰਨੀ ਦੇ ਪੁੱਤ ਸੀਤਲ ਕੋਲੋਂ ਕਰਦਾ ਹੈ। ਸੀਤਲ ਰਾਜ਼ੀ ਹੈ, ਪਰ ਪੈਸੇ ਮਾਂ ਦੇ ਕਹਿਣ ਤੋਂ ਬਿਨਾਂ ਦੇ ਨਹੀਂ ਸਕਦਾ। ਦੋਵੇਂ ਸਲਾਹ ਕਰਦੇ ਹਨ ਤੇ ਪਹਿਲਾਂ ਮਿੱਥੇ ਅਨੁਸਾਰ ਸਾਧੂ ਉਦੋਂ ਘਰ ਆਉਂਦਾ ਹੈ, ਜਦੋਂ ਸੀਤਲ ਵੀ ਘਰ ਵਿਚ ਹੈ। ਸਾਧੂ ਭੈਣ ਚਰਨੀ ਕੋਲ ਆਪਣੀ ਬੇਨਤੀ ਕਰਦਾ ਹੈ ਤਾਂ ਭੈਣ ਆਪਣੇ ਪੁੱਤ ਨੂੰ ਚੌਦਾਂ ਹਜ਼ਾਰ ਆੜ੍ਹਤੀਏ ਕੋਲੋਂ ਦਿਵਾ ਦੇਣ ਲਈ ਆਖਦੀ ਹੈ। ਪਰ ਸਾਧੂ ਦਰਜੀ ਲੁਧਿਆਣੋਂ ਤੋਂ ਪਰਤਦਿਆਂ ਕਿਸੇ ਤੀਵੀਂ ਦੇ ਬੈਗ ਨਾਲ ਆਪਣਾ ਬੈਗ ਵਟਾ ਬੈਠਦਾ ਹੈ। ਧੀ ਦਾ ਵਿਆਹ ਸਿਰ 'ਤੇ ਹੈ ਤੇ ਉਹ ਲੁੱਟਿਆ-ਪੁੱਟਿਆ ਗਿਆ ਹੈ। ਵਿਚੇ ਭੈਣ ਦੇ ਦਸ ਹਜ਼ਾਰ ਵੀ ਗਏ। ਪਰ ਭੈਣ ਚਰਨੀ ਫੇਰ ਵੀ ਹੌਂਸਲਾ ਦਿੰਦੀ ਹੈ, "ਤੂੰ ਬਹੁਤਾ ਦਿਲ ਨੂੰ ਨਾ ਲਾ। ਇਉਂ ਸੋਚ ਕਿ ਦਸ ਹਜ਼ਾਰ ਤਾਂ ਗਵਾਚ ਗਿਆ ਤੇਰਾ ਤੇ ਦਸ ਗੁਆਚ ਗਿਆ ਸੀਤਲ ਸੂੰਹ (ਭੈਣ ਦੇ ਲੜਕੇ) ਦਾ। ਆਪਾਂ ਹੁਣ ਗਾਂਹ ਦੀ ਸੋਚੀਏ। ਜਾਉ ਮੇਰੇ ਮੱਲ! ਰਲ-ਮਿਲ ਕੇ ਅਗਲੀ ਸੋਚੋ। ਮੈਂ ਵੀ ਐਵੇਂ ਖ਼ਾਲੀ ਹੱਥੀਂ ਨਹੀਂ ਬੈਠੀ। ਜੋ ਬਣਿਆ ਧੀ-ਧਿਆਣੀ ਦੇ ਸੁਦ ਵਿਚ ਬਣਦਾ ਹਿੱਸਾ ਮੈਂ ਵੀ ਪਾ ਦਊਂ।"

ਇਹ ਤਾਂ ਸੀ ਦਰਿਆ ਦਿਲ ਭੈਣ ਤੇ ਉਹਦੇ ਪੁੱਤ ਸੀਤਲ ਸੂੰਹ ਦੀ ਦਾਸਤਾਨ। ਪਰ ਦੂਜੇ ਪਾਸੇ ਵੀ ਐਸੇ ਹੀ ਸਤਿਜੁਗੀ ਲੋਕ ਸਨ। ਜਦ ਤੀਵੀਂ ਨੇ ਵੇਖਿਆ ਕਿ ਬੈਗ ਤਾਂ ਕਿਸੇ ਨਾਲ ਬਦਲ ਗਿਆ। ਕਿਸੇ ਗਰੀਬ ਦੇ ਪੈਸੇ ਉਸ ਕੋਲ ਆ ਗਏ ਨੇ। ਬੈਗ ਵਿਚ ਸਾਧੂ ਦੀ ਬੈਂਕ ਦੀ ਕਾਪੀ ਤੋਂ ਸਾਧੂ ਦਾ ਪਤਾ ਮਿਲ ਜਾਂਦਾ ਹੈ। ਉਹ ਓਸੇ ਵੇਲੇ ਘਰਵਾਲੇ ਨੂੰ ਨਾਲ ਲੈ ਕੇ ਸਾਧੂ ਦੇ ਘਰ ਪਹੁੰਚਦੀ ਹੈ ਤੇ ਪੈਸਿਆਂ ਵਾਲਾ ਬੈਗ ਵਾਪਸ ਕਰ ਕੇ ਸੁਖ ਦਾ ਸਾਹ ਲੈਂਦੀ ਹੈ।

ਸਤਿਜੁਗੀ ਲੋਕਾਂ ਦੀ ਅਜਿਹੀ ਕਥਾ ਨਾਲ ਸਾਧੂ ਸਿੰਘ ਅਖ਼ੀਰ 'ਤੇ ਆਪਣੀ ਪਤਨੀ ਤੇ ਧੀਆਂ ਦੇ ਯੋਗਦਾਨ ਲਈ ਮੁਹੱਬਤਾਂ ਦਿੰਦਾ ਹੋਇਆ ਲਿਖਤ ਨੂੰ ਵਿਰਾਮ ਦਿੰਦਾ ਹੈ।

ਇਸ ਪੁਸਤਕ ਦੇ ਸਾਰੇ ਪਾਤਰ ਬਹੁਤ ਪਿਆਰੇ ਹਨ, ਪਰ ਪੁਸਤਕ ਪੜ੍ਹਨ ਤੋਂ ਬਾਅਦ ਤੁਹਾਨੂੰ ਹੋਰ ਵੀ ਪਿਆਰੇ ਲੱਗਣ ਲੱਗ ਜਾਂਦੇ ਨੇ। ਇਸ ਵਿਚ ਕਮਾਲ ਉਨ੍ਹਾਂ ਪਾਤਰਾਂ ਦੀ ਸ਼ਖ਼ਸੀਅਤ ਦਾ ਵੀ ਹੈ ਤੇ ਸਾਧੂ ਸਿੰਘ ਦੀ ਵਾਰਤਕ ਸਿਰਜਣ ਦੀ ਹੁਨਰਮੰਦੀ ਤੇ ਪੁਰ-ਖ਼ਲੂਸ ਨਜ਼ਰੀਏ ਦਾ ਵੀ।

ਪੁਸਤਕ ਸਾਧੂ ਭਾਅ ਜੀ ਦੇ ਪ੍ਰਸ਼ੰਸਕ ਸਤੀਸ਼ ਗੁਲਾਟੀ ਨੇ 'ਚੇਤਨਾ ਪ੍ਰਕਾਸ਼ਨ' ਵੱਲੋਂ ਛਾਪੀ ਹੈ।

# ਦਿ ਕਸ਼ਮੀਰ ਫਾਈਲਜ਼ ! ਨਵਾਂ ਰੇੜਕਾ !

ਰੇੜਕਿਆਂ 'ਚੋਂ ਇੱਕ ਨਵਾਂ ਰੇੜਕਾ। ਪਰ ਰੇੜਕਿਆਂ ਨਾਲ ਹੀ ਤਾਂ ਜ਼ਿੰਦਗੀ ਹੈ। ਇਹ ਰੇੜਕਾ ਵੀ ਬੜਾ ਦਿਲਚਸਪ ਹੈ। 'ਆਉ ਵਿਰੋਧ ਕਰੀਏ' ਵਾਲਿਆਂ ਲਈ ਸੁਨਹਿਰੀ ਮੌਕਾ ਪਰ ਇਨ੍ਹਾਂ ਵਿਚਾਰਿਆਂ ਨਾਲ ਮਾੜਾ ਹੁੰਦੈ ਕਿਉਂਕਿ ਅਕਸਰ ਇਨ੍ਹਾਂ ਦਾ ਪਾਸਾ ਪੁੱਠਾ ਪੈ ਜਾਂਦੈ। ਜਿਸ ਦਾ ਇਹ ਰੱਜ ਕੇ ਵਿਰੋਧ ਕਰਦੇ ਹਨ ਉਸ ਦਾ ਕੁੱਬ ਸਿੱਧਾ ਹੋ ਜਾਂਦੈ। ਮੋਦੀ, ਬੀ ਜੇ ਪੀ ਦਾ ਅੰਨ੍ਹਾ ਵਿਰੋਧ ਉਨ੍ਹਾਂ ਨੂੰ ਰਾਸ ਆ ਗਿਆ। ਦਿ ਕਸ਼ਮੀਰ ਫਾਈਲਜ਼ ਦੇ ਵਿਰੋਧ ਨਾਲ ਫਿਲਮ ਸੁਪਰ ਡੁਪਰ ਹਿੱਟ ਹੋ ਗਈ। ਮਾਮੂਲੀ ਫਿਲਮ ਥੋੜਿਆਂ ਹੀ ਦੇਖਣੀ ਸੀ ਹੁਣ ਸਾਰੀ ਦੁਨੀਆ ਦੇਖੇਗੀ। ਵਿਰੋਧੀ ਵੀ ਉਹ ਹਨ ਜੋ ਸੋਚਣ ਸਮਝਣ ਦੀ ਖੇਚਲ ਨਾ ਕਰ ਕੇ ਝੱਟ ਹੱਥ ਵਿਚ ਤਖ਼ਤੀਆਂ ਫੜ ਖੜ੍ਹੇ ਹੋ ਤਸਵੀਰਾਂ ਖਿਚਾਉਣ ਵਿਚ ਫਖ਼ਰ ਮਹਿਸੂਸ ਕਰਦੇ ਹਨ। ਬੈਨਰਾਂ ਵਿਚ ਲਿਖ ਰਹੇ ਹਨ 'ਗੁਜਰਾਤ ਫਾਈਲਜ਼' 'ਲਖੀਮ ਪੁਰ ਖੀਰੀ ਫਾਈਲਜ਼' ਵਗੈਰਾ।




ਹੋਰ ਵੀ ਬੜੀਆਂ ਫਾਈਲਾਂ ਹਨ ਪਹਿਲਾਂ ਗੁਜਰਾਤ ਫਾਈਲਜ਼ ਖੋਲ੍ਹ ਲੈਂਦੇ ਹਾਂ ਪਰ ਫਾਈਲ ਤਾ ਮੁੱਢੋਂ ਦੇਖਣੀ ਪੈਣੀ ਵਿਚਕਾਰੋਂ ਤਾਂ ਨਹੀਂ ਨਾ ਪੜ੍ਹੀ ਜਾਂਦੀ। ਗੁਜਰਾਤ ਦੇ ਗੋਧਰਾ ਰੇਲਵੇ ਸਟੇਸ਼ਨ 'ਤੇ ਟਰੇਨ ਰੁਕਦੀ ਹੈ ਜਿਸ ਦੀ ਇੱਕ ਬੋਗੀ ਵਿਚ ਕੋਈ ਸੌ ਕੁ ਰਾਮੰਦਰ ਕਾਰਸੇਵਕ ਸਵਾਰ ਹਨ। ਸਟੇਸ਼ਨ 'ਤੇ ਕੁਝ ਕਾਰਸੇਵਕ ਚਾਹ-ਪਾਣੀ ਲਈ ਉਤਰਦੇ ਹਨ। ਚਸ਼ਮਦੀਦਾਂ ਅਨੁਸਾਰ ਕਾਰਸੇਵਕਾਂ ਵਿਚੋਂ ਕਿਸੇ ਮੁਸਲਿਮ ਔਰਤ ਨੂੰ ਛੇੜਨ ਦੀ ਵਜਾਹ ਦੱਸਦਿਆਂ ਦੋ ਗੁਟਾਂ ਵਿਚ ਗਰਮਾ-ਗਰਮੀ ਹੋਈ। ਆਖਰ ਟਰੇਨ ਚੱਲ ਪਈ ਪਰ ਕੁਝ ਕੁ ਮਿੰਟਾਂ ਬਾਅਦ ਚੇਨ ਖਿੱਚ ਕੇ ਰੋਕ ਦਿੱਤੀ ਗਈ। ਇਸ ਜਗਾਹ ਸੰਘਣੀ ਮੁਸਲਿਮ ਆਬਾਦੀ ਹੈ। ਕਾਰਸੇਵਕਾਂ ਵਾਲਾ ਡੱਬਾ ਭੀੜਾਂ ਦੁਆਰਾ ਘੇਰ ਕੇ ਉਸ 'ਤੇ ਪੈਟਰੋਲ ਬੰਬਾਂ ਨਾਲ ਹਮਲਾ ਕਰ ਦਿੱਤਾ ਜਾਂਦੈ। ਕਿਸੇ ਨੂੰ ਬਾਹਰ ਨਿਕਲਣ ਦਾ ਮੌਕਾ ਨਾ ਦਿੰਦਿਆਂ ਪੁਲਿਸ ਮਦਦ ਆਉਣ ਤੱਕ ਸਾਰੇ ਕਾਰਸੇਵਕ ਜਿਉਂਦੇ ਅਗਨ ਭੇਟ ਹੋ ਚੁੱਕੇ ਹੁੰਦੇ ਹਨ। ਕੀ ਅੱਧੇ ਘੰਟੇ ਵਿਚ ਇੱਕ ਬੋਗੀ ਸਾੜਨ ਵਰਗਾ ਕੰਮ ਅਚਨਚੇਤ ਹੋ ਸਕਦਾ ਹੈ। ਨਹੀਂ। ਇਹ ਪ੍ਰੀਪਲੈਨਡ ਸਾਜ਼ਿਸ਼ ਹੀ ਹੋ ਸਕਦੀ ਹੈ। ਹੁਣ ਜੇਕਰ ਇੱਕ ਔਰਤ ਨਾਲ ਛੇੜਛਾੜ ਦਾ ਅੰਜਾਮ ਸੌ ਬੰਦੇ ਫੂਕ ਦੇਣ ਵਿਚ ਹੁੰਦਾ ਹੈ ਤਾਂ ਸੌ ਬੰਦੇ ਜਿਉਂਦੇ ਸਾੜਨ ਦਾ ਅੰਜਾਮ ਕੀ ਹੋ ਸਕਦਾ ਹੈ। ਜੇਕਰ ਮੈਥਮੈਟਿਕਸ ਦਾ ਅਲਜਬਰਾ ਛੋਲੇ ਦੇ ਕੇ ਜਾਂ ਰਟ ਕੇ ਪਾਸ ਨਹੀਂ ਕੀਤਾ ਤਾਂ ਸਭ ਨੂੰ ਸਮੀਕਰਨ ਸੰਤੁਲਨ ਕਰਨਾ ਜ਼ਰੂਰ ਆਉਂਦਾ ਹੋਵੇਗਾ। ਹੁਣ ਭਾਵੇਂ ਗੁਜਰਾਤ ਫਾਈਲ ਦੇ ਅਗਲੇਰੇ ਸਫੇ ਖੋਲ੍ਹ ਸਕਦੇ ਹੋ। ਲਖੀਮਪੁਰ ਖੀਰੀ ਫਾਈਲ ਦਾ ਹਸ਼ਰ ਵੀ ਮਾੜਾ ਹੋਇਆ ਕਿਉਂਕਿ ਉੱਥੋਂ ਵੀ ਬੀ ਜੇ ਪੀ ਜਿੱਤ ਗਈ। ਕਾਰਨ? ਜੇਕਰ ਘਿਨਾਉਣਾ ਅਪਰਾਧ ਕਰ ਗੱਡੀ ਨਾਲ ਦਰੜ ਚਾਰ ਅੰਦੋਲਨਕਾਰੀ ਮਾਰ ਦਿੱਤੇ ਜਾਂਦੇ ਹਨ ਤਾਂ ਫੌਰਨ ਭੀੜਾਂ ਵੱਲੋਂ ਚਾਰ ਬੇਕਸੂਰ ਬੰਦੇ ਕੁੱਟ ਕੁੱਟ ਮਾਰ ਝੱਟ ਹੀ ਇਕੁਏਸ਼ਨ ਬੈਲੇਂਸ ਕਰ ਦਿੱਤੀ ਜਾਂਦੀ ਹੈ। ਹੋਰ ਵੀ ਫਾਈਲਾਂ ਹਨ ਜਿਨ੍ਹਾਂ ਨੂੰ ਸਮੇਂ ਸਮੇਂ ਖੋਲ੍ਹਦੇ ਰਹਾਂਗੇ ਫਿਲਹਾਲ ਦਿ ਕਸ਼ਮੀਰ ਫਾਈਲਜ਼ ਦੇਖ ਇਹ ਯਤਨ ਕਰਾਂਗੇ ਕਿ ਸਮੀਕਰਨ (ਇਕੁਏਸ਼ਨ) ਕਿਵੇਂ ਬੈਲੇਂਸ ਹੁੰਦੀ ਰਹੀ ਹੈ। ਹਾਲੇ ਇਹ ਫਿਲਮ ਦੇਖੀ ਨਹੀਂ ਹੈ।

**-ਹਰਜੀਤ ਦਿਉਲ**

# ਸੁਮਨ ਕਲਿਆਣਪੁਰ ਦੇ ਸੁਰ ਅਤੇ ਸੰਗੀਤ

**ਕਲਾ ਪਰਿਕਰਮਾ**

**ਡਾ. ਹਰਭਜਨ ਸਿੰਘ**
**ਫੋਨ: +91-99971-39539**

ਸੁਮਨ ਕਲਿਆਣਪੁਰ ਦੀ ਆਵਾਜ਼ ਵਿਚ ਸੰਗੀਤ ਦਾ ਹਰ ਬਾਰੀਕ ਅੰਮ੍ਰਿਤ ਕਣ ਵਿਦਮਾਨ ਸੀ ਪਰ ਬੇਹੱਦ ਮਧੁਰ ਆਵਾਜ਼ ਦੀ ਮਾਲਕ ਹੋਣ ਦੇ ਬਾਵਜੂਦ ਉਹ ਜ਼ਿਆਦਾ ਦੇਰ ਫਿਲਮ ਜਗਤ ਵਿਚ ਟਿਕੀ ਨਹੀਂ ਰਹਿ ਸਕੀ। ਇਹ ਵੀ ਕਿਹਾ ਜਾ ਸਕਦਾ ਹੈ ਕਿ ਉਸ ਨੂੰ ਟਿਕਣ ਹੀ ਨਹੀਂ ਦਿੱਤਾ ਗਿਆ।

ਸੁਮਨ ਕਲਿਆਣਪੁਰ ਦਾ ਜਨਮ 28 ਜਨਵਰੀ 1937 ਨੂੰ ਸੈਂਟਰਲ ਬੈਂਕ ਆਫ ਇੰਡੀਆ ਦੇ ਵੱਡੇ ਬਾਬੂ ਸ਼ੰਕਰ ਰਾਓ ਦੇ ਘਰ ਢਾਕਾ (ਹੁਣ ਬੰਗਲਾਦੇਸ਼ ਦੀ ਰਾਜਧਾਨੀ) ਵਿਚ ਹੋਇਆ ਸੀ। 1943 ਵਿਚ ਬੱਚਿਆਂ ਦੀ ਬਿਹਤਰ ਪੜ੍ਹਾਈ ਵਾਸਤੇ ਸ਼ੰਕਰ ਬਾਬੂ ਪਰਿਵਾਰ ਸਮੇਤ ਮੁੰਬਈ ਆ ਗਏ। ਸੁਮਨ ਨੇ ਸਕੂਲ ਦੀ ਪੜ੍ਹਾਈ ਸੇਂਟ ਕੋਲੰਬੀਆ ਹਾਈ ਸਕੂਲ ਵਿਚੋਂ ਕਰਨ ਪਿੱਛੋਂ ਅਗਲੀ ਵਿਦਿਆ ਲਈ ਸਰ ਜੇ. ਜੇ. ਸਕੂਲ ਆਫ ਆਰਟਸ ਵਿਚ ਪੜ੍ਹਾਈ ਕੀਤੀ। ਸੁਮਨ ਦੀ ਰੁਚੀ ਪੇਂਟਿੰਗ ਅਤੇ ਸੰਗੀਤ ਵਿਚ ਸੀ। ਪੇਂਟਰ ਬਣਨ ਦੀ ਖਾਹਿਸ਼ ਨਾਲ ਉਸ ਨੇ ਆਰਟਸ ਵਿਚ ਗ੍ਰੈਜੁਏਸ਼ਨ ਕੀਤੀ। ਪੂਣੇ ਸਥਿਤ ਪ੍ਰਭਾਤ ਫਿਲਮਜ਼ ਦੇ ਸੰਗੀਤ ਨਿਰਦੇਸ਼ਕ ਪੰਡਿਤ ਕੇਸ਼ਵ ਰਾਓ ਭੋਲੇ ਜੋ ਪਰਿਵਾਰ ਦੇ ਜਾਣਕਾਰ ਸਨ, ਦੀ ਪ੍ਰੇਰਨਾ ਨਾਲ ਸੁਮਨ ਨੇ ਉਨ੍ਹਾਂ ਤੋਂ ਸੰਗੀਤ ਸਿੱਖਣਾ ਸ਼ੁਰੂ ਕੀਤਾ। ਮਗਰੋਂ ਉਸਤਾਦ ਖਾਨ, ਅਬਦੁਲ ਰਹਿਮਾਨ, ਮਾਸਟਰ ਨਵਰੰਗ ਵਰਗੇ ਸੰਗੀਤਕਾਰਾਂ ਤੋਂ ਸੰਗੀਤ ਦੀਆਂ ਬਾਰੀਕੀਆਂ ਸਮਝੀਆਂ।

ਸੁਮਨ ਨੇ ਪਹਿਲੀ ਵਾਰ 1952 ਵਿਚ ਆਲ ਇੰਡੀਆ ਰੇਡੀਓ, ਮੁੰਬਈ ਤੋਂ ਪੇਸ਼ਕਾਰੀ ਦਿੱਤੀ। ਇਸ ਨਾਲ ਉਸ ਦੀ ਆਵਾਜ਼ ਦੀ ਮਧੁਰਤਾ ਇਸ ਕਦਰ ਛਾ ਗਈ ਕਿ ਉਸ ਨੂੰ 1953 ਵਿਚ ਰਿਲੀਜ਼ ਹੋਈ ਮਰਾਠੀ ਫਿਲਮ 'ਸ਼ੁਕਰਾਚੀ ਚਾਂਦਨੀ' ਵਿਚ ਗੀਤ ਗਾਉਣ ਦਾ ਅਵਸਰ ਮਿਲਿਆ।

ਸ਼ੇਖ ਮੁਖਤਾਰ ਉਸ ਦੀ ਗਾਇਕੀ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਫਿਲਮ 'ਮੰਗੂ' ਲਈ ਸੁਮਨ ਦੇ ਤਿੰਨ ਗੀਤ ਰਿਕਾਰਡ ਕੀਤੇ। ਮਗਰੋਂ ਮੁਹੰਮਦ ਸ਼ਫੀ ਦੀ ਥਾਂ ਆਏ ਨਵੇਂ ਸੰਗੀਤ ਨਿਰਦੇਸ਼ਕ ਓ. ਪੀ. ਨਈਅਰ ਨੇ ਕੇਵਲ ਇੱਕ ਗੀਤ 'ਕੋਈ ਪੁਕਾਰੇ ਧੀਰੇ ਸੇ' ਨੂੰ ਹੀ ਫਿਲਮ ਵਿਚ ਸਥਾਨ ਦਿੱਤਾ। ਫਿਲਮ 'ਮੰਗੂ' 1954 ਵਿਚ ਰਿਲੀਜ਼ ਹੋਈ। ਇਸ ਤੋਂ ਬਾਅਦ ਨੌਸ਼ਾਦ ਦੇ ਨਿਰਦੇਸ਼ਨ ਵਿਚ ਉਸ ਨੇ ਇਸਮਤ ਚੁਗਤਾਈ ਦੀ ਫਿਲਮ 'ਦਰਵਾਜ਼ਾ' ਲਈ ਪੰਜ ਗੀਤ ਗਾਏ। 1954 ਵਿਚ ਹੀ ਉਸ ਨੇ ਮੁਹੰਮਦ ਰਫੀ ਅਤੇ ਗੀਤਾ ਦੱਤ ਨਾਲ 'ਆਰ ਪਾਰ' ਫਿਲਮ ਦਾ ਮਸ਼ਹੂਰ ਗੀਤ 'ਮੁਹੱਬਤ ਕਰ ਲੋ ਜੀ ਭਰ ਲੋ' ਗਾਇਆ। ਇਸੇ ਸਮੇਂ ਗੀਤਾਂ ਦੀ ਰਾਇਲਟੀ ਨੂੰ ਲੈ ਕੇ ਰਫੀ ਅਤੇ ਲਤਾ ਮੰਗੇਸ਼ਕਰ ਵਿਚ ਅਜਿਹਾ ਵਿਵਾਦ ਹੋਇਆ ਕਿ ਤਿੰਨ ਸਾਲ ਤੱਕ ਦੋਵੇਂ ਵੱਖ ਹੋ ਗਏ। ਲਤਾ ਜੀ ਉਸ ਵੇਲੇ ਇੱਕ ਗੀਤ ਰਿਕਾਰਡ ਕਰਾਉਣ ਦਾ ਘੱਟੋ-ਘੱਟ 100 ਰੁਪਿਆ ਲੈਂਦੀ ਸੀ ਜੋ ਛੋਟਾ ਨਿਰਮਾਤਾ ਨਹੀਂ ਸੀ ਦੇ ਸਕਦਾ। ਸੁਮਨ ਦੀ ਆਵਾਜ਼ ਨੇ ਲਤਾ ਦੀ ਘਾਟ ਪੂਰੀ ਕਰ ਦਿੱਤੀ। ਰਫੀ ਨਾਲ ਉਸ ਨੇ ਬਿਹਤਰੀਨ ਗੀਤ ਰਿਕਾਰਡ ਕਰਵਾਏ ਜੋ ਲੋਕ ਲਤਾ ਦੇ ਹੀ ਸਮਝਦੇ ਹਨ।

ਉਸ ਸਮੇਂ ਦੇ ਪ੍ਰਸਿੱਧ ਗਾਇਕ ਤਲਤ ਮਹਿਮੂਦ ਨੇ 1953 ਵਿਚ ਕਿਸੇ ਧਾਰਮਿਕ ਸਮਾਗਮ ਵਿਚ ਸੁਮਨ ਦੀ ਆਵਾਜ਼ ਸੁਣੀ। ਉਹ ਬਹੁਤ ਪ੍ਰਭਾਵਿਤ ਹੋਇਆ ਅਤੇ ਐਚ.ਐਮ.ਵੀ. ਕੰਪਨੀ ਨੂੰ ਸੁਮਨ ਦੇ ਗੀਤ ਰਿਕਾਰਡ ਕਰਨ ਦੀ ਸਿਫਾਰਸ਼ ਕੀਤੀ। ਉਨ੍ਹਾਂ ਨੇ ਖੁਦ ਵੀ ਸੁਮਨ ਨਾਲ ਕਈ ਗੀਤ ਰਿਕਾਰਡ ਕਰਵਾਏ। ਸੁਮਨ ਨੇ ਮੁਹੰਮਦ ਰਫੀ, ਮੁਕੇਸ਼, ਮੰਨਾ ਡੇਅ, ਕਿਸ਼ੋਰ ਕੁਮਾਰ, ਹੇਮੰਤ ਕੁਮਾਰ, ਤਲਤ ਮਹਿਮੂਦ,





*ਗਾਇਕਾ ਸੁਮਨ ਕਲਿਆਣਪੁਰ ਦੀਆਂ ਦੋ ਤਸਵੀਰਾਂ।*

ਗੀਤਾ ਦੱਤ, ਸ਼ਮਸ਼ਾਦ ਬੇਗਮ ਵਰਗੇ ਆਪਣੇ ਕਾਲ ਦੇ ਸਭ ਕਲਾਕਾਰਾਂ ਨਾਲ ਗੀਤ ਰਿਕਾਰਡ ਕਰਵਾਏ। ਸ਼ੰਕਰ ਜੈ ਕਿਸ਼ਨ, ਰੋਸ਼ਨ, ਐਸ. ਡੀ. ਬਰਮਨ, ਮਦਨ ਮੋਹਨ, ਐਨ ਦੱਤਾ, ਹੇਮੰਤ ਕੁਮਾਰ, ਚਿਤਰਗੁਪਤ, ਨੌਸ਼ਾਦ, ਐਸ. ਐਨ. ਤ੍ਰਿਪਾਠੀ, ਗੁਲਾਮ ਮੁਹੰਮਦ, ਕਲਿਆਣਜੀ ਆਨੰਦਜੀ, ਲਕਸ਼ਮੀਕਾਂਤ ਪਿਆਰੇ ਲਾਲ ਕੋਈ ਵੀ ਅਜਿਹਾ ਮਹਾਨ ਸੰਗੀਤਕਾਰ ਨਹੀਂ ਜਿਸ ਦੀਆਂ ਧੁਨਾਂ ਨੂੰ ਉਸ ਨੇ ਸੰਗੀਤ ਜਗਤ ਵਿਚ ਬੁਲੰਦੀਆਂ 'ਤੇ ਨਾ ਪਹੁੰਚਾਇਆ ਹੋਵੇ। ਉਸ ਨੇ ਹਿੰਦੀ, ਮਰਾਠੀ, ਪੰਜਾਬੀ, ਗੁਜਰਾਤੀ, ਅਸਾਮੀ, ਬੰਗਾਲੀ, ਉੜੀਆ, ਰਾਜਸਥਾਨੀ, ਕੰਨੜ, ਮੈਥਿਲੀ, ਭੋਜਪੁਰੀ ਭਾਸ਼ਾਵਾਂ ਵਿਚ ਗਾਇਆ ਹੈ। ਪੰਜਾਬੀ ਵਿਚ 'ਰਾਤਾਂ ਨੇ ਹਨੇਰੀਆਂ ਚੰਨ ਮੈਥੋਂ ਦੂਰ ਵੇ' (ਬਿੱਲੋ), 'ਤੂੰ ਸਦਾ ਜਵਾਨੀਆਂ ਮਾਣੇਂ ਰੱਬ ਤੇਰੀ ਖੈਰ ਕਰੇ', 'ਇਹ ਗੱਲ ਕਿਸੇ ਨੂੰ ਦੱਸੀਂ ਨਾ' (ਮਾਮਾ ਜੀ), 'ਜਿਸ ਉੱਡ ਜਾਣਾ, ਉਸ ਨਹੀਂ ਆਉਣਾ' (ਸਤਲੁਜ ਦੇ ਕੰਢੇ) ਵਰਗੇ ਅਨੇਕਾਂ ਗੀਤ ਸੁਮਨ ਦੇ ਨਾਮ ਹਨ। ਉਸ ਵੱਲੋਂ ਗਾਏ 'ਗਿਰ ਗਈ ਰੇ ਮੋਰੇ ਮਾਥੇ ਕੀ ਬਿੰਦੀਆ', 'ਮਨਮੋਹਨ ਮਨ ਮੇਂ ਹੋ ਤੁਮਹੀ' ਅਤੇ 'ਮੇਰੇ ਸੰਗ ਗਾ ਗੁਨਗੁਨਾ' ਵਰਗੇ ਗੀਤ ਸ਼ਾਸਤਰੀ ਸੰਗੀਤ ਆਧਾਰਿਤ ਹਨ।

ਸਾਲ 1958 ਵਿਚ ਸੁਮਨ ਦਾ ਵਿਆਹ ਰਾਮਾਨੰਦ ਕਲਿਆਣਪੁਰੀ ਨਾਲ ਹੋਇਆ ਅਤੇ ਸੁਮਨ ਉਸ ਮਗਰੋਂ ਕਲਿਆਣਪੁਰ ਹੋ ਗਈ। ਇਸ ਵਿਆਹ ਤੋਂ ਉਸ ਦੀ ਪੁੱਤਰੀ ਚਾਰੁਲ ਅਗਨੀ ਹੈ। ਗਾਇਨ ਤੋਂ ਪਰੇ, ਉਹ ਸੁਸ਼ੀਲ ਅਤੇ ਸਤਿਵੰਤੀ ਭਾਰਤੀ ਗ੍ਰਹਿਸਥੀ ਨਾਰੀ ਹੈ ਜੋ ਹੁਣ 85 ਸਾਲ ਦੀ ਉਮਰ ਵਿਚ ਮੁੰਬਈ ਵਿਖੇ ਰਹਿੰਦੀ ਹੈ। ਉਸ ਨੇ ਕੁੱਲ 857 ਗੀਤ ਰਿਕਾਰਡ ਕਰਵਾਏ। ਮੁਹੰਮਦ ਰਫੀ ਨਾਲ ਉਸ ਦੇ 140 ਤੋਂ ਵੱਧ ਦੋਗਾਣੇ ਹਨ। ਮੁਕੇਸ਼ ਨਾਲ ਵੀ ਉਸ ਨੇ ਕਈ ਗੀਤ ਗਾਏ ਜਿਨ੍ਹਾਂ ਵਿਚੋਂ ਸਾਥੀ ਫਿਲਮ ਦਾ ਗੀਤ 'ਮੇਰਾ ਪਿਆਰ ਭੀ ਤੂ ਹੈ, ਯੇ ਬਹਾਰ ਭੀ ਤੂੰ ਹੈ' ਸਦਾਬਹਾਰ ਹੈ। ਕਿਸ਼ੋਰ ਕੁਮਾਰ ਨਾਲ ਉਸ ਦਾ ਗਾਇਨ ਸਫਰ 'ਗਾਈਡ' ਫਿਲਮ ਦੇ ਗੀਤ 'ਗਾਤਾ ਰਹੇ ਮੇਰਾ ਦਿਲ, ਤੂ ਹੀ ਮੇਰੀ ਮੰਜ਼ਿਲ' ਨਾਲ ਸ਼ੁਰੂ ਹੋਇਆ ਅਤੇ ਕੁਲ 11 ਗੀਤ ਰਿਕਾਰਡ ਕਰਵਾਏ। 1961 ਵਿਚ ਸਰਵੋਤਮ ਪਿੱਠਵਰਤੀ ਗਾਇਕਾ ਹੋਣ ਕਾਰਨ ਉਸ ਨੂੰ ਪਹਿਲਾ 'ਦਾਦਾ ਸਾਹਿਬ ਫਾਲਕੇ' ਐਵਾਰਡ ਮਿਲਿਆ। ਇਸ ਤੋਂ ਇਲਾਵਾ 'ਸੁਰ ਸ਼ਿੰਗਾਰ ਸੰਸਦ' ਅਤੇ 2009 ਵਿਚ ਮਹਾਰਾਸ਼ਟਰ ਸਰਕਾਰ ਵੱਲੋਂ 'ਲਤਾ ਮੰਗੇਸ਼ਕਰ' ਐਵਾਰਡ ਨਾਲ ਸਨਮਾਨਤ ਕੀਤਾ ਗਿਆ।

ਸੁਮਨ ਦੇ ਗੀਤਾਂ 'ਆਜ ਕਲ ਤੇਰੇ ਮੇਰੇ ਪਿਆਰ ਕੇ ਚਰਚੇ ਹਰ ਜ਼ੁਬਾਨ ਪਰ' (ਬ੍ਰਹਮਚਾਰੀ), 'ਨਾ ਨਾ ਕਰ ਕੇ ਪਿਆਰ ਤੁਮੀ ਸੇ ਕਰ ਬੈਠੇ' (ਜਬ ਜਬ ਫੂਲ ਖਿਲੇ), 'ਰਹੇਂ ਨਾ ਰਹੇਂ ਹਮ ਮਹਿਕਾ ਕਰੇਂਗੇ ਬਨ ਕੇ ਕਲੀ' (ਮਮਤਾ), 'ਮੇਰਾ ਪਿਆਰ ਭੀ ਤੂ ਹੈ ਯੇ ਬਹਾਰ ਭੀ ਤੂ ਹੈ' (ਸਾਥੀ), 'ਤੁਮ ਨੇ ਪੁਕਾਰਾ ਔਰ ਹਮ ਚਲੇ ਆਏ' (ਰਾਜਕੁਮਾਰ) ਅਤੇ 'ਦਿਲ ਨੇ ਫਿਰ ਯਾਦ ਕੀਆ' ਵਰਗੇ ਗੀਤਾਂ ਦੇ ਚਰਚੇ ਹਰ ਇੱਕ ਦੀ ਜ਼ੁਬਾਨ 'ਤੇ ਸਦਾ ਰਹਿਣਗੇ।

ਨੂਰ ਜਹਾਂ ਦੇ ਗੀਤਾਂ ਦੀ ਇਸ ਪ੍ਰਸੰਸਕ ਨਾਲ ਜੱਗ ਤੋਂ ਵੱਖਰਾ ਹੋਇਆ ਹੈ। ਕਾਲਜ ਵਿਚ ਉਹ ਲਤਾ ਮੰਗੇਸ਼ਕਰ ਦੇ ਗੀਤ ਉਸ ਦੀ ਆਵਾਜ਼ ਵਿਚ ਗਾਉਂਦੀ ਸੀ ਪਰ ਹਕੀਕਤ ਵਿਚ ਸੁਮਨ ਦੀ ਆਵਾਜ਼ ਨੂੰ ਲਤਾ ਨਾਲੋਂ ਵੱਖ ਕਰਨਾ ਅਸੰਭਵ ਹੈ। ਇਸ ਲਈ ਬਹੁਤੇ ਸਰੋਤੇ ਸੁਮਨ ਦੇ ਸਾਰੇ ਗੀਤ ਲਤਾ ਮੰਗੇਸ਼ਕਰ ਦੇ ਹੀ ਸਮਝਦੇ ਹਨ। ਇੰਨਾ ਹੀ ਨਹੀਂ, ਆਲ ਇੰਡੀਆ ਰੇਡੀਓ 'ਤੇ ਉਸ ਦੇ ਕਈ ਗੀਤਾਂ ਦੀ ਗਾਇਕਾ ਲਤਾ ਮੰਗੇਸ਼ਕਰ ਨੂੰ ਹੀ ਦੱਸਿਆ ਜਾਂਦਾ ਰਿਹਾ। ਗੀਤਾਂ ਦੀਆਂ ਐਲਬਮਾਂ 'ਤੇ ਸੁਮਨ ਦੀ ਥਾਂ ਲਤਾ ਲਿਖ ਦਿੱਤਾ ਜਾਂਦਾ। ਜੇ ਉਸ ਦੇ ਗੀਤ ਸੁਣੀਏ ਤਾਂ ਉਹ ਲਤਾ ਮੰਗੇਸ਼ਕਰ ਨਾਲੋਂ ਘੱਟ ਨਹੀਂ ਦਿਸਦੀ, ਜੇ ਹੁੰਦੀ ਤਾਂ ਲੋਕ ਫਰਕ ਜ਼ਰੂਰ ਕਰ ਲੈਂਦੇ ਪਰ ਉਹ ਸੁਮਨ ਜੋ 1990ਵਿਆਂ ਦੇ ਦਹਾਕੇ ਤੱਕ ਮਹਾਨ ਗਾਇਕਾ ਹੋ ਸਕਦੀ ਸੀ, ਜਲਦ ਹੀ ਅਗਿਆਤਵਾਸ ਵਿਚ ਚਲੀ ਗਈ।

1971 ਵਿਚ ਆਈ ਫਿਲਮ 'ਗੁੱਡੀ' ਲਈ ਵਾਣੀ ਜੈ ਰਾਮ ਨੇ ਮਲਹਾਰ ਵਿਚ 'ਬੋਲੇ ਰੇ ਪਪੀਹਰਾ' ਐਸਾ ਗਾਇਆ ਕਿ ਉਸ ਦੀ ਗੁੱਡੀ ਸੰਗੀਤ ਦੇ ਸੱਤਵੇਂ ਆਕਾਸ਼ ਨੂੰ ਛੂਹ ਗਈ। 'ਹਮ ਕੋ ਮਨ ਕੀ ਸ਼ਕਤੀ ਦੇਨਾ' ਹਰ ਸਕੂਲ ਦੀ ਪ੍ਰਾਰਥਨਾ ਬਣ ਗਿਆ। ਲੋਕਾਂ ਨੇ ਸੋਚਿਆ ਕਿ ਨਵੀਂ ਲਤਾ ਮਿਲ ਗਈ ਪਰ ਕਿਸੇ ਤਿੱਖੀ ਕੈਂਚੀ ਨਾਲ ਐਸੀ ਡੋਰ ਕੱਟੀ ਕਿ ਗੁੱਡੀ ਜ਼ਮੀਨ 'ਤੇ ਵੀ ਡਿੱਗੀ ਅਤੇ ਕਿਸੇ ਨੂੰ ਦਿਸੀ ਵੀ ਨਹੀਂ। ਉਸ ਨੂੰ ਮੁੰਬਈ ਛੱਡ ਕੇ ਮਦਰਾਸ ਜਾਣਾ ਪਿਆ। ਨਿਰਮਾਤਾਵਾਂ ਅਤੇ ਸੰਗੀਤ ਨਿਰਦੇਸ਼ਕਾਂ ਨੂੰ ਹੁਕਮ ਸੀ ਕਿ ਇਸ ਨੂੰ ਗੀਤ ਦਿਓਗੇ ਤਾਂ ਤੁਹਾਡੇ ਲਈ ਕਦੇ ਨਹੀਂ ਗਾਵਾਂਗੀ। ਕੌਣ ਖਤਰਾ ਮੁੱਲ ਲਵੇ?

ਵਾਣੀ ਜੈ ਰਾਮ ਨਾਮ ਲਏ ਬਿਨਾਂ ਕਹਿੰਦੀ ਹੈ ਕਿ ਸੁਮਨ ਅਤੇ ਸ਼ਮਸ਼ਾਦ ਨੂੰ ਪੁੱਛੋ, ਬਾਹਰ ਦਾ ਰਸਤਾ ਕਿਸ ਨੇ ਦਿਖਾਇਆ? ਹੇਮਲਤਾ ਵਰਗੀ ਸੁਰੀਲੀ ਗਾਇਕਾ ਵੀ ਕਿਨਾਰੇ ਕਰ ਦਿੱਤੀ ਗਈ। ਫਿਲਮ ਇੰਡਸਟਰੀ ਵਿਚ ਅਨੁਰਾਧਾ ਪੌਡਵਾਲ ਆਈ ਤਾਂ ਓ. ਪੀ. ਨਈਅਰ ਨੇ ਐਲਾਨ ਕਰ ਦਿੱਤਾ ਕਿ ਅਨੁਰਾਧਾ ਨਵੇਂ ਯੁੱਗ ਦੀ ਲਤਾ ਹੈ। ਲਤਾ ਦਾ ਯੁੱਗ ਸਮਾਪਤ ਹੋ ਚੁੱਕਾ ਹੈ ਪਰ ਡਾਢਿਆਂ ਅੱਗੇ ਕਿਸ ਦਾ ਜ਼ੋਰ? ਸਾਰੇ ਨਿਰਮਾਤਾਵਾਂ ਅਤੇ ਸੰਗੀਤ ਨਿਰਦੇਸ਼ਕਾਂ ਨੂੰ ਉਹੀ ਫਰਮਾਨ ਜਾਰੀ ਹੋ ਗਿਆ। ਕੇਵਲ ਟੀ. ਸੀਰੀਜ਼ ਅਤੇ ਲਕਸ਼ਮੀਕਾਂਤ ਪਿਆਰੇਲਾਲ ਨੇ ਉਸ ਦਾ ਸਾਥ ਦਿੱਤਾ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਅਪਰੈਲ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-527



**ਨਹੀਂ ਸੀ ਮਸ਼ੀਨਾਂ ਆਈਆਂ, ਸੇਵੀਆਂ ਵੱਟੇਂਦੇ ਨੇ ਸੁਖਾ.ਲੀਆਂ,**
**ਵੱਟਦੇ ਸੀ ਮੂਧਾ ਮਾਰ ਘੜਾ, ਉੱਤੋਂ ਜ਼ੋਰ ਲਾ ਕੇ 'ਥਿਆ.ਲੀਆਂ।**
**ਮਨਾਉਂਦੇ ਸਨ ਗੁੱਗਾ ਪੀਰ, ਖਾਂਦੇ ਬੱਚੇ ਮਾਰ ਕੇ ਤਾ.ਲੀਆਂ,**
**ਵਿਰਸਾ ਮੁਕਾਇਆ ਮੈਗੀਆਂ, ਗੁਆ ਸੇਵੀਆਂ ਘਿਓ ਸ਼ੱਕਰ ਵਾ.ਲੀਆਂ।**

### ਕੈਪਸ਼ਨ ਮੁਕਾਬਲਾ-525



ਆ.ਲੇ, ਇੰਨੂੰ, ਟੋਕਰੇ, ਪਾਥੀਆਂ
ਹੁਣ ਬੀਤ ਗਏ ਦੀ ਬਾਤ ਹੋਈ।
ਲੱਖ ਇਹ ਗੈਸੀ ਚੁੱਲ੍ਹੇ ਆ ਗਏ
ਪਰ ਹਾਰੇ ਵਾਲੀ ਲੱਜ਼ਤ ਖੋਈ।
ਨਕਲੀ ਲੱਖਾਂ ਮੁੱਖੜੇ ਦਿਸਦੇ
ਪਰ ਅਸਲੀ ਦੀ ਰੀਸ ਨਾ ਕੋਈ।
***-ਜਗਮੀਤ ਸਿੰਘ ਪੰਧੇਰ***
***ਵਿੰਨੀਪੈਗ (ਕੈਨੇਡਾ)***
***ਫੋਨ:+1 2042963177***

---

ਨਾ ਵਰਤੋਂ 'ਚ ਰਹੇ ਟੋਕਰੇ, ਨਾ ਪਾਥੀਆਂ
ਨਾ ਚੁਲ੍ਹੇ, ਆ ਗਏ ਗੈਸ ਚੁੱਲ੍ਹੇ ਸਾਰੇ।
ਕੁੜੀਆਂ ਤਾਂ ਪਹਿਲਾਂ ਹੀ
ਹੁੰਦੀਆਂ ਸੀ ਸੋਹਲ,
ਮੇਕਅੱਪ ਨੇ ਬੰਨ੍ਹਤੇ ਨਜ਼ਾਰੇ।
ਰਹਿੰਦੀ-ਖੂੰਹਦੀ ਕਸਰ
ਕਰੋਨਾ ਨੇ ਕੀਤੀ ਪੂਰੀ,
ਮਾਸਕ ਬੰਨ੍ਹ ਕੇ ਰਹਿ ਗਏ
ਘਰ ਦੇ ਦਵਾਰੇ।
ਜਿਹੜੀ ਨੇ ਜ਼ਿੰਦਗੀ ਨਾਲ ਆਢਾ ਲਾਇਆ,
ਚਮਕਣ ਜਿਵੇਂ ਅਸਮਾਨੀਂ ਤਾਰੇ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਅੱਜ ਲਾਓ ਤਾਰ ਨਾਲ ਤਾਰ
ਗੈਸ ਭੜੱਕ ਦੇ ਕੇ ਬਲ ਪੈਂਦੀ
ਗੋਬਰ ਗੈਸ ਸੀ ਮੁਫਤੋ-ਮੁਫਤ
ਜੋ ਮੱਝ ਗਾਂ ਨੇ ਦਿੱਤੀ।
ਪੱਥਣਾ ਵੀ ਇਕ ਕਲਾ ਸੀ,
ਸਜਾਓ ਤੂਤ ਦੇ ਟੋਕਰੇ 'ਚ,
ਜਿਵੇਂ ਕੋਈ ਗਹਿਣਾ ਹੈ,
ਸਿਰ 'ਤੇ ਚੁੱਕਿਆ ਹੋਇਆ।
ਕਿਤੇ ਕਸਰਤ ਸੀ ਸਰੀਰ ਦੀ
ਜ਼ਿੰਦਗੀ ਸੁਖਾਲੀ ਅੱਜ,
ਲਿੱਬੜਨਾ ਵੀ ਨਹੀਂ ਪੈਂਦਾ
ਆਲਸ ਅਤੇ ਨਵੀਆਂ ਮਰਜ਼ਾਂ
ਆਣ ਸਹੇੜਿਆ।
***-ਦਰਸ਼ਨ ਪਾਲ ਦੋਸਾਂਝ।***

---

ਸ਼ਰਮ ਦਾ ਕਿਉਂ ਕਰਨਾ ਵਿਚਾਰ
ਪਾਥੀਆਂ ਵੇਚਣ ਦੇ ਲਈ
ਛਾਬਾ ਕੀਤਾ ਤਿਆਰ।
ਆਵਾਂਗੀ ਤੇਰੀ ਗਲੀ ਵਿਚ
ਭਾਵੇਂ ਦੁਪਹਿਰ ਹੋ ਜਾਏ,
ਹੋ ਕੇ ਲਾਵਾਂਗੀ ਤੇਰੀ ਬੇਫਵਾਈ ਦੇ
ਭਾਵੇਂ ਜੇਲ੍ਹ ਕਿਉਂ ਨਾ ਹੋ ਜਾਵੇ।
***-ਬੱਲਾ ਲਬਾਣਾ***
***ਫੋਨ: 848-235-8344***

# ਬੜੇ ਬੇਆਬਰੂ ਹੋਕਰ ਤੇਰੇ ਕੂਚੇ ਸੇ ਹਮ ਨਿਕਲੇ

ਪੰਜਾਬ ਵਿਧਾਨ ਸਭਾ 2022 ਦੀਆਂ ਚੋਣਾਂ ਦੇ ਨਤੀਜਿਆਂ ਨੇ ਤਹਿਲਕੇ ਵਾਲੇ ਹਾਲਾਤ ਪੈਦਾ ਕੀਤੇ ਹਨ। ਬੇਸ਼ਕ ਪੇਸ਼ੀਨਗੋਈਆਂ ਤਾਂ ਆਮ ਆਦਮੀ ਪਾਰਟੀ ਦੇ ਹੱਕ ਵਿਚ ਦੇਰ ਤੋਂ ਹੋ ਰਹੀਆਂ ਸਨ ਪਰ ਆਮ ਚਰਚਾ ਇਹ ਹੀ ਸੀ ਕਿ ਇਨ੍ਹਾਂ ਚੋਣਾਂ ਵਿਚ ਕਿਸੇ ਵੀ ਸਿਆਸੀ ਦਲ ਨੂੰ ਬਹੁਮੱਤ ਨਹੀਂ ਮਿਲਣਾ ਇਸ ਕਾਰਨ ਜਾਂ ਤਾਂ ਪੰਜਾਬ ਵਿਚ ਮਿਲਗੋਭਾ ਸਰਕਾਰ ਬਣੇਗੀ ਅਤੇ ਜਾਂ ਰਾਜਨੀਤਕ ਖਿਲਾਰਾ ਐਸਾ ਪਏਗਾ ਕਿ ਪੰਜਾਬ ਵਿਚ ਰਾਸ਼ਟਰਪਤੀ ਰਾਜ ਦੇ ਹਾਲਾਤ ਪੈਦਾ ਕਰ ਦੇਵੇਗਾ। ਇਹ ਤਾਂ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਇਨ੍ਹਾਂ ਚੋਣਾਂ ਵਿਚ ਆਪ ਦੀ ਬਹੁਕਰ ਵਿਰੋਧੀਆਂ ਦਾ ਕੂੜਾ ਹੀ ਕਰ ਦੇਵੇਗੀ। ਆਪ ਦੀ ਬਹੁਕਰ ਐਸੀ ਫਿਰੀ ਕਿ ਪੰਜਾਬ ਦੇ ਸਾਰੇ ਢੁੱਠਾਂ ਵਾਲੇ ਵੱਡੇ ਚਿਹਰੇ ਮੂਧੇ ਮੂੰਹ ਜਾ ਪਏ। ਇਨ੍ਹਾਂ ਢੁੱਠਾਂ ਵਾਲਿਆਂ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਬੀਬੀ ਭੱਠਲ, ਨਵਜੋਤ ਸਿੰਘ ਸਿੱਧੂ ਅਤੇ ਅਕਾਲੀ ਦਲ ਦੇ ਸ. ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਅਤੇ ਅਨੇਕਾਂ ਹੋਰ ਨਾਮ ਸ਼ਾਮਲ ਹਨ। ਕਾਂਗਰਸ ਅਤੇ ਅਕਾਲੀਆਂ ਤੋਂ ਬਾਗੀ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਦੇਵ ਸਿੰਘ ਢੀਂਡਸਾ ਵਗੈਰਾ ਵੀ ਰਾਜਨੀਤਕ ਤੌਰ 'ਤੇ ਅਣਹੋਏ ਹੋ ਕੇ ਰਹਿ ਗਏ। ਇਨ੍ਹਾਂ ਦੇ ਨਾਲ ਨਾਲ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਸਿਮਰਨਜੀਤ ਸਿੰਘ ਮਾਨ ਦਾ ਹਾਰ ਜਾਣਾ ਅਤੇ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦੀ ਜ਼ਮਾਨਤ ਜ਼ਬਤ ਹੋਣਾ ਵੀ ਵੱਡਾ ਧਮਾਕਾ ਸਾਬਤ ਹੋਇਆ ਅਤੇ ਇਨ੍ਹਾਂ ਦੋਹਾਂ ਦਲਾਂ ਦਾ ਤਾਂ ਇਕ ਵੀ ਵਿਧਾਇਕ ਕਾਮਯਾਬ ਨਾ ਹੋ ਸਕਿਆ।


ਕੁਲਵੰਤ ਸਿੰਘ 'ਢੇਸੀ'

ਵਿਧਾਨ ਸਭਾ ਚੋਣਾਂ ਦੇ ਨਤੀਜਿਆਂ 'ਤੇ ਮੋਟੀ ਨਜ਼ਰ ਮਾਰੀਏ ਤਾਂ ਆਮ ਆਦਮੀ ਪਾਰਟੀ ਨੇ ਜਿੱਥੇ 92 ਸੀਟਾਂ 'ਤੇ ਕਾਮਯਾਬੀ ਹਾਸਲ ਕਰ ਕੇ ਹੂੰਝਾ ਫੇਰ ਜਿੱਤ ਹਾਸਲ ਕੀਤੀ ਹੈ ਉਥੇ ਕਾਂਗਰਸ ਦੇ ਹਿੱਸੇ 18 ਸੀਟਾਂ, ਅਕਾਲੀ ਦਲ ਕੇਵਲ ਤਿੰਨ ਅਤੇ ਭਾਜਪਾ ਦੋ ਸੀਟਾਂ 'ਤੇ ਸਿਮਟ ਗਈ ਹੈ। ਇਸ ਵੇਲੇ ਸਭ ਤੋਂ ਮਾੜੀ ਹਾਲਤ ਅਕਾਲੀ ਦਲ ਦੀ ਹੈ, ਜਿਸ ਨੂੰ ਪੰਜਾਬ ਦੀ ਵਾਰਸ ਪਾਰਟੀ ਕਹਿ ਕੇ ਸਨਮਾਨਿਆ ਜਾਂਦਾ ਰਿਹਾ ਹੈ। ਇਹ ਤਾਂ ਕਿਸੇ ਦੇ ਸੁੱਖ ਸੁਫਨੇ ਵਿਚ ਵੀ ਨਹੀਂ ਸੀ ਕਿ 95 ਸਾਲ ਦੀ ਉਮਰ ਨੂੰ ਢੁਕ ਕੇ ਸ. ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੀ ਰਾਜਨੀਤੀ ਵਿਚੋਂ ਇਸ ਤਰ੍ਹਾਂ ਬੇਆਬਰੂ ਹੋ ਕੇ ਅਲੋਪ ਹੋ ਜਾਣਗੇ।

ਪੰਜਾਬੀ ਬੇਸ਼ੱਕ ਜਜ਼ਬਾਤੀ ਲੋਕ ਹਨ ਅਤੇ ਉਹ ਅਕਸਰ ਹੀ ਉਲਾਰ ਨਾਅਰਿਆਂ ਦਾ ਸ਼ਿਕਾਰ ਹੋ ਜਾਂਦੇ ਹਨ ਪਰ ਹੁਣ 2022 ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਪੰਜਾਬੀਆਂ ਨੇ ਹੁਣ ਉਲਾਰ ਅਤੇ ਜਜ਼ਬਾਤੀ ਨਾਅਰਿਆਂ ਦਾ ਸ਼ਿਕਾਰ ਹੋਣਾ ਛੱਡ ਦਿੱਤਾ ਹੈ। ਪੰਜਾਬੀਆਂ ਨੇ ਜਿੱਥੇ ਨਹਿਰੂ ਗਾਂਧੀ ਦੀ ਅਖੌਤੀ ਧਰਮ ਨਿਰਪੱਖ ਕਾਂਗਰਸ ਤੋਂ ਮੂੰਹ ਮੋੜ ਲਿਆ ਹੈ ਉਥੇ ਹੀ ਆਰ ਐਸ ਐਸ ਦੇ ਹਿੰਦੂਤਵਾ ਏਜੰਡੇ ਨੂੰ ਵੀ ਮੂੰਹ ਨਹੀਂ ਲਾਇਆ। ਪੰਜਾਬੀਆਂ ਨੇ ਤਾਂ ਉਸ ਅਕਾਲੀ ਦਲ ਬਾਦਲ ਦੀ ਵੀ ਫੱਟੀ ਪੋਚ ਦਿੱਤੀ ਹੈ ਜੋ ਆਪਣੇ ਆਪ ਨੂੰ ਪੰਜਾਬ ਅਤੇ ਪੰਥ ਦੀ ਰੂਹੇ ਰਵਾਂ ਸਮਝਦਿਆਂ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਦੇਣ ਦੇ ਦਾਅਵੇ ਕਰਦਾ ਰਿਹਾ ਹੈ। ਇਸ ਦੇ ਨਾਲ ਹੀ ਪੰਜਾਬੀਆਂ ਨੇ ਉਸ ਸੋਚ ਦੀਆਂ ਜ਼ਮਾਨਤਾਂ ਵੀ ਜ਼ਬਤ ਕਰਵਾ ਦਿੱਤੀਆਂ ਜੋ ਕਿ ਪੰਜਾਬ ਨੂੰ ਖਾਲਿਸਤਾਨ ਬਣਾਉਣ ਦਾ ਐਲਾਨ ਲਗਾਤਾਰ ਕਰਦੀ ਰਹਿੰਦੀ ਹੈ।

ਪੰਜਾਬੀ ਹੁਣ ਉਸ ਰਾਜਨੀਤਕ ਦਲ ਨੂੰ ਪਰਖਣਾ ਚਾਹੁੰਦੇ ਹਨ ਜੋ ਪੰਜਾਬ ਦੇ ਜਨਤਕ ਮੁੱਦਿਆਂ ਨੂੰ ਪਹਿਲ ਦੇਵੇ। ਭਗਵੰਤ ਮਾਨ ਨੂੰ ਕੰਧ 'ਤੇ ਲਿਖਿਆ ਪੜ੍ਹਨਾ ਚਾਹੀਦਾ ਹੈ ਕਿ ਉਹ ਧੂਮ ਤੜਾਕੇ ਦਾ ਪ੍ਰਗਟਾਵਾ ਕਰ ਕੇ ਲੋਕਾਂ ਨੂੰ ਬਹੁਤਾ ਚਿਰ ਜਨਤਕ ਮੁੱਦਿਆਂ ਤੋਂ ਨਹੀਂ ਵਰਗਲਾ ਸਕਦਾ।

ਭਗਵੰਤ ਸਿੰਘ ਮਾਨ ਵਲੋਂ ਸਰਕਾਰੀ ਅਦਾਰਿਆਂ ਵਿਚ ਕਿਤੇ ਵੀ ਮੁੱਖ ਮੰਤਰੀ ਦੀ ਫੋਟੋ ਨਾ ਲਾ ਕੇ ਡਾ. ਅੰਬੇਦਕਰ ਅਤੇ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਲਾਉਣ ਦੇ ਫੈਸਲੇ ਦਾ ਕਾਰਨ ਉਹ ਇਹ ਦੱਸ ਰਹੇ ਹਨ ਕਿ ਸ਼ਹੀਦ ਭਗਤ ਸਿੰਘ ਵਰਗੇ ਇਨਕਲਾਬੀਆਂ ਨੇ ਜਿੱਥੇ ਭਾਰਤ ਨੂੰ ਆਜ਼ਾਦੀ ਲੈ ਕੇ ਦਿੱਤੀ ਉਥੇ ਡਾ. ਅੰਬੇਦਕਰ ਨੇ ਉਸ ਆਜ਼ਾਦੀ ਨੂੰ ਮਾਨਣ ਲਈ ਭਾਰਤੀ ਸੰਵਿਧਾਨ ਬਣਾ ਕੇ ਦਿੱਤਾ ਸੀ। ਇਸ ਸਬੰਧੀ ਦੋ ਗੱਲਾਂ ਸਮਝਣੀਆਂ ਜ਼ਰੂਰੀ ਹਨ ਕਿ ਸ. ਮਾਨ ਨੂੰ ਪੰਜਾਬ ਵਿਚ ਜਿਸ ਦਿੱਲੀ ਦੇ ਮੁਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਕੰਮ ਕਰਨਾ ਪੈਣਾ ਹੈ, ਉਹ ਗਾਂਧੀਵਾਦੀ ਵਿਅਕਤੀ ਹੈ। ਇਹ ਗੱਲ ਸਾਰੇ ਜਾਣਦੇ ਹਨ ਕਿ ਮੋਹਨ ਚੰਦ ਕਰਮ ਚੰਦ ਗਾਂਧੀ ਨੇ ਰਾਜਗੁਰੂ, ਸੁਖਦੇਵ ਅਤੇ ਭਗਤ ਸਿੰਘ ਦੀ ਫਾਂਸੀ ਨੂੰ ਰੱਦ ਕਰਨ ਲਈ ਅੰਗਰੇਜ਼ ਸਰਕਾਰ ਨੂੰ ਕੋਈ ਅਪੀਲ ਤਕ ਵੀ ਨਹੀਂ ਸੀ ਕੀਤੀ। ਆਮ ਆਦਮੀ ਪਾਰਟੀ ਦਾ ਸੁਪਰੀਮੋ ਅਰਵਿੰਦ ਕੇਜਰੀਵਾਲ ਜੋ ਕਿ ਗਾਂਧੀਵਾਦੀ ਵਿਅਕਤੀ ਹੈ, ਉਸ ਨੇ ਭਵਿੱਖ ਦੇ ਪੰਜਾਬ ਵਿਚ ਸ਼ਹੀਦ ਭਗਤ ਸਿੰਘ ਦੇ ਬਿੰਬ ਦੀ ਉਸਾਰੀ ਨਹੀਂ ਹੋਣ ਦੇਣੀ ਸਗੋਂ ਉਸ ਨੇ ਤਾਂ ਭਾਜਪਾ ਵਾਂਗ ਇਨਕਲਾਬੀਆਂ ਅਤੇ ਸਿੱਖ ਸ਼ਹੀਦਾਂ ਦੇ ਆਦਰਸ਼ਾਂ ਨੂੰ ਨਕਾਰਨ ਦੀ ਕੋਸ਼ਿਸ਼ ਕਰਨੀ ਹੈ। ਸ. ਭਗਵੰਤ ਸਿੰਘ ਮਾਨ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਆਪਣੇ ਹੀ ਬਣਾਏ ਸੰਵਿਧਾਨ ਪ੍ਰਤੀ ਡਾ. ਅੰਬੇਦਕਰ ਦੇ ਕੀ ਖਿਆਲ ਸਨ। ਸਿੱਖ ਪ੍ਰਤੀਨਿਧਾਂ ਨੇ ਤਾਂ ਇਸ ਸੰਵਿਧਾਨ ਦੀ ਸਹਿਮਤੀ ਲਈ ਆਪਣੇ ਹਸਤਾਖਰ ਤਕ ਵੀ ਨਹੀਂ ਸਨ ਕੀਤੇ। ਇਹ ਇਤਿਹਾਸਕ ਤੱਥ ਹੈ ਕਿ ਡਾ. ਅੰਬੇਦਕਰ ਖੁਦ ਸਿੱਖ ਬਣ ਕੇ ਭਾਰਤ ਦੇ ਸਾਰੇ ਦਲਿਤਾਂ ਨੂੰ ਸਿੱਖ ਬਣਾਉਣਾ ਚਾਹੁੰਦੇ ਸਨ ਅਤੇ ਡਾ. ਅੰਬੇਦਕਰ ਦੇ ਕਹਿਣ 'ਤੇ ਬੰਬਈ ਵਿਖੇ ਦੋ ਖਾਲਸਾ ਕਾਲਜਾਂ ਦੀ ਸਥਾਪਨਾ ਵੀ ਕੀਤੀ ਗਈ ਸੀ ਪਰ ਗਾਂਧੀ ਨੇ ਮਰਨ ਵਰਤ ਦੀ ਧਮਕੀ ਦੇ ਕੇ ਡਾ. ਅੰਬੇਦਕਰ ਦੇ ਖਿਆਲ ਬਦਲ ਦਿੱਤੇ ਕਿ ਜੇ ਗਾਂਧੀ ਭੁੱਖਾ ਰਹਿ ਕੇ ਮਰ ਗਿਆ ਤਾਂ ਭਾਰਤ ਵਿਚ ਦਲਿਤਾਂ ਦੀ ਨਸਲਕੁਸ਼ੀ ਹੋ ਜਾਵੇਗੀ। ਗਾਂਧੀ ਤਾਂ ਇੱਥੋਂ ਤਕ ਕਹਿੰਦਾ ਸੀ ਕਿ ਭਾਰਤੀ ਦਲਿਤ ਮੁਸਲਮਾਨ ਬਣਨਾ ਚਹੁੰਦਾ ਹੈ ਤਾਂ ਬਣ ਜਾਵੇ ਪਰ ਸਿੱਖ ਤਾਂ ਕਿਸੇ ਵੀ ਹਾਲਤ ਵਿਚ ਵੀ ਨਾ ਬਣੇ। ਗਾਂਧੀ ਦੇ ਆਦਰਸ਼ਾਂ ਦੀ ਪਾਲਣਾ ਕਰਨ ਵਾਲੇ ਕੇਜਰੀਵਾਲ ਨੇ ਦਿੱਲੀ ਦੀ ਰਾਜਨੀਤੀ ਵਿਚ ਕਿਸੇ ਸਿੱਖ ਵਿਧਾਇਕ ਨੂੰ ਵੀ ਨਹੀਂ ਸੀ ਸਵੀਕਾਰਿਆ ਅਤੇ ਹੁਣ ਪੰਜਾਬ ਵਿਚ ਭਗਵੰਤ ਮਾਨ ਦੇ ਚਿਹਰੇ ਨੂੰ ਸਵੀਕਾਰਨਾ ਉਸ ਦੀ ਵਕਤੀ ਮਜਬੂਰੀ ਹੈ। ਇਹ ਤਾਂ ਹੁਣ ਸਮਾਂ ਹੀ ਦੱਸੇਗਾ ਕਿ ਆਪ ਦੇ ਮੁੱਦੇ 'ਤੇ ਪੰਜਾਬ ਦੇ ਲੋਕ ਦਹੀਂ ਦੇ ਭੁਲੇਖੇ ਕਪਾਹ ਦਾ ਫੁੱਟ ਤਾਂ ਨਹੀਂ ਨਿਗਲਣ ਲੱਗੇ।




ਭਗਵੰਤ ਮਾਨ ਨੂੰ ਚਾਹੀਦਾ ਹੈ ਕਿ ਉਹ ਆਪਣੇ ਤੋਂ ਪਹਿਲਾਂ ਵੱਡੀਆਂ ਕੁਰਸੀਆਂ 'ਤੇ ਬੈਠੇ ਬੌਣੇ ਲੋਕਾਂ ਦਾ ਹਸ਼ਰ ਦੇਖ ਲਵੇ। ਪੰਜਾਬ ਦੇ ਲੋਕ ਤਾਂ ਇਹ ਵੀ ਪੁੱਛਦੇ ਹਨ ਕਿ ਭਗਵੰਤ ਮਾਨ ਆਪਣੇ ਇਲਾਕੇ ਦੇ ਸ਼ਹੀਦ ਊਧਮ ਸਿੰਘ ਨੂੰ ਨਜ਼ਰ ਅੰਦਾਜ਼ ਕਰ ਕੇ ਭਗਤ ਸਿੰਘ ਨੂੰ ਪਹਿਲ ਕਿਉਂ ਦੇ ਰਿਹਾ ਹੈ। ਅਸੀਂ ਭਗਵੰਤ ਮਾਨ ਨੂੰ ਸ਼ਹੀਦ ਭਗਤ ਸਿੰਘ ਦੀ ਉਹ ਮੁਲਾਕਾਤ ਪੜ੍ਹਨ ਦੀ ਸਿਫਾਰਸ਼ ਕਰਾਂਗੇ ਜੋ ਕਿ ਗਦਰੀ ਸੂਰਮੇ ਪੰਥ ਰਤਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਨਾਲ ਲਾਹੌਰ ਜੇਲ੍ਹ ਵਿਚ ਹੋਈ ਸੀ। ਬੇਸ਼ੱਕ ਪੰਜਾਬ ਦੇ ਕਮਿਊਨਿਸਟਾਂ ਨੇ ਇਸ ਤੱਥ ਨੂੰ ਝੁਠਲਾਉਣ ਲਈ ਖੂਨ ਪਸੀਨਾ ਇਕ ਕੀਤਾ ਹੋਇਆ ਹੈ ਕਿ ਆਪਣੇ ਆਖਰੀ ਦਿਨਾਂ ਵਿਚ ਨਾਸਤਿਕਤਾ ਨੂੰ ਛੱਡ ਕੇ ਭਗਤ ਸਿੰਘ ਸਿੱਖੀ ਤੋਂ ਪ੍ਰੇਰਿਤ ਹੋ ਗਏ ਸਨ ਅਤੇ ਉਨ੍ਹਾਂ ਨੇ ਕੇਸ ਰੱਖ ਲਏ ਸਨ ਜਦ ਕਿ ਭਾਈ ਰਣਧੀਰ ਸਿੰਘ ਜੀ ਕੋਲ ਉਸ ਨੇ ਮੰਨਿਆ ਸੀ ਕਿ ਉਸ ਦੇ ਪਤਿਤ ਹੋਣ ਦਾ ਕਾਰਨ ਮਹਿਜ਼ ਭਾਰਤ ਦੀ ਹਿੰਦੂ ਮਾਨਸਿਕਤਾ ਵਿਚ ਹਰਮਨਪਿਆਰਾ ਹੋਣ ਲਈ ਹੀ ਸੀ।

ਇਹ ਸਭ ਵਿਆਖਿਆ ਦੇਣ ਤੋਂ ਸਾਡਾ ਮਤਲਬ ਕੇਵਲ ਇੱਕੋ ਹੀ ਹੈ ਕਿ ਬੇਸ਼ੱਕ ਇਸ ਸਚਾਈ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਭਾਰਤ ਦੀ ਆਜ਼ਾਦੀ ਦਾ ਸਿਹਰਾ ਸਿੱਖਾਂ ਸਿਰ ਰਿਹਾ ਹੈ ਅਤੇ ਇਥੋਂ ਤਕ ਕਿ ਮੌਜੂਦਾ ਕਿਸਾਨੀ ਅੰਦੋਲਨ ਵਿਚ ਸਿੱਖਾਂ ਦੀ ਅਗਵਾਈ ਕਾਰਨ ਹੀ ਅੰਦੋਲਨ ਵਿਚ ਸਫਲਤਾ ਮਿਲੀ ਅਤੇ ਮੋਦੀ ਨੂੰ ਆਖਰ ਮੂਧੇ ਮਾਰਿਆ ਗਿਆ ਪਰ ਹੁਣ ਭਗਵੰਤ ਸਿੰਘ ਮਾਨ ਦੇ ਸਿਰ 'ਤੇ ਜਿਸ ਗਾਂਧੀ ਟੋਪੀ ਦਾ ਪ੍ਰਛਾਵਾਂ ਹੈ, ਇਸ ਪ੍ਰਛਾਵੇਂ ਨੇ ਹਰ ਕੋਸ਼ਿਸ਼ ਕਰਨੀ ਹੈ ਕਿ ਜਿੱਥੋਂ ਤਕ ਹੋ ਸਕੇ ਇਸ ਸੱਚ ਨੂੰ ਝੁਠਲਾਇਆ ਜਾ ਸਕੇ ਕਿ 'ਪੰਜਾਬ ਜੀਂਦਾ ਹੈ ਗੁਰਾਂ ਦੇ ਨਾਮ 'ਤੇ'।

ਮਾਨ ਨੂੰ ਕੰਧ 'ਤੇ ਲਿਖਿਆ ਪੜ੍ਹਨਾ ਚਾਹੀਦਾ ਹੈ ਕਿ ਕਾਂਗਰਸ, ਅਕਾਲੀ ਦਲ, ਭਾਜਪਾ ਅਤੇ ਹੋਰਾਂ ਪਾਰਟੀਆਂ ਦੀ ਰਾਜਨੀਤਕ ਫੱਟੀ ਪੋਚੀ ਜਾਣ ਦਾ ਵੱਡਾ ਕਾਰਨ ਇਹ ਵੀ ਹੈ ਕਿ ਇਨ੍ਹਾਂ ਸਭਨਾਂ ਨੇ ਸਿੱਧੇ ਜਾਂ ਅਸਿੱਧੇ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਰੋਕਣ ਲਈ ਕੁਝ ਨਹੀਂ ਕੀਤਾ ਸਗੋਂ ਇਹ ਰਾਜਨੀਤਕ ਦਲ ਤਾਂ ਅਜਿਹਾ ਕੁਕਰਮ ਕਰਨ ਵਾਲਿਆਂ ਦੇ ਇਸ਼ਾਰਿਆਂ 'ਤੇ ਨੱਚਦੇ ਰਹੇ ਹਨ। ਪੰਜਾਬ ਸਿੱਖ ਬਹੁਗਿਣਤੀ ਵਾਲਾ ਸੂਬਾ ਹੈ ਅਤੇ ਇੱਥੇ ਸਿੱਖ ਵਿਰੋਧੀ ਨੀਤੀਆਂ ਅਪਨਾਉਣ ਵਾਲੀ ਕੋਈ ਵੀ ਰਾਜਸੀ ਪਾਰਟੀ ਦੇਰ ਸਵੇਰ ਲੋਕਾਂ ਦੇ ਮਨਾਂ ਤੋਂ ਲਹਿ ਹੀ ਜਾਵੇਗੀ।

ਪੰਜਾਬ ਵਿਚ ਹਰ ਧਰਮ ਦਾ ਸਤਿਕਾਰ ਹੋਣਾ ਚਾਹੀਦਾ ਹੈ। ਨਸ਼ਿਆਂ ਦੀ ਰੋਕਥਾਮ ਦੇ ਨਾਲ ਨਾਲ ਭ੍ਰਿਸ਼ਟਾਚਾਰ ਦਾ ਖਾਤਮਾ ਹੋਣਾ ਚਾਹੀਦਾ ਹੈ ਅਤੇ ਹਰ ਸਰਕਾਰੀ ਅਦਾਰੇ ਦੀ ਸਫਾਈ ਹੋਣੀ ਚਾਹੀਦੀ ਹੈ। ਹੁਣ ਆਮ ਆਦਮੀ ਪਾਰਟੀ ਦੇ ਕੁਝ ਵਿਧਾਇਕਾਂ ਵਲੋਂ ਸਕੂਲਾਂ, ਹਸਪਤਾਲਾਂ ਵਿਚ ਛਾਪੇ ਮਾਰਨ ਨੂੰ ਚੰਗੀ ਸ਼ੁਰੂਆਤ ਕਿਹਾ ਜਾ ਸਕਦਾ ਹੈ। ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੂੰ ਜਨਤਕ ਮੁੱਦਿਆਂ 'ਤੇ ਕੇਂਦਰਤ ਹੋਣ ਦੀ ਲੋੜ ਹੈ।

ਬੇਸ਼ਕ ਅਕਾਲੀ ਦਲ ਦੀ ਕੋਰ ਕਮੇਟੀ ਨੇ ਸ਼ਰਮਾਨਕ ਹਾਰ ਦੇ ਬਾਵਜੂਦ ਆਪਣਾ ਵਿਸ਼ਵਾਸ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਬਣਾਈ ਰੱਖਿਆ ਹੈ ਪਰ ਇਸ ਤੱਥ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਪੰਜਾਬ ਦੇ ਲੋਕ ਬਾਦਲਾਂ ਦੀ ਰਾਜਨੀਤਕ ਅਗਵਾਈ ਨੂੰ ਬੁਰੀ ਤਰ੍ਹਾਂ ਨਕਾਰ ਚੁੱਕੇ ਹਨ। ਪੰਜਾਬ ਦੇ ਸਿੱਖ ਤਾਂ ਸ਼੍ਰੋਮਣੀ ਕਮੇਟੀ ਨੂੰ ਵੀ ਬਾਦਲਾਂ ਤੋਂ ਮੁਕਤ ਦੇਖਣਾ ਚਾਹੁੰਦੇ ਹਨ। ਹੁਣੇ ਹੁਣੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੇ ਇਸ ਬਿਆਨ 'ਤੇ ਸਿੱਖਾਂ ਵਲੋਂ ਤਿੱਖਾ ਪ੍ਰਤੀਕਰਮ ਹੋਇਆ ਹੈ ਕਿ ਅਕਾਲੀ ਦਲ ਦਾ ਖਤਮ ਹੋਣਾ ਦੇਸ਼ ਅਤੇ ਪੰਜਾਬ ਲਈ ਘਾਤਕ ਹੈ। ਸੱਚ ਤਾਂ ਇਹ ਹੈ ਕਿ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਆਦਰਸ਼ਾਂ ਨੂੰ ਬਾਦਲ ਪਰਿਵਾਰ ਵਲੋਂ ਵੱਡੀ ਢਾਅ ਲਾਈ ਗਈ ਹੈ। ਇਹ ਗੱਲ ਅਫਸੋਸਜਨਕ ਹੈ ਕਿ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਵੀ ਜਥੇਦਾਰ ਹਰਪ੍ਰੀਤ ਸਿੰਘ ਬਾਦਲਾਂ ਦੀ ਜੀ ਹਜ਼ੂਰੀ ਵਿਚ ਬਚਕਾਨਾ ਬਿਆਨ ਦੇ ਰਹੇ ਹਨ। ਖਤਰਾ ਅਕਾਲੀ ਦਲ ਨੂੰ ਨਹੀਂ ਹੈ ਸਗੋਂ ਬਾਦਲਾਂ ਨੂੰ ਹੈ। ਸੱਚ ਇਹ ਹੈ ਕਿ ਬਾਦਲ ਦਲ ਪੰਥ ਅਤੇ ਪੰਜਾਬ ਦੀ ਅਗਵਾਈ ਕਰਨ ਵਿਚ ਬੁਰੀ ਤਰ੍ਹਾਂ ਅਸਫਲ ਹੋਇਆ ਹੈ ਅਤੇ ਹੁਣ ਇਸ ਨੂੰ ਅਕਾਲੀ ਦਲ ਕਹਿਣ ਨਾਲੋਂ ਸ਼ਾਇਦ ਬਾਦਲਾਂ ਦੀ 'ਦਲ ਦਲ' ਕਹਿਣਾ ਜ਼ਿਆਦਾ ਮੁਨਾਸਬ ਹੋਵੇਗਾ।

ਪੰਜਾਬ ਦੇ ਲੋਕਾਂ ਨੇ ਆਪਣੀ ਵੋਟ ਦੀ ਵਰਤੋਂ ਕਰ ਕੇ ਮਾਨਵੀ ਹਿੱਤਾਂ ਵਿਰੁੱਧ ਭੁਗਤਣ ਵਾਲੇ ਆਗੂਆਂ ਨੂੰ ਜੋ ਫਤਵਾ ਦਿੱਤਾ ਹੈ ਉਸ ਨਾਲ ਆਮ ਲੋਕਾਂ ਵਿਚ ਖੁਸ਼ੀ ਦਾ ਆਲਮ ਹੈ ਅਤੇ ਹੁਣ ਦੇਖਣਾ ਇਹ ਹੈ ਕਿ ਨਵਾਂ ਰਾਜਸੀ ਬਦਲ ਪੰਜਾਬ ਦੇ ਲੋਕ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ। ਇਸ ਦੇ ਨਾਲ ਨਾਲ ਕੁਝ ਲੋਕਾਂ ਵਲੋਂ ਈ ਵੀ ਐਮ ਮਸ਼ੀਨਾਂ ਪ੍ਰਤੀ ਸ਼ੰਕੇ ਜ਼ਾਹਰ ਕੀਤੇ ਹਨ ਕਿ ਹੁਣ ਜਿੱਥੇ ਭਾਜਪਾ ਦੀ ਮਾੜੀ ਰਾਜਨੀਤਕ ਕਾਰਗੁਜ਼ਾਰੀ ਦੇ ਹੁੰਦਿਆਂ ਹੋਇਆਂ ਵੀ ਉਸ ਨੂੰ ਪੰਜ ਰਾਜਾਂ ਵਿਚ ਜਿਤਾ ਕੇ ਪੰਜਾਬ ਨੂੰ ਭਾਜਪਾ ਦੀ ਬੀ ਟੀਮ ਹਵਾਲੇ ਕੀਤਾ ਜਾ ਰਿਹਾ ਹੈ ਤਾਂ ਉਸ ਦਾ ਇਕੋ ਇਕ ਕਾਰਨ ਇਹ ਹੈ ਕਿ ਜੇਕਰ ਇੰਝ ਨਾ ਕੀਤਾ ਜਾਂਦਾ ਤਾਂ ਪੰਜਾਬ ਤੋਂ ਈ ਵੀ ਐਮਜ਼ ਖ਼ਿਲਾਫ ਅੰਦੋਲਨ ਜਾਰੀ ਹੋਣ ਦੇ ਖਦਸ਼ੇ ਹਨ ਵਰਨਾ ਭਾਰਤ ਜੋ ਹੁਣ ਇਕ ਪਾਰਟੀ ਸਟੇਟ ਬਣਦਾ ਜਾ ਰਿਹਾ ਹੈ ਤਾਂ ਇਸ ਪਿੱਛੇ ਕੀ ਸਾਜ਼ਿਸ਼ ਕੰਮ ਕਰ ਰਹੀ ਹੈ ਉਸ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ।

# ਬਜ਼ੁਰਗ ਬਾਦਲ ਨੂੰ ਪੈਨਸ਼ਨ ਹੁਣੇ ਈ ਕਿਉਂ ਬੁਰੀ ਲੱਗੀ?

ਬਜ਼ੁਰਗ ਆਗੂ ਸ. ਪ੍ਰਕਾਸ਼ ਸਿੰਘ ਬਾਦਲ ਨੇ ਵਿਧਾਨ ਸਭਾ ਚੋਣਾਂ ਵਿਚ ਹੋਈ 'ਰਿਕਾਰਡ ਤੋੜ' ਹਾਰ ਮਗਰੋਂ ਜੋ ਹੁਣ ਪੈਨਸ਼ਨ ਲੈਣ ਤੋਂ ਇਨਕਾਰ ਕੀਤਾ ਹੈ, ਉਸ ਨੇ ਲੱਦੇ ਊਠ ਤੋਂ ਛਾਨਣੀ ਲਾਹੁਣ ਵਾਲ਼ਾ ਮੁਹਾਵਰਾ ਚੇਤੇ ਕਰਵਾ ਦਿੱਤਾ ਹੈ।



ਤਰਲੋਚਨ ਸਿੰਘ 'ਦੁਪਾਲਪੁਰ'
ਫੋਨ: 001-408-915-1268

ਚੰਡੀਗੜ੍ਹੋਂ ਛਪਦੀ 'ਪੰਜਾਬੀ ਟ੍ਰਿਬਿਊਨ' ਦੇ 18 ਮਾਰਚ 2022 ਵਾਲ਼ੇ ਅੰਕ ਵਿਚ ਪੰਜਾਬ ਰਾਜ ਦੇ ਵਿਧਾਨਕਾਰਾਂ ਨੂੰ ਮਿਲਦੀ ਪੈਨਸ਼ਨ ਬਾਰੇ ਛਪੀ ਇਕ ਰਿਪੋਰਟ ਵਿਚ ਲਿਖਿਆ ਹੋਇਆ ਹੈ:

'...ਭਾਵੇਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅੱਜ ਸਾਬਕਾ ਵਿਧਾਇਕ ਵਾਲ਼ੀ ਪੈਨਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ ਹੈ ਪਰ ਉਹ 5.26 ਲੱਖ ਪ੍ਰਤੀ ਮਹੀਨਾ ਪੈਨਸ਼ਨ ਲੈਣ ਦੇ ਹੱਕਦਾਰ ਬਣ ਗਏ ਸਨ।'

ਇਸ ਤੋਂ ਇਲਾਵਾ ਐੱਮ.ਐੱਲ.ਏ ਸਾਹਿਬਾਨ ਦੀਆਂ ਪੈਨਸ਼ਨਾਂ ਬਾਰੇ ਇਹ ਜਾਣਕਾਰੀ ਵੀ ਇਸੇ ਖਬਰ ਵਿਚ ਦਰਜ ਹੈ, 'ਨਿਯਮਾਂ ਅਨੁਸਾਰ ਜੋ ਇਕ ਵਾਰ ਵਿਧਾਇਕ ਬਣ ਜਾਂਦਾ ਹੈ ਉਹ ਸਭ ਭੱਤਿਆਂ ਸਮੇਤ 75,150 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਾ ਹੱਕਦਾਰ ਬਣ ਜਾਂਦਾ...ਜੇ ਦੋ ਵਾਰ ਵਿਧਾਇਕ ਬਣਦਾ ਤਾਂ ਸਵਾ ਲੱਖ ਰੁਪਏ, ਤਿੰਨ ਵਾਰੀ ਬਣਨ 'ਤੇ ਪੌਣੇ ਦੋ ਲੱਖ ਪ੍ਰਤੀ ਮਹੀਨਾ...।'

ਇਹ ਵੇਰਵੇ ਪੜ੍ਹ ਕੇ ਮਨ 'ਚ ਸਵਾਲ ਉੱਠਦਾ ਹੈ ਕਿ ਸੰਨ ਸਤਵੰਜਾ ਵਿਚ ਪਹਿਲੀ ਵਾਰ ਐੱਮ.ਐੱਲ.ਏ ਬਣ ਕੇ 95-96 ਸਾਲ ਦੀ ਉਮਰ ਤਕ 'ਖੁਸ਼ੀ ਖੁਸ਼ੀ' ਪੈਨਸ਼ਨਾਂ ਦੀਆਂ ਰਕਮਾਂ ਲੈਣ ਵਾਲ਼ੇ ਕਰੋੜਾਂ ਅਰਬਾਂਪਤੀ ਸ੍ਰੀ ਬਾਦਲ ਨੂੰ, ਪੈਨਸ਼ਨ ਰੂਪੀ 'ਘਰੇ ਆਉਂਦੀ ਲੱਛਮੀ' ਅਚਾਨਕ ਹੁਣੇ ਹੀ ਕਿਉਂ 'ਬੁਰੀ' ਲੱਗਣ ਲੱਗ ਪਈ ਹੋਵੇਗੀ? ਬਾਰਾਂ ਵਾਰ ਚੋਣਾਂ ਲੜ ਕੇ ਸਦਾ ਜੇਤੂ ਰਹਿਣ ਵਾਲ਼ੇ ਬਜ਼ੁਰਗ ਬਾਦਲ ਨੂੰ ਹੁਣ ਅਖੀਰੀ ਉਮਰੇ ਤੇਰ੍ਹਵੀਂ ਚੋਣ ਵਿਚ ਇਕ ਸਧਾਰਨ ਜਿਹੇ ਕਿਸਾਨ ਹੱਥੋਂ ਬੁਰੀ ਤਰ੍ਹਾਂ ਹਾਰਨ ਬਾਅਦ ਪੈਨਸ਼ਨ 'ਦਾਨ ਕਰਨ' ਦਾ ਫੁਰਨਾ ਚਾਣਚੱਕ ਕਿਉਂ ਫੁਰਿਆ ਹੋਊ? ਇਨ੍ਹਾਂ ਸਵਾਲਾਂ ਦੇ ਜਵਾਬ, ਅਗਲੀਆਂ ਕੁਝ ਸਤਰਾਂ ਵਿਚ ਹਨ।



ਸੰਨ 70-71 ਵਿਚ ਜਦ ਮੈਂ ਸਕੂਲੇ ਪੜ੍ਹਨ ਲੱਗ ਪਿਆ ਤਾਂ ਸਾਡੇ ਪਿੰਡ ਬੋਹੜ ਥੱਲੇ ਖੇਡਣ ਵੇਲੇ ਉੱਥੇ ਬਹਿਣ ਵਾਲ਼ੇ ਬਜ਼ੁਰਗ ਬਾਪੂਆਂ ਦੀਆਂ ਗੱਲਾਂ ਸੁਣਨ ਦਾ ਭੁਸ ਵੀ ਪੈ ਗਿਆ ਮੈਨੂੰ! ਸਾਡੇ ਇਲਾਕੇ ਦੇ ਇਕ ਕਜੂੰਸ ਬੰਦੇ ਦੀ ਗੱਲ ਕਰ ਕੇ ਉਹ ਬੜਾ ਹੱਸਦੇ! ਕਹਿੰਦੇ ਉਸ ਕੰਜੂਸ ਦੀ ਘਰਵਾ਼ਲੀ ਭੱਜ ਗਈ। ਜਦ ਲੋਕ ਉਹਦੇ ਕੋ਼ਲ ਅਫਸੋਸ ਕਰਨ ਜਾਣ ਤਾਂ ਉਹ ਅੱਗਿਉਂ ਅੰਦਰ ਪਏ ਸੰਦੂਕ ਵੱਲ ਹੱਥ ਕਰ ਕੇ ਕਿਹਾ ਕਰੇ,

"...ਭਰਾਵੋ, ਅੰਦਰ ਵੜਨ ਨੂੰ ਮੇਰੀ ਵੱਢੀ ਰੂਹ ਨ੍ਹੀ ਕਰਦੀ...ਸੰਦੂਕ ਦੇਖ ਕੇ ਸੱਲ ਉੱਭਰਦਾ ਐ ਮੇਰੇ...ਜੇ 'ਕੰਜਰੀ' ਨੇ ਜਾਣਾ ਈ 'ਤੀ, ਤਾਂ ਆਹ ਲੱਕੜੀ (ਸੰਦੂਕ) ਨੂੰ ਤਾਂ ਅੱਗ ਲਾ ਜਾਂਦੀ ਜਾਣ ਲੱਗੀ...!"

ਠਹਾਕੇ ਮਾਰ ਮਾਰ ਹੱਸਦਿਆਂ ਬੁੜ੍ਹਿਆਂ ਨੇ ਉਸ ਸੰਦੂਕ ਦੀ ਹੋਣੀ ਦੱਸ ਕੇ ਗੱਲ ਨਬੇੜਨੀ, ਅਖੇ ਛੜੇ ਰਹਿ ਗਏ ਉਸ ਕੰਜੂਸ ਨੇ 'ਸੱਲ ਲਾਉਣਾ ਸੰਦੂਕ' ਕਿਸੇ ਲਾਂਭਦੇ ਪਿੰਡ ਦੇ ਬੰਦੇ ਨੂੰ ਮੁਫਤੋ ਮੁਫਤੀ ਚੁਕਾ ਦਿੱਤਾ ਸੀ!' ਹੁਣ ਜ਼ਰਾ ਬਜ਼ੁਰਗ ਬਾਦਲ ਦੀ ਪੈਨਸ਼ਨ ਬਾਰੇ ਸੋਚੋ, ਜਿਸ ਵਿਧਾਨ ਸਭਾ ਵਿਚ ਹੁਣ ਨਾ ਉਹ ਆਪ, ਨਾ ਉਨ੍ਹਾਂ ਦੇ ਹੱਥੀਂ ਲਾਏ ਬੂਟਿਆਂ 'ਚੋਂ ਉਨ੍ਹਾਂ ਦਾ ਪੁੱਤ, ਨਾ ਪੁੱਤ ਦਾ ਸਾ਼ਲਾ ਸਾਹਿਬ, ਨਾ ਨੂੰਹ, ਨਾ ਜਵਾਈ ਅਤੇ ਨਾ ਹੀ ਕੋਈ ਹੋਰ ਅੰਗ-ਸਾਕ ਬੈਠਾ ਹੋਵੇ... ਸਾਰਿਆਂ ਨੂੰ 'ਝਾੜੂ' ਨੇ ਮੱਖਣ 'ਚੋਂ ਵਾ਼ਲ ਵਾਂਗ ਕੱਢ ਮਾਰਿਆ ਹੋਵੇ, ਉਸ ਵਿਧਾਨ ਸਭਾ ਤੋਂ ਆਉਣ ਵਾ਼ਲੀ ਪੈਨਸ਼ਨ ਨੇ, ਉਕਤ ਵਾਰਤਾ ਵਿਚਲੇ ਸੰਦੂਕ ਵਾਂਗ ਸ੍ਰੀ ਬਾਦਲ ਨੂੰ ਸੱਲ ਹੀ ਲਾਉਣਾ ਸੀ? ਸੋ ਉਨ੍ਹਾਂ ਨੇ ਚੜ੍ਹਦੇ ਮਹੀਨੇ ਆਪਣੇ ਲੱਗਣ ਵਾ਼ਲੇ ਸੱਲ ਦਾ ਇਲਾਜ ਕਰ ਲਿਆ!!

ਜਾਂ ਫਿਰ ਉਨ੍ਹਾਂ ਵਲੋਂ ਪੈਨਸ਼ਨ 'ਦਾਨ ਵਜੋਂ' ਮੋੜਨ ਦਾ ਇਕ ਕਾਰਨ ਹੋਰ ਇਹ ਵੀ ਹੋ ਸਕਦਾ ਐ, ਕਹਿੰਦੇ ਦੋ ਦੋਸਤ ਕਿਸੇ ਸੁੰਨਸਾਨ ਜਗਾਹ ਇਕੱਠੇ ਤੁਰੇ ਜਾ ਰਹੇ ਸਨ। ਝਾੜੀਆਂ 'ਚ ਲੁਕਿਆ ਬੈਠਾ ਇਕ ਲੁਟੇਰਾ ਅਚਾਨਕ ਉਨ੍ਹਾਂ ਮੋਹਰੇ ਆ ਖੜ੍ਹਾ ਹੋਇਆ! ਕਹਿੰਦਾ ਕੱਢ ਦਿਉ ਜੋ ਜੋ ਕੁਝ ਜੇਬਾਂ ਵਿਚ ਹੈਗਾ। ਦੋਹਾਂ 'ਚੋਂ ਇਕ ਜਣਾ ਬਹੁਤ ਚੁਸਤ ਚਲਾਕ ਸੀ। ਉਸ ਨੇ ਫੁਰਤੀ ਨਾ਼ਲ ਆਪਣੀ ਜੇਬ 'ਚੋਂ ਸੌ ਰੁਪਏ ਦਾ ਨੋਟ ਕੱਢ ਕੇ ਆਪਣੇ ਦੋਸਤ ਨੂੰ ਫੜਾਉਂਦਿਆਂ ਕਿਹਾ, "ਲੈ ਫੜ ਭਰਾਵਾ ਆਪਣਾ ਹੁਧਾਰ!" ਨਾ਼ਲੇ ਚੋਰ ਨੂੰ ਕਹਿੰਦਾ, "ਜੀ ਮੇਰੇ ਕੋ਼ਲ ਤਾਂ ਆਹੀ ਇਕੋ ਨੋਟ ਸੀਗਾ... ਉਹ ਵੀ ਮੈਂ ਹੁਧਾਰਾ ਲਿਆ ਹੋਇਆ ਸੀ ਇਹਤੋਂ...!"

ਦੋਹਾਂ ਮਿਸਾਲਾਂ 'ਚੋਂ ਤੁਹਾਨੂੰ ਜ਼ਿਆਦਾ ਕਿਹੜੀ ਢੁਕਵੀਂ ਲੱਗੀ? ਇਹ ਤੁਹਾਡੀ ਮਰਜ਼ੀ!

# ਸੰਨ ਸੰਤਾਲੀ ਅਤੇ ਗਲੀ ਨੰਬਰ ਸੱਤ ਦੇ ਕਿੱਸੇ

*ਸਾਲ 1947 ਵਿਚ ਹਿੰਦੁਸਤਾਨ ਦੀ ਵੰਡ ਦੇ ਵਕਤ ਲੋਕਾਂ, ਖਾਸਕਰ ਪੰਜਾਬੀਆਂ ਨੂੰ ਬਹੁਤ ਦੁੱਖ ਝਾਗਣੇ ਪਏ। ਮਾਰ-ਧਾੜ, ਕਤਲੋ-ਗਾਰਤ ਨਾਲ ਸਮੁੱਚਾ ਖਿੱਤਾ ਜਿਵੇਂ ਕੰਬ ਉਠਿਆ ਸੀ ਅਤੇ ਲੋਕ ਰਾਤੋ-ਰਾਤ ਘਰੋਂ ਬੇਘਰ ਹੋ ਗਏ ਸਨ। ਇਹ ਜ਼ਖਮ ਅੱਜ ਤੱਕ ਜਿਉਂ ਦੇ ਤਿਉਂ ਹਰੇ ਹਨ ਲੋਕ ਉਨ੍ਹਾਂ ਵਕਤਾਂ ਨੂੰ ਯਾਦ ਕਰ-ਕਰਕੇ ਅੱਖਾਂ ਵਿਚੋਂ ਹੁੰਝੂ ਕੇਰਦੇ ਹਨ। ਉਘੇ ਲਿਖਾਰੀ ਮਨਮੋਹਨ ਬਾਵਾ ਨੇ ਉਸ ਵਕਤ ਦਿੱਲੀ ਦੇ ਇਕ ਮੁਹੱਲੇ ਦਾ ਹਾਲ ਬਿਆਨ ਕੀਤਾ ਹੈ ਜਿਸ ਵਿਚ ਧੜਕਦੀ ਜ਼ਿੰਦਗੀ ਦੇ ਦਰਸ਼ਨ ਵੀ ਹੁੰਦੇ ਹਨ ਅਤੇ ਨਾਲ ਹੀ ਮੁਸੀਬਤਾਂ ਵਿਚ ਫਸੇ ਜਿਊੜਿਆਂ ਬਾਰੇ ਚਰਚਾ ਵੀ ਹੈ।*

ਕੁਝ ਵਿਸ਼ੇਸ਼ ਅਤੇ ਮਹੱਤਵਪੂਰਨ ਘਟਨਾਵਾਂ ਨੂੰ ਇਤਿਹਾਸ ਦੇ ਪੰਨਿਆਂ 'ਚ ਸਥਾਨ ਪ੍ਰਾਪਤ ਹੁੰਦਾ ਹੈ ਪਰ ਬਹੁਤ ਸਾਰੀਆਂ ਨਿੱਕੀਆਂ-ਨਿੱਕੀਆਂ ਘਟਨਾਵਾਂ (ਜਿਨ੍ਹਾਂ ਨਾਲ ਇਤਿਹਾਸ ਬੱਝਦਾ ਹੈ) ਸਾਡੀਆਂ ਸਿਮ੍ਰਤੀਆਂ ਦਾ ਹਿੱਸਾ ਬਣ ਜਾਂਦੀਆਂ ਅਤੇ ਸਾਡੇ ਇਸ ਦੁਨੀਆ ਤੋਂ ਚਲੇ ਜਾਣ ਤੋਂ ਬਾਅਦ ਹਮੇਸ਼ਾ ਲਈ ਲੋਪ ਹੋ ਜਾਂਦੀਆਂ ਹਨ; ਜਾਂ ਜਿਨ੍ਹਾਂ ਨੂੰ ਸਮੁੱਚੇ ਤੌਰ 'ਤੇ 1942, 47 ਜਾਂ 84 ਆਦਿ ਕਹਿ ਕੇ ਯਾਦ ਕੀਤਾ ਜਾਂਦਾ ਹੈ।

ਸਤਾਹਟ ਵਰ੍ਹੇ, ਅੱਧੀ ਸਦੀ ਤੋਂ ਵੱਧ ਕੋਈ ਘੱਟ ਸਮਾਂ ਨਹੀਂ ਹੁੰਦਾ। ਉਦੋਂ ਦਿੱਲੀ ਬਹੁਤ ਛੋਟੀ ਹੁੰਦੀ ਸੀ ਅਤੇ ਸਾਈਕਲ 'ਤੇ ਕਿਤੇ ਵੀ ਅੱਧੇ-ਪੌਣੇ ਘੰਟੇ 'ਚ ਪਹੁੰਚਿਆ ਜਾ ਸਕਦਾ ਸੀ। ਚਾਂਦਨੀ ਚੌਕ ਵਾਲਾ ਪਾਸਾ, ਪੁਰਾਣੀ ਦਿੱਲੀ ਨੂੰ ਛੱਡ ਕੇ ਜ਼ਿਆਦਾਤਰ ਬਾਬੂਆਂ ਦੀਆਂ ਕਾਲੋਨੀਆਂ, ਲੋਧੀ ਰੋਡ, ਲੱਛਮੀ ਬਾਈ ਨਗਰ, ਦੇਵ ਨਗਰ, ਰਾਸ਼ਟਰਪਤੀ ਭਵਨ ਜਾਂ ਗੋਲ ਮਾਰਕੀਟ ਦੇ



**ਮਨਮੋਹਨ ਬਾਵਾ**

ਆਲੇ-ਦੁਆਲੇ। ਉਦੋਂ ਮੈਂ ਵੀ ਸਰਕਾਰੀ ਦਫਤਰ 'ਚ ਕੰਮ ਕਰਦਾ ਆਪਣੇ ਵੱਡੇ ਭਰਾ ਨਾਲ ਉਨ੍ਹਾਂ ਦੇ ਕੁਆਰਟਰ 'ਚ ਦੇਵ ਨਗਰ (ਕਰੋਲ ਬਾਗ) ਰਹਿੰਦਾ ਸਾਂ। ਇਹ ਸਰਕਾਰੀ ਕੁਆਰਟਰ ਕਾਫੀ ਖੁੱਲ੍ਹੇ-ਡੁੱਲ੍ਹੇ ਸਨ। ਜਦ ਪੱਛਮੀ ਪੰਜਾਬ ਵੱਲੋਂ ਰਫਿਊਜੀ ਆਉਣੇ ਸ਼ੁਰੂ ਹੋਏ ਤਾਂ ਇੱਕ-ਇੱਕ ਕੁਆਰਟਰ 'ਚ ਤਿੰਨ-ਤਿੰਨ, ਚਾਰ-ਚਾਰ ਪਰਿਵਾਰ ਰਹਿਣ ਲੱਗ ਪਏ ਸਨ।

ਗਲੀ ਨੰਬਰ 7 ਵਿਚ ਮੇਰੇ ਕੁਆਰਟਰ ਦਾ ਨੰਬਰ 26, ਸੱਜੇ ਖੱਬੇ 22, 24, 28, 30, 32 ਆਦਿ ਅਤੇ ਸਾਹਮਣੇ ਸੜਕ ਤੋਂ ਪਾਰ 21, 23, 25, 27 ਆਦਿ। ਨਾਵਾਂ ਦੀ ਥਾਵੇਂ ਆਮ ਕਰਕੇ ਅਠਾਈ ਨੰਬਰ ਵਾਲਾ, ਤੀਹ ਨੰਬਰ ਵਾਲੀ; ਨੰਬਰਾਂ ਨਾਲ ਹੀ ਉਨ੍ਹਾਂ 'ਚ ਰਹਿਣ ਵਾਲਿਆਂ ਨੂੰ ਸੰਬੋਧਿਤ ਕੀਤਾ ਜਾਂਦਾ। ਮੇਰੇ ਘਰ ਦੇ ਨਾਲ, ਇੱਕ ਗਲੀ ਛੱਡ ਕੇ ਅਠਾਈ ਨੰਬਰ 'ਚ ਬੰਨੂਵਾਲ (ਫਰੰਟੀਅਰ ਦਾ ਖੇਤਰ) ਪਖਤੂਨਾਂ ਦਾ ਇਲਾਕਾ ਜਿਸ ਨੂੰ ਵਜ਼ੀਰਸਤਾਨ ਵੀ ਕਿਹਾ ਜਾਂਦਾ ਹੈ। ਇਹ ਵੀ ਸੰਸਕ੍ਰਿਤ ਦਾ ਪ੍ਰਾਚੀਨ ਸ਼ਬਦ 'ਵਜਰਸਕਾਨ' ਤੋਂ ਵਿਗੜ ਕੇ ਬਣਿਆ ਹੈ। ਇਸ 'ਚ ਰਹਿਣ ਵਾਲਾ ਮੁੰਡਾ ਮੇਰਾ ਜਮਾਤੀ, ਨਾਮ ਫਕੀਰਾ (ਫਕੀਰ ਚੰਦ), ਮੇਰੇ ਨਾਲ ਪੰਜਾਬੀ ਅਤੇ ਘਰ ਵਿਚ ਸਿਰਾਕੀ ਜਾਂ ਪਸ਼ਤੋ 'ਚ ਗੱਲਾਂ ਕਰਦਾ। ਇਨ੍ਹਾਂ ਦੇ ਸਾਹਮਣੇ ਸੜਕ ਤੋਂ ਪਾਰ ਨੂਰ ਮੁਹੰਮਦ ਖਾਂ, ਇਹ ਵੀ ਉਸੇ ਪਾਸੇ ਦਾ ਰਹਿਣ ਵਾਲਾ। ਫਕੀਰੇ ਦੇ ਪਿਤਾ ਤੇ ਖਾਨ ਸਾਹਿਬ ਅਫਸਰੀ ਅਹੁਦੇ 'ਤੇ ਸਨ, ਸ਼ਾਇਦ ਸੁਪਰਡੈਂਟ। ਖਾਨ ਸਾਹਿਬ ਦਾ ਮੁੰਡਾ ਸਾਡੇ ਨਾਲੋਂ ਇੱਕ ਕਲਾਸ ਉੱਪਰ। ਖੂਬ ਲੰਮਾ ਚੌੜਾ, ਪਠਾਣਾਂ ਵਾਂਗ ਜਦਕਿ ਅਸੀਂ ਐਮ.ਬੀ., ਰਾਮਜਸ ਜਾਂ ਖਾਲਸਾ ਸਕੂਲਾਂ 'ਚ ਪੜ੍ਹਦੇ, ਇਹ ਸ਼ਮਸ਼ਾਦ ਖਾਂ ਆਪਣੇ ਸਾਈਕਲ 'ਤੇ ਸਵਾਰ ਹੋ ਕੇ ਪੰਜ ਛੇ ਕਿਲੋਮੀਟਰ ਦੂਰ, ਬਿਰਲਾ ਮੰਦਰ ਕੋਲ, ਹਰਕੋਟਰ ਬਟਲਰ ਹਾਈ ਸਕੂਲ ਪੜ੍ਹਨ ਜਾਂਦਾ।

ਇਸੇ ਸਕੂਲ 'ਚ ਇਕੱਤੀ ਨੰਬਰ 'ਚ ਰਹਿੰਦਾ ਸਿੱਖ ਮੁੰਡਾ ਕਰਤਾਰਾ ਵੀ ਪੜ੍ਹਦਾ ਸੀ; ਖੂਬ ਸੋਹਣਾ, ਸੁਨੱਖਾ ਅਤੇ ਚੰਗੇ, ਪ੍ਰੈਸ ਕੀਤੇ ਕੱਪੜੇ ਪਾਉਂਦਾ। ਸ਼ਮਸ਼ਾਦ ਖਾਂ ਕਾਫੀ ਲੜਾਕੇ ਅਤੇ ਧੱਕੇਸ਼ਾਹੀ ਸੁਭਾਅ ਦਾ, ਕਰਤਾਰੇ ਨੂੰ ਛੇੜਦਾ ਅਤੇ ਤੰਗ ਕਰਦਾ। ਕਰਤਾਰੇ ਨੇ ਇਸ ਬਾਰੇ ਸਕੂਲ ਦੇ ਪ੍ਰਿੰਸੀਪਲ ਕੋਲ ਉਸ ਦੀਆਂ ਸ਼ਿਕਾਇਤਾਂ ਵੀ ਕੀਤੀਆਂ ਪਰ ਉਸ 'ਤੇ ਕੋਈ ਅਸਰ ਨਹੀਂ ਹੋਇਆ। ਆਖਰ ਕਰਤਾਰੇ ਨੇ ਉਹ ਸਕੂਲ ਛੱਡ ਕੇ ਮੇਰੇ ਵਾਲੇ ਖਾਲਸਾ ਸਕੂਲ 'ਚ ਦਾਖਲਾ ਲੈ ਲਿਆ। ਇਸ ਦੇ ਨਾਲ ਹੀ ਉਹ ਖਾਕੀ ਨਿੱਕਰ ਪਾ ਕੇ 'ਸੰਘ' ਦੀ ਸ਼ਾਖਾ ਵਿਚ ਵੀ ਜਾਣ ਲੱਗ ਪਿਆ। ਚਾਹੇ ਹੁਣ ਸ਼ਮਸ਼ਾਦ ਉਸ ਨੂੰ ਸੰਘੀ-ਭੰਗੀ ਜਾਂ ਨੀਕਰ ਕਹਿ ਕੇ ਛੇੜਦਾ ਪਰ ਦੂਰੋਂ-ਦੂਰੋਂ। ਹੁਣ ਕਰਤਾਰੇ ਨਾਲ ਸੰਘੀ ਮੁੰਡੇ ਹੁੰਦੇ, ਲਾਠੀਆਂ ਵਾਲੇ।

ਇੱਕੀ ਨੰਬਰ ਵਾਲੇ ਜਿਨ੍ਹਾਂ ਨੂੰ ਆਮ ਕਰਕੇ ਜਲੰਧਰੀਏ ਦੇ ਨਾਮ ਨਾਲ ਜਾਣਿਆ ਜਾਂਦਾ, ਉਨ੍ਹਾਂ ਦੇ ਤਿੰਨ ਜਵਾਨ ਧੀਆਂ, ਖੂਬ ਸੋਹਣੀਆਂ, ਜਿਨ੍ਹਾਂ ਨੂੰ ਉਨ੍ਹਾਂ ਦੀ ਮਾਂ ਡੱਕ-ਡੱਕ ਕੇ ਰੱਖਣ ਦਾ ਯਤਨ ਕਰਦੀ। ਫਿਰ ਵੀ ਉਹ ਕਦੀ ਤੇਈ ਨੰਬਰ ਵਾਲੇ ਅਤੇ ਕਦੇ ਫਕੀਰੇ ਨਾਲ ਅੱਖਾਂ ਲੜਾਉਣ ਤੋਂ ਬਾਜ਼ ਨਾ ਆਉਂਦੀਆਂ। ਫਕੀਰੇ ਦੀ ਅਸਲੀ ਆਸ਼ਨਾਈ ਤੀਹ ਨੰਬਰ ਵਾਲੀ ਸ਼ਿਆਮਲਾ ਨਾਮ ਦੀ ਕੁੜੀ ਨਾਲ ਸੀ; ਰੰਗ ਕਾਫੀ ਪੱਕਾ ਪਰ ਅੱਖਾਂ ਮੋਟੀਆਂ-ਮੋਟੀਆਂ ਅਤੇ ਬੁੱਲ੍ਹਾਂ 'ਤੇ ਚੜ੍ਹਦੀ ਜਵਾਨੀ ਵਾਲੀ ਰਹੱਸਮਈ ਮੁਸਕਾਨ। ਉਹ ਕਿੱਥੇ ਮਿਲਦੇ ਅਤੇ ਕਿਵੇਂ ਮਿਲਦੇ ਸਨ? ਇਸ ਬਾਰੇ ਸਾਰੇ ਸੂਹ ਕੱਢਣ ਦੇ ਯਤਨ ਕਰਦੇ ਪਰ ਕਿਸੇ ਨੂੰ ਕੁਝ ਨਾ ਪਤਾ ਲੱਗਦਾ। ਕੁਝ ਵਰ੍ਹਿਆਂ ਬਾਅਦ ਜਦ ਫਕੀਰਾ ਉੱਥੋਂ ਚਲਾ ਗਿਆ ਅਤੇ ਸ਼ਿਆਮਲਾ ਨਾਲ ਮੇਰੀ ਥੋੜ੍ਹੀ ਬਹੁਤ ਨੇੜਤਾ ਹੋ ਗਈ ਤਾਂ ਇਸ ਬਾਰੇ ਉਸ ਨੇ ਮੈਨੂੰ ਕਾਫੀ ਕੁਝ ਦੱਸਿਆ ਸੀ।

ਸ਼ਿਆਮਲਾ ਅਤੇ ਫਕੀਰੇ ਦੇ ਕੁਆਰਟਰਾਂ ਵਿਚਕਾਰ ਦੇਸ਼ ਦੀ ਵੰਡ ਤੋਂ ਤਿੰਨ-ਚਾਰ ਮਹੀਨੇ ਪਹਿਲਾਂ ਹੀ ਇੱਕ ਸਿੱਖ ਪਰਿਵਾਰ ਰਾਵਲਪਿੰਡੀ ਤੋਂ ਆ ਕੇ ਰਹਿਣ ਲੱਗਾ। ਪਰਿਵਾਰ 'ਚ ਦੋ ਭਰਾ, ਇੱਕ ਭੈਣ ਅਤੇ ਇੱਕ ਮਾਂ। ਇਨ੍ਹਾਂ ਦੀ ਭੈਣ ਦਾ ਰੰਗ ਵੀ ਪੱਕਾ, ਚਾਹੇ ਸ਼ਿਆਮਲਾ ਵਾਂਗ ਕਾਲਾ ਨਹੀਂ ਸੀ। ਪ੍ਰਕਿਰਤੀ ਕੁੜੀਆਂ ਨੂੰ ਇਹ ਸ਼ਿਆਮ ਰੰਗ ਦੇਣ ਤੋਂ ਬਾਅਦ ਬਾਕੀ ਕੁੜੀਆਂ ਤੋਂ ਕੁਝ ਵਾਧੂ ਵੀ ਦੇ ਦਿੰਦੀ ਹੈ। ਸ਼ਿਆਮਲਾ ਦੀਆਂ ਅੱਖਾਂ 'ਚ ਅਥਾਹ ਕਸ਼ਿਸ਼ ਅਤੇ ਇਸ ਕ੍ਰਿਸ਼ਨ ਕੌਰ ਦੀ ਆਵਾਜ਼ ਸੁਰੀਲੀ। ਸਿਰ 'ਤੇ ਖਾਲਸਾ ਵਾਂਗ ਜੂੜਾ ਕਰਦੀ, ਇੱਕ ਪ੍ਰੋਫੈਸਰ ਕਹਾਏ ਜਾਣ ਵਾਲੇ ਨਾਲ ਮਿਲ ਕੇ ਐਤਵਾਰ ਵਾਲੇ ਦਿਨ ਕੀਰਤਨ ਕਰਦੀ। ਹਰ ਐਤਵਾਰ ਕਿਸੇ ਨਾ ਕਿਸੇ ਦੇ ਘਰ ਕੀਰਤਨ ਹੁੰਦਾ ਸੀ। ਇਸ ਦੇ ਦੋਵੇਂ ਭਰਾ ਸ਼ਮਸ਼ਾਦ ਪਠਾਣ ਵਾਂਗ ਧੱਕੇਸ਼ਾਹੀ ਕਿਸਮ ਦੇ ਸਨ ਜਿਨ੍ਹਾਂ ਨੂੰ ਅੰਗਰੇਜ਼ੀ ਵਿਚ 'ਬੁਲੀ' ਕਿਹਾ ਜਾਂਦਾ ਹੈ। ਇਹ ਬੁਲੀ ਕਿਸਮ ਦੇ ਲੋਕ ਚਾਹੇ ਵਿਦਿਆਰਥੀ ਹੋਣ, ਚਾਹੇ ਅਫਸਰ, ਚਾਹੇ ਬਦਮਾਸ਼, ਚਾਹੇ ਜੱਟ ਜ਼ਿਮੀਦਾਰ ਤੇ ਚਾਹੇ ਰਾਜੇ, ਆਪਣੇ ਤੋਂ ਕਮਜ਼ੋਰਾਂ ਨੂੰ ਤੰਗ ਕਰਨਾ, ਕੁੱਟਣਾ ਅਤੇ ਆਪਣੇ ਤੋਂ ਉੱਪਰਲਿਆਂ, ਅਫਸਰਾਂ, ਤਾਕਤਵਰਾਂ ਦੇ ਸਨਮੁਖ ਜੀ-ਜੀ ਕਰਦੇ ਰਹਿਣਾ ਇਨ੍ਹਾਂ ਦੀ ਖਸਲਤ ਦਾ ਹਿੱਸਾ ਹੁੰਦੀ ਹੈ। ਇਹ ਸਿੱਖ ਮੁੰਡੇ ਸੜਕ ਤੋਂ ਲੰਘਣ ਵਾਲੇ ਮੋਚੀ, ਰੇਹੜੀ ਵਾਲਿਆਂ 'ਤੇ ਬੇਮਤਲਬ ਰੋਹਬ ਜਮਾਉਂਦੇ, ਗਾਲ੍ਹਾਂ ਕੱਢ-ਕੱਢ ਕੇ ਗੱਲਾਂ ਕਰਦੇ।

ਸਰਕਾਰੀ ਕੁਆਰਟਰਾਂ ਦੇ ਨਾਲ ਲੱਗਦੀ ਰੋਹਤਕ ਰੋਡ, ਉਸ ਤੋਂ ਪਰ੍ਹੇ ਬਾਏ ਰੋਹਿਲਾ ਦਾ ਰੇਲਵੇ ਸਟੇਸ਼ਨ ਅਤੇ ਸਟੇਸ਼ਨ ਨਾਲ ਖੁੱਲ੍ਹੇ ਘਾਹ ਦੇ ਮੈਦਾਨ ਜਿੱਥੇ ਧੋਬੀਆਂ ਦੇ ਘੋੜੇ ਅਤੇ ਖੋਤੇ ਘਾਹ ਚਰਦੇ ਰਹਿੰਦੇ।


ਸੁਣਨ 'ਚ ਆਇਆ ਕਿ ਹਿੰਦੁਸਤਾਨ ਛੇਤੀ ਹੀ ਆਜ਼ਾਦ ਹੋ ਜਾਵੇਗਾ ਅਤੇ ਅੰਗਰੇਜ਼ ਸਾਡਾ ਦੇਸ਼ ਛੱਡ ਕੇ ਚਲੇ ਜਾਣਗੇ। ਮੈਂ ਉਦੋਂ ਤੱਕ ਆਜ਼ਾਦੀ ਦਾ ਪੂਰਾ ਮਤਲਬ ਨਹੀਂ ਸਾਂ ਸਮਝਦਾ। ਸੋਚਣ ਲੱਗਾ ਕਿ ਜੇ ਅੰਗਰੇਜ਼ ਸਰਕਾਰ ਨਾ ਰਹੀ ਤਾਂ ਮੇਰੇ ਭਰਾ ਦੀ ਨੌਕਰੀ ਵੀ ਜਾਂਦੀ ਰਹੇਗੀ। ਉਹ ਵੀ ਅੰਗਰੇਜ਼ ਸਰਕਾਰ ਦੇ ਨੌਕਰ ਸਨ। ਇਸ ਦੇ ਨਾਲ ਹੀ ਕੰਧਾਂ ਉੱਤੇ ਕੋਲਿਆਂ ਨਾਲ 'ਪਾਕਿਸਤਾਨ ਜ਼ਿੰਦਾਬਾਦ' ਲਿਖਿਆ ਨਜ਼ਰ ਆਉਣ ਲੱਗਾ। ਅਸਲੀਅਤ ਇਹ ਕਿ ਉਨ੍ਹਾਂ ਲਿਖਣ ਵਾਲਿਆਂ ਨੂੰ ਵੀ 'ਪਾਕਿਸਤਾਨ' ਦਾ ਪੂਰਾ ਮਤਲਬ ਨਹੀਂ ਸੀ ਪਤਾ। ਜਿਉਂ-ਜਿਉਂ ਪੰਦਰਾਂ ਅਗਸਤ ਨੇੜੇ ਆਉਂਦਾ ਗਿਆ, ਪੱਛਮੀ ਪੰਜਾਬ ਤੋਂ ਨੱਸ ਕੇ ਆਏ ਰਫਿਊਜੀਆਂ ਦੁਆਰਾ ਉੱਥੇ ਹੋ ਰਹੀ ਮਾਰ-ਕਾਟ ਦੀਆਂ ਖਬਰਾਂ ਵੀ ਆਉਣ ਲੱਗੀਆਂ। ਤੀਸ ਹਜ਼ਾਰੀ, ਕਿੰਗਜ਼ ਵੇਅ ਆਦਿ ਸਥਾਨਾਂ 'ਤੇ ਰਫਿਊਜੀ ਕੈਂਪ ਲੱਗ ਗਏ। ਇਸ ਤੀਸ ਹਜ਼ਾਰੀ ਮੈਦਾਨ ਜਿੱਥੇ ਅੱਜ ਤੋਂ ਢਾਈ ਤਿੰਨ ਸੌ ਵਰ੍ਹੇ ਪਹਿਲਾਂ ਬਘੇਲ ਸਿੰਘ ਦੀ ਤੀਹ ਹਜ਼ਾਰ ਖਾਲਸਾ ਫੌਜ ਨੇ ਡੇਰੇ ਲਾਏ ਸਨ ਅਤੇ ਕਿੰਗਜ਼ ਵੇਅ ਕੈਂਪ ਜਿੱਥੇ 1911 ਵਿਚ ਅੰਗਰੇਜ਼ ਬਾਦਸ਼ਾਹ ਜਾਰਜ ਪੰਚਮ ਨੇ ਦਰਬਾਰ ਲਾਇਆ ਸੀ।



*ਸਤੰਬਰ 1947 ਵਿਚ ਨਵੀਂ ਦਿੱਲੀ ਦੇ ਗੜਬੜ ਵਾਲੇ ਇਲਾਕਿਆਂ ਵਿਚੋਂ ਕੱਢੇ ਮੁਸਲਮਾਨ ਰਫਿਊਜੀ, ਪੁਰਾਣੇ ਕਿਲ੍ਹੇ ਕੋਲ ਪਾਣੀ ਹਾਸਲ ਕਰਨ ਲਈ ਕਤਾਰ ਵਿਚ ਖੜ੍ਹੇ ਦਿਖਾਈ ਦੇ ਰਹੇ ਹਨ।*

ਹੋਰ ਕਈ ਕੁਆਰਟਰਾਂ ਵਾਂਗ ਸਾਡੇ ਘਰ ਵੀ ਲਾਹੌਰ ਤੋਂ ਮੇਰੀ ਮਾਸੀ ਦਾ ਟੱਬਰ ਆ ਗਿਆ। ਇੱਕਾ-ਦੁੱਕਾ ਹੋਰ ਵੀ। ਸਭ ਤੋਂ ਜ਼ਿਆਦਾ ਭੀੜ ਬੰਨੂਵਾਲ ਫਕੀਰੇ ਦੇ ਘਰ, ਤਿੰਨ-ਚਾਰ ਟੱਬਰ। ਰਾਤ ਨੂੰ ਸੌਣ ਲੱਗਿਆਂ ਉਨ੍ਹਾਂ ਦੇ ਕੁਆਰਟਰ ਸਾਹਮਣੇ ਅਤੇ ਨਾਲ ਦੀ ਗਲੀ ਵਿਚ ਮੰਜਿਆਂ ਦੀ ਲਾਇਨ ਲੱਗ ਜਾਂਦੀ। ਇਨ੍ਹਾਂ ਰਫਿਊਜੀਆਂ ਵਿਚ ਕਈ ਨਵੇਂ ਵਿਆਹੇ ਜੋੜੇ ਵੀ ਸਨ ਅਤੇ ਇਨ੍ਹਾਂ ਨਵ-ਵਿਆਹੁਤਾ ਜੋੜਿਆਂ ਨੂੰ ਇਕੱਲਿਆਂ ਸਾਥ ਮਾਨਣ ਦਾ ਅਵਸਰ ਦੇਣ ਲਈ ਕਦੀ-ਕਦੀ ਪਰਿਵਾਰ ਦੇ ਬਾਕੀ ਸਾਰੇ ਜਣੇ ਕੋਈ ਬਹਾਨਾ ਲਾ ਕੇ ਕਿਤੇ ਚਲੇ ਜਾਂਦੇ।

ਇਹ ਰਫਿਊਜੀ ਆਪਣੇ ਨਾਲ ਆਪਣੇ 'ਤੇ ਹੋਏ ਜ਼ੁਲਮਾਂ, ਨੰਗੀਆਂ ਤੀਵੀਆਂ ਦੇ ਜਲੂਸਾਂ ਅਤੇ ਗੱਡੀਆਂ ਦੇ ਵੱਢੇ ਜਾਣ ਦੀਆਂ ਦਿਲ ਕੰਬਾਉਣ ਵਾਲੀਆਂ ਖਬਰਾਂ ਵੀ ਆਪਣੇ ਨਾਲ ਲੈ ਕੇ ਆਏ।



*ਨਵੀਂ ਦਿੱਲੀ ਵਿਚੋਂ ਬਾਹਰ ਨਿਕਲਣ ਲਈ ਰੇਲ ਗੱਡੀ ਉਤੇ ਸਵਾਰ ਹੋ ਰਹੇ ਮੁਸਲਮਾਨ। ਇਹ ਤਸਵੀਰ ਵੀ ਸਤੰਬਰ 1947 ਦੀ ਹੈ।*

ਦਿੱਲੀ 'ਚ ਮਾਰ-ਧਾੜ ਸ਼ੁਰੂ ਹੋ ਗਈ। ਕਰੋਲ ਬਾਗ, ਪਹਾੜ ਗੰਜ, ਬਾਬਾ ਹਿੰਦੂ ਰਾਓ ਆਦਿ ਬਸਤੀਆਂ 'ਚੋਂ ਅੱਗ ਦੀਆਂ ਲਾਟਾਂ ਨਿਕਲਣ ਲੱਗੀਆਂ। ਸੁਣਨ 'ਚ ਆਇਆ ਕਿ ਸਰਦਾਰ ਵੱਲਭ ਭਾਈ ਪਟੇਲ ਉਸ ਵੇਲੇ ਦੀ ਨਵੀਂ ਸਰਕਾਰ ਦੇ ਗ੍ਰਹਿ ਮੰਤਰੀ ਸਨ। ਉਸ ਦੀ ਸ਼ਹਿ ਸੀ ਕਿ ਮੁਸਲਮਾਨਾਂ ਨੂੰ ਮਾਰ-ਮਾਰ ਕੇ ਦਿੱਲੀ ਨੂੰ ਇਨ੍ਹਾਂ ਤੋਂ ਖਾਲੀ ਕਰਵਾ ਲਿਆ ਜਾਵੇ। ਦੂਜੇ ਪਾਸੇ ਜਵਾਹਰ ਲਾਲ ਨਹਿਰੂ ਖੁੱਲ੍ਹੀ ਜੀਪ 'ਚ ਬੈਠ ਕੇ ਮਹਿੰਦਰ ਸਿੰਘ ਰੰਧਾਵਾ (ਜੋ ਉਸ ਵੇਲੇ ਦਾ ਡਿਪਟੀ ਕਮਿਸ਼ਨਰ ਸੀ) ਨੂੰ ਨਾਲ ਲੈ ਕੇ ਹਿੰਦੂ-ਸਿੱਖ ਫਸਾਦੀਆਂ ਦੇ ਜਲੂਸਾਂ ਨੂੰ ਰੋਕ-ਰੋਕ ਕੇ ਇਸ ਮਾਰ-ਕਾਟ ਨੂੰ ਬੰਦ ਕਰਨ ਬਾਰੇ ਤਕਰੀਰਾਂ ਕਰਦਾ।

ਇਹ ਅਫਵਾਹ ਵੀ ਫੈਲਣ ਲੱਗੀ ਕਿ ਦਿੱਲੀ ਤੋਂ ਮੁਸਲਮਾਨਾਂ ਦੇ ਕਾਫਲੇ ਪੱਛਮੀ ਪੰਜਾਬ (ਪਾਕਿਸਤਾਨ) ਜਾਣ ਲਈ ਜਦ ਨਿਕਲਣਗੇ ਤਾਂ ਸਾਡੇ ਕੁਆਰਟਰਾਂ ਕੋਲੋਂ ਰੋਹਤਕ ਰੋਡ ਤੋਂ ਹੋ ਕੇ ਲੰਘਦਿਆਂ ਲੁੱਟ-ਮਾਰ ਕਰਨਗੇ। ਇਹ ਵੀ ਸੁਣਨ 'ਚ ਆਇਆ ਕਿ ਦਿੱਲੀ ਦੀ ਹੋਂਦ ਨਾਲ ਲੱਗਦੇ 'ਮੇਓ' (ਮੁਸਲਮਾਨ ਕਬੀਲਾ) ਲੋਕਾਂ ਦੇ ਪਿੰਡ ਇਕੱਠੇ ਹੋ ਕੇ ਦਿੱਲੀ ਦੇ ਮੁਸਲਮਾਨ ਭਰਾਵਾਂ ਦੀ ਸਹਾਇਤਾ ਕਰਨ ਦਿੱਲੀ ਵੱਲ ਆ ਰਹੇ ਹਨ। ਇਨ੍ਹਾਂ ਵੀ ਰੋਹਤਕ ਰੋਡ ਤੋਂ ਹੋ ਕੇ ਲੰਘਣਾ ਸੀ। ਨਤੀਜੇ ਵਜੋਂ ਸਾਡੇ ਕੁਆਰਟਰਾਂ 'ਚ ਰਾਤ ਵੇਲੇ ਪਹਿਰੇ ਸ਼ੁਰੂ ਹੋ ਗਏ। ਜਦੋਂ ਅਫਵਾਹਾਂ ਬਹੁਤ ਗਰਮ ਹੋ ਜਾਂਦੀਆਂ ਤਾਂ ਕੁਆਰਟਰਾਂ ਦੀ ਬਸਤੀ ਦੇ ਸਾਰੇ ਲੋਕ ਆਪਣੀਆਂ ਛੱਤਾਂ 'ਤੇ ਇੱਟਾਂ ਪੱਥਰ, ਮਿੱਟੀ ਦੇ ਤੇਲ ਦੀਆਂ ਪੀਪੀਆਂ ਅਤੇ ਤਰ੍ਹਾਂ-ਤਰ੍ਹਾਂ ਦੇ ਹਥਿਆਰ ਲੈ ਕੇ ਬੈਠ ਜਾਂਦੇ। ਰੁਮਾਂਸ ਕਰਨ ਵਾਲਿਆਂ ਲਈ ਵੀ ਚੰਗਾ ਅਵਸਰ। ਸੁਣਿਆ ਕਿ ਇੱਕੀ ਨੰਬਰ ਵਾਲਿਆਂ ਦੀ ਵਿਚਕਾਰਲੀ ਕੁੜੀ ਦਾ ਰੁਮਾਂਸ ਤੇਈ ਨੰਬਰ ਵਾਲੇ ਰਾਮ ਕੁਮਾਰ ਨਾਲ ਖੂਬ ਜ਼ੋਰਾਂ 'ਤੇ ਸ਼ੁਰੂ ਹੋ ਗਿਆ ਹੈ। ਬਾਈ ਨੰਬਰ ਵਾਲੇ ਰੋਹਤਕੀ ਦੇ ਘਰ ਰੋਹਤਕ ਤੋਂ ਉਸ ਦੀ ਮਾਸੀ ਦੀ ਧੀ ਆਈ ਹੋਈ ਅਤੇ ਰੋਹਤਕੀ ਦਾ ਰੁਮਾਂਸ ਆਪਣੀ ਮਾਸੀ ਦੀ ਧੀ ਨਾਲ ਜ਼ੋਰਾਂ 'ਤੇ ਹੈ।

ਉਨ੍ਹੀਂ ਦਿਨੀਂ ਮੁੰਡਿਆਂ ਕੁੜੀਆਂ ਲਈ ਅੱਜ ਦੇ ਵਿਪਰੀਤ ਮਿਲਣ ਜੁਲਣ ਦੇ ਅਵਸਰ ਬਹੁਤ ਘੱਟ, ਤਕਰੀਬਨ ਨਾਂਹ ਦੇ ਬਰਾਬਰ। ਸਾਰੇ ਰੁਮਾਂਸ ਰਿਸ਼ਤੇਦਾਰਾਂ, ਦੋਸਤਾਂ ਦੀਆਂ ਕੁੜੀਆਂ ਨਾਲ ਜਾਂ ਆਂਢ-ਗੁਆਂਢ ਵਾਲੀਆਂ ਨਾਲ। ਹੁਣ ਵਾਂਗ ਨਾ ਤਾਂ ਕੁੜੀਆਂ ਬਾਜ਼ਾਰਾਂ 'ਚ ਘੁੰਮਦੀਆਂ ਸਨ ਅਤੇ ਨਾ ਹੀ ਇਕੱਲੀਆਂ ਕਿਤੇ ਜਾਂਦੀਆਂ। ਜਦੋਂ ਸਿੰਧ, ਮੁਲਤਾਨ ਤੇ ਰਾਵਲਪਿੰਡੀ, ਲਾਹੌਰ ਆਦਿ ਤੋਂ ਆਈਆਂ ਤੀਵੀਆਂ ਨੂੰ ਦਿੱਲੀ ਦੇ ਰਹਿਣ ਵਾਲਿਆਂ ਨੇ ਬਾਜ਼ਾਰਾਂ-ਚੁਰਸਤਿਆਂ 'ਤੇ ਖੜ੍ਹੇ ਗੋਲ ਗੱਪੇ, ਚਾਟ ਪਕੌੜੇ ਖਾਂਦੇ ਵੇਖਿਆ ਤਾਂ ਹੈਰਾਨੀ ਨਾਲ ਦੰਦਾਂ 'ਚ ਉਂਗਲਾਂ ਪਾਉਣ ਲੱਗੇ।

ਸਾਡੇ ਕੁਆਰਟਰਾਂ 'ਚ ਹਾਲੇ ਵੀ ਮੁਸਲਮਾਨ ਪਰਿਵਾਰ ਰਹਿ ਰਹੇ ਸਨ, ਸਹਿਮੇ-ਸਹਿਮੇ, ਡਰੇ-ਡਰੇ। ਮੇਰੇ ਘਰ ਤੋਂ ਜ਼ਰਾ ਕੁ ਦੂਰ ਕੁਆਰਟਰਾਂ ਵਿਚਕਾਰ ਇੱਕ ਟਿੱਲੇ 'ਤੇ ਇੱਕ ਮਸੀਤ, ਪੰਦਰਾਂ ਕੁ ਵਰ੍ਹੇ ਪਹਿਲਾਂ ਦੀ ਬਣੀ ਹੋਈ, ਜ਼ਿਆਦਾਤਰ ਲੱਕੜੀ ਦੀ। ਮੈਂ ਜਦੋਂ ਵੀ ਉਸ ਮਸੀਤ ਕੋਲੋਂ ਲੰਘਦਾ ਸਾਂ ਤਾਂ ਉਸ ਦੀ ਛੱਤ ਉੱਤੇ ਖੜ੍ਹੇ ਮੁਸਲਮਾਨ ਮੁੰਡੇ ਮੈਨੂੰ 'ਸਿਖੜਾ ਸਿਖੜਾ' ਕਹਿੰਦੇ ਜਾਂ ਹੋਰ ਕਈ ਤਰ੍ਹਾਂ ਦੀਆਂ ਗਾਲ੍ਹਾਂ ਕੱਢਦੇ, ਪੱਥਰ ਮਾਰਦੇ। ਇਸ ਮਸਜਿਦ ਵਿਚ ਕੁਆਰਟਰਾਂ 'ਚ ਰਹਿ ਰਹੇ ਮੁਸਲਮਾਨਾਂ ਦੀਆਂ ਮੀਟਿੰਗਾਂ ਹੁੰਦੀਆਂ। ਸੰਘੀ ਮੁੰਡੇ ਕਹਿੰਦੇ- ਸਾੜ ਦਿਓ ਇਸ ਨੂੰ ਪਰ ਹਿੰਮਤ ਕਿਸੇ ਦੀ ਨਾ ਪੈਂਦੀ।

ਪਿਛਲੇ ਕੁਝ ਮਹੀਨਿਆਂ 'ਚ ਕਰਤਾਰੇ ਦੇ ਵਿਅਕਤੀਤਵ 'ਚ ਵੀ ਬਹੁਤ ਪਰਿਵਰਤਨ ਆ ਗਿਆ ਸੀ; ਇੱਕ ਸਵੈ-ਵਿਸ਼ਵਾਸ ਜੋ ਸ਼ਾਇਦ ਸੰਘ ਦੀਆਂ ਸ਼ਾਖਾਵਾਂ 'ਚ ਜਾਣ ਕਰਕੇ ਸੀ ਜਾਂ ਬਦਲਦੇ ਮਾਹੌਲ ਕਾਰਨ। ਕਰਤਾਰੇ ਨੂੰ ਸ਼ਮਸ਼ਾਦ ਖਾਂ ਦੀਆਂ ਵਧੀਕੀਆਂ ਨਹੀਂ ਸੀ ਭੁੱਲੀਆਂ। ਉਸ ਦੇ ਸਿਰ 'ਚ ਵੀ ਗਰਮੀ ਚੜ੍ਹ ਗਈ ਅਤੇ ਇੱਕ ਦਿਨ ਤਲਵਾਰ ਕੱਢ ਕੇ ਸ਼ਮਸ਼ਾਦ ਖਾਂ ਦੇ ਘਰ ਸਾਹਮਣੇ ਖੜ੍ਹਾ ਹੋਇਆ ਅਤੇ ਉਸ ਨੂੰ ਲਲਕਾਰ ਕੇ ਬੋਲਿਆ, "ਆ ਬਾਹਰ ਨਿਕਲ ਓਏ ਸ਼ਿਕਾਰੀ ਕੁੱਤਿਆ, ਅੱਜ ਮੈਂ ਤੈਨੂੰ ਮਜ਼ਾ ਚਖਾਵਾਂ।" ਉਸ ਦੀ ਵਿਉਂਤ ਸੀ ਕਿ ਜਿਉਂ ਹੀ ਉਹ ਬਾਹਰ

(ਬਾਕੀ ਅਗਲੇ ਸਫੇ 'ਤੇ)

*ਭਗਤ ਸਿੰਘ ਦੀ ਸ਼ਹਾਦਤ ਤੋਂ ਬਾਅਦ ਇਕ ਘੋੜੀ ਬੜੀ ਮਸ਼ਹੂਰ ਹੋ ਗਈ। ਭਗਤ ਸਿੰਘ ਦੀ ਇਹ ਘੋੜੀ ਮੇਲਾ ਰਾਮ ਤਾਇਰ ਦੀ ਲਿਖੀ ਹੋਈ ਹੈ। ਇਸ ਬਾਰੇ ਹਿੰਦੀ ਲੇਖਕ ਗੌਤਮ ਸਚਦੇਵ ਨੇ ਇਹ ਲੇਖ ਮਾਰਚ 2002 ਵਿਚ ਪੰਜਾਬੀ ਵਿਚ ਲਿਖਿਆ ਸੀ ਅਤੇ ਸ਼ਾਇਰ ਦੇ ਤਖੱਲਸ ਦੇ ਸ਼ਬਦ-ਜੋੜ ਤਾਇਰ ਦੀ ਥਾਂ ਤਾਹਿਰ ਵਰਤੇ ਸਨ। ਵੰਡ ਦੀਆਂ ਕਹਾਣੀਆਂ (ਕਹਾਣੀ ਸੰਗ੍ਰਹਿ 'ਸਾਢੇ ਸੱਤ ਦਰਜਨ ਪਿੰਜਰੇ') ਲਿਖਣ ਵਾਲੇ ਗੌਤਮ ਸਚਦੇਵ ਨੇ ਇਹ ਘੋੜੀ ਮੇਲਾ ਰਾਮ ਤਾਇਰ ਦੇ ਮੂੰਹੋਂ ਸੁਣੀ ਤੇ ਲਿੱਪੀਬੱਧ ਕੀਤੀ। ਇਹ ਘੋੜੀ 23 ਮਾਰਚ 1932 ਨੂੰ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਪਹਿਲੀ ਬਰਸੀ ਮੌਕੇ ਲਾਹੌਰ ਵਿਚ ਸ਼ਾਇਰ ਮੇਲਾ ਰਾਮ ਤਾਇਰ ਨੇ ਟਾਂਗੇ 'ਤੇ ਖਲੋ ਕੇ ਗਾਈ ਸੀ। ਸ਼ਹੀਦਾਂ ਦੀ ਬਰਸੀ ਮਨਾਉਣ ਉਤੇ ਹਕੂਮਤ ਨੇ ਮੁਕੰਮਲ ਪਾਬੰਦੀ ਲਾ ਦਿੱਤੀ ਸੀ ਪਰ ਪਾਬੰਦੀ ਦੇ ਬਾਵਜੂਦ ਬਰਸੀ ਦੇ ਜਲਸਿਆਂ ਵਿਚ ਕੋਈ ਇਕ ਲੱਖ ਲੋਕਾਂ ਨੇ ਹਿੱਸਾ ਲਿਆ ਸੀ।*

# ਸ਼ਹੀਦ ਭਗਤ ਸਿੰਘ ਦੀ ਘੋੜੀ ਦਾ ਇਤਿਹਾਸ

## ਪੈਂਤੀ ਕਰੋੜ ਤੇਰੇ ਜਾਂਞੀ ਨੇ ਲਾੜਿਆ...

ਗਮ ਅਤੇ ਸਦਮੇ ਵਿਚ ਅਕਸਰ ਲੋਕ ਜਾਂ ਤਾਂ ਰੋ-ਪਿੱਟ ਕੇ ਮਨ ਹੌਲਾ ਕਰ ਲੈਂਦੇ ਹਨ ਜਾਂ ਉਹਨੂੰ ਰੁਮਾਨੀ ਬਣਾ ਲੈਂਦੇ ਹਨ। ਸਰਦਾਰ ਭਗਤ ਸਿੰਘ ਦੇ ਸ਼ਹੀਦ ਹੋਣ ਤੋਂ ਪੰਜਾਬ ਵਿਚ ਸ਼ਹਾਦਤ ਦੀ ਵਡਿਆਈ ਦੀ ਲਹਿਰ ਚੱਲ ਪਈ। ਸ਼ਾਇਰਾਂ ਨੇ ਇਸ ਲਹਿਰ ਨੂੰ ਕਾਫੀ ਖੂਬਸੂਰਤ ਬਣਾਇਆ ਅਤੇ ਇਹ ਖਿਆਲ ਪੇਸ਼ ਕੀਤਾ ਕਿ ਗੱਭਰੂ ਭਗਤ ਸਿੰਘ ਨੇ ਮੌਤ ਨੂੰ ਪ੍ਰਨਾਇਆ ਹੈ। ਲੋਕ ਹੰਝੂਆਂ ਨਾਲ ਭਗਤ ਸਿੰਘ ਦੇ ਵਿਆਹ ਦੀਆਂ ਘੋੜੀਆਂ ਵੀ ਗਾਉਣ ਲੱਗ ਪਏ। ਉਸ ਸਮੇਂ ਇਕ ਘੋੜੀ ਬਹੁਤ

ਗੌਤਮ ਸਚਦੇਵ

ਮਸ਼ਹੂਰ ਹੋਈ। ਇਹ ਵਾਕਿਆ ਮੇਰੇ ਜਨਮ ਤੋਂ ਤਕਰੀਬਨ ਦਸ ਵਰ੍ਹੇ ਪਹਿਲਾਂ ਦਾ ਹੈ ਪਰ ਆਪਣੀ ਮਾਂ ਕੋਲੋਂ ਮੈਂ ਇਹ ਘੋੜੀ ਆਪਣੇ ਬਚਪਨ ਵਿਚ ਕਈ ਵਾਰੀ ਸੁਣੀ ਹੈ।

ਅੱਜ ਇਸ ਘੋੜੀ ਬਾਰੇ ਗੱਲ ਕਰਨ ਵੇਲੇ ਸੋਚਦਾ ਹਾਂ ਕਿ ਭਗਤ ਸਿੰਘ ਦੇ ਵਿਆਹ ਕਰਨ ਦੀ ਕਲਪਨਾ ਹੈ ਤਾਂ ਬੜੀ ਸੋਹਣੀ ਪਰ ਸਵਾਲ ਇਹ ਹੈ ਕਿ ਕੀ ਮੌਤ ਨਾਲ ਵਿਆਹ ਕੀਤਾ ਜਾ ਸਕਦਾ ਹੈ ਅਤੇ ਉਹ ਖੁਸ਼ੀਆਂ ਮਾਣੀਆਂ ਜਾ ਸਕਦੀਆਂ ਹਨ ਜੋ ਵਿਆਹ ਕਰ ਕੇ ਹੁੰਦੀਆਂ ਹਨ? ਇਹ ਕੈਸਾ ਵਿਆਹ ਹੈ ਕਿ ਲਾੜੇ ਦੀ ਜਾਨ ਕੱਢ ਲਵੇ, ਜਦੋਂਕਿ ਲਾੜੀ ਹੋਰੀਂ ਵਿਧਵਾ ਹੋਣ ਲਈ ਵੀ ਵਿਆਹ ਕਰਨ? ਖੁਦ ਭਗਤ ਸਿੰਘ ਨੂੰ ਮੌਤ ਨੂੰ ਵਹੁਟੀ ਬਣਾਉਣਾ ਪੈਂਦਾ ਤਾਂ ਉਹ ਕੀ ਸੋਚਦਾ, ਇਹ ਤਾਂ ਨਹੀਂ ਕਿਹਾ ਜਾ ਸਕਦਾ ਪਰ ਇਸ ਗੱਲ ਦਾ ਉਹਨੂੰ ਪੂਰਾ ਯਕੀਨ ਸੀ ਕਿ ਫਾਂਸੀ ਦੇ ਨਾਲ ਹੀ ਜ਼ਿੰਦਗੀ ਮੁੱਕ ਜਾਏਗੀ ਜੋ ਮੁੜ ਕੇ ਕਦੇ ਨਹੀਂ ਮਿਲਣੀ। ਮਰਨ ਵਾਲੇ ਦੇ ਮੁੜ ਕੇ ਜਨਮ ਲੈਣ ਦੀ ਗੱਲ ਬਿਲਕੁਲ ਗਲਤ ਹੈ।

ਫਾਂਸੀ ਚੜ੍ਹਨ ਤੋਂ ਪਹਿਲਾਂ ਜੇਲ੍ਹ ਵਿਚ ਲਿਖੇ ਆਪਣੇ ਲੇਖ 'ਮੈਂ ਨਾਸਤਕ ਕਿਉਂ ਹਾਂ' ਵਿਚ ਭਗਤ ਸਿੰਘ ਨੇ ਸਾਫ ਕਿਹਾ ਕਿ ਮੌਤ ਨਾਲ ਸਭ ਕੁਝ ਖਤਮ ਹੋ ਜਾਣਾ ਹੈ ਅਤੇ ਮੈਂ ਤਾਂ ਅਗਲੇ ਜਨਮ ਵਿਚ ਕੁਝ ਹੋਰ ਹੋਣ ਜਾਂ ਸਵਰਗ ਪ੍ਰਾਪਤ ਕਰਨ ਦੀ ਕਲਪਨਾ ਤਕ ਨਹੀਂ ਕਰ ਸਕਦਾ। ਖੈਰ, ਇਹ ਸਵਾਲ ਪੁੱਛਣ ਜਾਂ ਮੌਤ ਨਾਲ ਸ਼ਾਦੀ ਦੀ ਕਲਪਨਾ ਅੱਗੇ ਸਵਾਲੀਆ ਨਿਸ਼ਾਨ ਲਾਉਣ ਦੀ ਅਕਲ ਤਾਂ ਮੈਨੂੰ ਬਹੁਤ ਬਾਅਦ ਵਿਚ ਆਈ ਪਰ ਜਦ ਮੈਂ ਨਿੱਕੇ ਹੁੰਦਿਆਂ ਭਗਤ ਸਿੰਘ ਦੀ ਮੌਤ ਵਾਲੀ ਘੋੜੀ ਸੁਣਦਾ ਸੀ ਤਾਂ ਮੈਨੂੰ ਇਹ ਬਹੁਤ ਚੰਗੀ ਲੱਗਦੀ ਸੀ। ਕਹਿ ਸਕਦਾ ਹਾਂ ਕਿ ਇਹ ਘੋੜੀ ਮੈਂ ਪੰਘੂੜੇ ਵਿਚ ਲੋਰੀ ਵਾਂਙ ਸੁਣੀ ਸੀ ਕਿਉਂਕਿ ਮੇਰੀ ਮਾਂ ਅਤੇ ਭੂਆ ਨੂੰ ਇਹ ਬਹੁਤ ਪਸੰਦ ਸੀ। ਫਿਰ ਜਦ ਮੈਂ ਹੋਸ਼ ਸੰਭਾਲੀ ਤਾਂ ਮੇਰੇ ਦਿਲ ਵਿਚ ਇਸ ਦੇ ਸ਼ਾਇਰ ਨਾਲ ਮਿਲਣ ਦੀ ਖੁਆਹਿਸ਼ ਪੈਦਾ ਹੋਈ। ਥੋੜ੍ਹੀ-ਬਹੁਤ ਪੁੱਛ-ਗਿੱਛ ਕੀਤੀ ਪਰ ਕੁਝ ਪਤਾ ਨਾ ਲੱਗਾ।

ਵਕਤ ਲੰਘਦਾ ਗਿਆ। ਅੱਜ ਤੋਂ ਤਕਰੀਬਨ ਬਾਰਾਂ ਵਰ੍ਹੇ ਪਹਿਲਾਂ (ਇਹ ਲੇਖ ਮਾਰਚ 2002 ਵਿਚ ਲਿਖਿਆ ਗਿਆ ਸੀ, ਇਸ ਹਿਸਾਬ ਨਾਲ ਹੁਣ 32 ਵਰ੍ਹੇ ਹੋ ਗਏ) ਕੁਝ ਅਜਿਹਾ ਸਬਬ ਬਣਿਆ ਕਿ ਇਸ ਘੋੜੀ ਦੇ ਸ਼ਾਇਰ ਮੇਲਾ ਰਾਮ ਤਾਹਿਰ ਹੋਰਾਂ ਨਾਲ ਮੁਲਾਕਾਤ ਹੋ ਗਈ। ਮੈਨੂੰ ਪਤਾ ਨਹੀਂ ਸੀ ਕਿ ਉਹ ਮੇਰੇ ਸਹੁਰਾ ਸਾਹਿਬ ਦੇ ਪੁਰਾਣੇ ਸਾਥੀ ਰਹੇ ਹਨ। ਮੇਰੇ ਮਰਹੂਮ ਸਹੁਰਾ ਸਾਹਿਬ ਰਾਮ ਲਭਾਇਆ ਚਾਨਣਾ ਆਜ਼ਾਦੀ ਘੁਲਾਟੀਏ ਰਹੇ ਸਨ ਅਤੇ ਸ਼ਹੀਦ ਭਗਤ ਸਿੰਘ ਦੇ ਭਰਾ ਕੁਲਤਾਰ ਸਿੰਘ ਦੇ ਦੋਸਤ ਵੀ ਸਨ। ਦੋਵਾਂ ਨੇ ਇਕੱਠੇ ਵਪਾਰ ਵੀ ਕੀਤਾ। ਮੈਂ ਲੰਡਨ ਤੋਂ ਦਿੱਲੀ ਗਿਆ ਹੋਇਆ ਸੀ ਅਤੇ ਆਪਣੇ ਸਹੁਰਿਆਂ ਕੋਲ ਠਹਿਰਿਆ ਹੋਇਆ ਸੀ। ਸ਼ਾਇਰ ਮੇਲਾ ਰਾਮ ਤਾਹਿਰ ਵੀ ਦਿੱਲੀ ਆਏ ਹੋਏ ਸਨ ਅਤੇ ਚਾਨਣਾ ਸਾਹਿਬ ਨੇ ਉਨ੍ਹਾਂ ਨੂੰ ਘਰ ਖਾਣੇ 'ਤੇ ਬੁਲਾਇਆ। ਉਸ ਮੁਲਾਕਾਤ ਵਿਚ ਮੇਰੀ ਉਨ੍ਹਾਂ ਨਾਲ ਲੰਮੀ ਗੱਲਬਾਤ ਹੋਈ ਅਤੇ ਮੇਰੀ ਫਰਮਾਇਸ਼ 'ਤੇ ਉਨ੍ਹਾਂ ਆਪਣੀ ਘੋੜੀ ਰਿਕਾਰਡ ਕਰਵਾਈ।



ਰਿਕਾਰਡ ਕਰਨ ਵਿਚ ਕੀ-ਕੀ ਤਕਲੀਫਾਂ ਆਈਆਂ, ਇਹ ਅਲੱਗ ਕਹਾਣੀ ਹੈ; ਪਰ ਮੁਖਤਸਰ ਗੱਲ ਇਹ ਹੈ ਕਿ ਟੇਪ ਰਿਕਾਰਡਰ ਹੀ ਨਾ ਚੱਲਿਆ ਅਤੇ ਗੁਆਂਢੀਆਂ ਕੋਲੋਂ ਟੇਪ ਰਿਕਾਰਡਰ ਮੰਗ ਕੇ ਮੈਂ ਤਾਹਿਰ ਜੀ ਦੀਆਂ ਯਾਦਾਂ ਅਤੇ ਉਨ੍ਹਾਂ ਦੇ ਸੁਰ ਵਿਚ ਘੋੜੀ ਰਿਕਾਰਡ ਕੀਤੀ। ਉਸ ਸਮੇਂ ਉਨ੍ਹਾਂ ਦੱਸਿਆ ਕਿ ਉਹ ਸੌ ਵਰ੍ਹਿਆਂ ਦੇ ਹੋ ਚੁੱਕੇ ਹਨ ਪਰ ਉਨ੍ਹਾਂ ਨੂੰ ਘੋੜੀ ਪੂਰੀ ਯਾਦ ਸੀ ਅਤੇ ਆਵਾਜ਼ ਵਿਚ ਵੀ ਵਾਹਵਾ ਮਿਠਾਸ ਸੀ। ਸਰਗੋਧੇ ਵਾਲੇ ਪੰਜਾਬੀ ਲਹਿਜੇ ਵਿਚ ਉਨ੍ਹਾਂ ਨੇ ਘੋੜੀ ਸੁਣਾਈ।

ਸ਼ਾਇਰ ਮੇਲਾ ਰਾਮ ਤਾਹਿਰ ਖੁਦ ਮੀਆਂਵਾਲੀ-ਸਰਗੋਧੇ ਵਾਲੇ ਪਾਸੇ ਦੇ ਸਨ। ਉਨ੍ਹਾਂ ਦੱਸਿਆ ਕਿ ਸਰਦਾਰ ਭਗਤ ਸਿੰਘ ਦੀ ਫਾਂਸੀ ਤੋਂ ਇਕ ਮਹੀਨੇ ਮਗਰੋਂ ਝੰਗ ਵਿਚ ਸ਼ਹੀਦੀ ਜਲਸਾ ਹੋਇਆ ਸੀ ਜਿੱਥੇ ਉਨ੍ਹਾਂ ਆਪਣੀ ਇਹ ਘੋੜੀ ਸੁਣਾਈ ਸੀ। ਬਕੌਲ ਤਾਹਿਰ ਘੋੜੀ ਸੁਣਾਉਣ ਦੀ ਫਰਮਾਇਸ਼ ਸਟੇਜ 'ਤੇ ਬੈਠੇ ਪੰਡਿਤ ਨਹਿਰੂ ਤੇ ਕਮਲਾ ਨਹਿਰੂ ਨੇ ਕੀਤੀ ਅਤੇ ਸਰਦਾਰ ਭਗਤ ਸਿੰਘ ਦੇ ਪਿਤਾ ਸਰਦਾਰ ਕਿਸ਼ਨ ਸਿੰਘ ਤਾਂ ਘੋੜੀ ਸੁਣ ਕੇ ਰੋਣ ਲੱਗ ਪਏ। ਉੱਥੇ ਬੈਠੀ ਦੋ ਲੱਖ ਦੀ ਖਲਕਤ ਦਾ ਵੀ ਬੁਰਾ ਹਾਲ ਸੀ।

ਇਸ ਘੋੜੀ ਵਿਚ ਤਾਹਿਰ ਸਾਹਿਬ ਨੇ ਵਿਆਹ ਦੀਆਂ ਸਾਰੀਆਂ ਰਸਮਾਂ ਨੂੰ ਸਾਂਗ ਰੂਪਕ ਅਲੰਕਾਰ ਵਿਚ ਬਿਆਨ ਕੀਤਾ ਹੈ। ਘੋੜੀ ਇੰਵ ਸ਼ੁਰੂ ਹੁੰਦੀ ਹੈ:

ਆਓ ਨੀ ਭੈਣੋ ਰਲ-ਮਿਲ ਗਾਵੀਏ ਘੋੜੀਆਂ
ਜੰਞ ਤਾਂ ਹੋਈ ਏ ਤਈਆਰ ਵੇ ਹਾਂ
ਮੌਤ ਕੁੜੀ ਨੂੰ ਪ੍ਰਨਾਵਣ ਚੱਲਿਆ
ਭਗਤ ਸਿੰਘ ਸਰਦਾਰ ਵੇ ਹਾਂ

ਘੋੜੀ ਚੜ੍ਹਨ ਵਾਲਾ ਲਾੜਾ ਸਿਰ 'ਤੇ ਮੁਕਟ ਪਾਉਂਦਾ ਹੈ ਅਤੇ ਸਿਹਰਾ ਬੰਨ੍ਹਦਾ ਹੈ ਜਦੋਂਕਿ ਮੌਤ ਨੂੰ ਪ੍ਰਨਾਉਣ ਵਾਲੇ ਨੇ ਮੂੰਹ ਉੱਤੇ ਕਾਲੀ ਟੋਪੀ ਪਾਈ ਹੋਈ ਹੈ:

ਫਾਂਸੀ ਦੀ ਟੋਪੀ ਵਾਲਾ ਮੁਕਟ ਬਣਾ ਕੇ
ਸਿਹਰਾ ਤਾਂ ਬੱਧਾ ਝਾਲਰਦਾਰ ਵੇ ਹਾਂ
ਭਾਰਤ ਦੀ ਮਾਤਾ ਉੱਤੋਂ ਛੰਦਾ ਚਾ ਕੀਤਾ
ਪਾਣੀ ਤਾਂ ਪੀਤਾ ਉੱਤੋਂ ਵਾਰ ਵੇ ਹਾਂ

ਸ਼ਾਇਰ ਨੇ ਲਾੜੇ ਦੀ ਮਾਂ ਲਈ ਖੁਦ ਭਾਰਤ ਮਾਤਾ ਦੀ ਕਲਪਨਾ ਕੀਤੀ ਹੈ। ਇਸ ਲਾੜੇ ਲਈ ਹੰਝੂਆਂ ਦੀ ਘੜੋਲੀ ਭਰੀ ਗਈ ਅਤੇ ਲਹੂ ਦੀ ਮੌਲੀ ਬੱਧੀ ਗਈ ਹੈ; ਲੇਕਿਨ ਮਹਿੰਦੀ ਲਾਈ ਹੈ, ਹੱਥਕੜੀਆਂ ਦਾ ਗਾਨਾ ਬੰਨ੍ਹਣ ਵਾਲੇ ਫਿਰੰਗੀਆਂ ਨੇ:

ਹੰਝੂਆਂ ਦੇ ਪਾਣੀ ਨਾਲ ਭਰ ਕੇ ਘੜੋਲੀ
ਲਹੂ ਦੀ ਰਾਖੀ ਏ ਮੌਲੀ ਤਾਰ ਵੇ ਹਾਂ
ਖੂਨੀ ਮਹਿੰਦੀ ਚਾ ਤੈਨੂੰ ਲਾਈ ਫਿਰੰਗੀਆਂ,
ਹੱਥਕੜੀਆਂ ਦਾ ਗਾਨਾ ਤਈਆਰ ਵੇ ਹਾਂ

ਖਾਰੇ ਚੜ੍ਹਨ ਅਤੇ ਵਾਗ ਗੁੰਦਣ ਦੀਆਂ ਰਸਮਾਂ ਦੀ ਕਲਪਨਾ ਸ਼ਾਇਰ ਨੇ ਇੰਵ ਕੀਤੀ ਹੈ:

ਫਾਂਸੀ ਦੇ ਤਖਤ ਨੂੰ ਖਾਰਾ ਬਣਾ ਕੇ
ਬੈਠਾ ਤਾਂ ਚੌਂਕੜੀ ਮਾਰ ਵੇ ਹਾਂ
ਵਾਗ ਪਕੜਾਈ ਵੇ ਤੈਥੋਂ ਭੈਣਾਂ ਨੇ ਮੰਗਣੀ
ਭੈਣਾਂ ਦਾ ਰੱਖੀਂ ਵੀਰਾ ਭਾਰ ਵੇ ਹਾਂ

ਇਸ ਅਨੋਖੇ ਵਿਆਹ ਵਿਚ ਵਾਜੇ ਵੀ ਵੱਜੇ ਅਤੇ ਬਾਬਲ ਸੀ ਮਹਾਤਮਾ ਗਾਂਧੀ:

ਮਾਤਮੀ ਵਾਜੇ ਵੱਜਦੇ ਬੂਹੇ ਭਾਰਤ ਤੇ
ਮਾਰੂ ਦਾ ਰਾਗ ਉਚਾਰ ਵੇ ਹਾਂ
ਬਾਬਲ ਗਾਂਧੀ ਧਰਮੀ ਕਾਜ ਰਚਾਇਆ
ਲਗਨ ਮਹੂਰਤ ਵਿਚਾਰ ਵੇ ਹਾਂ

ਸਰਦਾਰ ਭਗਤ ਸਿੰਘ ਦੇ ਸਾਂਢੂ ਤੇ ਸਰਬਾਲ੍ਹੇ ਕੌਣ ਸੀ ਅਤੇ ਜਾਂਞੀ ਕੌਣ ਸਨ?

ਹਰੀ ਕ੍ਰਿਸ਼ਨ ਵੀ ਤੇਰਾ ਬਣਿਆ ਹੈ ਸਾਂਢੂ,
ਢੁੱਕੇ ਤੁਸੀਂ ਇੱਕੋ ਵਾਰ ਵੇ ਹਾਂ
ਰਾਜਗੁਰੂ ਤੇ ਸੁਖਦੇਵ ਸਹਿਬਾਲੜੇ,
ਤੁਰਿਆ ਏ ਤੂੰ ਤਾਂ ਵਿਚਕਾਰ ਵੇ ਹਾਂ
ਪੈਂਤੀ ਕਰੋੜ ਤੇਰੇ ਜਾਂਞੀ ਵੇ ਲਾੜਿਆ
ਪੈਦਲ ਤੇ ਕਈ ਅਸਵਾਰ ਵੇ ਹਾਂ
ਕਾਲੀਆਂ ਪੁਸ਼ਾਕਾਂ ਪਾ ਕੇ ਜੰਞ ਹੈ ਤੁਰ ਪਈ
ਤਾਹਿਰ ਵੀ ਹੋਏ ਨੇ ਤਈਆਰ ਵੇ ਹਾਂ।

ਇਸ ਘੋੜੀ ਨੂੰ ਰਿਕਾਰਡ ਕਰਾਉਣ ਸਮੇਂ ਕਿਉਂਕਿ ਭਾਰਤ ਦੀ ਆਬਾਦੀ ਪੈਂਤੀ ਕਰੋੜ ਤੋਂ ਵਧ ਕੇ ਅੱਸੀ ਕਰੋੜ ਹੋ ਚੁੱਕੀ ਸੀ, ਇਸ ਲਈ ਤਾਹਿਰ ਹੋਰਾਂ ਨੇ ਪੈਂਤੀ ਕਰੋੜ ਕਹਿ ਕੇ ਫਿਰ ਇਹ ਤਰਮੀਮ ਵੀ ਕਰ ਦਿੱਤੀ - ਅੱਸੀ ਕਰੋੜ ਤੇਰੇ ਜਾਂਞੀ ਵੇ ਲਾੜਿਆ... ਅੱਜ ਆਪਣੀ ਇਸ ਰਿਕਾਰਡਿੰਗ ਨੂੰ ਸੁਣਦਿਆਂ ਮੈਂ ਸੋਚਦਾ ਹਾਂ - ਖਵਰੇ ਮੇਲਾ ਰਾਮ ਤਾਹਿਰ ਆਪਣੀ ਘੋੜੀ ਰਿਕਾਰਡ ਕਰਾਉਣ ਲਈ ਹੀ ਦਿੱਲੀ ਆਏ ਸਨ; ਕਿਉਂਕਿ ਕੁਝ ਹਫਤਿਆਂ ਪਿੱਛੋਂ ਮੈਨੂੰ ਮੇਰੇ ਸਹੁਰਾ ਸਾਹਿਬ ਨੇ ਦੱਸਿਆ ਕਿ ਤਾਹਿਰ ਜੀ ਦਾ ਦੇਹਾਂਤ ਹੋ ਗਿਆ ਹੈ।

# ਸੰਤਾਲੀ ਅਤੇ ਗਲੀ ਨੰਬਰ ਸੱਤ ਦੇ ਕਿੱਸੇ

*(ਪਿਛਲੇ ਸਫੇ ਦੀ ਬਾਕੀ)*

ਨਿਕਲੇਗਾ, ਉਸ ਦੇ ਦੋ-ਤਿੰਨ ਸੰਘੀ ਸਾਥੀ ਪਿੱਛਿਉਂ ਆ ਕੇ ਉਸ ਨੂੰ ਫੜ ਲੈਣਗੇ ਅਤੇ ਕਰਤਾਰ ਸਿੰਘ ਉਸ ਦੇ ਢਿੱਡ 'ਚ ਕਿਰਪਾਨ ਖੋਭ ਦੇਵੇਗਾ।

ਹੁਣ ਨਾ ਤਾਂ ਸ਼ਮਸ਼ਾਦ ਹੀ ਬਾਹਰ ਨਿਕਲਿਆ ਅਤੇ ਨਾ ਹੀ ਕੋਈ ਮੁਸਲਮਾਨ ਆਪਣੇ ਘਰੋਂ ਨਿਕਲਣ ਦੀ ਹਿੰਮਤ ਕਰਦਾ ਸੀ। ਬਾਜ਼ਾਰੋਂ ਸਮਾਨ ਮੰਗਵਾਉਣਾ ਹੁੰਦਾ ਤਾਂ ਕਿਸੇ ਹਿੰਦੂ ਗੁਆਂਢੀ ਤੋਂ ਮੰਗਵਾਉਂਦੇ। ਅੱਧੇ ਕੁ ਪਰਿਵਾਰ ਘਰ ਛੱਡ ਕੇ ਜਾ ਚੁੱਕੇ ਸਨ। ਇਨ੍ਹੀਂ ਦਿਨੀਂ ਸ਼ਮਸ਼ਾਦ ਦਾ ਬਾਪ ਨੂਰ ਮੁਹੰਮਦ ਖਾਂ ਹਨੇਰਾ ਪਏ ਫਕੀਰੇ ਦੇ ਘਰ ਆਇਆ ਅਤੇ ਉਸ ਦੇ ਬਾਪ ਨਾਲ ਕਾਫੀ ਦੇਰ ਤੱਕ ਪਸ਼ਤੋ 'ਚ ਗੱਲਾਂ ਕਰਦਾ ਰਿਹਾ।

ਫਕੀਰੇ ਤੋਂ ਜੋ ਕੁਝ ਮੈਨੂੰ ਪਤਾ ਲੱਗਾ, ਉਹ ਇਸ ਤਰ੍ਹਾਂ ਸੀ: ਜੇ ਹਿੰਦੁਸਤਾਨ ਦੇ ਇਸ ਪਾਸੇ ਰਹਿਣ ਵਾਲਿਆਂ ਨੂੰ ਪਤਾ ਹੁੰਦਾ ਕਿ ਪਾਕਿਸਤਾਨ ਨੇ ਉਨ੍ਹਾਂ ਨੂੰ ਘਰੋਂ ਬੇ-ਘਰ ਕਰ ਦੇਣਾ ਹੈ ਤਾਂ ਉਹ ਪਾਕਿਸਤਾਨ ਕਦੇ ਨਾ ਮੰਗਦੇ; ਉਨ੍ਹਾਂ 'ਚੋਂ ਬਹੁਤਿਆਂ ਨੂੰ ਇਹ ਵੀ ਖੁਸ਼ਫਹਿਮੀ ਸੀ ਕਿ ਪਾਕਿਸਤਾਨ ਦੀ ਸੀਮਾ ਰੇਖਾ ਰਾਵੀ ਨਹੀਂ ਬਲਕਿ ਜਮੁਨਾ ਨਦੀ ਹੋਵੇਗੀ ਅਤੇ ਦਿੱਲੀ-ਆਗਰਾ ਵੀ ਪਾਕਿਸਤਾਨ ਵਿਚ।

ਫਿਰ ਇੱਕ ਰਾਤ ਸਾਰਾ ਆਕਾਸ਼ ਅੱਗ ਦੀਆਂ ਲਾਟਾਂ ਦੀ ਰੋਸ਼ਨੀ ਨਾਲ ਭਰ ਉੱਠਿਆ। ਲੱਕੜੀ ਦੀ ਬਣੀ ਮਸੀਤ 'ਚ ਭਾਂਬੜ ਉੱਠੇ ਅਤੇ ਕੁਝ ਪਲਾਂ 'ਚ ਮਸੀਤ ਸੜ ਕੇ ਸੁਆਹ ਹੋ ਗਈ। ਬਾਅਦ 'ਚ ਪਤਾ ਲੱਗਾ ਕਿ ਮਸੀਤ ਨੂੰ ਸਾੜਨ ਵਾਲਿਆਂ 'ਚ ਕਰਤਾਰੇ ਦਾ ਹੱਥ ਵੀ ਸੀ। ਮਸੀਤ ਦੇ ਸੜ ਜਾਣ ਨਾਲ ਰਹਿ ਰਹੇ ਮੁਸਲਮਾਨ ਪਰਿਵਾਰਾਂ ਦੇ ਹੌਸਲੇ ਬਿਲਕੁਲ ਹੀ ਢਹਿ ਗਏ। ਉਸ ਤੋਂ ਅਗਲੀ ਹੀ ਰਾਤ ਬਾਕੀ ਦੇ ਸਾਰੇ ਪਰਿਵਾਰ ਚੁੱਪ-ਚਾਪ ਗਾਇਬ ਹੋ ਗਏ। ਜਾਣ ਤੋਂ ਪਹਿਲਾਂ ਰਾਤ ਵੇਲੇ ਨੂਰ ਮੁਹੰਮਦ ਖਾਂ ਫਕੀਰੇ ਦੇ ਬਾਪ ਕੋਲ ਆਇਆ ਅਤੇ ਆਪਣੇ ਪੁੱਤਰ ਸ਼ਮਸ਼ਾਦ ਦੀ ਸਹਾਇਤਾ ਨਾਲ ਕੁਝ ਕੱਪੜਿਆਂ, ਭਾਂਡਿਆਂ ਦੇ ਸੰਦੂਕ ਅਤੇ ਬਿਸਤਰੇ ਉਨ੍ਹਾਂ ਦੇ ਘਰ ਛੱਡ ਗਿਆ, "ਅਸੀਂ ਤਾਂ ਲਿਜਾ ਨਹੀਂ ਸਕਦੇ, ਲੁਟੇਰੇ ਲੁੱਟ ਕੇ ਲੈ ਜਾਣ, ਇਸ ਤੋਂ ਤਾਂ ਚੰਗਾ ਹੈ ਕਿ ਜੋ ਹਿੰਦੂ ਭਰਾ ਬੰਨੂੰ ਕੋਹਾਟ ਤੋਂ ਉਜੜ ਕੇ ਤੁਹਾਡੇ ਘਰ ਆਏ ਹਨ, ਉਨ੍ਹਾਂ ਦੇ ਕੰਮ ਆਉਣ...।"

ਉਨ੍ਹਾਂ ਦੇ ਘਰਾਂ 'ਤੇ ਕੁਝ ਦਿਨ ਤੱਕ ਜਿੰਦਰੇ ਲੱਗੇ ਰਹੇ। ਕੁਆਰਟਰਾਂ ਦੇ ਬਾਊ ਚਾਹੇ ਲਲਚਾਈਆਂ ਨਜ਼ਰਾਂ ਨਾਲ ਉਨ੍ਹਾਂ ਜਿੰਦਰਿਆਂ ਵੱਲ ਤੱਕਦੇ ਰਹੇ ਪਰ ਜਿੰਦਰੇ ਤੋੜਨ ਦਾ ਹੌਸਲਾ ਕਿਸੇ ਦਾ ਨਾ ਪਿਆ। ਚਾਰ-ਪੰਜ ਦਿਨਾਂ ਬਾਅਦ ਨਾਲ ਦੀਆਂ ਬਸਤੀਆਂ ਵੱਲੋਂ ਤੀਹ-ਤੀਹ, ਚਾਲੀ-ਚਾਲੀ ਦੀਆਂ ਟੋਲੀਆਂ 'ਚ ਫਸਾਦੀ, ਮੁਸਲਮਾਨਾਂ ਦੇ ਕੁਆਰਟਰਾਂ 'ਚ ਆਣ ਵੜੇ ਅਤੇ ਜਿੰਦਰੇ ਤੋੜ ਕੇ ਲੁੱਟ-ਮਾਰ ਕਰਦੇ ਰਹੇ। ਜਿਸ ਦੇ ਹੱਥ ਜੋ ਲੱਗਿਆ, ਲੈ ਕੇ ਭੱਜ ਗਿਆ।

ਮੇਰੇ ਘਰ ਤੋਂ ਕੁਝ ਕੁ ਦੂਰ ਇੱਕ ਕੁਆਰਟਰ 'ਚ ਫੈਰੋਜ਼ ਨਾਮ ਦਾ ਮੇਰਾ ਦੋਸਤ ਰਹਿੰਦਾ ਸੀ, ਕਾਫੀ ਵੱਡਾ ਪਰਿਵਾਰ। ਜਦੋਂ ਉਨ੍ਹਾਂ ਦੇ ਘਰ ਦਾ ਜਿੰਦਰਾ ਟੁੱਟਿਆ ਤਾਂ ਉਤਸੁਕਤਾ ਵਜੋਂ ਮੈਂ ਵੀ ਅੰਦਰ ਵੜ ਗਿਆ। ਇਹ ਪਹਿਲੀ ਵਾਰ ਸੀ ਕਿ ਮੈਂ ਫੈਰੋਜ਼ ਦੇ ਘਰ ਅੰਦਰ ਗਿਆ ਸਾਂ। ਇਸ ਤੋਂ ਪਹਿਲਾਂ ਬਾਹਰੋਂ ਆਵਾਜ਼ ਮਾਰ ਕੇ ਬੁਲਾ ਲਿਆ ਕਰਦਾ ਸਾਂ। ਅੰਦਰ ਸਭ ਕੁਝ ਇਸ ਤਰ੍ਹਾਂ ਸੀ ਜਿਵੇਂ ਘਰ ਦੇ ਮਾਲਕ ਵਾਪਸ ਆ ਕੇ ਮੁੜ ਰਹਿਣ ਲੱਗ ਪੈਣਗੇ ਪਰ ਸਭ ਤੋਂ ਹੈਰਾਨੀ ਦੀ ਗੱਲ ਇਹ ਕਿ ਇੱਕ ਕਮਰੇ 'ਚ ਦਸ-ਬਾਰਾਂ ਵਰ੍ਹਿਆਂ ਦਾ ਮੁੰਡਾ ਲੰਮਾ ਪਿਆ ਸੀ। ਲੁਟੇਰਿਆਂ ਨੇ ਉਸ ਨੂੰ ਹੱਥ ਨਹੀਂ ਲਾਇਆ। ਬਸ ਲੁੱਟ-ਮਾਰ ਕਰਦੇ ਰਹੇ। ਮੁੰਡੇ ਨਾਲ ਗੱਲਬਾਤ ਕਰਨ ਤੋਂ ਬਾਅਦ ਪਤਾ ਲੱਗਾ ਕਿ ਉਹ ਬਹੁਤ ਬਿਮਾਰ ਹੈ। ਬਚਣ ਦੀ ਕੋਈ ਆਸ ਨਹੀਂ। ਉਂਝ ਵੀ ਉਹ ਇਸ ਪਰਿਵਾਰ ਦਾ ਫਾਲਤੂ ਜਿਹਾ ਜੀਅ ਸੀ, ਯਤੀਮ ਜਿਹਾ ਅਤੇ ਪਰਿਵਾਰ ਵਾਲੇ ਉਸ ਨੂੰ ਇਸ ਹਾਲਤ 'ਚ ਮਰਨ ਲਈ ਛੱਡ ਕੇ ਚਲੇ ਗਏ ਸਨ।

ਇੱਕ-ਦੋ ਮਹੀਨੇ ਦੇ ਰੌਲੇ-ਰੱਪੇ ਅਤੇ ਮਾਰ-ਧਾੜ ਤੋਂ ਬਾਅਦ ਸਭ ਕੁਝ ਸ਼ਾਂਤ ਹੋ ਗਿਆ ਪਰ ਪਹਿਲਾਂ ਵਾਂਗ ਕੁਝ ਵੀ ਨਹੀਂ ਸੀ ਰਿਹਾ। ਦਿੱਲੀ ਦੇ ਪੁਰਾਣੇ ਅਤੇ ਨਵੇਂ ਵਾਸੀਆਂ ਦੇ ਜੀਵਨ 'ਚ ਕਿਤੇ ਹੌਲੀ-ਹੌਲੀ ਅਤੇ ਕਿਤੇ ਤੇਜ਼ੀ ਨਾਲ ਪਰਿਵਰਤਨ ਆ ਰਿਹਾ ਸੀ। ਇਸ ਤੋਂ ਪਹਿਲਾਂ ਸੱਤ ਵਾਰੀ ਉੱਜੜੀ ਅਤੇ ਵਸੀ ਦਿੱਲੀ ਹੁਣ ਬੜੀ ਤੇਜ਼ੀ ਨਾਲ ਬਰਬਾਦ ਅਤੇ ਆਬਾਦ ਹੋ ਰਹੀ ਸੀ।

ਰਫਿਊਜੀਆਂ ਨੂੰ ਜਿੱਥੇ ਵੀ ਥਾਂ ਮਿਲੀ, ਉਹ ਵੜ ਗਏ। ਮੁਸਲਮਾਨਾਂ ਦੇ ਖਾਲੀ ਕੀਤੇ ਮਕਾਨਾਂ 'ਚ, ਖਾਲੀ ਪਈਆਂ ਮਿਲਟਰੀ ਦੀਆਂ ਬੈਰਕਾਂ 'ਚ, ਪੁਰਾਣੇ ਕਿਲ੍ਹੇ ਅਤੇ ਹਮਾਯੂੰ ਦੇ ਮਕਬਰੇ ਦੁਆਲੇ ਵਾਲੀਆਂ ਪੁਰਾਣੀਆਂ ਕੰਧਾਂ 'ਚ ਬਣੇ ਮਘੋਰਿਆ 'ਚ ਅਤੇ ਜਿਸ ਨੂੰ ਕਿਤੇ ਥਾਂ ਨਾ ਮਿਲੀ, ਉਹ ਤੰਬੂਆਂ 'ਚ।

ਕਰੋਲ ਬਾਗ ਦੀਆਂ ਸੜਕਾਂ ਦੇ ਦੋਵੇਂ ਪਾਸੇ ਜਿੱਥੇ 1942-45 'ਚ ਅੰਗਰੇਜ਼ੀ ਸਰਕਾਰ ਨੇ ਜਪਾਨੀਆਂ ਦੇ ਹਮਲੇ ਦੇ ਡਰ ਤੋਂ ਟੋਏ ਪੁੱਟ ਕੇ ਮੋਰਚੇ ਬਣਾਏ ਹੋਏ ਸਨ, ਉਹ ਭਰੇ ਗਏ ਅਤੇ ਉੱਥੇ ਰਫਿਊਜੀਆਂ ਨੇ ਲੱਕੜੀ ਦੇ ਖੋਖੇ ਬਣਾ ਲਏ; ਅੱਗੇ ਦੁਕਾਨ ਅਤੇ ਪਿੱਛੇ ਰਹਿਣ ਲਈ। ਲਾਹੌਰ ਅਤੇ ਰਾਵਲਪਿੰਡੀ ਦੇ ਵੱਡੇ-ਵੱਡੇ ਰੈਸਟੋਰੈਂਟਾਂ ਦੇ ਮਾਲਕ ਰੇੜ੍ਹੀਆਂ ਲਾ ਕੇ ਸਮਾਨ ਵੇਚਣ ਲੱਗੇ। ਜਿਸ ਨੂੰ ਜੋ ਕੰਮ ਮਿਲਿਆ, ਕਰਨਾ ਸ਼ੁਰੂ ਕਰ ਦਿੱਤਾ। ਉਹ ਅਜਮਲ ਖਾਂ ਰੋਡ ਜਿਸ ਉੱਤੇ ਗੁੱਲੀ ਡੰਡਾ ਖੇਡਦੇ-ਖੇਡਦੇ ਅਸੀਂ ਸਕੂਲ ਜਾਇਆ ਆਇਆ ਕਰਦੇ ਸਾਂ, ਹੁਣ ਦੁਕਾਨਾਂ ਹੀ ਦੁਕਾਨਾਂ ਖੁੱਲ੍ਹ ਗਈਆਂ ਅਤੇ ਲਾਹੌਰੀਆਂ ਨੇ ਉਸ ਨੂੰ 'ਅਨਾਰਕਲੀ ਬਾਜ਼ਾਰ' ਦਾ ਨਾਮ ਦੇ ਦਿੱਤਾ।

ਉਹ ਕਰੋਲ ਬਾਗ ਜਿੱਥੇ ਡਾਕਟਰ ਹਰਿਭਜਨ ਸਿੰਘ ਦੇ ਇਲਾਵਾ ਹੋਰ ਕੋਈ ਲੇਖਕ ਨਹੀਂ ਸੀ ਦਿਸਦਾ, ਹੁਣ ਈਸ਼ਵਰ ਚਿਤਰਕਾਰ, ਦਵਿੰਦਰ ਸਿੰਘ (ਰੇਡੀਓ ਵਾਲਾ), ਡਾ. ਹਰਚਰਨ ਸਿੰਘ (ਨਾਟਕਕਾਰ), ਪ੍ਰੋ. ਪਿਆਰਾ ਸਿੰਘ ਭੌਰ (ਜੋ ਬਾਅਦ ਵਿਚ ਲੁਧਿਆਣੇ ਜਾ ਕੇ ਪ੍ਰੋ. ਪ੍ਰਮਿੰਦਰ ਸਿੰਘ ਕਹਾਏ ਜਾਣ ਲੱਗੇ), ਗੁਰਦਿੱਤ ਸਿੰਘ ਆਦਿ ਸਾਹਿਤਕਾਰਾਂ ਦੀਆਂ ਮਹਿਫਲਾਂ ਲੱਗਣ ਲੱਗੀਆਂ। ਚਾਹ ਦੀਆਂ ਦੁਕਾਨਾਂ ਅਤੇ ਦੁਕਾਨਾਂ ਦੇ ਬਾਹਰ ਪਏ ਲੱਕੜੀ ਦੇ ਬੈਂਚਾਂ ਉੱਤੇ।

ਸਾਡੇ ਕੁਆਰਟਰਾਂ 'ਚ ਵੀ ਕਾਫੀ ਕੁਝ ਵਾਪਰ ਗਿਆ। ਫਕੀਰੇ ਦੀ ਸ਼ਿਆਮਲਾ ਅਚਾਨਕ ਗਾਇਬ ਹੋ ਗਈ। ਬਾਅਦ 'ਚ ਪਤਾ ਲੱਗਾ ਕਿ ਉਸ ਦੇ ਬਾਪ ਨੇ ਫਕੀਰੇ ਅਤੇ ਸ਼ਿਆਮਲਾ ਦੇ ਇਸ਼ਕ ਦੇ ਨਤੀਜਿਆਂ ਦੇ ਡਰ ਤੋਂ ਸ਼ਿਆਮਲਾ ਨੂੰ ਕਿਤੇ ਦੂਰ ਨਰਸਿੰਗ ਦਾ ਕੋਰਸ ਕਰਨ ਲਈ ਭੇਜ ਦਿੱਤਾ ਹੈ। ਰੋਹਤਕੀ ਨੇ ਆਪਣੀ ਮਾਸੀ ਦੀ ਧੀ ਘਰ ਬਿਠਾ ਲਈ। ਕੀਰਤਨੀਏ ਜੱਥੇ ਦੀ ਕਿਸ਼ਨ ਕੌਰ ਨੇ 'ਪ੍ਰੋਫੈਸਰ' ਨਾਲ ਵਿਆਹ ਕਰਾ ਲਿਆ, ਜਾਂ ਉਂਝ ਹੀ ਇਕੱਠੇ ਰਹਿਣ ਲੱਗੇ। ਮੇਰੀ ਮਾਸੀ ਦਾ ਮੁੰਡਾ ਮੁੜ ਲਾਹੌਰ ਚਲਾ ਗਿਆ। ਲੁਕਦਿਆਂ ਛਿਪਦਿਆਂ ਆਪਣੇ ਘਰ 'ਚ ਕੰਧ ਟੱਪ ਕੇ ਵੜ ਗਿਆ ਅਤੇ ਆਪਣੀਆਂ ਬੀ.ਐਸ.ਸੀ. ਦੀਆਂ ਕਿਤਾਬਾਂ ਲੈ ਆਇਆ। ਸਭ ਤੋਂ ਹੈਰਾਨੀ ਦੀ ਗੱਲ ਇਹ ਕਿ ਫੈਰੋਜ਼ ਦੇ ਘਰ 'ਚ ਪਏ ਬਿਮਾਰ ਮੁੰਡੇ 'ਤੇ ਰਹਿਮ ਕਰਦਿਆਂ ਇੱਕ ਆਦਮੀ ਉਸ ਨੂੰ ਚੁੱਕ ਕੇ ਘਰ ਲੈ ਗਿਆ, ਇਲਾਜ ਕਰਵਾਇਆ ਅਤੇ ਫਿਰ ਉਸ ਦੇ ਕਿਸੇ ਦੂਰ ਦੇ ਰਿਸ਼ਤੇਦਾਰ ਦੇ ਘਰ ਅਲੀਗੜ੍ਹ ਛੱਡ ਆਇਆ। ਬਾਅਦ 'ਚ ਇਹ ਵੀ ਪਤਾ ਲੱਗਾ ਕਿ ਉਸ ਦੇ ਪਰਿਵਾਰ ਦੇ ਬਾਕੀ ਸਾਰੇ ਲੋਕ ਜੋ ਉਸ ਨੂੰ ਮਰਨ ਲਈ ਛੱਡ ਕੇ ਚਲੇ ਗਏ ਸਨ, ਇੱਕ ਕਾਫਲੇ ਨਾਲ ਪੰਜਾਬ 'ਚੋਂ ਲੰਘਦਿਆਂ ਮਾਰੇ ਗਏ। ਸਿਰਫ ਇਹੀ ਮੁੰਡਾ ਬਚਿਆ...।

# ਉਂਗਲਾਂ ਨਾਲ ਦੇਖਣ ਵਾਲ਼ਾ ਨੇਤਰਹੀਣ ਰਾਜਾ ਰਾਮ

## ਮਾਨਸ ਤੋਂ ਦੇਵਤਾ

*ਦਿੱਲੀ ਵੱਸਦੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਨ੍ਹਾਂ ਆਪਣੀਆਂ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਵਿਚ ਵੱਖਰੀ ਪਛਾਣ ਬਣਾਈ ਹੈ। ਕੁਝ ਸਾਲ ਪਹਿਲਾਂ ਆਏ ਉਨ੍ਹਾਂ ਦੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਜੋ ਪ੍ਰਸਿੱਧ ਲਿਖਾਰੀ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਸੀ, ਨਾਲ ਵੀ ਉਨ੍ਹਾਂ ਸਾਹਤਿਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਅੱਜ ਕੱਲ੍ਹ ਉਹ ਬਹੁਤਾ ਧਿਆਨ ਵਾਰਤਕ ਵੱਲ ਲਾ ਰਹੇ ਹਨ। ਅਸੀਂ ਉਨ੍ਹਾਂ ਦੀ ਵਾਰਤਕ ਦੀ ਇਕ ਵੰਨਗੀ 'ਮਾਨਸ ਤੋਂ ਦੇਵਤਾ' ਦੇ ਰੂਪ ਵਿਚ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ ਜਿਸ ਵਿਚ ਉਨ੍ਹਾਂ ਕੁਝ ਅਸਾਧਾਰਨ ਸ਼ਖਸੀਅਤਾਂ ਦੇ ਦਿਲਚਸਪ ਅਤੇ ਨਿਆਰੇ ਸ਼ਬਦ ਚਿੱਤਰ ਉਲੀਕੇ ਹਨ।*

ਸਾਡੇ ਘਰੋਂ ਸਭ ਤੋਂ ਨੇੜੇ ਰਾਜਾ ਰਾਮ ਦੀ ਹੱਟੀ ਪੈਂਦੀ ਸੀ। ਇਹ ਮੇਰੇ ਬਚਪਨ ਦੇ ਉਸ ਜ਼ਮਾਨੇ ਦੀ ਗੱਲ ਹੈ ਜਦੋਂ ਸ਼ਹਿਰੀ ਦੁਕਾਨਾਂ ਦਾ ਪੇਂਡੂ ਘਰਾਂ ਨਾਲ ਸਿੱਧਾ ਸੰਪਰਕ ਨਹੀਂ ਸੀ ਬਣਿਆ। ਪੇਂਡੂ ਲੋਕ ਕਿਸੇ ਵਿਆਹ-ਸਾਹੇ ਦੀ ਖਰੀਦ ਕਰਨ ਸਮੇਂ ਜਾਂ ਥੋਕ ਵਿਚ ਕੁਛ ਖਰੀਦਣ ਦੀ ਲੋੜ ਪਈ ਤੋਂ ਜਾਂ ਫੇਰ ਪਿੰਡ ਦੀਆਂ ਦੁਕਾਨਾਂ ਵਿਚੋਂ ਕੋਈ ਚੀਜ਼ ਨਾ ਮਿਲਣ ਕਰਕੇ ਹੀ ਸ਼ਹਿਰ ਵੱਲ ਮੂੰਹ ਕਰਦੇ ਸਨ। ਅਜਿਹੇ ਮੌਕੇ ਸਾਡੇ ਪਿੰਡ ਦੇ ਲੋਕ ਫੂਲ ਮੰਡੀ ਦਾ ਰੁਖ਼ ਕਰਦੇ। ਸ਼ਹਿਰਾਂ ਨੂੰ ਓਦੋਂ ਮੰਡੀ ਹੀ ਕਿਹਾ ਜਾਂਦਾ ਸੀ। ਉਨ੍ਹਾਂ ਦੀਆਂ ਰੋਜ਼-ਰੋਜ਼ ਦੀਆਂ ਸਾਧਾਰਨ ਲੋੜਾਂ ਪਿੰਡ ਦੀਆਂ ਦੁਕਾਨਾਂ ਪੂਰੀਆਂ ਕਰ ਦਿੰਦੀਆਂ ਸਨ। ਅਜਿਹੀ ਦੁਕਾਨ ਨੂੰ ਹੱਟ ਜਾਂ ਹੱਟੀ ਕਿਹਾ ਜਾਂਦਾ ਸੀ।

ਭਾਸ਼ਾਈ ਉਚਾਰਨ ਅਨੁਸਾਰ ਥੋੜ੍ਹੇ ਬਦਲੇ ਹੋਏ ਰੂਪ ਵਿਚ ਸ਼ਬਦ ਹੱਟ ਦੂਰ-ਦੂਰ ਤੱਕ ਵਰਤਿਆ ਜਾਂਦਾ ਹੈ। ਦਿੱਲੀ ਵਿਚ,



ਗੁਰਬਚਨ ਸਿੰਘ ਭੁੱਲਰ
ਫੋਨ: +91-80763-63058

ਖਾਸ ਕਰਕੇ ਪ੍ਰੰਪਰਈ ਕਲਾਵਾਂ ਦੇ ਵਾਧੇ ਵਾਸਤੇ, ਸਰਕਾਰ ਨੇ ਕਈ ਥਾਈਂ 'ਦਿੱਲੀ ਹਾਟ' ਖੋਲ੍ਹੀਆਂ ਹੋਈਆਂ ਹਨ। ਬੰਗਾਲ ਦਾ ਜ਼ਿਕਰ ਚੱਲਿਆਂ ਹਾਟ ਅਕਸਰ ਹੀ ਸੁਣਨ ਵਿਚ ਆਉਂਦਾ ਹੈ। ਦੁਕਾਨ ਜਾਂ ਮੰਡੀ ਨਾਲ ਲੁੱਟ ਦਾ ਭਾਵ ਜੁੜਿਆ ਹੋਇਆ ਹੈ, ਹੱਟ ਲੈਣ-ਦੇਣ ਦਾ, ਆਦਾਨ-ਪ੍ਰਦਾਨ ਦਾ ਸਭਿਆਚਾਰਕ ਸੰਕਲਪ ਸੀ। ਇਸੇ ਕਰਕੇ ਭਾਈ ਵੀਰ ਸਿੰਘ ਨੇ ਦੁਕਾਨ ਜਾਂ ਮੰਡੀ ਨਹੀਂ, ਮਹਿਕ ਦੀ ਹੱਟ ਲਾਈ ਸੀ।

ਸਾਡੇ ਪਿੰਡ ਵਿਚ ਰਾਜਾ ਰਾਮ ਦੀ ਵੀ ਹੱਟ ਹੀ ਸੀ। ਹੁਣ ਜਦੋਂ ਮੈਂ ਉਸ ਸਮੇਂ ਰਾਜਾ ਰਾਮ ਦੀ ਹੱਟ ਤੋਂ ਅਤੇ ਕਿਸੇ ਸ਼ਹਿਰੀ ਦੁਕਾਨ ਤੋਂ ਕੀਤੀ ਖਰੀਦ ਯਾਦ ਕਰਦਾ ਹਾਂ, ਇਕ ਦਿਲਚਸਪ ਫ਼ਰਕ ਮਨ ਵਿਚ ਉਭਰਦਾ ਹੈ, ਰੂੰਗੇ ਦਾ ਫ਼ਰਕ, ਜਿਸ ਨੂੰ ਕਈ ਲੋਕ ਝੂੰਗਾ ਵੀ ਆਖਦੇ ਹਨ। ਹੱਟ ਤੋਂ ਕੁਛ ਖਰੀਦਿਆਂ, ਮੰਗੇ ਤੋਂ ਬਿਨਾਂ, ਘੱਟ-ਵੱਧ ਖ਼ਰੀਦ ਅਨੁਸਾਰ ਹੀ ਖਾਣ ਵਾਲੀ ਕੋਈ ਚੀਜ਼ ਥੋੜ੍ਹੀ ਜਾਂ ਬਹੁਤੀ, ਸਸਤੀ ਜਾਂ ਮਹਿੰਗੀ ਮੁਫ਼ਤ ਮਿਲਦੀ ਸੀ, ਛੋਟੀਆਂ-ਛੋਟੀਆਂ ਮਿੱਠੀਆਂ ਗੋਲ਼ੀਆਂ, ਰਿਉੜੀਆਂ, ਪਤਾਸੇ, ਚੂਰਨ ਦੀਆਂ ਕਰਾਰੀਆਂ ਗੋਲੀਆਂ, ਅੰਬਾਂ ਦੀ ਰੁੱਤ ਵਿਚ ਛੋਟਾ ਜਿਹਾ ਚੂਸਣ ਵਾਲ਼ਾ ਅੰਬ ਵੀ। ਇਸੇ ਨੂੰ ਰੂੰਗਾ ਕਿਹਾ ਜਾਂਦਾ ਸੀ। ਜੇ ਕੋਈ ਕੰਜੂਸ ਬਾਣੀਆ ਰੂੰਗਾ ਹੱਥ ਘੁੱਟ ਕੇ ਦਿੰਦਾ, ਬੱਚੇ ਉਹਦੀ ਦੁਕਾਨ ਵਿਚ ਘੱਟ ਜਾਂਦੇ। ਰਾਜਾ ਰਾਮ ਦਾ ਹੱਥ ਖੁੱਲ੍ਹਾ ਸੀ।

ਮਗਰੋਂ ਜਦੋਂ ਉਮਰ ਸਾਡੀ ਮਾਸੂਮੀਅਤ ਖੋਹ ਲੈਂਦੀ ਹੈ, ਇਹ ਪਤਾ ਲੱਗ ਜਾਂਦਾ ਹੈ ਕਿ ਇਸ 'ਮੁਫ਼ਤ' ਰੂੰਗੇ ਦਾ ਪੜਤਾ ਹਰੇਕ ਬਾਣੀਏ ਨੇ ਪਹਿਲਾਂ ਹੀ ਰੱਖ ਲਿਆ ਹੁੰਦਾ ਸੀ। ਉਸ ਉਮਰੇ ਪਰ ਸਾਡੇ ਲਈ ਮੁਫ਼ਤ ਮਿਲਿਆ ਰੂੰਗਾ ਵੱਡੀ ਪ੍ਰਾਪਤੀ ਹੁੰਦਾ ਸੀ। ਜੇ ਕੋਈ ਮੁੰਡਾ ਰੂੰਗਾ ਥੋੜ੍ਹਾ ਦੇਖ ਕੇ ਗਿਲਾ ਕਰਦਾ, "ਬੱਸ ਐਨਾ ਹੀ?" ਤਾਂ ਵੀ ਬਾਣੀਆ ਉਹਨੂੰ "ਚੱਲ ਭੱਜ ਇਥੋਂ" ਨਹੀਂ ਸੀ ਆਖਦਾ ਸਗੋਂ ਥੋੜ੍ਹਾ ਜਿਹਾ ਹੋਰ ਦੇ ਕੇ ਸਰਚਾ ਦਿੰਦਾ। ਅਸਲ ਵਿਚ ਇਹ ਰੂੰਗਾ ਹੀ ਹੁੰਦਾ ਸੀ ਜੋ ਸਾਨੂੰ ਨਿਆਣਿਆਂ ਨੂੰ ਰਾਜਾ ਰਾਮ ਵਰਗਿਆਂ ਦੀਆਂ ਹੱਟਾਂ ਵੱਲ ਖਿੱਚਣ ਵਾਸਤੇ ਚੁੰਬਕ ਦਾ ਕੰਮ ਕਰਦਾ।

ਇਸੇ ਕਾਰਨ ਜਦੋਂ ਖੇਡ ਵਿਚ ਮਗਨ ਕਿਸੇ ਮੁੰਡੇ ਨੂੰ ਮਾਂ ਆਖਦੀ, "ਵੇ ਮੁੰਡਿਆ, ਘਰੇ ਆ, ਕੰਮ ਐ", ਉਹ ਨਾਬਰ ਹੋ ਜਾਂਦਾ, "ਮਾਂ ਤੂੰ ਆਪੇ ਕਰ ਲੈ ਆਬਦਾ ਕੰਮ-ਕੁੰਮ, ਮੈਂ ਨਹੀਂ ਆੜੀਆਂ ਤੋਂ ਗਾ਼ਲਾਂ ਲੈਂਦਾ ਖੇਡ ਵਿਚਾਲੇ ਛੱਡ ਕੇ!" ਪਰ ਜੇ ਮਾਂ ਆਖਦੀ, "ਵੇ ਮੁੰਡਿਆ, ਜਾਹ ਮੈਨੂੰ ਰਾਜੇ ਦੀ ਹੱਟ ਤੋਂ ਸੌਦਾ ਲਿਆ ਦੇ", ਉਹ ਖਿੱਦੋ, ਖੂੰਡੀ, ਗੁੱਲੀ ਜਾਂ ਡੰਡਾ, ਜੋ ਕੁਛ ਵੀ ਹੱਥ ਵਿਚ ਹੁੰਦਾ, ਨਾਲ ਦੇ ਖੇਡਣ ਵਾਲਿਆਂ ਦੀ ਕੋਈ ਪਰਵਾਹ ਕੀਤੇ ਬਿਨਾਂ, ਉਥੇ ਹੀ ਸੁੱਟ ਕੇ "ਮੈਂ ਹੁਣੇ ਆਇਆ ਯਾਰ" ਆਖਦਾ ਅਤੇ ਮਾਂ ਮਗਰ ਤੁਰ ਪੈਂਦਾ। ਉਹ ਝੋ਼ਲੀ ਵਿਚ ਦਾਣੇ ਪੁਆਉਂਦਾ ਅਤੇ ਹੱਟ ਨੂੰ ਭੱਜ ਲੈਂਦਾ। ਦੋਵਾਂ ਵਾਰ ਦੇ ਰਵੱਈਏ ਵਿਚਲੇ ਫ਼ਰਕ ਦਾ ਕਾਰਨ ਰੂੰਗਾ ਹੀ ਹੁੰਦਾ ਸੀ।

ਨਵੀਆਂ ਪੀੜ੍ਹੀਆਂ ਨੂੰ ਇਹ ਗੱਲ ਦੱਸਣੀ ਵੀ ਠੀਕ ਹੋਵੇਗੀ ਕਿ ਸਾਡੀ ਪੇਂਡੂ ਪੀੜ੍ਹੀ ਨਕਦ ਪੈਸਿਆਂ ਦੀ ਥਾਂ ਕੁੜਤੇ ਦੀ ਝੋ਼ਲੀ ਵਿਚ ਦਾਣੇ ਲੈ ਕੇ ਦੁਕਾਨ ਤੋਂ ਕੁਛ ਲੈਣ ਕਿਉਂ ਜਾਂਦੀ ਸੀ। ਪੈਸਾ, ਜੋ ਦਰਮਿਆਨੀ ਜਮਾਤ ਦੀ ਹੇਠਲੀ ਪਰਤ ਕਹਾਉਂਦੇ ਬੰਦਿਆਂ ਵੱਲੋਂ ਵੀ ਅੱਜ ਬੇਕਿਰਕੀ ਨਾਲ ਪਾਣੀ ਵਾਂਗ ਵਹਾਇਆ-ਰੋੜ੍ਹਿਆ ਜਾਂਦਾ ਹੈ, ਓਦੋਂ ਇਸ ਪਰਤ ਨੂੰ ਵੀ ਬੜੀ ਮੁਸ਼ਕਲ ਨਾਲ ਹੱਥ ਆਉਂਦਾ ਸੀ। ਹੁਣ ਤਾਂ ਸਕੂਲੀ ਵਿਦਿਆਰਥੀ ਘਰੋਂ ਮਿਲੇ ਹੋਏ ਜੇਬ ਖਰਚ ਵਜੋਂ ਸੌ-ਸੌ ਦੇ ਨੋਟ ਅਤੇ ਮੋਬਾਈਲ ਚਾਰਜ ਕਰਵਾਉਣ ਲਈ ਪੰਜ-ਪੰਜ ਸੌ ਦੇ ਨੋਟ ਚੁੱਕੀ ਫਿਰਦੇ ਹਨ, ਉਸ ਸਮੇਂ ਅਜਿਹੇ ਲੋਕ ਵੀ ਹੁੰਦੇ ਸਨ ਜਿਨ੍ਹਾਂ ਨੇ ਸੌ ਦਾ ਨੋਟ ਹੋਰਾਂ ਦੇ ਹੱਥਾਂ ਵਿਚ ਹੀ ਦੇਖਿਆ ਹੁੰਦਾ ਸੀ ਅਤੇ ਉਨ੍ਹਾਂ ਨੂੰ ਆਪਣੀ ਜੇਬ ਵਿਚ ਪਾਉਣਾ ਕਦੀ ਨਸੀਬ ਨਹੀਂ ਸੀ ਹੋਇਆ ਹੁੰਦਾ। ਗ਼ਰੀਬਾਂ ਬਿਚਾਰਿਆਂ ਦੀ ਤਾਂ ਗੱਲ ਹੀ ਕੀ ਕਰਨੀ ਹੋਈ ਜਿਨ੍ਹਾਂ ਦੇ ਹੱਥ-ਪੱਲੇ ਨਾ ਓਦੋਂ ਕੁਛ ਸੀ, ਨਾ ਅੱਜ ਹੈ ਤੇ ਨਾ, ਸ਼ਾਇਦ, ਦਿਸਣਯੋਗ ਭਵਿੱਖ ਵਿਚ ਹੀ ਹੋਵੇਗਾ! ਪਰ ਹੁਣ ਇਕ ਰੁਪਈਏ ਦੀ ਇੱਜ਼ਤ ਏਨੀ ਕੁ ਰਹਿ ਗਈ ਹੈ ਕਿ ਅੱਜ ਅਣਖੀਲੇ ਮੰਗਤੇ ਵੀ ਇਕ ਰੁਪਈਏ ਦੀ ਭੀਖ ਲੈਣ ਤੋਂ ਇਨਕਾਰੀ ਹਨ।

ਮੈਨੂੰ ਇਕ ਅਜੀਬ ਘਟਨਾ ਯਾਦ ਆਉਂਦੀ ਹੈ। ਸਵਰਗਵਾਸੀ ਪੀ. ਏ. ਸੰਗਮਾ, ਜੋ ਮਗਰੋਂ ਲੋਕ ਸਭਾ ਦੇ ਸਪੀਕਰ ਬਣੇ, ਅਜੇ ਭਾਰਤ ਸਰਕਾਰ ਵਿਚ ਕਿਰਤ ਮੰਤਰੀ ਸਨ। ਆਦਿਵਾਸੀਆਂ ਵਾਲੇ ਭੋ਼ਲੇ ਤੇ ਸਾਦੇ ਸੁਭਾਅ ਕਾਰਨ ਉਹ ਖੇਤਾਂ ਵਿਚ ਬਟੇਰੇ ਭਾਲਦੇ ਫਿਰਦੇ ਸ਼ਿਕਾਰੀਆਂ ਵਾਂਗ ਇਧਰ-ਉਧਰ ਬੰਦੂਕਾਂ ਸਿੰਨ੍ਹਦੇ ਕਾਲੇ ਪਟਕਿਆਂ ਵਾਲੇ ਅੰਗ-ਰੱਖਿਅਕ ਲੈ ਕੇ ਪਾਂ-ਪਾਂ ਦੇ ਕੰਨ-ਪਾੜਵੇਂ ਰੌ਼ਲੇ ਨਾਲ ਬਾਹਰ ਨਹੀਂ ਸਨ ਨਿਕਲਦੇ, ਸਾਧਾਰਨ ਬੰਦੇ ਵਾਂਗ ਤੁਰ ਪੈਂਦੇ। ਇਕ ਦਿਨ ਦਿੱਲੀ ਵਿਚ ਉਨ੍ਹਾਂ ਦੀ ਕਾਰ ਲਾਲਬੱਤੀ ਕਾਰਨ ਰੁਕੀ ਤਾਂ ਖੁੱਲ੍ਹੀ ਖਿੜਕੀ ਵਿਚੋਂ ਇਕ ਮੰਗਤੇ ਨੇ ਹੱਥ ਵਧਾ ਦਿੱਤਾ। ਸੰਗਮਾ ਜੀ ਬਟੂਏ ਵਿਚੋਂ ਇਕ ਰੁਪਈਏ ਦਾ ਨੋਟ ਕੱਢ ਕੇ ਉਹਦੀ ਹਥੇ਼ਲੀ ਉੱਤੇ ਧਰਨ ਲੱਗੇ ਤਾਂ ਮੰਗਤੇ ਨੇ ਝੱਟ ਹੱਥ ਪਿੱਛੇ ਖਿੱਚ ਲਿਆ ਅਤੇ ਆਪਣੇ ਠੂਠੇ ਵਿਚੋਂ ਦੋ ਦਾ ਨੋਟ ਚੁੱਕ ਕੇ ਉਨ੍ਹਾਂ ਵੱਲ ਵਧਾ ਦਿੱਤਾ।

ਮੰਗਤੇ ਦੇ ਪੜ੍ਹਾਏ ਗੂੜ੍ਹ ਆਰਥਿਕਤਾ ਦੇ ਇਸ ਸਬਕ ਨਾ਼ਲ ਸੰਗਮਾ ਦੰਗ ਰਹਿ ਗਏ! ਅਗਲੇ ਦਿਨ ਉਨ੍ਹਾਂ ਨੇ ਇਹ ਘਟਨਾ ਲੋਕ ਸਭਾ ਵਿਚ ਸੁਣਾ ਕੇ ਕਿਹਾ, ਜਿਹੜੀ ਗੱਲ ਮੈਨੂੰ ਆਰਥਿਕਤਾ ਦੇ ਅੰਕੜੇ ਅਤੇ ਮਾਹਿਰ ਨਹੀਂ ਸਨ ਸਮਝਾ ਸਕੇ, ਉਹ ਇਸ ਘਟਨਾ ਨੇ ਸਮਝਾ ਦਿੱਤੀ ਹੈ ਕਿ ਬਿਚਾਰੇ ਰੁਪਈਏ ਨੂੰ ਤਾਂ ਹੁਣ ਪੁੱਛਦਾ ਹੀ ਕੋਈ ਨਹੀਂ! ਉਨ੍ਹਾਂ ਨੇ ਇਹ ਵਾਅਦਾ ਵੀ ਕੀਤਾ ਕਿ ਅਗਲੀ ਵਾਰ ਜਦੋਂ ਉਹ ਕਿਰਤ ਮੰਤਰੀ ਹੋਣ ਦੇ ਨਾਤੇ ਉਜਰਤਾਂ ਸੰਬੰਧੀ ਕਿਸੇ ਬੈਠਕ ਦੀ ਪ੍ਰਧਾਨਗੀ ਕਰਨਗੇ, ਉਹ ਜ਼ਰੂਰ ਕਿਰਤੀਆਂ ਦੀ ਉਜਰਤ ਵਧਾਉਣ ਦੇ ਹੱਕ ਵਿਚ ਭੁਗਤਣਗੇ। ਜਿਥੇ ਅੱਜ ਮੰਗਤੇ ਰੁਪਈਏ ਦਾ ਨੋਟ ਲੈਣੋਂ ਇਨਕਾਰੀ ਹਨ, ਅਸੀਂ ਕੋਈ ਮੇਲਾ ਦੇਖਣ ਜਾਣ ਸਮੇਂ ਅੱਜ ਦੇ ਛੇ ਪੈਸਿਆਂ ਜਿੰਨਾ ਆਨਾ ਲੈ ਕੇ ਬਾਗੋਬਾਗ ਹੋ ਜਾਂਦੇ ਸੀ ਕਿਉਂਕਿ ਓਦੋਂ ਖਾਣ ਵਾਲੀ ਚੀਜ਼ ਆਨੇ ਦੇ ਚੌਥੇ ਹਿੱਸੇ, ਭਾਵ ਇਕ ਪੈਸੇ ਦੀ ਵੀ ਚੰਗੀ-ਖਾਸੀ ਮਿਲ ਜਾਂਦੀ ਸੀ।

ਰਾਜਾ ਰਾਮ ਨੇਤਰਹੀਣ ਸੀ। ਸੂਖ਼ਮ ਜਿਹੇ ਸਰੀਰ ਵਾ਼ਲਾ ਪਰ ਚੁਸਤ-ਫੁਰਤ। ਉਹਦੇ ਚਿਹਰੇ ਉੱਤੇ ਮਾਤਾ ਦੇ ਮੱਧਮ-ਮੱਧਮ ਦਾਗ਼ ਸਨ ਜਿਸ ਨੇ ਉਹਦੀਆਂ ਅੱਖਾਂ ਨਸ਼ਟ ਕਰ ਕੇ ਬਿਲਕੁਲ ਜੋਤਹੀਣ ਬਣਾ ਦਿੱਤੀਆਂ ਸਨ। ਉਹਦਾ ਵੇਸ ਸਿੱਖਾਂ ਵਾਲਾ ਸੀ। ਸੂਖ਼ਮ ਜਿਹੀ ਅਣਛੋਹੀ ਸੱਸੀ ਦਾੜ੍ਹੀ, ਜੂੜੇ ਵਿਚ ਸਾਂਭੇ ਹੋਏ ਕੇਸਾਂ ਉੱਤੇ ਛੋਟੀ ਜਿਹੀ ਕੇਸਕੀ ਲਪੇਟੀ ਹੋਈ, ਸਿੱਖਾਂ ਵਾਲਾ ਕਛਹਿਰਾ। ਓਦੋਂ ਨੇਤਰਹੀਣ ਬੱਚਿਆਂ ਨੂੰ, ਹੋਰ ਕੋਈ ਵੀ ਸਾਧਨ ਜਾਂ ਰਾਹ ਨਾ ਹੋਣ ਕਰਕੇ, ਗੁਰਦੁਆਰੇ ਭੇਜ ਦਿੱਤਾ ਜਾਂਦਾ ਸੀ, ਜਿਥੇ ਭਾਈ ਜੀ ਬਾਲਕ ਨੂੰ ਉਹਦੀ ਪ੍ਰਤਿਭਾ ਅਤੇ ਰੁਚੀ ਅਨੁਸਾਰ ਕੀਰਤਨ ਦੀ, ਨਹੀਂ ਤਾਂ ਫੇਰ ਢੋਲਕੀ ਜਾਂ ਬਾਜਾ ਬਜਾਉਣ ਦੀ ਸਿੱਖਿਆ ਦੇ ਦਿੰਦਾ ਸੀ। ਇਸੇ ਕਰਕੇ ਕੀਰਤਨੀ ਮੰਡਲੀਆਂ ਵਿਚ ਅਕਸਰ ਹੀ ਸੂਰਮੇ ਦਿਸਦੇ ਸਨ ਅਤੇ ਅੱਜ ਵੀ ਦਿਸਦੇ ਹਨ।

ਉਸ ਜ਼ਮਾਨੇ ਵਿਚ ਦੌਧਰ ਪਿੰਡ ਦਾ ਗੁਰਦੁਆਰਾ ਇਸ ਨੇਕ ਕਾਰਜ ਲਈ ਸਾਡੇ ਇਲਾਕੇ ਵਿਚ ਮਸ਼ਹੂਰ ਸੀ। ਕੱਚੀ ਉਮਰੇ ਏਨੀ ਸਮਝ ਨਹੀਂ ਸੀ ਕਿ ਮੈਂ ਰਾਜਾ ਰਾਮ ਤੋਂ ਇਹ ਸਭ ਪੁੱਛ ਲੈਂਦਾ। ਇਹ ਗੱਲ ਤਾਂ ਪੱਕੀ ਹੈ ਕਿ ਉਹ ਜ਼ਰੂਰ ਕਿਸੇ ਗੁਰਦੁਆਰੇ ਭੇਜਿਆ ਗਿਆ ਹੋਵੇਗਾ। ਕੀਰਤਨ ਜਾਂ ਢੋਲਕੀ-ਬਾਜੇ ਦੀ ਸਿੱਖਿਆ ਉਹਨੇ ਲਈ ਕਿ ਨਹੀਂ, ਕੋਈ ਪਤਾ ਨਹੀਂ, ਪਰ ਕਿਸੇ ਕਾਰਨ ਉਹ ਕੀਰਤਨੀਆ ਜਾਂ ਸਾਜੀ ਬਣਿਆ ਨਹੀਂ ਸੀ। ਹਾਂ, ਉਹਦਾ ਵੇਸ ਜ਼ਰੂਰ ਉਹਦੇ ਇਸ ਸਿੱਖਿਆ ਵਿਚੋਂ ਲੰਘੇ ਹੋਣ ਦੀ ਸਾਹਦੀ ਭਰਦਾ ਸੀ। ਤੇ ਇਹ ਵੇਸ ਉਹਨੇ ਸਾਰੀ ਉਮਰ ਨਿਭਾਇਆ।

ਮਨੁੱਖੀ ਇਤਿਹਾਸ ਵਿਚ ਅਨੇਕ ਨੇਤਰਹੀਣ (ਜਾਂ ਹੋਰ ਅੰਗਹੀਣ) ਹੋਏ ਹਨ ਜਿਨ੍ਹਾਂ ਨੇ ਅੰਗਾਂ ਵਾਲਿਆਂ ਨਾਲੋਂ ਵੱਡੇ ਕਾਰਨਾਮੇ ਕੀਤੇ ਹਨ। ਅੱਜ ਵੀ ਅਜਿਹੇ ਲੋਕਾਂ ਦੀ ਕੋਈ ਘਾਟ ਨਹੀਂ। ਰਾਜਾ ਰਾਮ ਦਾ ਇਕ ਭਰਾ ਹੋਰ ਸੀ, ਉਸ ਤੋਂ ਵੱਡਾ ਰੰਗੀ ਰਾਮ। ਉਹ ਬਾਲ-ਬੱਚੇ ਵਾ਼ਲਾ ਸੀ ਅਤੇ ਪੂਰਾ ਧੋਤੀ-ਬੰਨ੍ਹ ਨੱਤੀਆਂ ਵਾਲਾ ਬਾਣੀਆ ਸੀ। ਰਾਜਾ ਰਾਮ ਦਾ, ਸਰੀਰਕ ਬੱਜ ਕਾਰਨ, ਅਣਵਿਆਹਿਆ ਰਹਿ ਜਾਣਾ ਕੁਦਰਤੀ ਸੀ। ਮੰਡੀਓਂ ਸੌਦਾ-ਸੂਤ ਲਿਆਉਣ ਦਾ ਕੰਮ ਅਤੇ ਘਰ-ਕਬੀਲਦਾਰੀ ਦਾ ਹਰ ਰੁਝੇਵਾਂ ਰੰਗੀ ਰਾਮ ਦੇ ਜ਼ਿੰਮੇ ਸੀ। ਵਿਹਲੇ ਵੇਲੇ ਉਹ ਹੱਟ ਵਿਚ ਆ ਤਾਂ ਬੈਠਦਾ ਪਰ ਇਕ ਗੋਡੇ ਉੱਤੇ ਦੂਜੀ ਲੱਤ ਰੱਖ ਕੇ ਮੌਜ ਨਾ਼ਲ ਗੱਦੀ ਉੱਤੇ ਅਧ-ਲਿਟਿਆ ਜਿਹਾ ਪਿਆ ਰਹਿੰਦਾ। ਹੱਟ ਵਿਚ ਉਹਦੇ ਹੁੰਦਿਆਂ ਵੀ ਗਾਹਕਾਂ ਨੂੰ ਰਾਜਾ ਰਾਮ ਹੀ ਭੁਗਤਾਉਂਦਾ ਸੀ। ਜੇ ਕੋਈ ਗਾਹਕ ਆਖ ਦਿੰਦਾ, "ਰੰਗੀ ਰਾਮਾ, ਜਦੋਂ ਤੂੰ ਹਾਜ਼ਰ ਹੈਂ, ਰਾਜਾ ਰਾਮ ਨੂੰ ਬੈਠਣ ਦੇ। ਤੂੰ ਜੋਖ ਸੌਦਾ!" ਉਹ ਕੱਚਾ ਜਿਹਾ ਹੋ ਕੇ ਆਖਦਾ, "ਓ ਭਾਈ, ਰਾਜਾ ਰਾਮ ਦੀਆਂ ਰਾਜਾ ਰਾਮ ਹੀ ਜਾਣੇ! ਮੈਨੂੰ ਨਹੀਂ ਕੋਈ ਸਮਝ ਇਹਦੀਆਂ ਰੱਖੀਆਂ ਚੀਜ਼ਾਂ ਦੀ!"

ਭਲੇ ਜ਼ਮਾਨੇ ਸਨ ਜਦੋਂ ਅਜੇ ਮਾੜੇ ਬੰਦਿਆਂ ਵਿਚ ਵੀ ਇਨਸਾਨੀਅਤ ਬਾਕੀ ਸੀ। ਹੁਣ ਦੀ ਬੁੱਧੀ ਅਨੁਸਾਰ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਅਜਿਹੀ ਨੌਬਤ ਕਦੀ ਨਹੀਂ ਆਈ ਹੋਵੇਗੀ ਜਦੋਂ ਕਿਸੇ ਗਾਹਕ ਨੇ ਰਾਜਾ ਰਾਮ ਨੂੰ ਗੱਲੀਂ ਲਾ ਕੇ ਹੱਟ ਤੋਂ ਕੋਈ ਚੀਜ਼ ਚੁੱਪ-ਚੁਪੀਤੇ ਜੇਬ ਵਿਚ ਪਾ ਲਈ ਹੋਵੇ। ਕਿਸੇ ਨਿੱਘਰੇ ਹੋਏ ਬੰਦੇ ਨੇ ਵੀ ਕਦੀ ਏਨਾ ਨਿੱਘਰਨਾ ਠੀਕ ਨਹੀਂ ਸਮਝਿਆ ਹੋਵੇਗਾ!

ਜਦੋਂ ਕੋਈ ਗਾਹਕ ਰਾਜਾ ਰਾਮ ਦੀ ਤੱਕੜੀ ਵਿਚ ਦਾਣੇ ਪਾਉਂਦਾ, ਉਹ ਟੋਹ ਕੇ ਭਾਰ ਦਾ ਅੰਦਾਜ਼ਾ ਲਾਉਂਦਾ ਅਤੇ ਦੂਜੇ ਪੱਲੜੇ ਵਿਚ ਵੱਟੇ ਰਖਦਾ। ਤੱਕੜੀ ਦਾ ਬੋਦਾ ਉਹ ਗੂਠੇ ਦੇ ਨਾਲ ਵਾਲੀ ਉਂਗਲ ਤੇ ਬੋ਼ਲੀ ਉਂਗਲ ਵਿਚ ਫੜਦਾ ਅਤੇ ਗੂਠੇ ਤੇ ਚੀਚੀ ਨਾਲ ਤੱਕੜੀ ਦੀ ਡੰਡੀ ਦੇ ਦੋਵੇਂ ਪਾਸੇ ਮਹਿਸੂਸਦਾ ਰਹਿੰਦਾ। ਜਦੋਂ ਡੰਡੀ ਬਰਾਬਰ ਹੋ ਜਾਂਦੀ, ਉਹ ਗਾਹਕ ਦੀ ਤਸੱਲੀ ਲਈ ਗੂਠਾ ਤੇ ਚੀਚੀ ਹਟਾ ਕੇ ਤੱਕੜੀ ਦੀ ਡੰਡੀ ਦਿਖਾ ਦਿੰਦਾ। ਉਹ ਗਾਹਕ ਨੂੰ ਦਾਣਿਆਂ ਦਾ ਭਾਅ ਦੱਸ ਕੇ ਪੈਸੇ ਦਸਦਾ ਅਤੇ ਉਹਨੂੰ ਪੁਛਦਾ ਕਿ ਉਹਨੇ ਕੀ-ਕੀ ਲੈਣਾ ਹੈ। ਉਹਨੇ ਚੀਜ਼ਾਂ ਵਾਲੇ ਡੱਬੇ ਤੇ ਪੀਪੀਆਂ-ਪੀਪੇ ਆਪਣੇ ਹਿਸਾਬ ਨਾਲ ਹੀ ਰੱਖੇ ਹੋਏ ਸਨ ਅਤੇ ਉਨ੍ਹਾਂ ਸਭਨਾਂ ਦਾ ਉਹਨੂੰ ਚੇਤਾ ਸੀ। ਉਹ ਜਿਥੋਂ ਕੁਛ ਚੁਕਦਾ, ਉਥੇ ਹੀ ਟਿਕਾ ਦਿੰਦਾ। ਇਉਂ ਉਹ ਹਰ ਸੌਦਾ ਵੀ ਦਾਣਿਆਂ ਵਾਂਗ ਹੀ ਪੂਰਾ-ਪੂਰਾ ਜੋਖ ਦਿੰਦਾ। ਰਾਜਾ ਰਾਮ ਦੀ ਯਾਦ-ਸ਼ਕਤੀ ਤਾਂ ਆਪਾਂ ਠੀਕ ਡੱਬੇ ਵਿਚੋਂ ਠੀਕ ਸੌਦਾ ਜੋਖਣ ਤੋਂ ਦੇਖ ਹੀ ਲਈ ਹੈ, ਅੱਖਾਂ ਵਾਲਿਆਂ ਤੋਂ ਵੱਡੀ ਉਹਦੀ ਸਮਰੱਥਾ ਦੀ ਜਿਹੜੀ ਕਥਾ ਤੁਹਾਨੂੰ ਹੁਣ ਸੁਣਾਉਣ ਲੱਗਿਆ ਹਾਂ, ਉਹ ਚੇਤੇ ਕਰ ਕੇ ਹਾਸਾ ਤਾਂ ਆਉਂਦਾ ਹੀ ਹੈ, ਉਹਦੇ ਭਰਾ, ਬਿਚਾਰੇ ਰੰਗੀ ਰਾਮ ਉੱਤੇ ਤਰਸ ਵੀ ਆਉਂਦਾ ਹੈ।

ਓਦੋਂ ਸਾਡੇ ਇਲਾਕੇ ਵਿਚ ਕੱਕੇ ਰੇਤੇ ਦੇ ਟਿੱਬੇ ਹੁੰਦੇ ਜਿਨ੍ਹਾਂ ਉੱਤੇ ਕਿਸਾਨ ਦੀ ਮਾਲਕੀ ਤਾਂ ਹੁੰਦੀ ਪਰ ਪੈਦਾ ਉੱਕਾ ਹੀ ਕੁਛ ਨਹੀਂ ਸੀ ਹੁੰਦਾ। ਟਿੱਬਿਆਂ ਦੀ ਭਰਮਾਰ ਕਾਰਨ ਤੇਜ਼ ਹਵਾ ਅਕਸਰ ਰੇਤਲੀ ਹਨੇਰੀ ਦਾ ਰੂਪ ਲੈ ਲੈਂਦੀ। ਸਾਡੇ ਇਲਾਕੇ ਦੇ ਪਿੰਡ ਕਲਿਆਣਾਂ ਦੇ ਟਿੱਬੇ ਮਸ਼ਹੂਰ ਸਨ। ਲੋਕ ਰੌ਼ਲਾ ਪਾਉਂਦੇ, "ਆ ਗਈ ਬਈ ਨ੍ਹੇਰੀ ਕਲਿਆਣਾਂ ਦੇ ਟਿੱਬਿਆਂ ਤੋਂ, ਚੀਜ਼-ਵਸਤ ਸਾਂਭੋ ਫਟਾਫਟ!" ਜਦੋਂ ਹਨੇਰੀ ਰੁਕਦੀ, ਉਹ ਵਿਹੜਿਆਂ ਵਿਚ ਕਲਿਆਣਾਂ ਦੇ ਟਿੱਬਿਆਂ ਤੋਂ ਲਿਆਂਦਾ ਹੋਇਆ ਕੱਕਾ ਰੇਤਾ ਵਿਛਾ ਚੁੱਕੀ ਹੁੰਦੀ। ਸੁਆਣੀਆਂ ਇਕ ਦੂਜੀ ਨੂੰ ਆਖਦੀਆਂ, "ਨੀ ਭੈਣੇ, ਅੱਜ ਤਾਂ ਜਾਏ-ਖਾਣੀ ਨ੍ਹੇਰੀ ਨੇ ਦੋ ਬੱਠਲ ਰੇਤਾ ਵਿਹੜੇ ਵਿਚ ਲਿਆ ਸਿੱਟਿਆ!"

ਕਈ ਵਾਰ ਹਨੇਰੀ ਗਰਮੀਆਂ ਦੀ ਅੱਧੀ ਰਾਤ ਛੱਤਾਂ ਉੱਤੇ ਘੂਕ ਸੁੱਤੇ ਪਏ ਲੋਕਾਂ ਨੂੰ ਅਚਾਨਕ ਆ ਦਬਦੀ। ਸਭ ਹੜਬੜਾ ਕੇ ਜਾਗਦੇ ਅਤੇ ਭਾਜੜਾਂ ਪੈ ਜਾਂਦੀਆਂ। ਜੁਆਕ ਚੀਕ-ਚਿਹਾੜਾ ਪਾ ਦਿੰਦੇ। ਜਨਾਨੀਆਂ ਉਡਦੇ ਜਾਂਦੇ ਲੀੜੇ-ਲੱਤੇ ਸਾਂਭਦੀਆਂ। ਪੌੜੀਆਂ ਕਿਹੜਾ ਚੌੜੀਆਂ ਸੀਮਿੰਟੀ ਹੁੰਦੀਆਂ ਸਨ। ਛੱਤ ਉੱਤੇ ਚੜ੍ਹਨ-ਉੱਤਰਨ ਲਈ ਕੰਧ ਨਾ਼ਲ ਬਾਂਸ ਦੀ ਪੌੜੀ ਲੱਗੀ ਹੋਈ ਹੁੰਦੀ ਸੀ। ਬੰਦੇ ਦੇ ਭਾਰ ਨਾ਼ਲ ਉਹ ਲਚਕਣ ਲਗਦੀ। ਇਉਂ ਲਚਕਦੀ-ਡੋਲਦੀ ਪੌੜੀ ਰਾਹੀਂ ਚੜ੍ਹਨਾ-ਉਤਰਨਾ ਵੱਖਰੀ ਮੁਸੀਬਤ ਹੁੰਦਾ।

ਇਕ ਵਾਰ ਅਜਿਹੀ ਹੀ ਹਫੜਾ-ਦਫ਼ੜੀ ਵਿਚ ਗੁਆਂਢੀਆਂ ਨੇ ਹਨੇਰੀ ਦੇ ਖੜਕੇ-ਦੜਕੇ ਤੇ ਜੁਆਕਾਂ ਦੇ ਰੌ਼ਲੇ-ਰੱਪੇ ਦੇ ਬਾਵਜੂਦ ਰੰਗੀ ਰਾਮ ਦੀ ਤਰਲੇ-ਭਰੀ ਅਧ-ਰੋਣੀ ਆਵਾਜ਼ ਸੁਣੀ, "ਰਾਜਾ ਰਾਮਾ, ਤੂੰ ਮਗਰੋਂ ਉੱਤਰੀਂ, ਪਹਿਲਾਂ ਸਾਨੂੰ ਸਾਰਿਆਂ ਨੂੰ ਬਾਂਹੋਂ ਫੜ-ਫੜ ਪੌੜੀ ਉਤਾਰ!" ਹਨੇਰੀ ਦੀ ਮੁਸੀਬਤ ਵਿਚ ਵੀ ਗੁਆਂਢੀਆਂ ਦਾ ਹਾਸਾ ਨਿੱਕਲ ਗਿਆ। ਮਗਰੋਂ ਲੋਕ ਛੇੜਦੇ, "ਰੰਗੀ ਰਾਮਾ, ਤੈਨੂੰ ਅੱਖਾਂ ਵਾਲੇ ਨੂੰ ਸੂਰਮਾ ਰਾਜਾ ਰਾਮ ਪੌੜੀ ਉਤਾਰਨਾ ਚਾਹੀਦਾ ਸੀ, ਤੂੰ ਉਲਟਾ ਉਹਦਾ ਆਸਰਾ ਭਾਲਦਾ ਸੀ!" ਉਹ ਕੱਚਾ ਜਿਹਾ ਹੋ ਕੇ ਆਖਦਾ, "ਓ ਭਾਈ, ਸਾਡੇ ਬਿਚਾਰੇ ਰਾਜਾ ਰਾਮ ਦੀ ਤਾਂ ਸਦਾ ਹੀ ਨ੍ਹੇਰੀ ਐ। ਅਚਾਨਕ ਨ੍ਹੇਰੀ ਨੇ ਇਉਂ ਆ ਦੱਬੇ, ਸਾਨੂੰ ਤਾਂ ਪਤਾ ਹੀ ਕੁਛ ਨਾ ਲੱਗੇ, ਚੜ੍ਹਦਾ-ਛਿਪਦਾ ਪਾਸਾ ਕਿਧਰ ਐ ਤੇ ਪੌੜੀ ਕਿਸ ਪਾਸੇ ਐ। ਸੱਚੀ ਗੱਲ ਐ, ਸਾਨੂੰ ਤਾਂ ਸਾਡੇ ਰਾਜਾ ਰਾਮ ਨੇ ਹੀ ਪਾਰ ਲਾਇਆ!"

ਰਾਜਾ ਰਾਮ ਦਾ ਵੇਸ ਤਾਂ ਜ਼ਰੂਰ ਸਿੱਖਾਂ ਵਾ਼ਲਾ ਸੀ ਪਰ ਉਹਨੇ ਅੰਮ੍ਰਿਤ ਨਹੀਂ ਸੀ ਛਕਿਆ ਹੋਇਆ। ਉਹਦਾ ਨਾਂ ਇਹੋ ਸੂਹ ਦਿੰਦਾ ਸੀ। ਜੇ ਉਹ ਅੰਮ੍ਰਿਤਧਾਰੀ ਹੁੰਦਾ, ਉਹ ਰਾਜਾ ਰਾਮ ਦੀ ਥਾਂ ਰਾਜਾ ਸਿੰਘ, ਰਾਮ ਸਿੰਘ ਜਾਂ ਰਾਜਾ ਰਾਮ ਸਿੰਘ ਜਾਂ ਕੋਈ ਹੋਰ ਸਿੰਘ ਹੁੰਦਾ। ਪਰ ਸੁਭਾਅ ਦੇ ਪੱਖੋਂ ਉਹ ਗੁਰਬਾਣੀ ਵਿਚ ਦੱਸੇ ਹੋਏ ਗੁਰਮੁਖ ਬੰਦੇ ਦਾ ਸਰੂਪ ਸੀ। ਉਹ ਸ਼ਾਂਤ ਤੇ ਮਿੱਠ-ਬੋਲੜਾ ਸੀ ਅਤੇ ਬੁੱਢੇ ਤੋਂ ਲੈ ਕੇ ਬਾਲ ਤੱਕ ਨਾਲ ਇਕੋ ਜਿੰਨੀ ਨਿਮਰਤਾ ਤੇ ਅਪਣੱਤ ਨਾ਼ਲ ਪੇਸ਼ ਆਉਂਦਾ। ਮੈਂ ਕਦੀ ਇਕ ਵਾਰ ਵੀ ਉਹਨੂੰ ਕਿਸੇ ਨਾ਼ਲ, ਗੁੱਸੇ ਹੋਣਾ ਤੇ ਝਗੜਨਾ ਤਾਂ ਇਕ ਪਾਸੇ, ਉੱਚੀ ਬੋਲਦਾ ਵੀ ਨਹੀਂ ਸੀ ਦੇਖਿਆ-ਸੁਣਿਆ। ਉਹ ਮੇਰੇ ਚੇਤੇ ਵਿਚ ਵਸੇ ਹੋਏ ਉਨ੍ਹਾਂ ਬੰਦਿਆਂ ਵਿਚੋਂ ਹੈ ਜਿਨ੍ਹਾਂ ਦੀ ਜਦੋਂ ਯਾਦ ਆਉਂਦੀ ਹੈ, ਸਾਉਣ ਦੀ ਪਹਿਲੀ ਫ਼ੁਹਾਰ ਵਾਂਗ ਆਉਂਦੀ ਹੈ!

### ਅੱਥਰੂ

ਅੱਥਰੂ ਮੁੱਕ ਗਏ ਨੇ ਮਾਵਾਂ ਦੇ,
ਅੱਥਰੂ ਸੁੱਕ ਗਏ ਨੇ ਮਾਵਾਂ ਦੇ।
ਪਿਓ ਵੀ ਹੁਣ ਬੇ-ਆਸ ਬੜੇ ਨੇ,
ਪੰਜਾਬ ਦੇ ਸਿਰ ਸੰਤਾਪ ਬੜੇ ਨੇ।

ਨਸ਼ਿਆਂ ਦਾ ਇਕ ਦਰਿਆ ਵਗਦਾ,
ਰੋੜ੍ਹ ਕੇ ਕਿਧਰੇ ਲੈ ਜਾਊਗਾ।
ਜੇ ਨਾ ਬਚਿਆ ਅੱਜ ਮੇਰਾ ਘਰ,
ਤੇਰਾ ਵੀ ਘਰ ਢਹਿ ਜਾਊਗਾ।

ਜਿਨ੍ਹਾਂ ਦੇ ਹੱਥ 'ਚ ਹਲ਼ ਦੀਆਂ ਮੁੰਨੀਆਂ,
ਉਨ੍ਹਾਂ ਹੱਥੀਂ ਸਰਿੰਜਾਂ ਨੇ।
ਸੁੰਨੀਆਂ ਹੋਣੀਆਂ ਕੌਡ ਕਬੱਡੀਆਂ,
ਸੁੰਨੀਆਂ ਹੋਣੀਆਂ ਛਿੰਝਾਂ ਨੇ।

ਕਿਸੇ ਦੀ ਮਾਂ ਦਾ ਸੱਜਣਾ ਹਉਕਾ,
ਮਹਿਲ ਤੇਰੇ ਨਾਲ ਖਹਿ ਜਾਊਗਾ।
ਜੇ ਨਾ ਬਚਿਆ ਅੱਜ ਮੇਰਾ ਘਰ,
ਤੇਰਾ ਵੀ ਘਰ ਢਹਿ ਜਾਊਗਾ।

ਕਿਸੇ ਦੀ ਰੱਖੜੀ ਸੁੰਨੀ ਹੋ ਗਈ,
ਕਿਸੇ ਦੇ ਸਿਰ ਦਾ ਸਾਈਂ ਤੁਰਿਆ।
ਰਾਜਨੀਤੀ ਨਾ ਤੇਰੀ ਮੁੱਕੀ,
ਮੁੱਦਿਆਂ ਵਿਚ ਪੰਜਾਬ ਹੀ ਖੁਰਿਆ।

ਕਾਲਿਖ ਮਲਿਆ ਸਿਰ ਤੇਰੇ 'ਤੇ
ਇਤਿਹਾਸ 'ਚ ਪੰਨਾ ਰਹਿ ਜਾਊਗਾ।
ਜੇ ਨਾ ਬਚਿਆ ਅੱਜ ਮੇਰਾ ਘਰ,
ਤੇਰਾ ਵੀ ਘਰ ਢਹਿ ਜਾਊਗਾ।

ਕਿਸੇ ਨੇ ਰੇਤਾ ਕਿਸੇ ਨੇ ਚਿੱਟਾ,
ਵੇਚ ਵੇਚ ਕੇ ਢਿੱਡ ਨੇ ਭਰ ਲਏ।
ਹੁਣ ਨਹੀਓਂ ਸਾਥੋਂ ਜ਼ਰ ਹੋਣੇ,
ਮਾਵਾਂ ਨੇ ਬੜੇ ਹਾਉਕੇ ਜ਼ਰ ਲਏ।

ਖੂਨੋ ਅਣਖ ਜਗਾਈ ਨਾ ਜੇ,
ਵਿਚ (ਪੰਜਾਬ) ਹਨੇਰੇ ਲਹਿ ਜਾਊਗਾ।
ਜੇ ਨਾ ਬਚਿਆ ਅੱਜ ਮੇਰਾ ਘਰ,
ਤੇਰਾ ਵੀ ਘਰ ਢਹਿ ਜਾਊਗਾ।
ਤੂੰ ਹੀ ਸੁਰਤ ਸੰਭਾਲ ਲੈ ਕੇਰਾਂ,
ਉੱਠ ਪੰਜਾਬ ਦਿਆ ਬੱਬਰ ਸ਼ੇਰਾ।
ਖੇਤ ਨੂੰ ਵਾੜ ਹੀ ਖਾਈ ਜਾਵੇ,
ਜਾਗੋ ਜਾਗੇ ਹੋਇਆ ਸਵੇਰਾ।

ਸੁਣ ਸੁਖਵਿੰਦਰ ਬੋਦਲਾਂਵਾਲਿਆ,
ਗੀਤ ਸੁਨੇਹਾ ਕਹਿ ਜਾਊਗਾ।
ਜੇ ਨਾ ਬਚਿਆ ਅੱਜ ਮੇਰਾ ਘਰ
ਤੇਰਾ ਵੀ ਘਰ ਢਹਿ ਜਾਊਗਾ।

*-ਸੁੱਖਵਿੰਦਰ ਬੋਦਲਾਂਵਾਲਾ*
*ਫੋਨ: 360 281 2624*

### ਮਾਂ ਨੂੰ ਬਿਰਧ ਆਸ਼ਰਮ ਵਿਚ

ਪੁੱਤ ਨੂੰ ਪਾਲਿਆ-ਪੋਸਿਆ ਤੇ ਪੜ੍ਹਾਇਆ,
ਤੱਤੀਆਂ-ਠੰਢੀਆਂ ਤੋਂ ਬਚਾਇਆ।
ਰੱਖ ਨੌਂ ਮਹੀਨੇ ਲੁਕੋ ਕੇ ਢਿਡ ਵਿਚ,
ਇਸ ਫ਼ਾਨੀ ਸੰਸਾਰ ਦਾ ਰਾਹ ਦਿਖਾਇਆ।
ਬਦਲੇ ਦੇ ਵਿਚ ਉਸ ਛਿੰਦੇ ਪੁੱਤ ਨੇ,
ਮਾਂ ਨੂੰ ਆਸ਼ਰਮ ਜਾ ਬਿਠਾਇਆ।

ਕੀ ਮਾਂ ਹੁਣ ਪਹਾੜੋਂ ਭਾਰੀ ਹੋ ਗਈ?
ਜਿਸ ਤੈਨੂੰ ਗੋਦੀ ਵਿਚ ਸੁਲਾਇਆ।
ਉਹਨੂੰ ਧੱਕੇ ਦੇ ਦੇ ਘਰੋਂ ਤੂੰ ਕੱਢਿਆ,
ਜੀਹਨੇ ਉਂਗਲੀ ਫੜ ਚੱਲਣਾ ਸਿਖਾਇਆ।

ਕੌਣ ਦੀਵਾ ਬਣ ਕੇ ਜਗਦੀ ਸੀ ਰਹਿੰਦੀ,
ਸੀ, ਜਿੰਨਾ ਚਿਰ ਤੂੰ ਘਰ ਨਾ ਆਇਆ।
ਤੇਰੇ ਤੋਂ ਦੋ ਵਕਤ ਦੀ ਰੋਟੀ ਵੀ ਨਾ ਸਰੀ?
ਆਪ ਭੁੱਖੀ ਰਹਿ ਤੈਨੂੰ ਜਿਸ ਰਜਾਇਆ।
ਤੈਨੂੰ ਤਾਪ ਚੜ੍ਹੇ ਓ ਮੁੱਕ ਜਾਂਦੀ ਸੀ,
ਵੇ ਜੀਹਦੀ ਰੂਹ ਨੂੰ ਤੂੰ ਤੜਫਾਇਆ।
ਆਪਣੀ ਮਾਂ ਨੂੰ ਮਾਰਨ ਦੇ ਦੋਸ਼ ਲੱਗਣਗੇ,
ਜਦ ਰੱਬ ਨੇ ਤੈਨੂੰ ਫਤਵਾ ਸੁਣਾਇਆ।
ਜਦ ਵੀ ਆਸ਼ਰਮ ਦਾ ਬੂਹਾ ਖੜਕਿਆ,
ਮਾਂ ਨੂੰ ਹੁੰਦਾ ਸੀ ਖੌਰੇ ਤੂੰ ਆਇਆ।

*-ਮਨਦੀਪ ਖਾਨਪੁਰੀ*
*ਫੋਨ: 97791-79060*

# ਵਰਤੋਂ ਕੰਪਿਊਟਰ ਦੀ

## ਸ਼ੌਰਟ ਕੱਟ ਕੀਅਜ਼-1

ਸ਼ੌਰਟ ਕੱਟ ਕੀਅਜ਼ ਪਗਡੰਡੀ ਵਾਂਗ ਹੁੰਦੀਆਂ ਹਨ, ਵਲ-ਵਲੇਵੇਂ ਖਾਂਦੇ ਵੱਡੇ ਰਾਹ ਦੀ ਥਾਂ ਨੱਕ ਦੀ ਸੇਧ ਬਣਾਈ ਪਗਡੰਡੀ ਵਾਂਗ, ਮਿੱਥੇ ਨਿਸ਼ਾਨੇ ਉੱਤੇ ਠਾਹ ਵੱਜਣ ਲਈ। ਜਿਹੜੀ ਕਮਾਂਡ ਕਈ ਪਾਪੜ ਵੇਲ ਕੇ ਦਿੱਤੀ ਜਾ ਸਕਦੀ ਹੈ, ਉਹੀ ਕਮਾਂਡ ਦੋ ਕੁ ਕੀਅਜ਼ ਦਬਾ ਕੇ ਦਿੱਤੀ ਜਾਂਦੀ ਹੈ। ਇਹੋ ਹੀ ਸ਼ੌਰਟ ਕੱਟ ਕੀਅ ਹੈ। ਸਰਬ-ਪ੍ਰਵਾਨਿਤ ਸ਼ੌਰਟ

ਕਿਰਪਾਲ ਸਿੰਘ ਪੰਨੂੰ
ਫੋਨ: 365-994-8850,
ਡਾ. ਰਾਜਵਿੰਦਰ ਸਿੰਘ
ਫੋਨ: 94633-27683

| ਕਾਰਜ | Short Cut Keys |
|---|---|
| ਪੁਰਾਣੀ ਫਾਈਲ ਖੋਹਲੋ | Ctrl+o |
| ਨਵੀਂ ਫਾਈਲ ਖੋਹਲੋ | Ctrl+n |
| ਸੇਵ ਡਾਕੂਮੈਂਟ | Ctrl+s |
| ਸਿਲੈਕਟ ਆਲ | Ctrl+a |
| ਕਾਪੀ ਕਰੋ | Ctrl+c |
| ਕੱਟ ਕਰੋ | Ctrl+x |
| ਪੇਸਟ ਕਰੋ | Ctrl+v |
| ਅਨਡੂ | Ctrl+z |
| ਰੀਡੂ | Ctrl+y |
| ਗੋਟੂ | Ctrl+g |
| ਫਾਈਂਡ | Ctrl+f |
| ਫਾਈਂਡ ਐਂਡ ਰੀਪਲੇਸ | Ctrl+h |
| ਚੈੱਕ ਸਪਲਿੰਗ | F7 |
| ਸਮ-ਅਰਥ ਲੱਭੋ | Shift+F7 |
| ਨਾਰਮਲ ਵਿਊ | Ctrl+Alt+n |
| ਅਲਾਈਨਮੈਂ ਲੈਫਟ | Ctrl+l |
| ਅਲਾਈਨਮੈਂਟ ਰਾਈਟ | Ctrl+r |
| ਅਲਾਈਨਮੈਂਟ ਸੈਂਟਰ | Ctrl+e |
| ਅਲਾਈਨਮੈਂਟ ਜਸਟੀਫਾਈ | Ctrl+j |
| ਬੋਲਡ | Ctrl+b |
| ਇਟੈਲਿਕਸ | Ctrl+i |
| ਅੰਡਰਲਾਈਨ | Ctrl+u |

ਕੱਟ ਕੀਅਜ਼ ਦੀ ਪੂਰੀ ਸੂਚੀ ਬੜੀ ਲੰਮੀ ਹੈ, ਜੋ ਗੂਗਲ 'ਤੇ ਸਰਚ ਕਰ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ ਪਰ ਆਮ ਵਰਤੋਂ ਵਿਚ ਆਉਣ ਵਾਲ਼ੀਆਂ ਸ਼ੌਰਟ ਕੱਟ ਕੀਅਜ਼ ਦੀ ਸਾਰਣੀ ਨਾਲ਼ ਦਿੱਤੀ ਗਈ ਹੈ। ਇਨ੍ਹਾਂ ਨੂੰ ਯਾਦ ਕਰਨਾ ਬਹੁਤ ਆਸਾਨ ਹੈ।

**ਸ਼ੌਰਟ ਕੱਟ ਕੀਅਜ਼ ਬਣਾਉਣੀਆਂ:** ਆਪਣੀ ਲੋੜ ਅਨੁਸਾਰ ਕਈ ਵੇਰ ਸ਼ੌਰਟ ਕੱਟ ਕੀਅਜ਼ ਆਪ ਵੀ ਬਣਾਉਣੀਆਂ ਪੈਂਦੀਆਂ ਹਨ। ਹੈ ਇਹ ਵੀ ਬਣਾਉਣੀਆਂ ਬਹੁਤ ਸੌਖੀਆਂ। ਜਿਸ ਕਾਰਜ ਲਈ ਵੀ ਇਹ ਬਣਾਉਣੀਆਂ ਹੋਣ, ਬਣਾਉਣ ਦਾ ਪ੍ਰਬੰਧ ਵੀ ਉੱਥੇ ਹੀ ਦਿੱਤਾ ਹੋਇਆ ਹੁੰਦਾ ਹੈ।

**ਸਿੰਬਲ ਬਣਾਉਣ ਲਈ:** ਕੀਅ ਬੋਰਡ ਰਾਹੀਂ ਆਮ ਹਾਲਤ ਵਿਚ ਅਸੀਂ 96 (26+22 = 48 * 2 = 96) ਕੁ ਚਿੰਨ੍ਹ ਟਾਈਪ ਕਰ ਸਕਦੇ ਹਾਂ। ਪਰ ਇਸ ਤੋਂ ਵੱਧ ਚਿੰਨ੍ਹ ਟਾਈਪ ਕਰਨ ਦੀ ਲੋੜ ਪੈਂਦੀ ਰਹਿੰਦੀ ਹੈ। ਇਸ ਹਾਲਤ ਵਿਚ ਲੋੜੀਂਦੇ ਸਿੰਬਲ ਦੀ ਸ਼ੌਰਟ ਕੱਟ ਕੀਅ ਬਣਾ ਲਈ ਜਾਂਦੀ ਹੈ। ਜਿਵੇਂ ਕਿ ਧਾਰਮਿਕ ਐਡਾਂ ਵਿਚ 'ਖੰਡਾ-ਕਿਰਪਾਨ' ਜਾਂ ਕਿਸੇ ਵੀ ਹੋਰ ਧਾਰਮਿਕ ਚਿੰਨ੍ਹ ਦੀ ਲੋੜ ਪੈ ਸਕਦੀ ਹੈ।

ਜਿਸ ਵੀ ਫੌਂਟ ਦੀ ਸਮਰੱਥਾ ਤੇ ਸੀਮਾ ਦੇਖਣੀ ਹੋਵੇ ਤਾਂ ਉਸ ਦੇ ਸਿੰਬਲ ਚਾਰਟ ਵਿਚ ਜਾ ਕੇ ਦੇਖ ਸਕੀਦਾ ਹੈ। ਉਸ ਵਿਚ ਦਰਸਾਏ ਗਏ ਸਾਰੇ ਸਿੰਬਲ ਟਾਈਪ ਕੀਤੇ ਜਾ ਸਕਦੇ ਹਨ। ਉਸ ਫੌਂਟ ਵਿਚ, ਉਸ ਤੋਂ ਬਾਹਰਾ ਕੋਈ ਵੀ ਸਿੰਬਲ ਟਾਈਪ ਨਹੀਂ ਕੀਤਾ ਜਾ ਸਕਦਾ। ਹਾਂ ਦੂਸਰੀ ਕਿਸੇ ਵੀ ਫੌਂਟ ਦਾ ਕੋਈ ਵੀ ਸਿੰਬਲ ਟਾਈਪ ਕੀਤਾ ਜਾ ਸਕਦਾ ਹੈ। ਇਸ ਦਾ ਭਾਵ ਹੈ ਕਿ ਕੰਪਿਊਟਰ ਵਿਚ ਹਾਜ਼ਰ ਸਾਰੀਆਂ ਫੌਂਟਾਂ ਦੇ ਬੇਅੰਤ ਸਿੰਬਲ ਟਾਈਪ ਕੀਤੇ ਜਾ ਸਕਦੇ ਹਨ ਅਤੇ ਉਨ੍ਹਾਂ ਦੀਆਂ ਸ਼ੌਰਟ ਕੱਟ ਕੀਅਜ਼ ਬਣਾਈਆਂ ਜਾ ਸਕਦੀਆਂ ਹਨ। ਸਿੰਬਲ ਚਾਰਟ ਖੋਲ੍ਹਣ ਦੀ ਵਿਧੀ ਹੈ; ਕਮਾਂਡ ਟੈਬ 'ਇਨਸਰਟ' ਕਲਿੱਕ, ਰਿਬਨ ਦੇ ਸੱਜੇ ਅਖੀਰ ਸਿੰਬਲ ਕਮਾਂਡ ਸੈੱਟ, ਸਿੰਬਲ-ਤੀਰ ਕਲਿੱਕ, ਹੇਠਾਂ ਮੋਰ ਸਿੰਬਲਜ਼ ਕਲਿੱਕ। ਅੱਗੇ ਬਣਿਆ ਸਿੰਬਲ ਚਾਰਟ ਖੁੱਲ੍ਹ ਜਾਇਗਾ।

**ਲੰਮੀਆਂ ਵਾਟਾਂ:** ਕਰਸਰ ਵਾਲ਼ੀ ਥਾਂ ਉੱਤੇ ਸ਼ਾਹ-ਰਾਹ ਰਾਹੀਂ ਸਿੰਬਲ ਟਾਈਪ ਕਰਨ ਦੀਆਂ ਤਿੰਨ ਵਿਧੀਆਂ ਹਨ। ਪਹਿਲੀ ਵਿਧੀ; ਲੋੜੀਂਦੀ ਫੌਂਟ ਦਾ ਸਿੰਬਲ ਚਾਰਟ ਖੋਲ੍ਹੋ। ਸਿੰਬਲ ਕਲਿੱਕ, ਇਨਸਰਟ ਕਮਾਂਡ ਕਲਿੱਕ। ਦੂਸਰੀ ਵਿਧੀ; ਲੋੜੀਂਦੇ ਸਿੰਬਲ ਨੂੰ ਡਬਲ ਕਲਿੱਕ ਕਰੋ। ਤੀਸਰੀ ਵਿਧੀ; ਪਹਿਲੋਂ ਚੈੱਕ ਕਰ ਲਵੋ ਕਿ ਕੀ ਨਿਊਮੈਰੀਕਲ





ਕੀਅ ਭਾਗ ਵਿਚ 'ਨੰਬ ਲੌਕ' ਔਨ ਹੈ। ਇਸ ਹਾਲਤ ਵਿਚ ਜੇ ਨੰਬਰ ਕੀਅ 0 ਤੋਂ 9 ਤੱਕ ਕੋਈ ਵੀ ਦਬਾਈ ਜਾਇਗੀ ਤਾਂ ਉਹ ਨੰਬਰ ਟਾਈਪ ਹੋ ਜਾਇਗਾ। ਫਿਰ ਖੱਬੇ ਹੱਥ ਨਾਲ਼ ਆਲਟ ਕੀਅ ਦਬਾਈ ਰੱਖੋ ਅਤੇ ਸੱਜੇ ਹੱਥ ਨਾਲ਼ ਨਿਊਮੈਰੀਕਲ ਕੀਆਂ ਵਿਚੋਂ 0 ਤੇ ਸਿੰਬਲ ਦਾ ਕੋਡ ਟਾਈਪ ਕਰੋ ਅਤੇ ਆਲਟ ਕੀਅ ਛੱਡ ਦਿਓ। ਸਿੰਬਲ ਟਾਈਪ ਹੋ ਜਾਇਗਾ। ਖੰਡਾ ਕਿਰਪਾਨ ਦਾ ਅਨਮੋਲ, ਚਾਤ੍ਰਿਕ ਆਦੀ ਫੌਂਟਾਂ ਵਿਚ ਕੋਡ 199 ਹੈ ਸੋ ਇਸਨੂੰ ਟਾਈਪ ਕਰਨ ਲਈ ਕਮਾਂਡ ਹੈ; ਆਲਟ + 0199.

**ਸ਼ੌਰਟ ਕੱਟ ਕੀਅ ਬਣਾਉਣ ਦੀ ਵਿਧੀ:** ਸਿੰਬਲ ਚਾਰਟ ਵਿਚ ਸਿੰਬਲ ਦੇਖਣ ਦੀਆਂ ਦੋ ਔਪਸ਼ਨਾਂ ਹਨ। ਪਹਿਲੀ ਸਿੰਬਲਜ਼, ਦੂਸਰੀ ਸਪੈਸ਼ਲ ਕਰੈਕਟਰਜ਼। ਪਹਿਲੀ ਸਿੰਬਲਜ਼ ਕਲਿੱਕ, ਫੌਂਟ ਲਾਈਨ ਵਿਚ ਆਪਣੀ ਇੱਛਾ ਦੀ ਫੌਂਟ ਸਿਲੈੱਕਟ ਕਰੋ, ਉਸ ਫੌਂਟ ਦਾ ਸਿੰਬਲਜ਼ ਚਾਰਟ ਖੁੱਲ੍ਹ ਜਾਇਗਾ। ਜੇ ਸਾਰੇ ਸਿੰਬਲ ਦਿਖਾਈ ਨਾ ਦੇਣ ਤਾਂ ਸੱਜੇ ਪਾਸੇ ਹੇਠਲੀ ਲਾਲ ਲਕੀਰ ਵਿਚ ਫਰੌਮ-ਤੀਰ ਕਲਿੱਕ ਕਰ ਕੇ ਹਲਕਾ ਪੀਲ਼ਾ ਬੌਕਸ ਖੁੱਲ੍ਹ ਜਾਇਗਾ। ਫੌਂਟ ਅਨੁਸਾਰ ਯੂਨੀਕੋਡ ਜਾਂ ਆਸਕੀ ਡੈਸੀਮਲ ਕਲਿੱਕ ਕਰੋ, ਫੌਂਟ ਦੇ ਪੂਰੇ ਸਿੰਬਲ ਉਜਾਗਰ ਹੋ ਜਾਣਗੇ। ਆਪਣੀ ਇੱਛਾ ਦਾ ਸਿੰਬਲ (ਖੰਡਾ-ਕਿਰਪਾਨ) ਲੱਭ ਕੇ ਕਲਿੱਕ ਕਰੋ, ਉਹ ਸਿਲੈੱਕਟ ਹੋ ਜਾਇਗਾ। ਹੇਠਾਂ ਸ਼ੌਰਟ ਕੱਟ ਕੀਅ ਕਲਿੱਕ ਕਰੋ ਇੱਕ ਨਵੀਂ 'ਕਸਟੋਮਾਈਜ਼ ਵਿੰਡੋ' ਦਾ ਬੌਕਸ ਖੁੱਲ੍ਹ ਜਾਇਗਾ।

ਇਸ ਵਿਚ ਪ੍ਰੈੱਸ ਨਿਊ ਸ਼ੌਰਟ ਕੱਟ ਕੀਅ ਦੇ ਘਰ ਨੂੰ ਜੇ ਧਿਆਨ ਨਾਲ਼ ਦੇਖੋ ਤਾਂ ਇਸ ਵਿਚ ਕਰਸਰ ਬਲਿੰਕ ਕਰਦਾ ਦਿਖਾਈ ਦੇਵੇਗਾ ਅਤੇ ਉਸਦੇ ਥੱਲੇ ਚੁਣੇ ਗਏ ਸਿੰਬਲ ਦਾ ਚਿੱਤਰ ਹੋਵੇਗਾ। ਆਲਟ ਕੀਅ ਦੱਬੀਂ ਰੱਖ ਕੇ 'ਕੇ ਅੱਖਰ' ਟਾਈਪ ਕਰੋ ਤਾਂ ਆਲਟ + ਕੇ ਟਾਈਪ ਹੋ ਜਾਇਗਾ। ਹੁਣ ਕਰੰਟਲੀ ਅਸਾਈਂਡ ਟੂ ਦੇ ਸਾਹਮਣੇ ਦੇਖ ਲਵੋ ਕਿ ਕਿਧਰੇ ਇਹ ਕੀਅ ਪਹਿਲੋਂ ਹੀ ਕਿਸੇ ਸਿੰਬਲ ਜਾਂ ਕਾਰਜ ਨੂੰ ਨਾ ਅਸਾਈਨ ਹੋਵੇ। ਜੇ ਨਹੀਂ ਤਾਂ ਹੇਠਲੇ ਖੱਬੇ ਕੋਨੇ ਵਿਚ ਅਸਾਈਨ ਕਮਾਂਡ ਕਲਿੱਕ ਕਰੋ ਅਤ ਕਲੋਜ ਕਰੋ। ਹੁਣ ਜਦੋਂ ਵੀ ਜਿੱਥੇ ਵੀ ਆਲਟ + ਕੇ ਸ਼ੌਰਟ ਕੱਟ ਕਮਾਂਡ ਦੇਵੋਗੇ ਕਰਸਰ ਵਾਲ਼ੀ ਥਾਂ ਉੱਤੇ ਖੰਡਾ-ਕਿਰਪਾਨ ਟਾਈਪ ਹੋ ਜਾਇਗਾ।

ਲਾਲ ਬੱਤੀ: ਭੁੱਲ ਕੇ ਵੀ 'ਰੀਸੈੱਟ ਆਲ...' ਕਮਾਂਡ ਨੂੰ ਕਲਿੱਕ ਨਹੀਂ ਕਰਨਾ। ਇਹ ਤੁਹਾਡੀਆਂ ਬਣਾਈਆਂ ਸਾਰੀਆਂ ਸ਼ੌਰਟ ਕੱਟ ਕੀਅਜ਼ ਅਤੇ ਮੈਕਰੋ ਨੂੰ ਸਾਫ ਕਰ ਦੇਵੇਗੀ। ਜੋ ਫਿਰ ਅਨਡੂ ਕਰਨ ਨਾਲ਼ ਵੀ ਹੱਥ ਨਹੀਂ ਆਉਣਗੀਆਂ। ਮੁੜ ਕੇ ਸਾਰੀਆਂ ਦੋਬਾਰਾ ਬਣਾਉਣੀਆਂ ਪੈਣਗੀਆਂ।




(ਚੱਲਦਾ ...)

# ਤੀਸਰੀ ਅੱਖ ਦੇ ਝਰੋਖੇ 'ਚੋਂ

ਸਮਝ ਨਹੀਂ ਆਉਂਦੀ ਪੰਜਾਬ ਦੇ ਲੋਕ 70 ਸਾਲ ਖਾਮੋਸ਼ ਰਹੇ ਤੇ ਹੁਣ ਜਦੋਂ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਬਣੇ ਤਾਂ ਲੋਕ ਚਾਹੁੰਦੇ ਹਨ ਪੰਜਾਬ ਦੇ ਮਸਲੇ ਇਕ ਦਮ ਹਲ ਹੋ ਜਾਣ। ਜਿਹੜੇ ਆਪ ਹਾਰੇ ਹਨ, ਉਹੀ ਸਲਾਹਾਂ ਦੇ ਰਹੇ ਹਨ। ਜੇ ਪੁੱਛਿਆ ਜਾਵੇ ਕਿ ਤੁਸੀਂ ਕਿਹੜਾ ਕੱਦੂ ਚ ਤੀਰ ਮਾਰ ਲਿਆ ਸੀ ਸਗੋਂ ਪੰਜਾਬ ਨੂੰ ਕਰਜਾਈ ਕਰ ਦਿੱਤਾ। ਮੈਨੂੰ ਕਿਸੇ ਉਘੇ ਲੇਖਕ ਦੀ ਗੱਲ ਯਾਦ ਆ ਗਈ ਕਿ ਜਿੱਤੇ ਹੋਏ ਬੰਦੇ ਦੀ ਸਲਾਹ ਤੇ ਹਾਰੇ ਹੋਏ ਦਾ ਤਜਰਬਾ ਜ਼ਰੂਰ ਸੁਣਨਾ ਚਾਹੀਦਾ।



ਦੇਵਿੰਦਰ ਕੌਰ ਧਾਲੀਵਾਲ

ਨਵੀਂ ਸਰਕਾਰ ਦੀ ਅਜੇ ਭਰਤੀ ਵੀ ਪੂਰੀ ਨਹੀਂ ਹੋਈ, ਲੋਕ ਸੋਚਦੇ ਹਨ ਰਾਤੋ-ਰਾਤ ਪੰਜਾਬ 'ਚ ਤਬਦੀਲੀ ਆ ਜਾਏ। ਜਰਾ ਸੋਚੋ ਤੇ ਸਹੀ ਨਵੀਂ ਆਈ ਵਹੁਟੀ ਨੂੰ ਵੀ ਸੱਤ ਦਿਨ ਕੰਮ ਤੇ ਨਹੀ ਲਾਉਂਦੇ। ਉਲਝੀ ਤਾਣੀ ਇਕ ਦਮ ਨਹੀ ਸੁਲਝਾਈ ਜਾਣੀ, ਸਮਾਂ ਲੱਗੇਗਾ।

ਭਲਿਉ ਲੋਕੋ, ਅਗਲੇ ਨੂੰ ਪਹਿਲਾਂ ਪਾਣੀ ਦੇ ਦੋ ਘੁੱਟ ਤਾਂ ਪੀ ਲੈਣ ਦਿਉ। ਸਾਡਾ ਕੰਮ ਹੈ ਜੇ ਕੋਈ ਹੱਥ ਫੜਾਉਂਦਾ ਤਾਂ ਉਹਦੀ ਪੂਰੀ ਬਾਂਹ ਹੀ ਖਿੱਚਣ ਨੂੰ ਫਿਰਦੇ ਆ।

ਜਦੋਂ ਵੀ ਸਰਕਾਰ ਬਦਲਦੀ, ਪਹਿਲੀ ਸਰਕਾਰ ਦੂਸਰੀ ਨੂੰ ਕਹਿ ਜਾਂਦੀ ਹੈ ਖਜਾਨਾ ਖਾਲੀ ਹੈ। ਖਾਲੀ ਕਿਉਂ ਹੈ, ਕਿਉਂਕਿ ਦੁਰਵਰਤੋਂ ਹੋਈ ਹੈ। ਖਜਾਨੇ ਦੇ ਮੰਤਰੀ ਨੂੰ ਪਤਾ ਹੋਣਾ ਚਾਹੀਦਾ ਹੈ, ਅਗਰ ਜੇਬ 'ਚ ਇਕ ਰੁਪਿਆ ਹੈ, ਦੋ ਕਿਵੇਂ ਖਰਚੇ ਗਏ। ਖ਼ਾਲੀ ਖਜਾਨੇਂ ਦਾ ਇਵਜਾਨਾਂ ਭੋਲੇ-ਭਾਲੇ ਲੋਕਾਂ ਨੂੰ ਭਰਨਾ ਪੈਂਦਾ ਹੈ। ਮਹਿੰਗਾਈ ਕਰਕੇ ਉਹ ਖ਼ੁਦਕੁਸ਼ੀਆਂ ਕਰਦੇ ਹਨ।

ਕਿੱਡੀ ਬੇਸ਼ਰਮੀ ਦੀ ਗੱਲ ਹੈ ਕਿ ਪੁਰਾਣੀ ਸਰਕਾਰ ਨਵੀਂ ਸਰਕਾਰ ਦੇ ਹੱਥ ਖਾਲੀ ਖਜਾਨੇ ਦਾ ਰਜਿਸਟਰ ਫੜਾ ਕੇ ਹੱਥ ਝਾੜ ਕੇ ਚਲੇ ਜਾਂਦੇ ਹਨ ਉਸ ਵਕਤ ਉਨ੍ਹਾਂ ਦੀ ਨੈਤਿਕਤਾ ਕਿੱਥੇ ਚਲੇ ਜਾਂਦੀ ਹੈ?

ਪੁਰਾਣੀ ਸਰਕਾਰ ਨੂੰ ਚਾਹੀਦੈ, ਆਦਰ ਨਾਲ ਨਵੀਂ ਸਰਕਾਰ ਨੂੰ ਖਜਾਨੇ ਦਾ ਵੇਰਵਾ ਦੇਵੇ। ਇਹ ਤਾਂ ਹੀ ਹੋਵੇਗਾ, ਅਗਰ ਦੇਸ ਲਈ ਸ਼ਹੀਦੇ ਆਜ਼ਮ ਸ. ਭਗਤ ਸਿੰਘ ਤੇ ਰਾਜ ਗੁਰੂ ਸੁਖਦੇਵ ਵਾਂਗ ਦੇਸ ਲਈ ਪਿਆਰ ਅਤੇ ਦਰਦ ਹੋਵੇਗਾ ਜਿਵੇਂ ਮਾਂ ਦਾ ਇਕ ਬੱਚੇ ਲਈ ਹੁੰਦਾ। ਸਿਰਫ ਅਹੁਦੇ ਤੇ ਭੱਤੇ ਲੈਣ ਲਈ ਅਜਿਹੇ ਲੋਕਾਂ ਨੂੰ ਭਰਤੀ ਨਹੀਂ ਕਰਨਾ ਚਾਹੀਦਾ ਕਿਉਂਕਿ ਇਹੋ ਜਿਹੇ ਲੋਕਾਂ ਨਾਲ ਪਾਰਟੀ ਦੀ ਹਾਰ ਯਕੀਨਨ ਹੈ।

ਸਾਡੇ ਵਰਗੇ ਭਾਵੇਂ ਪੰਜਾਬ ਨਹੀ ਰਹਿੰਦੇ ਤਾਂ ਵੀ ਆਪਣੇ ਪਿੰਡ ਦੇ ਵਿਕਾਸ ਲਈ ਆਪਣਾ ਬਣਦਾ ਯੋਗਦਾਨ ਪਾ ਕੇ ਆਉਂਦੇ ਹਨ। ਸਾਡੇ ਪਿੰਡ 70 ਸਾਲ ਬੀਤ ਜਾਣ ਤੋ ਬਾਦ ਵੀ ਅਜੇ ਨਾਲ਼ੀਆਂ ਪੱਕੀਆਂ ਨਹੀਂ ਹੋਈਆਂ। ਕੁਝ ਕੁ ਸਾਲ ਹੋਏ ਤੁਸੀਂ ਅਖਬਾਰਾਂ ਚ ਪੜਿਆ ਹੋਵੇਗਾ ਸਾਡੇ ਪਿੰਡ ਸਮਰਾੜੀ ਤਹਿਸੀਲ ਫਿਲੌਰ ਚ ਸੜਕ ਦਾ ਡੇਢ ਕਿੱਲੋਮੀਟਰ ਦਾ ਟੋਟਾ ਜੋ ਟੁੱਟ ਗਈ ਸੀ ਕਿਸੇ ਨੇ ਬਣਾਇਆ ਨਹੀ, ਲੋਕਾਂ ਨੇ ਗ਼ੁੱਸੇ ਚ ਆ ਕੇ ਜਦੋਂ ਉਥੇ ਝੋਨਾਂ ਬੀਜ ਦਿੱਤਾ ਤੇ ਸ਼ਾਇਦ ਫਿਰ ਬਣਾਈ ਸੀ। ਸਾਡੇ ਪਿੰਡ ਅਜੇ ਤੱਕ ਕਾਲਿਜ ਨਹੀ ਬਣਿਆ। ਬੱਚਿਆਂ ਨੂੰ ਬੱਸਾਂ ਚ ਧੱਕੇ ਖਾ ਕੇ ਪੜਨ ਜਾਣਾ ਪੈਂਦਾ। ਬੱਚੇ ਸਫਰ ਵਿਚ ਐਨਾਂ ਥੱਕ ਜਾਂਦੇ ਹਨ, ਸਕੂਲ ਜਾ ਕੇ ਪੜਾਈ ਕੀ ਕਰਨੀ ਹੈ। ਬੜੀ ਸੱਧਰ ਸੀ ਸਾਡੇ ਪਿੰਡ ਕਾਲਿਜ ਬਣ ਜਾਂਦਾ। ਮੇਰੇ ਪਿੰਡ ਦੇ ਲੋਕ ਐਨੇ ਭੋਲੇ ਹਨ, ਉਨ੍ਹਾਂ ਨੂੰ ਇਹ ਵੀ ਨਹੀਂ ਪਤਾ, ਐਮ ਐਲ ਏ ਕੌਣ ਹੈ। ਬੱਚਾ ਜੋ ਜ਼ਿਆਦਾ ਰੋਂਦਾ ਮਾਂ ਉਹਦਾ ਜ਼ਿਆਦਾ ਖਿਆਲ ਰੱਖਦੀ ਹੈ। ਮੇਰੇ ਪਿੰਡ ਦੇ ਲੋਕਾਂ ਨੂੰ ਅਜੇ ਰੋਣਾਂ ਨਹੀਂ ਆਇਆ ਤੇ ਮੇਰੇ ਪਿੰਡ ਵਰਗੇ ਹੋਰ ਵੀ ਅਨੇਕਾਂ ਪਿੰਡ ਹਨ ਜੋ ਅਜੇ ਕਿਸੇ ਦੀ ਨਜ਼ਰ ਚ ਨਹੀਂ ਆਏ।



ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅੱਜ ਉਨ੍ਹਾਂ ਲੋਕਾਂ ਵਿਚੋਂ ਹੀ ਮੁੱਖ ਮੰਤਰੀ ਬਣਿਆ ਜਿਸਨੂੰ ਪੰਜਾਬ ਤੇ ਪੰਜਾਬੀਆਂ ਦੇ ਸੁਭਾ ਦਾ ਚੰਗੀ ਤਰ੍ਹਾਂ ਪਤਾ ਹੈ। ਸਾਡੇ ਲੋਕ ਬਹੁਤ ਵਾਰ ਬੰਦੇ ਨੂੰ ਅੰਡਰ ਐਸਟੀਮੇਟ ਕਰਦੇ ਹਨ, ਉਸਦੀ ਪੂਰੀ ਤਾਕਤ ਨੂੰ ਜਾਣਦੇ ਨਹੀਂ। ਉਹ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦੀ ਸੋਚ 'ਤੇ ਪਹਿਰਾ ਦੇ ਰਹੇ ਹਨ ਇਸਦਾ ਸਾਨੂੰ ਮਾਣ ਹੈ।

ਜੇ ਘਰ ਦਾ ਇਕ ਮੈਂਬਰ ਸਫਾਈ ਕਰਦਾ ਤਾਂ ਬਾਕੀ ਦੱਸ ਗੰਦ ਪਾਈ ਜਾਂਦੇ ਹਨ ਤਾਂ ਉਨ੍ਹਾਂ ਲਈ ਅਸੂਲ ਸਿੱਟ ਕਰਨੇ ਪੈਣਗੇ। ਜਦੋਂ ਬੰਦਾ ਅਸੂਲਾਂ ਦਾ ਆਦੀ ਹੋ ਜਾਂਦਾ ਫਿਰ ਉਸਨੂੰ ਉਸ ਵਿਚੋਂ ਲੁੱਤਫ ਆਉਣਾ ਸ਼ੁਰੂ ਹੋ ਜਾਂਦੈ। ਸ਼ੁਰੂਆਤ ਕਦੇ ਵੀ ਮਾੜੀ ਨਹੀਂ ਜਿਸ ਨਾਲ ਜੀਵਨ ਸਵੱਛ ਰੂਪ ਵਿਚ ਤਬਦੀਲ ਹੋ ਜਾਏ।

ਤੁਹਾਡੇ ਮੁੱਖ ਮੰਤਰੀ ਭਗਵੰਤ ਮਾਨ ਕੋਲ ਜਾਦੂ ਦੀ ਛੜੀ ਨਹੀਂ ਜਿਸ ਨਾਲ ਇਕ ਦਮ ਰੰਗਲਾ ਪੰਜਾਬ ਬਣ ਜਾਏਗਾ। ਹਾਂ, ਉਨ੍ਹਾਂ ਦੇ ਚੰਗੇ ਅਸੂਲ ਜੋ ਸਿੱਟ ਕੀਤੇ ਹਨ, 'ਤੇ ਚਲਦਿਆਂ ਪੂਰਾ ਸਹਿਯੋਗ ਦਿਉਗੇ ਤਾਂ ਕੁਝ ਵੀ ਨਾਮੁਮਕਿਨ ਨਹੀਂ ਹੈ।

ਮੈਂ ਨਾਮੁਮਕਿਨ ਕੋ ਮੁਮਕਿਨ ਕਰ ਦੂੰਗਾ
ਮੈਂ ਪੰਜਾਬ ਕਾ ਦਾਮਨ
ਫਿਰ ਰੰਗੋਂ ਸੇ ਭਰ ਦੂੰਗਾ।

ਉਰਦੂ ਦਾ ਇਕ ਸ਼ੇਅਰ ਹੈ,
ਮੈ ਅਕੇਲਾ ਹੀ ਚਲਾ ਥਾਂ ਜਾਂਬੇ ਮੰਜਿਲ
ਲੋਗ ਆਤੇ ਗਏ ਔਰ
ਕਾਫ਼ਲਾ ਬਨਤਾ ਗਿਆ।

ਸਾਰਿਆਂ ਨੂੰ ਕਾਫ਼ਲਾ ਬਣਾ ਕੇ ਚਲਣਾ ਪਵੇਗਾ। ਪੰਜਾਬ ਨੂੰ ਮੁੜ ਪੰਜਾਬ ਬਣਾਉਣ ਵਿਚ ਸਭ ਨੂੰ ਡੱਟ ਕੇ ਮਿਹਨਤ ਕਰਨੀ ਪਵੇਗੀ ਤੇ ਸਰਕਾਰ ਦਾ ਸਾਥ ਦੇਣਾ ਪਵੇਗਾ।

ਜਿਨ੍ਹਾਂ ਪਾਰਟੀਆਂ ਨੇ ਵਧੀਆ ਕੰਮ ਕੀਤੇ ਹਨ ਉਹ ਵੀ ਨਜ਼ਰ ਵਿਚ ਹਨ।

ਮੈਂ ਆਪਣੇ ਪਿੰਡ ਸਮਰਾੜੀ, ਤਹਿਸੀਲ ਫਿਲੌਰ, ਜਿਲਾ ਜਲੰਧਰ ਅਤੇ ਆਪਣੇ ਆਲੇ-ਦੁਆਲੇ ਦੇ ਪਿੰਡਾਂ ਲਈ ਅਵਾਜ਼ ਬੁਲੰਦ ਕੀਤੀ ਹੈ। ਕੋਈ ਤਾਂ ਸੁਣੇਗਾ।

ਰੰਗਲਾ ਪੰਜਾਬ ਵੇਖਣ ਦੀ ਚਾਹਤ ਨਾਲ ਜੇ ਕੁਝ ਤਿੱਖਾ ਲਿਖਿਆ ਗਿਆ ਹੋਵੇ ਤਾਂ ਅਗਾਊਂ ਮੁਆਫ਼ੀ ਦੀ ਜਾਚਿਕ ਹਾਂ ਜੀ।

# ਪ੍ਰੋਫਾਈਲ ਲੌਕਡ

ਅੱਜ ਜ਼ਰੂਰੀ ਰੁਝੇਵਿਆਂ 'ਚੋਂ ਸਮਾਂ ਕੱਢ ਕੇ, ਕਾਫੀ ਦੇਰ ਬਾਅਦ, ਆਪਣੇ ਫੇਸਬੁੱਕ ਅਕਾਊਂਟ 'ਤੇ ਨਿਗ੍ਹਾ ਮਾਰੀ। ਬਹੁਤ ਸਾਰੇ ਫੇਸਬੁੱਕ ਮਿੱਤਰਾਂ ਦੇ ਮੇਰੀਆਂ ਪੋਸਟਾਂ ਸਬੰਧੀ ਪ੍ਰਤੀਕਰਮ ਆਏ ਹੋਏ ਸਨ। ਉਨ੍ਹਾਂ ਦੇ ਜਵਾਬ/ਹੁੰਗਾਰੇ ਦਿੱਤੇ। ਕੁਝ ਲੇਖਕਾਂ/ਸੱਜਣਾਂ, ਪਿਆਰਿਆਂ ਦੀ 'ਫ਼ਰੈਂਡ ਰਿਕੁਐਸਟ' ਆਈ ਹੋਈ ਸੀ, ਉਨ੍ਹਾਂ ਦੀ ਪ੍ਰੋਫਾਈਲ ਵੇਖੀ-ਕੌਣ ਹਨ, ਕੀ ਹਨ ਜਾਣਕਾਰੀ ਲੈ ਕੇ ਪ੍ਰਵਾਨ/ਅਪ੍ਰਵਾਨ ਕੀਤੀ।

ਮੈਂ ਅੱਜ ਤੱਕ ਖ਼ੁਦ ਕਿਸੇ ਨੂੰ ਵੀ



ਪ੍ਰੋ. ਨਵ ਸੰਗੀਤ ਸਿੰਘ
91+94176-92015

'ਫਰੈਂਡਸ਼ਿਪ' ਲਈ ਬੇਨਤੀ ਨਹੀਂ ਕੀਤੀ, ਕਿਸੇ ਵੱਲੋਂ ਆਏ ਹੁੰਗਾਰੇ ਨੂੰ ਹੀ ਪ੍ਰਵਾਨ/ਅਪ੍ਰਵਾਨ ਕੀਤਾ ਹੈ। ਇਸੇ ਸਿਲਸਿਲੇ ਵਿਚ ਦੋ 'ਵਿਦਵਾਨ' ਲੇਖਕਾਂ ਨੇ ਫੇਸਬੁੱਕ ਮਿੱਤਰਤਾ ਲਈ ਹੁੰਗਾਰਾ ਮੰਗਿਆ ਸੀ। ਪਰ ਮੈਂ ਇਹ ਜਾਣ ਕੇ ਹੈਰਾਨ ਹੋਇਆ ਕਿ ਉਨ੍ਹਾਂ ਨੇ ਆਪਣੀ 'ਪ੍ਰੋਫਾਈਲ ਲੌਕ' ਕੀਤੀ ਹੋਈ ਹੈ। ਹੁਣ ਮੈਂ ਬਿਨਾ ਜਾਣਿਆਂ ਤਾਂ ਮਿੱਤਰਤਾ ਪ੍ਰਵਾਨ ਕਰਦਾ ਨਹੀਂ। ਬਹਿਰਹਾਲ...ਉਨ੍ਹਾਂ ਵੱਲੋਂ ਆਏ ਸੱਦੇ ਨੂੰ ਮੈਂ ਨਾ ਤਾਂ ਪ੍ਰਵਾਨ ਕੀਤਾ, ਨਾ ਹੀ ਅਪ੍ਰਵਾਨ...ਕੀ ਕਰਦਾ...ਤੁਸੀਂ ਹੀ ਦੱਸੋ!

ਕਹਾਣੀ

# ਠੇਡਾ

***ਭਗਵੰਤ ਰਸੂਲਪੁਰੀ ਨੇ ਸਮਾਜ ਦੀ ਪੌੜੀ ਦੇ ਸਭ ਤੋਂ ਹੇਠਲੇ ਪੌਡਿਆਂ 'ਤੇ ਵਿਚਰ ਰਹੇ ਆਮ ਲੋਕਾਂ ਨੂੰ ਆਪਣੀਆਂ ਕਹਾਣੀਆਂ ਦਾ ਹਿੱਸਾ ਬਣਾਇਆ ਹੈ। ਪਿੱਛੇ ਜਿਹੇ ਉਸ ਦਾ ਨਾਵਲ 'ਜ਼ਰਖੇਜ਼' ਵੀ ਪ੍ਰਕਾਸ਼ਿਤ ਹੋਇਆ ਹੈ। 'ਠੇਡਾ' ਕਹਾਣੀ ਵਿਚ ਅਜਿਹੇ ਪਰਿਵਾਰ ਦੀ ਕਹਾਣੀ ਬਿਆਨ ਕੀਤੀ ਗਈ ਹੈ ਜਿਸ ਦੇ ਸਾਰੇ ਜੀਆਂ ਦੇ ਮੂੰਹ ਵੱਖ-ਵੱਖ ਕਾਰਨਾਂ ਕਰਕੇ ਵੱਖ-ਵੱਖ ਰਾਹਾਂ ਵੱਲ ਹਨ ਪਰ ਇਸ ਆਡੋ-ਪਾਟ ਤੋਂ ਤੰਗ ਘਰ ਦਾ ਬਜ਼ੁਰਗ ਸੰਭਲਣ ਦਾ ਯਤਨ ਕਰਦਾ ਹੈ।***



**ਭਗਵੰਤ ਰਸੂਲਪੁਰੀ**
**ਫੋਨ: 94170-64350**

ਹੁੱਕਾ ਪੀਂਦਿਆਂ ਚਾਨਣ ਅੰਦਰ ਵੱਲ ਝਾਕਦਾ ਬੋਲਦਾ ਏ, "ਪ੍ਰਕਾਸ਼ੋ! ਅੰਦਰੋਂ ਮੰਜਾ ਚੁੱਕ ਲਿਆ... ਮਿੰਦਰੀ ਆਈ ਆ... ਕੁੜੀ ਦੇ ਵਿਆਹ ਦੀ ਭੇਲੀ ਲੈ ਕੇ।"

ਪ੍ਰਕਾਸ਼ੋ ਅੰਦਰੋਂ ਭੱਜੀ ਆਉਂਦੀ ਏ। ਕੁੜੀ ਦੇ ਨੇੜੇ ਆ ਕੇ, "ਨੀਂ ਮਿੰਦਰੀ! ਅੰਦਰ ਧੁਸ ਦੇ ਕੇ ਆ ਵੜੀ, ਦਰਾਂ 'ਚ ਤੇਲ ਤਾਂ ਚਵਾ ਲੈਣ ਦਿੰਦੀ। ਸ਼ਗਨਾਂ ਦਾ ਕੰਮ ਹੁੰਦਾ। ਚੱਲ ਉੱਠ! ਭੇਲੀ ਆਲੀ ਗੰਢ ਨੂੰ ਦਲਾਨ ਅੰਦਰ ਲੈ ਆ, ਮੈਂ ਦਰਾਂ 'ਚ ਤੇਲ ਵੀ ਚਵਾ ਲਵਾਂ।" ਪ੍ਰਕਾਸ਼ੋ ਕਾਹਲੀ ਨਾਲ ਸ਼ਗਨ ਵਾਲਾ ਕੰਮ ਨਿਬੇੜ ਦੇਣਾ ਚਾਹੁੰਦੀ ਏ। ਘਰ ਆਈ ਮਿੰਦਰੋ ਨੂੰ ਵੇਖ ਉਹਨੂੰ ਚਾਅ ਚੜ੍ਹ ਜਾਂਦਾ ਏ।

ਉਧਰੋਂ ਚਾਨਣ ਨੂੰ ਸਾਹਮਣੇ ਕੋਠੇ 'ਤੇ ਘੁੰਮਦਾ ਆਪਣਾ ਮੁੰਡਾ ਸ਼ਾਮ ਸਿੰਘ ਦਿਸਦਾ ਏ। ਉਹ ਸ਼ਾਮੇ ਨੂੰ 'ਵਾਜ ਮਾਰ ਕੇ ਸੱਦ ਲੈਂਦਾ ਏ। ਐਨੇ ਨੂੰ ਨ੍ਹਾਮਾ ਵੀ ਆ ਜਾਂਦਾ ਏ। ਸ਼ਾਮ ਸਿੰਘ ਸਿਰ 'ਤੇ ਪਟਕਾ ਬੰਨ੍ਹ ਕੇ ਆ ਬੈਠਦਾ ਏ। ਛੋਟਾ ਮੁੰਡਾ ਰਾਮਾ ਤਾਂ ਚਾਨਣ ਦੇ ਨਾਲ ਹੀ ਰਹਿੰਦਾ ਏ। ਇਹ ਤਿੰਨੇ ਮੁੰਡੇ ਚਾਨਣ ਦੇ ਨੇ। ਸਾਰੇ ਆਪਣੇ-ਆਪਣੇ ਘਰ ਜੁਦੇ ਕੀਤੇ ਹੋਏ ਨੇ। ਉਹਨੇ ਚੜ੍ਹਦੀ ਉਮਰੇ ਸਾਰਿਆਂ ਦੇ ਵਿਆਹ ਕਰ ਦਿੱਤੇ ਸਨ- "ਲਓ ਬਈ, ਆਪਣੀ ਕਮਾਓ ਤੇ ਖਾਓ।" ਮਿੰਦਰੋ ਸਾਰਿਆਂ ਨਾਲੋਂ ਵੱਡੀ ਸੀ ਜਿਸ ਦੀ ਕੁੜੀ ਦਾ ਵਿਆਹ ਸੀ।

ਵਿਹੜੇ 'ਚ ਪ੍ਰਕਾਸ਼ੋ ਚਾਨਣ ਦੇ ਨੇੜੇ ਆ ਕੇ ਕਹਿਣ ਲੱਗਦੀ ਏ, "ਮੈਂ ਕਿਹਾ ਮਿੰਦਰੋ ਦੇ ਭਾਪਾ! ਨ੍ਹੇਰਾ ਕਾਹਨੂੰ ਕਰਨਾ। ਮਿੰਦਰੋ ਕੁੜੀ ਦੇ ਦਿਨ ਲੈ ਕੇ ਆਈ ਆ, ਐਵੇਂ ਗਿੱਲਾ ਪੀਹਣ ਨਾ ਪਾ ਕੇ ਬੈਠ ਜਾਵੀਂ... ਮੈਂ ਓਨਾ ਚਿਰ ਸ਼ਰੀਕੇ-ਭਾਈਚਾਰੇ ਨੂੰ ਕਹਿ ਆਵਾਂ। ਸ਼ਗਨਾਂ ਦਾ ਕੰਮ ਵੇਲੇ ਸਿਰ ਨਿਬੇੜ ਲਈਏ।"

"ਚਲੋ-ਚਲੋ।" ਰਾਮਾ ਤੇ ਨ੍ਹਾਮਾ ਇਕੱਠੇ ਉੱਠਦੇ ਕਹਿੰਦੇ ਨੇ। ਸ਼ਾਮ ਸਿੰਘ ਆਪਣੇ ਭਾਪੇ ਚਾਨਣ ਨੂੰ ਆਸਰਾ ਦਿੰਦਾ ਅੰਦਰ ਦਲਾਨ 'ਚ ਲੈ ਤੁਰਦਾ ਏ। ਸਾਰੇ ਥਾਓਂ-ਥਾਈਂ ਮੰਜਿਆਂ 'ਤੇ ਬੈਠ ਜਾਂਦੇ ਨੇ। ਸ਼ਰੀਕੇ ਦੀਆਂ ਬੁੜ੍ਹੀਆਂ ਆ ਜਾਂਦੀਆਂ ਨੇ। ਕੁਝ ਬੰਦੇ ਆ ਬੈਠਦੇ ਨੇ। 'ਵਧਾਈਆਂ ਨੀਂ ਕੁੜੀਏ... ਵਧਾਈਆਂ' ਦੀਆਂ ਆਵਾਜ਼ਾਂ ਤੋਂ ਬਾਅਦ ਸਾਰੇ ਟਿਕ ਜਾਂਦੇ ਨੇ।

"ਭੈਣੇ ਕਿਹੜਾ ਪੈਲੇਸ ਕੀਤਾ ਫੇ?" ਨ੍ਹਾਮਾ ਗੱਲ ਤੋਰਨ ਲਈ ਕਹਿੰਦਾ ਏ।

"ਪੈਲਸ ਤੇ ਭਰਾਵਾ ਖਬਰ ਨੀਂ ਰੈਲ-ਰੈਲ ਕਹਿੰਦੇ ਸੀ, ਕਾਰਡ 'ਤੇ ਲਿਖਿਆ ਸਾਰਾ ਕੁਛ।"

"ਆਨੰਦ ਕਾਰਜ ਤਾਂ ਪਿੰਡ ਆਲੇ ਗੁਰਦਵਾਰੇ ਹੋ ਜੂ ਗੇ।" ਸ਼ਾਮ ਸਿੰਘ ਸਿਰ 'ਤੇ ਬੰਨ੍ਹਿਆ ਪਟਕਾ ਠੀਕ ਕਰਦਾ ਬੋਲਦਾ ਏ।

"ਨਾ ਭਰਾਵਾ! ਸ਼ੁਭ-ਸ਼ੁਭ ਬੋਲ! ਲਾਗਲੇ ਪਿੰਡ ਸਾਡਾ ਚਰਚ ਜੂ ਆ... ਉੱਥੇ ਈ ਸ਼ਗਨਾਂ ਦੇ ਕੰਮ ਹੋ ਜਾਣੇ ਨੇ। ਪਾਸਟਰ ਜੀ ਨੇ ਮੈਰਜ ਕਰ ਦੇਣੀ ਆ। ਮੁੰਡੇ-ਕੁੜੀ ਨੇ ਇਕ ਦੂਜੇ ਦੇ ਹਾਰ ਪਾ ਦੇਣੇ ਆ। ਉੱਥੇ ਈ ਕੇਕ ਕੱਟ ਦੇਣਾ... ਤੈਨੂੰ ਪਤਾ ਤਾਂ ਹੈ... ਫੇ ਤੂੰ ਹਟਦਾ ਨੀਂ ਚੁਆਤੀ ਲਾਉਣ ਤੋਂ... ਨਾਲੇ ਕੁੜੀ ਕਹਿੰਦੀ ਸੀ, ਮਾਮਿਆਂ ਨੂੰ ਕਹੀਂ, ਮੈਂ ਵਿਆਹ 'ਤੇ ਗਾਊਨ ਪਾਉਣਾ... ਦੁੱਧ ਚਿੱਟਾ... ਉਨੇਂ ਆਪੇ ਪਸੰਦ ਕਰ ਲੈਣਾ... ਤੁਸੀਂ ਪੈਸੇ ਨਾਨਕਾ ਛੱਕ 'ਚ ਰੱਖ ਦਿਓ।" ਮਿੰਦਰੀ ਸ਼ਾਮ ਸਿੰਘ ਵੱਲ ਝਾਕਦੀ ਕਹਿੰਦੀ ਏ।

"ਅੱਛਾ... ਛਾ... ਆ।" ਵਿਹੜੇ ਦੀਆਂ ਦੋ-ਤਿੰਨ ਬੁੜ੍ਹੀਆਂ ਹੈਰਾਨ ਜਿਹੀਆਂ ਹੋ ਜਾਂਦੀਆਂ ਨੇ।

"ਹੁਣ ਤਾਂ ਉਲਟੀ ਨ੍ਹੇਰੀ ਵਗਣ ਲੱਗ ਪੀ ਆ...।" ਰਾਮਾ ਹੋਰ ਕਹਿੰਦਾ-ਕਹਿੰਦਾ ਰੁਕ ਜਾਂਦਾ ਏ। ਚਾਨਣ ਗੁੱਸੇ ਨਾਲ ਉਹਦੇ ਵੱਲ ਝਾਕਦਾ ਏ। ਰਾਮੇ ਦੇ ਗਲ 'ਚ ਪਾਇਆ 'ਹਰਿ' ਦਾ ਲਾਕਟ ਬਲਬ ਦੀ ਪੀਲੀ ਰੌਸ਼ਨੀ ਨਾਲ ਚਮਕਦਾ ਏ।

"ਚਲ ਕੋਈ ਨਾ... ਸਾਰੇ ਗੁਰੂ ਦੇ ਘਰ ਆ।" ਸ਼ਰੀਕੇ 'ਚੋਂ ਇਕ ਬਜ਼ੁਰਗ ਤੋਲਵੇਂ ਬੋਲ ਬੋਲਦਾ ਏ।

"ਚੱਲ ਕੁੜੀਏ ਤੂੰ ਆਪਣਾ ਕਾਰਜ ਕਰ।" ਪ੍ਰਕਾਸ਼ੋ ਸਾਰਿਆਂ ਦੀ ਸੋਚ ਤੋੜ ਦਿੰਦੀ ਏ।

"ਠਹਿਰ ਬੀਬੀ! ਪਹਿਲਾਂ ਪ੍ਰਾਰਥਨਾ ਤਾਂ ਕਰ ਲਈਏ।" ਮਿੰਦਰੀ ਉੱਠਦੀ ਬੋਲਦੀ ਏ। ਉਹ ਪ੍ਰਾਰਥਨਾ ਲਈ ਅਜੇ ਹੱਥ ਜੋੜਦੀ ਹੀ ਏ ਕਿ ਉਹਦਾ ਭਰਾ ਸ਼ਾਮ ਸਿੰਘ ਮੰਜੇ ਤੋਂ ਉੱਠ ਕੇ ਬਾਹਰ ਵੱਲ ਤੁਰਨ ਲੱਗਦਾ ਕਹਿੰਦਾ ਏ, "ਤੂੰ ਕਰੀ ਜਾ... ਅਸੀਂ ਤਾਂ ਕਰਦੇ ਨੀਂ।"

"ਮਿੰਦਰੀ ਭੈਣ! ਇਹ ਖੇਖਣ ਆਪਣੇ ਘਰ ਈ ਕਰਿਆ ਕਰੋ। ਏਥੇ ਤਾਂ ਜੈ ਗੁਰਦੇਵ-ਧੰਨ ਗੁਰਦੇਵ ਈ ਚੱਲਦਾ।" ਰਾਮਾ ਸਾਹਮਣੇ ਕੰਧ 'ਤੇ ਟੰਗੀਆਂ 'ਆਪਣੇ ਗੁਰੂਆਂ-ਸੰਤਾਂ' ਦੀਆਂ ਤਸਵੀਰਾਂ ਅੱਗੇ ਮੱਥਾ ਟੇਕਦਾ ਬਾਹਰ ਨਿਕਲ ਤੁਰਦਾ ਏ। ਨ੍ਹਾਮੇ ਨੇ ਭਾਵੇਂ ਬਿਆਸ ਜਾ ਕੇ 'ਨਾਮ-ਦਾਨ' ਲਿਆ ਹੋਇਆ ਏ ਪਰ ਉਹ ਖੜ੍ਹਾ ਰਹਿੰਦਾ ਏ। ਉਧਰ ਚਾਨਣ ਦੀ ਬੁੜ-ਬੁੜ ਵਧ ਜਾਂਦੀ ਏ। ਖੂੰਡੀ ਦੇ ਸਹਾਰੇ ਖੜ੍ਹਾ ਉਹ ਡੋਲਣ ਲੱਗ ਪੈਂਦਾ ਏ। ਨ੍ਹਾਮਾ ਉਹਨੂੰ ਸਾਂਭਦਾ ਏ, "ਭਾਪਾ ਤੂੰ ਚਿੰਤਾ ਨਾ ਕਰ।" ਨ੍ਹਾਮਾ ਆਪਣੇ ਭਾਪੇ ਨੂੰ ਸ਼ਾਂਤ ਰਹਿਣ ਲਈ ਕਹਿੰਦਾ ਏ।

"ਰਹਿਣ ਦੇ ਤੂੰ... ਰਹਿਣ ਦੇ ਤੂੰ... ਤੂੰ ਵੀ ਕਿਹੜਾ ਘੱਟ ਏਂ। ਤੈਨੂੰ ਵੀ ਮੇਰੇ ਹੁੱਕੇ ਤੋਂ ਮੁਸ਼ਕ ਆਉਂਦੀ। ਜਿਹਨੂੰ ਨਿੱਕਾ ਹੁੰਦਾ ਮੂੰਹ 'ਚ ਪਾ ਚੁੰਘਣ ਲੱਗ ਪੈਂਦਾ ਸੀ।" ਉਹ ਨ੍ਹਾਮੇ ਵੱਲ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਝਾਕਦਾ ਏ। ਫਿਰ ਪ੍ਰਕਾਸ਼ੋ ਵੱਲ ਹੁੰਦਾ ਏ, "ਸਾਲੀ ਗੰਦੀ 'ਲਾਦ ਜੰਮ ਧਰੀ ਮੇਰੇ ਘਰ।" ਬੁੜ-ਬੁੜ ਕਰਦਾ ਚਾਨਣ ਗਿੱਲੇ ਗੋਹੇ ਵਾਂਗ ਧੁਖਣ ਲੱਗਦਾ ਏ।

ਇਕ ਵਾਰ ਤਾਂ ਦਲਾਨ 'ਚ ਚੁੱਪ ਪਸਰ ਜਾਂਦੀ ਏ।

ਮਿੰਦਰੋ ਛਾਤੀ 'ਤੇ ਪੱਥਰ ਰੱਖ, ਹੱਥ ਜੋੜ ਕੇ ਪ੍ਰਾਰਥਨਾ ਕਰਨ ਲੱਗ ਪੈਂਦੀ ਏ, "ਹੇ ਪ੍ਰਭੂ... ਹੇ ਪ੍ਰਭੂ... ਮਾਫ ਕਰੀਂ... ਮਾਫ ਕਰੀਂ... ਬਦ ਰੂਹਾਂ ਨੂੰ ਦੂਰ ਕਰੀਂ... ਸਾਰੇ ਕਾਰਜ ਪੂਰੇ ਕਰੀਂ।" ਕੁਝ ਪਲ ਪ੍ਰਾਰਥਨਾ ਕਰਨ ਉਪਰੰਤ ਚੁੱਪ ਕਰ ਜਾਂਦੀ ਏ। ਦਲਾਨ 'ਚ ਹਿੱਲ-ਜੁਲ ਹੋਣ ਲੱਗ ਪੈਂਦੀ ਏ। ਸ਼ਾਮ ਸਿੰਘ ਅਤੇ ਰਾਮਾ ਝੱਗ ਛੱਡਦੇ ਮੁੜ ਦਲਾਨ 'ਚ ਆ ਮੰਜਿਆਂ 'ਤੇ ਬੈਠ ਜਾਂਦੇ ਨੇ।

ਚਾਨਣ ਰਾਮ ਨੂੰ ਸੋਚਾਂ ਜਕੜ ਲੈਂਦੀਆਂ ਨੇ। ਉਹਦੀ ਸੋਚ ਨੂੰ ਸ਼ਾਮ ਸਿੰਘ ਦੇ ਸਿਰ 'ਤੇ ਬੰਨ੍ਹਿਆ ਪੀਲੇ ਰੰਗ ਦਾ ਪਟਕਾ ਜਕੜ ਲੈਂਦਾ ਏ।

... ਜਦੋਂ ਸ਼ਾਮੇ ਦਾ ਵਿਆਹ ਕੀਤਾ ਸੀ ਤਾਂ ਉਹਦੀ ਬੋਲ-ਬਾਣੀ 'ਚ ਓਪਰਾਪਨ ਆਉਣਾ ਸ਼ੁਰੂ ਹੋ ਗਿਆ ਸੀ। ਉਹਦੀ ਘਰ ਆਲੀ ਦੇ ਮਾਪੇ ਸਾਰੇ ਸਿੱਖੀ ਸਰੂਪ ਵਾਲੇ ਸਨ। ਹੈ ਤਾਂ ਉਨ੍ਹਾਂ ਦੇ ਜਾਤ-ਗੋਤ ਵਾਲੇ ਪਰ ਉਨ੍ਹਾਂ ਦੇ ਬਾਬੇ-ਪੜਦਾਦੇ ਨੇ ਗੁਰਦੁਆਰੇ ਜਾ ਕੇ ਅੰਮ੍ਰਿਤ ਛਕ ਲਿਆ ਸੀ ਤੇ ਸਾਰਾ ਟੱਬਰ ਸਿੰਘ ਸਜ ਗਿਆ ਸੀ। ਉਸ ਦੀਆਂ ਅਗਲੀਆਂ ਪੀੜ੍ਹੀਆਂ ਨੇ ਕੇਸ ਰੱਖਣੇ ਸ਼ੁਰੂ ਕਰ ਦਿੱਤੇ ਸਨ ਤੇ ਗੁਰੂ ਘਰ ਜਾਣਾ ਸ਼ੁਰੂ ਕਰ ਦਿੱਤਾ ਸੀ। ਜਦੋਂ ਸ਼ਾਮੇ ਦੇ ਆਨੰਦ ਗੁਰਦੁਆਰੇ ਵਿਚ ਪੜ੍ਹੇ ਜਾ ਰਹੇ ਸਨ... ਮਿੰਦਰੀ ਤਾਂ ਅੰਦਰ ਮੱਥਾ ਟੇਕਣ ਵੀ ਨਹੀਂ ਸੀ ਗਈ। ਨਾ ਹੀ ਉਹਦੇ ਘਰ ਆਲਾ ਸੈਮ ਮਸੀਹ ਗਿਆ ਸੀ ਜੋ ਸਤਨਾਮ ਤੋਂ ਸੈਮ ਬਣ ਗਿਆ ਸੀ। ਉਦੋਂ ਸ਼ਾਮ ਦੇ ਸਿਰ ਦੀ ਪੱਗ 'ਤੇ ਲੱਗੀ ਕਲਗੀ ਵੀ ਉਨ੍ਹਾਂ ਦੇ ਵਿਹੜੇ ਦੇ ਕਿਸੇ ਜਵਾਈ ਨੇ ਲਾਹ ਕੇ ਗ੍ਰੰਥ ਸਾਹਿਬ ਅੱਗੇ ਰੱਖੀ ਸੀ। ਉਹਦੇ ਸਹੁਰਿਆਂ ਨੇ ਇਹ ਗੱਲ ਪਹਿਲਾਂ ਹੀ ਵਿਚੋਲੇ ਦੇ ਕੰਨਾਂ 'ਚੋਂ ਕੱਢ ਕੇ ਚਾਨਣ ਰਾਮ ਨੂੰ ਦੱਸ ਦਿੱਤੀ ਸੀ ਕਿ ਮੁੰਡਾ ਪੱਗ ਬੰਨ੍ਹ ਤੇ ਕਲਗੀ ਲਾ ਕੇ ਆਵੇ। ਜਦੋਂ ਸ਼ਾਮ ਦੇ ਆਨੰਦ ਕਾਰਜ ਦੀ ਰਸਮ ਪਿੰਡ ਦੇ ਚੜ੍ਹਦੀ ਵਾਲੇ ਪਾਸੇ ਸਿੰਘ ਸਭਾ ਗੁਰਦੁਆਰੇ 'ਚ ਕਰਨ ਦਾ ਪਤਾ ਲੱਗਾ ਸੀ ਤਾਂ ਰਾਮਾ ਅੜ ਗਿਆ ਸੀ, "ਭਾਪਾ ਇਹ ਕੀ ਗੱਲ ਹੋਈ। ਪਿੰਡ 'ਚ ਸਤਿਗੁਰੂ ਰਵਿਦਾਸ ਧਾਮ ਹੈਗਾ ਤਾਂ ਹੈ। ਤੁਸੀਂ ਯਾਰ ਗੱਲ-ਗੱਲ 'ਤੇ ਥੱਲੇ ਲੱਗੀ ਜਾ ਰਹੇ ਹੋ। ਇਹ ਕੀ ਗੱਲ ਹੋਈ। ਰਿਸ਼ਤਾ ਕਰਨ ਲੱਗਾ ਬੰਦਾ ਸਾਰਾ ਕੁਝ ਵੇਖਦਾ। ਮੈਨੂੰ ਜਾਅਲੀ ਬੰਦੇ ਪਸੰਦ ਨੀਂ।"

ਚਾਨਣ ਰਾਮ ਉਦੋਂ ਖਿਝ ਕੇ ਬੋਲਿਆ ਸੀ, "ਮੈਂ ਹੁਣ ਢੂਹਾ ਦਿਆਂ... ਦਸ ਕੀ ਕਰਾਂ... ਦਿਨ ਬੱਝੇ ਹੋਏ ਨੇ। ਮੇਰੇ ਵੱਲੋਂ ਭਾਵੇਂ ਜਿੱਥੇ ਮਰਜੀ ਆਨੰਦ ਪੜ੍ਹਾ ਦੇਣ ਰੜੇ ਮੈਦਾਨ... ਭਾਵੇਂ... ਮੇਰੀ ਤਾਂ ਹੁਣ ਵੇਲਣੇ 'ਚ ਬਾਂਹ ਆਈ ਹੋਈ ਆ...।"

"ਚੱਲ ਠੀਕ ਆ ਫੇ... ਆਉਣਾ ਤਾਂ ਏਸ ਘਰ 'ਚ ਈ ਆ ਵਹੁਟੀ ਬਣ ਕੇ... ਵੇਖਾਂਗੇ ਫੇ।" ਰਾਮੇ ਦਾ ਕੁੱਤਾ ਵੀ ਫਸ ਗਿਆ ਸੀ।

ਜਦੋਂ ਵਹੁਟੀ ਆਈ ਸੀ ਤਾਂ ਸ਼ਾਮੇ ਦਾ ਰੰਗ ਦਿਨ ਪਰ ਦਿਨ ਬਦਲਣ ਲੱਗਾ ਸੀ। ਘਰ ਦਾ ਮਾਹੌਲ ਉਹਦੇ ਪੇਕਿਆਂ ਦੇ ਮਾਹੌਲ ਤੋਂ ਬਿਲਕੁਲ ਵੱਖਰਾ ਸੀ। ਜਦੋਂ ਉਹਨੇ ਆਪਣੇ ਪੇਕਿਆਂ ਦਾ ਪੀੜ੍ਹਾ ਘਰ 'ਚ ਡਾਹੁਣ ਦੀ ਕੋਸ਼ਿਸ਼ ਕੀਤੀ ਸੀ ਤਾਂ ਰਾਮੇ ਨੇ ਟਿੰਡ 'ਚ ਕਾਨਾ ਪਾ ਦਿੱਤਾ ਸੀ, "ਭਾਬੀ ਏਸ ਘਰ ਤਾਂ ਜੈ ਗੁਰਦੇਵ-ਧੰਨ ਗੁਰਦੇਵ ਹੀ ਹੋਣੀ ਐ। ਸਾਡੇ ਦਾਦੇ ਪੜਦਾਦੇ ਤਾਂ ਮਰੇ ਡੰਗਰਾ ਦਾ ਚੰਮ ਲਾਹੁੰਦੇ ਰਹੇ ਤੇ ਖਾਂਦੇ ਰਹੇ ਨੇ। ਅਹੀਂ ਨੀਂ ਆਪਣੇ ਗੁਰੂ ਦਾ ਲੜ ਛੱਡਦੇ... ਜੇ ਬਾਹਲੀ ਗੱਲ ਐ ਤੇ ਲਾ ਲੈ ਜਿੰਨਾ ਜ਼ੋਰ ਲਾਉਣਾ। ਪਾਣੀ ਇਨ੍ਹਾਂ ਪੁਲਾਂ ਹੇਠ ਦੀ ਲੰਘਣਾ ਏ।" ਤੇ ਜਿੱਦ 'ਚ ਆਈ ਸ਼ਾਮੇ ਦੀ ਵਹੁਟੀ ਨੇ ਪੇਕਿਆਂ ਦਾ ਪੀੜ੍ਹਾ ਸ਼ਾਮੇ ਦੇ ਸਿਰ 'ਤੇ ਚੁਕਾ ਕੇ ਵੱਖਰੇ ਘਰ 'ਚ ਡਾਹ ਲਿਆ ਸੀ। ਫਿਰ ਦਿਨਾਂ ਵਿਚ ਸ਼ਾਮੇ ਦਾ ਕਾਇਆ ਕਲਪ ਸ਼ਾਮੇ ਤੋਂ ਸ਼ਾਮ ਸਿੰਘ ਦਾ ਹੋਣਾ ਸ਼ੁਰੂ ਹੋ ਗਿਆ ਸੀ। ਉਸ ਨੇ ਪੱਗ ਬੰਨ੍ਹਣੀ ਤੇ ਦਾੜ੍ਹੀ ਵਧਾਉਣੀ ਸ਼ੁਰੂ ਕਰ ਦਿੱਤੀ ਸੀ। ਉਦੋਂ ਸੱਚਮੁੱਚ ਚਾਨਣ ਰਾਮ ਦੇ ਸਿਰ 'ਚ ਟਸ-ਟਸ ਹੋਈ ਸੀ। ਸ਼ਾਮ ਸਿੰਘ ਆਪਣੇ ਸ਼ਰੀਕੇ ਨਾਲ ਮਿਲਣ ਦੀ ਬਜਾਇ ਪਿੰਡ 'ਚ ਰਮਦਾਸੀਆਂ ਦੇ ਘਰਾਂ 'ਚ ਜਾਣ ਆਉਣ ਲੱਗ ਪਿਆ ਸੀ। ਰਾਮਾ ਭਰਾ ਤੋਂ ਸ਼ਰੀਕ ਬਣ ਗਿਆ ਸੀ। ਰਿਸ਼ਤੇਦਾਰੀ ਵਿਚ ਆਉਣ ਜਾਣ ਲੱਗਿਆਂ ਦੋਹਾਂ ਦਾ ਇੱਟ-ਖੜੱਕਾ ਹੁੰਦਾ ਰਹਿੰਦਾ ਸੀ। ਚਾਨਣ 'ਸਾਲੀ ਗੰਦੀ 'ਲਾਦ... ਸਾਲੀ ਗੰਦੀ 'ਲਾਦ' ਕਹਿੰਦਾ ਘਰ ਦੀ ਨੁੱਕਰੇ ਹੁੱਕੇ ਦੇ ਲੰਮੇ-ਲੰਮੇ ਸੂਟੇ ਖਿੱਚਣ ਲੱਗ ਪੈਂਦਾ ਸੀ।



"ਲਓ ਭਾਪਾ ਜੀ ਕਾਰਡ।" ਮਿੰਦਰੀ ਆਪਣੀ ਕੁੜੀ ਦੇ ਵਿਆਹ ਦਾ ਕਾਰਡ ਦੇ ਕੇ ਚਾਨਣ ਰਾਮ ਦਾ ਧਿਆਨ ਤੋੜ ਦਿੰਦੀ ਏ। ਉਹ ਹੱਥ 'ਚ ਫੜੇ ਖੂੰਡੇ ਨੂੰ ਇਕ ਪਾਸੇ ਰੱਖ ਕਾਰਡ ਦੋਵਾਂ ਹੱਥਾਂ ਨਾਲ ਫੜ ਕੇ ਬੜੇ ਅਦਬ ਨਾਲ ਮੱਥੇ ਲਾਉਂਦਾ ਏ।

"ਹੇ ਰੰਬੀ ਵਾਲੇ ਸਤਿਗੁਰੂ! ਮਿਹਰ ਕਰੀਂ।" ਉਹਦੇ ਅੰਦਰੋਂ ਕਿਤਿਓਂ ਆਵਾਜ਼ ਨਿਕਲਦੀ ਏ।

ਚਾਨਣ ਰਾਮ ਦੀਆਂ ਅੱਖਾਂ ਭਰ ਆਉਂਦੀਆਂ ਨੇ। ਉਹ ਕਾਰਡ ਨੂੰ ਪੁੱਠਾ ਸਿੱਧਾ ਕਰਕੇ ਗੌਰ ਨਾਲ ਵੇਖਦਾ ਏ। ਫੇਰ ਰਾਮੇ ਵੱਲ ਵੇਖ ਕਾਰਡ ਉਹਦੇ ਵੱਲ ਵਧਾ ਦਿੰਦਾ ਏ। ਰਾਮਾ ਉਹਦੀਆਂ ਸੋਚਾਂ ਨੂੰ ਜਕੜ ਲੈਂਦਾ ਏ।

ਰਾਮਾ ਚਾਨਣ ਰਾਮ ਦਾ ਪੇਟ ਘਰੋੜੀ ਦਾ ਮੁੰਡਾ ਏ। ਸਾਇਕਲ 'ਤੇ ਬਿਠਾ ਕੇ ਚਾਨਣ ਅਕਸਰ ਹੀ ਉਹਨੂੰ ਆਪਣੇ ਗੁਰਾਂ ਦੇ ਡੇਰੇ 'ਤੇ ਲੈ ਜਾਂਦਾ ਸੀ। ਡੇਰੇ ਸੰਤਾਂ ਦੀ ਹਜ਼ੂਰੀ 'ਚ ਬੈਠ ਕੇ ਰਾਮਾ ਗਵਾਚ ਹੀ ਜਾਂਦਾ ਸੀ। ਵੱਡਾ ਹੋਇਆ, ਸੇਵਾ 'ਤੇ ਜਾਣ ਲੱਗ ਪਿਆ ਸੀ। ਹੋਰ ਵੱਡਾ ਹੋਇਆ ਤਾਂ ਨੌਜਵਾਨ ਸਭਾ 'ਚ ਰਲ ਕੇ 'ਰਵਿਦਾਸ ਧਾਮ' ਬਣਾਉਣ ਲਈ ਜ਼ੋਰ ਲਾਉਣ ਲੱਗ ਪਿਆ ਸੀ। ਖਜ਼ਾਨਚੀ ਬਣਿਆ ਤਾਂ ਦੁਬਈ-ਮਾਸਕਟ ਗਏ ਆਪਣੇ ਸ਼ਰੀਕੇ ਦੇ ਭਰਾਵਾਂ ਤੋਂ ਪੈਸੇ ਮੰਗਵਾ ਕੇ ਧਾਮ 'ਤੇ ਲਾਉਣ ਲੱਗ ਪਿਆ ਸੀ ਪਰ ਉਹਦਾ ਵੱਡਾ ਭਰਾ ਸ਼ਾਮਾ ਤਾਂ ਸ਼ਾਮ ਸਿੰਘ ਬਣ ਕੇ ਪਹਿਲਾਂ ਹੀ ਉਨ੍ਹਾਂ ਨਾਲੋਂ ਟੁੱਟ ਗਿਆ ਸੀ। ਨ੍ਹਾਮਾ ਵੀ ਪੈਰ ਖਿੱਚਣ ਲੱਗ ਪਿਆ ਸੀ। ਜਦੋਂ ਇਕ ਵਾਰ ਰਾਮੇ ਨੇ ਆਪਣੀ ਵੱਡੀ ਭੈਣ ਮਿੰਦਰੀ ਨੂੰ ਘਰ 'ਚ ਰੱਖੇ ਸੰਤ ਸਮਾਗਮ ਵਿਚ ਆਉਣ ਲਈ ਕਿਹਾ ਸੀ ਤਾਂ ਉਹਨੇ ਇੱਟ ਵਰਗਾ ਜਵਾਬ ਉਹਦੇ ਮੱਥੇ ਮਾਰਿਆ ਸੀ, "ਨਾ ਭਰਾਵਾ! ਤੈਨੂੰ ਪਤੈ ਨੀਂ ਅਹੀਂ ਤਾਂ ਹੁਣ ਚਰਚ ਜਾਂਦੇ ਐਂ। ਸਵੇਰ ਸ਼ਾਮ ਪ੍ਰਭੂ ਦੀ ਪ੍ਰਾਰਥਨਾ ਕਰੀਦੀ ਐ। ਜੇ ਢਿੱਲੇ ਮੱਠੇ ਹੋ ਜਾਈਏ ਤਾਂ 'ਦੁਆ' ਕਰ ਲਈ ਦੀ ਐ... ਠੀਕ ਹੋ ਜਾਈਦਾ ਐ... ਡਾਕਟਰ ਦੀ ਦਵਾਈ ਤਾਂ ਹੁਣ ਕਾਟ ਨੀਂ ਕਰਦੀ... ਅਹੀਂ ਨੀਂ ਕਿਸੇ ਅੱਗੇ ਹੱਥ ਜੋੜੀਦੇ, ਨਾਲੇ ਤੇਰਾ ਜੀਜਾ ਵੀ ਪਸੰਦ ਨੀਂ ਕਰਦਾ। ਹੁਣ ਭਰਾਵਾ ਸਾਨੂੰ ਪਾਪਾਂ ਦੇ ਭਾਗੀ ਨਾ ਬਣਾ... ਅਹੀਂ ਜਿੱਥੇ ਹੈਗੇ ਆਂ, ਖੁਸ਼ ਐਂ। ਪ੍ਰਭੂ ਦੀ ਬੜੀ ਮਿਹਰ ਆ।"

ਗੱਲ ਸੁਣ ਕੇ ਰਾਮੇ ਦਾ ਤਾਂ ਲਹੂ ਖੌਲਣ ਲੱਗ ਪਿਆ ਸੀ, "ਭੈਣ ਮਿੰਦਰੋ! ਤੂੰ ਆਪਣੇ ਗੁਰੂ ਤੋਂ ਮੁੱਖ ਮੋੜ ਕੇ ਚੰਗਾ ਨੀਂ ਕੀਤਾ। ਮੈਂ ਤਾਂ ਜਿਨ੍ਹਾਂ ਘਰਾਂ 'ਚ ਜੰਮਿਆ, ਉਨ੍ਹਾਂ 'ਚ ਹੀ ਮਰੂੰ। ਤੇ ਗੱਲ ਸੁਣ ਲੈ ਜੇ ਤੂੰ ਹੁਣ ਨੀਂ ਆਣਾ ਤੇ ਮੇਰੀ ਮਕਾਣੇ ਵੀ ਨਾ ਆਵੀਂ। ਅੱਜ ਤੋਂ ਤੂੰ ਮੇਰੇ ਵੱਲੋਂ ਮਰ ਗਈ, ਮੈਂ ਤੇਰੇ ਵਲੋਂ ਮਰ ਗਿਆ।" ਉਹ ਅੰਦਰੋਂ ਖੇਰੂੰ-ਖੇਰੂੰ ਹੋ ਗਿਆ ਸੀ। ਇਸ ਤਰ੍ਹਾਂ ਉਹ ਅਕਸਰ ਆਪੇ ਤੋਂ ਬਾਹਰ ਹੋ ਜਾਂਦਾ ਸੀ। ਜਦੋਂ ਕੋਈ 'ਆਪਣਾ' ਭੈਣ-ਭਰਾ ਉਨ੍ਹਾਂ ਦੀਆਂ ਰਸਮਾਂ ਤੇ ਗੁਰੂ ਦੀ ਬੇਅਦਬੀ ਕਰਦਾ ਸੀ।

"ਲੈ ਭਰਾਵਾ! ਨੌਹਾਂ ਨਾਲੋਂ ਮਾਸ ਵੀ ਕਦੇ ਵੱਖ ਹੋਏ ਐ। ਹੈਂ ਤੂੰ ਸਾਡਾ ਭਰਾ ਈ। ਇਕੋ ਮਾਂ ਦੇ ਪੇਟੋਂ ਤਾਂ ਆਪਾਂ ਜੰਮੇ ਆਂ। ਤੇਰੇ ਜੀਜੇ ਨੇ ਵੀ ਆਉਣ ਤੋਂ ਕੰਨੀਂ ਕਤਰਾਉਣਾ ਆ। ਮੈਂ ਵੀ ਬਚਨਾਂ ਦੀ ਬੱਧੀ ਹੋਈ ਗੁਲਾਮ ਆਂ।... ਨਾਲੇ ਮੇਰੀ ਹੁਣ ਸੁਰਤੀ ਪ੍ਰਭੂ ਵੱਲ ਲੱਗ ਗਈ ਏ।" ਉਹ ਵਾਰ-ਵਾਰ ਗਲ 'ਚ ਪਾਏ ਸਲੀਬ ਦੇ ਲਾਕਟ ਨੂੰ ਮੱਥੇ ਨਾਲ ਲਾ ਰਹੀ ਸੀ।

ਘਰ ਵਿਚ ਰੱਖੇ ਸੰਤ ਸਮਾਗਮ 'ਚ ਉਨ੍ਹਾਂ ਦੇ ਡੇਰੇ ਦੇ ਸੰਤ ਪਹੁੰਚੇ ਸਨ। ਉਹਦਾ ਵੱਡਾ ਭਰਾ ਸ਼ਾਮ ਸਿੰਘ ਵੀ ਨਹੀਂ ਸੀ ਆਇਆ। ਤੇ ਦੂਜਾ ਭਰਾ ਨ੍ਹਾਮਾ ਇਹ ਕਹਿ ਕੇ ਇਕ ਦਿਨ ਪਹਿਲਾਂ ਘਰੋਂ ਚਲੇ ਗਿਆ ਸੀ ਕਿ ਸਾਡੀ ਤਾਂ ਡੇਰੇ 'ਸੇਵਾ' ਲੱਗੀ ਹੋਈ ਐ। ਉੱਥੇ ਪਹੁੰਚਣਾ ਜ਼ਰੂਰੀ ਐ। ਅਗਲੇ ਐਤਵਾਰ ਤੋਂ ਸਤਿਸੰਗ ਸ਼ੁਰੂ ਹੋ ਜਾਣੇ ਨੇ। ਸੇਵਾ ਤਾਂ ਭਰਾਵਾ ਕਰਮਾਂ ਵਾਲੇ ਬੰਦੇ ਨੂੰ ਮਿਲਦੀ ਐ। ਅਸੀਂ ਤਾਂ ਮਹਾਰਾਜ ਦਾ ਹੁਕਮ ਸੁਣ ਕੇ ਈ ਧੰਨ-ਧੰਨ ਹੋ ਜਾਈਦਾ।"

ਉਸ ਸੰਤ ਸਮਾਗਮ ਵਿਚ ਰਾਮੇ ਨੇ ਸਾਰੀ ਸੰਗਤ ਨੂੰ 'ਹਰਿ' ਵਾਲੇ ਲਾਕਟ ਵੰਡੇ ਸੀ। ਸਾਰੀ ਸੰਗਤ ਲਾਕਟ ਲੈ ਕੇ ਧੰਨ-ਧੰਨ ਹੋ ਗਈ ਸੀ। ਸੰਤ ਸਮਾਗਮ ਵਿਚ 'ਅੰਮ੍ਰਿਤ ਬਾਣੀ' ਦਾ ਪਾਠ ਹੋਇਆ ਸੀ। ਸ਼ਬਦ ਗਾਇਨ ਵੀ ਦੇਰ ਤਕ ਚੱਲਦਾ ਰਿਹਾ ਸੀ। ਰਾਮੇ ਵੱਲ ਚਾਨਣ ਰਾਮ ਦੇ ਵਧੇ ਹੱਥ ਨੂੰ ਝਟਕਾ ਲੱਗਦਾ ਏ। ਉਸ ਦਾ ਧਿਆਨ ਉਖੜ ਜਾਂਦਾ ਏ। ਪਲ ਭਰ ਚਾਨਣ ਦੇ ਹੱਥ 'ਚ ਫੜੇ ਕਾਰਡ ਨੂੰ ਰਾਮਾ ਗਹਿਰੀ ਨਜ਼ਰ ਨਾਲ ਵੇਖਦਾ ਏ। ਕਾਰਡ 'ਤੇ ਛਪੀ ਸਲੀਬ ਵੇਖ ਕੇ ਕਾਰਡ ਫੜਨ ਲਈ ਵਧਣ ਲੱਗੇ ਹੱਥ ਉੱਥੇ ਹੀ ਜੰਮ ਜਾਂਦੇ ਨੇ। ਇਕ ਦਮ ਉਹਦੇ ਮਨ 'ਚ ਵੱਡੀ ਭੈਣ ਮਿੰਦਰੀ ਦੇ ਵਿਆਹ ਦਾ ਕਾਰਡ ਆ ਜਾਂਦਾ ਏ ਜਿਹਦੇ ਉੱਤੇ 'ਹਰਿ' ਦਾ ਨਿਸ਼ਾਨ ਸੁਨਹਿਰੀ ਰੰਗ 'ਚ ਛਪਵਾਇਆ ਸੀ। ਉਹਦੇ ਵਿਆਹ ਦੇ ਕਾਰਡ 'ਤੇ ਹੀ ਨਹੀਂ ਬਲਕਿ ਉਨ੍ਹਾਂ ਦੇ ਘਰ 'ਚ ਹੁੰਦੇ ਹਰ ਸਮਾਗਮ ਸਮੇਂ ਛਪੇ ਕਾਰਡ 'ਤੇ 'ਹਰਿ' ਸੁਨਹਿਰੀ ਅੱਖਰਾਂ 'ਚ ਛਪਦਾ ਸੀ।

"ਭਾਪਾ ਬੀਬੀ ਨੂੰ ਈ ਫੜਾ ਦੇ ਕਾਰਡ।" ਰਾਮਾ ਆਪਣੀ ਬੀਬੀ ਪ੍ਰਕਾਸ਼ੋ ਵੱਲ ਆਪਣੇ ਭਾਪੇ ਦਾ ਹੱਥ ਕਰ ਦਿੰਦਾ ਏ। ਪ੍ਰਕਾਸ਼ੋ ਕਾਰਡ ਨੂੰ ਝੱਟ ਫੜ ਲੈਂਦੀ ਏ। ਕਾਰਡ ਵੱਲ ਉਹ ਬੜੀ ਗਹੁ ਨਾਲ ਵੇਖਦੀ ਏ।

"ਧੀਏ! ਭਲਾ ਆਹ ਲੀਕਾਂ ਜਿਹੀਆਂ ਕਾਹਦੀਆਂ ਵਾਹੀਆ ਹੋਈਆਂ।"

"ਲੈ ਬੀਬੀ ਹੱਦ ਹੋ ਗਈ, ਇਹ ਸਾਡੇ ਪ੍ਰਭੂ ਦੀ ਸਲੀਬ ਦਾ ਨਿਸ਼ਾਨ ਐ। ਤੈਨੂੰ ਪਤੈ ਤਾਂ ਹੈ... ਅਸੀਂ ਇਹੀ ਨਿਸ਼ਾਨ ਬਣਾਉਂਦੇ ਐਂ। ਖੁਸ਼ੀ-ਗਮੀ ਵੇਲੇ।"

"ਗੁਰੂ ਭਲਾ ਕਰੇ ਧੀਏ... ਸਭ ਦਾ ਭਲਾ ਕਰੇ... ਤੇਰੇ ਕਾਰਜ ਸਤਗੁਰੂ ਰੰਬੀ ਆਲਾ ਪੂਰੇ ਕਰੇ ਧੀਏ। ਏਥੇ ਹੈ ਈ ਕੀ ਆ ਹੋਰ...।" ਪ੍ਰਕਾਸ਼ੋ ਕਹਿੰਦੀ ਹੋਈ ਆਪਣੇ ਗਲ 'ਚ ਪਾਇਆ 'ਹਰਿ' ਦਾ ਲਾਕਟ ਮੱਥੇ ਨੂੰ ਲਾਉਂਦੀ ਏ। ਨ੍ਹਾਮਾ ਆਪਣੀ ਬੀਬੀ ਕੋਲੋਂ ਕਾਰਡ ਫੜ ਕੇ ਪੜ੍ਹਦਾ ਏ। ਏਧਰ-ਉਧਰ ਘੁੰਮਾ ਕੇ ਹੋਰ ਗਹੁ ਨਾਲ ਪੜ੍ਹਦਾ ਏ। ਤੇ ਮਿੰਦਰੀ ਨੂੰ ਕਹਿਣ ਲੱਗਦਾ ਏ, "ਭੈਣੇ! ਤੁਹਾਡੇ ਉਥੇ ਪੈਲੇਸ 'ਚ ਮੀਟ-ਸ਼ਰਾਬ ਤਾਂ ਚੱਲੂਗਾ ਈ! ਅਸੀਂ ਹੈਗੇ ਆਂ ਵੈਸ਼ਨੂੰ ਬੰਦੇ... ਸਤਿਸੰਗੀ ਤੇ ਨਿਤਨੇਮੀ! ... ਅਹੀਂ ਤਾਂ ਜਿੱਥੇ ਮੀਟ ਰਿੱਝਦਾ ਉੱਥੇ ਖੜ੍ਹਦੇ ਨੀਂ, ਮਹਿਕ ਲੈਣੀ ਵੀ ਪਾਪ ਸਮਝਦੇ ਆਂ। ਨਾਲੇ ਪੈਲੇਸ 'ਚ ਹਲਵਾਈ ਕਿਹੜਾ ਸੁੱਚਮ ਰੱਖਦੇ ਐ, ਉਹੀ ਕੜਸ਼ੀ ਨਾਲ ਚਿਕਨ ਪਾਈ ਜਾਂਦੇ ਐ ਤੇ ਉਹਦੇ ਨਾਲ ਦਾਲਾਂ-ਸਬਜ਼ੀਆਂ।"

"ਨਾ ਭਰਾਵਾ! ਮਾਮਿਆਂ ਨੇ ਤਾਂ ਆਣਾ ਈ ਆਣਾ ਐ। ਥੋਡੇ ਤੋਂ ਬਿਨਾਂ ਵਿਆਹ ਕਿਵੇਂ ਧੁਰ ਚੜ੍ਹੂ। ਮਾਮਿਆਂ ਨੇ ਤੇ ਮੋਹਰੇ ਹੋ ਕੇ ਸਾਰੇ ਕਾਜ ਕਰਨੇ ਹੁੰਦੇ ਐ... ਮਿਲਣੀਆਂ ਹੋਣੀਆਂ ਐ। ਤੂੰ ਭਰਾਵਾ ਬਹੁਤੀ ਚਿੰਤਾ ਨਾ ਕਰ। ਥੋਡੇ ਲਈ ਮੈਂ ਵੱਖਰੇ ਟੇਬਲ ਲਵਾ ਦਊਂ। ਐਵੇਂ ਸਗਨਾਂ ਆਲੇ ਕੰਮ 'ਚ ਖਰੋੜ ਨੀਂ ਕਰੀਦੀ ਹੁੰਦੀ।" ਮਿੰਦਰੀ ਅਪਣੱਤ ਨਾਲ ਕਹਿੰਦੀ ਏ।

"ਨਾਲੇ ਅਸੀਂ ਥੋਡੇ ਚਰਚ 'ਚ ਕਿਓਂ ਜਾਈਏ। ਤੁਸੀਂ ਕੁੜੀ ਦਾ ਵਿਆਹ ਇਕ ਵਾਰੀ ਛੱਡ ਕੇ ਸੌ ਵਾਰੀ ਕਰੋ ਪਰ ਭੈਣੇ ਗੱਲ ਸੁਣ ਲੈ, ਮੈਂ ਅੰਮ੍ਰਿਤਧਾਰੀ ਗੁਰੂ ਦਾ ਬੰਦਾ ਆਂ, ਮੈਂ ਤਾਂ ਜਾਂਦਾ ਨੀਂ... ਮੇਰੀ ਤਾਂ ਪੱਥਰ 'ਤੇ ਲੀਕ ਐ... ਮੇਰੇ ਹਿੱਸੇ ਭਾਪੇ ਹੁਣੀਂ ਜੋ ਡੰਨ ਲਾਉਣਗੇ, ਉਹ ਦੇ ਦਊਂ। ਲੰਘਦਾ ਵੜਦਾ ਕੁੜੀ ਨੂੰ ਸਗਨ ਵੀ ਦੇ ਜਾਊਂ। ਐਵੇਂ ਬਾਅਦ 'ਚ ਕਹੇਂ ਬੀ ਦੱਸਿਆ ਨੀਂ।" ਸ਼ਾਮ ਸਿੰਘ ਵੀ ਸਿੱਧੀ ਗੱਲ ਮਿੰਦਰੀ ਦੇ ਮੱਥੇ ਮਾਰਦਾ ਏ।

ਰਾਮਾ ਤਾਂ ਪਹਿਲਾਂ ਈ ਵਿਗੜਿਆ ਬੈਠਾ ਸੀ।

ਤਿੰਨਾਂ ਭਰਾਵਾਂ ਦੀ ਖਿੱਚ-ਧੂਹ ਵੇਖ ਕੇ ਚਾਨਣ ਰਾਮ ਨੂੰ ਚੇਤੇ ਆਉਂਦਾ ਏ ਕਿ ਤਿੰਨਾਂ ਭਰਾਵਾਂ ਦੀ ਕਦੇ ਆਪਸ 'ਚ ਵੀ ਨਹੀਂ ਸੀ ਬਣਦੀ। ਤਿੰਨਾਂ ਦੇ ਆਪਣੇ-ਆਪਣੇ ਰਾਹ ਬਣ ਗਏ ਸਨ। ਚੌਥੀ ਉਨ੍ਹਾਂ ਦੀ ਭੈਣ ਦਾ ਵੀ ਵੱਖਰਾ ਰਾਹ ਸੀ। ਸਾਰੇ ਆਪਸ ਵਿਚ ਖਿੱਚ-ਧੂਹ ਕਰਦੇ ਰਹਿੰਦੇ ਸਨ। ਜਦੋਂ ਕਦੇ ਮਿੰਦਰੀ ਆਪਣੇ ਭਰਾਵਾਂ ਨੂੰ ਮਿਲਣ ਆਉਂਦੀ ਤਾਂ ਸਾਰੇ ਭਰਾ ਆਪਣੇ-ਆਪਣੇ ਮੋਰਚਿਆਂ 'ਚ ਬੈਠ ਕੇ ਉਹਨੂੰ ਜ਼ਲੀਲ ਕਰਦੇ ਰਹਿੰਦੇ ਸਨ। ਤੇ ਆਪਸ ਵਿਚ ਵੀ ਝਗੜਦੇ ਰਹਿੰਦੇ ਸਨ। ਹੁਣ ਵੀ ਸਭ ਨੇ ਲੀਕ ਖਿੱਚ ਲਈ ਸੀ। ਚਾਨਣ ਨੂੰ ਆਪਣੇ ਪੁਰਖਿਆਂ ਦਾ ਚੇਤਾ ਆਉਂਦਾ ਏ। ਕਿਵੇਂ ਘਰ 'ਚ ਸਭ ਤੋਂ ਸਿਆਣੇ ਬਜ਼ੁਰਗ ਮਗਰ ਬਾਕੀ ਟੱਬਰ ਲੱਗ ਤੁਰਦਾ ਸੀ। ਹੁਣ ਤਾਂ ਕਲਯੁੱਗ ਆ ਗਿਆ ਏ। ਇਕ ਵਾਰੀ ਅੱਕੇ ਹੋਏ ਨੇ ਪ੍ਰਕਾਸ਼ੋ ਨੂੰ ਕਿਹਾ ਵੀ ਸੀ, "ਮਿੰਦਰੀ ਦੀ ਬੀਬੀ, ਪਤਾ ਨੀਂ ਤੇਰੇ ਜੰਮੇ ਨਿਆਣੇ ਐਹੋ ਜਿਹੇ ਕਿਉਂ ਨਿਕਲੇ ਨੇ। ਹਰ ਇਕ ਦਾ ਅੱਡ ਰਾਹ ਏ। ਸਾਡੀ ਸਿਆਣ ਮੱਤ 'ਚ ਕੋਈ ਕਮੀ ਰਹਿ ਗਈ, ਜਿਹੜੇ ਸਾਡੇ ਨਿਆਣੇ ਸਾਡੇ ਮਗਰ ਨੀਂ ਲੱਗੇ। ਇਕੋ ਲਹੂ 'ਚ ਐਨੀਆਂ ਵੰਡੀਆਂ ਕਿਵੇਂ ਪੈ ਗਈਆਂ ਨੇ।"

"ਵੇ ਚਾਨਣਾ ਤੂੰ ਤਾਂ ਹਨੇਰੇ 'ਚ ਘੁੰਮੀ ਜਾਂਦਾ ਏਂ... ਨਿਆਣੇ ਤਾਂ ਤੇਰੇ ਅਰਗੇ ਈ ਨੇ। ਜਮਾਂ ਤਿੰਨਾਂ ਦਾ ਮੜੰਗਾ ਤੇਰੇ 'ਤੇ ਐ... ਹੋਰ ਮੈਂ ਪਿੱਛਿਓਂ ਲੈ ਆਈ। ਜਦੋਂ ਲਹੂ 'ਚ ਈ ਚਟਿਆਈ ਆ ਜਾਵੇ ਫੇ ਮਾਪੇ ਦਸ ਢੂਹਾ ਦੇਣ...ਨਾਲੇ ਬੰਦੇ ਨੂੰ ਮੱਤ ਤਾਂ ਈ ਆਉਂਦੀ ਐ ਜੇ ਉਹ ਆਪਣੇ ਸ਼ਰੀਕੇ-ਭਾਈਚਾਰੇ 'ਚ ਰਹੇ... ਤੂੰ ਗੱਲ ਕਰਨ ਲੱਗਾ ਦੇਖ ਸੋਚ ਲਿਆ ਕਰ... ਐਵੇਂ ਜੱਭਲੀਆਂ ਮਾਰਨ ਲੱਗ ਜਾਂਦੈਂ।" ਪ੍ਰਕਾਸ਼ੋ ਗੁੱਸੇ 'ਚ ਆਈ ਚਾਨਣ ਦੀ ਝਾੜ-ਝੰਬ ਕਰ ਦਿੰਦੀ ਏ।

*(ਬਾਕੀ ਸਫਾ 30 'ਤੇ)*

# ਫਿਰਕੂ ਨਫਰਤ ਦੀ ਸੁਲਗਦੀ ਗਾਥਾ 'ਕਸ਼ਮੀਰ ਫਾਈਲਜ਼'

**ਭਾਰਤ ਵਿਚ ਕੇਂਦਰੀ ਸੱਤਾ ਉਤੇ ਕਾਬਜ਼ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਿਆਸੀ ਸਰਪ੍ਰਸਤ ਆਰ.ਐਸ.ਐਸ. ਮੁਲਕ ਦੇ ਸਿਆਸੀ ਖੇਤਰ ਵਿਚ ਹੀ ਨਹੀਂ, ਕਲਾ ਸਮੇਤ ਹੋਰ ਬਹੁਤ ਸਾਰੇ ਖੇਤਰਾਂ ਵਿਚ ਵੀ ਹਿੰਦੂ ਰਾਸ਼ਟਰ ਦਾ ਏਜੰਡਾ ਜ਼ੋਰ-ਸ਼ੋਰ ਨਾਲ ਚਲਾ ਰਹੀਆਂ ਹਨ ਇਸ ਕਾਰਜ ਵਿਚ ਮੁਸਲਮਾਨਾਂ ਨੂੰ ਮੁੱਖ ਤੌਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤਾਂ ਕਿ ਫਿਰਕੂ ਭਾਵਨਾਵਾਂ ਭੜਕਾ ਕੇ ਧਾਰਮਿਕ ਧਰੁਵੀਕਰਨ ਕੀਤਾ ਜਾ ਸਕੇ। ਹਾਲ ਹੀ ਵਿਚ ਆਈ ਫਿਲਮ 'ਦਿ ਕਸ਼ਮੀਰ ਫਾਈਲਜ਼' ਅਜਿਹੀ ਹੀ ਫਿਲਮ ਹੈ ਜਿਸ ਵਿਚ ਕਸ਼ਮੀਰੀ ਪੰਡਿਤਾਂ ਉਤੇ ਵਧੀਕੀਆਂ ਦੇ ਬਹਾਨੇ ਮੁਸਲਮਾਨਾਂ ਖਿਲਾਫ ਭੜਕਾਹਟ ਪੈਦਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਸ ਬਾਰੇ ਸਿਥਾਰ ਸਹਿਤ ਚਰਚਾ ਡਾ. ਕੁਲਦੀਪ ਕੌਰ ਨੇ ਆਪਣੇ ਇਸ ਲੇਖ 'ਚ ਕੀਤੀ ਹੈ।**




*ਫਿਲਮ 'ਕਸ਼ਮੀਰ ਫਾਈਲਜ਼' ਦਾ ਪੋਸਟਰ।*

ਫਿਲਮ 'ਕਸ਼ਮੀਰ ਫਾਈਲਜ਼' ਦੇਖਣ ਤੋਂ ਪਹਿਲਾ 'ਤਾਸ਼ਕੰਦ ਫਾਈਲਜ਼' ਅਤੇ 'ਬੁੱਧ ਇਨ ਟ੍ਰੈਫਿਕ ਜਾਮ' ਫਿਲਮਾਂ ਦੇਖਣਾ ਇਸ ਲਈ ਜ਼ਰੂਰੀ ਹੈ ਕਿ ਭਾਰਤੀ ਫਿਲਮਸਾਜ਼ਾਂ ਦੀ ਅਗਲੀ ਨਸਲ ਅਤੇ ਭਾਰਤੀ ਦਰਸ਼ਕਾਂ ਦੀਆਂ ਅਗਲੀਆਂ ਪੀੜ੍ਹੀਆਂ ਇਹ ਜਾਣ ਸਕਨ ਕਿ ਫਿਲਮ ਨੂੰ ਕਿਵੇਂ ਨਹੀਂ ਬਣਾਉਣਾ ਚਾਹੀਦਾ। ਸਿਨੇਮਾ ਮਨੁੱਖੀ ਤਰਾਸਦੀਆਂ, ਵਿਚਾਰਾਂ, ਸਭਿਅਤਾ ਦੇ ਸਵਾਲਾਂ ਅਤੇ ਹੋਂਦ ਜਾਂ ਪਛਾਣ ਦੇ ਮਸਲਿਆਂ ਨੂੰ ਜ਼ਬਾਨ ਤਾਂ ਦੇ ਸਕਦਾ ਹੈ ਪਰ ਇਸ ਦਾ ਇਸਤੇਮਾਲ ਨਸਲਵਾਦੀ/ਧਾਰਮਿਕ ਧਰੁਵੀਕਰਨ ਜਾਂ ਗੈਰ-ਵਿਗਿਆਨਕ, ਤਰਕਹੀਣ ਤੇ ਪ੍ਰਸੰਗ ਨਾਲੋਂ ਨਿਖੇੜ ਕੇ ਇਤਿਹਾਸਕਾਰੀ ਕਰਨ ਲਈ ਨਹੀਂ ਕੀਤਾ ਜਾ ਸਕਦਾ। ਸਿਨੇਮਾ ਦੇ ਇਤਿਹਾਸ ਵਿਚ ਅਜਿਹੀਆਂ ਅਨੇਕਾਂ ਫਿਲਮਾਂ ਹਨ ਜਿਨ੍ਹਾਂ ਵਿਚ ਮਨੁੱਖਾਂ ਨਾਲ ਹੁੰਦੀ ਲੁਪਤ ਤੇ ਜ਼ਾਹਿਰ ਹਿੰਸਾ ਦੀਆਂ ਮਹੀਨ ਤੋਂ ਮਹੀਨ ਪਰਤਾਂ ਫਰੋਲੀਆਂ ਗਈਆਂ ਹਨ, ਮਨੁੱਖੀ ਅਧਿਕਾਰਾਂ ਦੇ ਘਾਣ ਬਾਰੇ



ਆਮ ਲੋਕਾਈ ਨੂੰ ਹੋਰ ਸੰਵੇਦਨਸ਼ੀਲ ਤਰੀਕਿਆਂ ਨਾਲ ਸੋਚਣ ਲਈ ਜਾਗਰੂਕ ਕੀਤਾ ਗਿਆ ਹੈ, ਮਨੁੱਖੀ ਕਤਲੇਆਮ ਤੋਂ ਬਾਅਦ ਜ਼ਾਲਮਾਂ, ਹਤਿਆਰਿਆਂ ਤੇ ਦਹਿਸ਼ਤਗਰਦਾਂ ਦੀ

**ਡਾ. ਕੁਲਦੀਪ ਕੌਰ**
ਫੋਨ: +91-98554-04330

'ਜਿੱਤ' ਨੂੰ ਨਿਰਾਰਥਕ ਸਾਬਿਤ ਕੀਤਾ ਗਿਆ ਹੈ, ਮਨੁੱਖੀ ਜੰਗਾਂ/ਦੰਗਿਆਂ/ਖਾਨਾਜੰਗੀਆਂ ਤੇ ਨਸਲਘਾਤਾਂ ਵਿਚੋਂ ਸਾਬਤ ਬਚੇ ਲੋਕਾਂ ਲਈ ਮਮਤਾ, ਹਮਦਰਦੀ ਤੇ ਹਰ ਸੰਭਵ ਮਦਦ ਦਾ ਹੋਕਾ ਦਿੱਤਾ ਗਿਆ ਹੈ ਪਰ ਇਹ ਕਿੱਦਾਂ ਦੀ ਫਿਲਮ ਹੈ ਜਿਸ ਵਿਚ ਪੀੜਤਾਂ ਨੂੰ ਮੋਹਰੇ ਵਾਂਗ ਇਸਤੇਮਾਲ ਕਰਕੇ ਉਨ੍ਹਾਂ ਦੇ ਭਵਿੱਖ 'ਤੇ ਹੀ ਸਵਾਲੀਆਂ ਨਿਸ਼ਾਨ ਲਗਾ ਦਿੱਤਾ ਗਿਆ ਹੈ। ਫਿਲਮ ਰਾਹੀਂ ਘੱਟ-ਗਿਣਤੀਆਂ ਤੇ ਸਿਆਸੀ-ਸਮਾਜਿਕ ਤੌਰ 'ਤੇ ਆਪਣੀ ਜ਼ਿੰਦਗੀ ਦੀ ਜੰਗ ਲੜ ਰਹੇ ਲੋਕਾਂ ਖਿਲਾਫ ਤੇ ਉਨ੍ਹਾਂ ਲਈ ਕਿਸੇ ਵੀ ਪੱਧਰ 'ਤੇ ਬੋਲਣ-ਲਿਖਣ-ਪੜ੍ਹਨ ਜਾਂ ਪੈਰਵੀ ਕਰਨ ਵਾਲੀਆਂ ਧਿਰਾਂ ਨੂੰ ਹੀ ਮੁਜਰਿਮਾਂ ਦੇ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਗਿਆ ਹੈ।

ਇਸ ਫਿਲਮ ਦੀ ਪ੍ਰਚਾਰਕ ਲਾਬੀ ਦੀ ਲਿਸਟ ਬਹੁਤ ਲੰਮੀ ਹੈ ਪਰ ਇਸ ਨਾਲ ਸਬੰਧਿਤ ਨਵ-ਫਾਸ਼ੀਵਾਦੀ ਗਲੋਬਲ ਪ੍ਰਚਾਰ (ਡਿਸਕੋਰਸ) ਦਾ ਝਲਕਾਰਾ ਵਾਰ-ਵਾਰ ਫਿਲਮ ਵਿਚ ਪੈਂਦਾ ਹੈ। ਫਿਲਮ ਇਸਲਾਮੋਫੋਬੀਆ ਨੂੰ ਕਈ ਗੁਣਾ ਜ਼ਰਬ ਦਿੰਦੀ ਹੈ। ਫਿਲਮ ਵਿਚੋਂ 9/11 ਤੋਂ ਬਾਅਦ ਅਮਰੀਕਨ ਤੇ ਬਾਰਤਾਨਵੀ ਮੁੱਖਧਾਰਾ ਦੇ ਮੁਲਲਮਾਨਾਂ ਖਿਲਾਫ ਸਿਰਜੇ ਵੱਡੇ ਬਿਰਤਾਂਤਾਂ ਨੂੰ ਆਸਾਨੀ ਨਾਲ ਪੜ੍ਹਿਆ ਜਾ ਸਕਦਾ ਹੈ। ਫਿਲਮ ਆਲਮੀ ਪੱਧਰ 'ਤੇ ਉੱਭਰ ਰਹੇ ਨਵ-ਫਾਸ਼ੀਵਾਦੀ ਰੁਝਾਨਾਂ ਦੇ ਹੱਕ ਵਿਚ ਭੁਗਤਦੀ ਹੈ ਜਿਸ ਵਿਚ 'ਹਿੰਸਾ' ਬਾਰੇ ਪੂਰੀ ਬਹਿਸ ਨੂੰ ਸਿਰਫ 'ਬੰਦੂਕ ਦੀ ਗੋਲੀ' ਜਾਂ 'ਕਤਲ ਕਰਨ' ਤੱਕ ਮਹਿਦੂਦ ਕਰ ਦਿੱਤਾ ਗਿਆ ਹੈ। ਇਸ ਵਿਚ ਸਟੇਟ ਦੇ ਫੌਜੀਕਰਨ ਅਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਕੱਟੜ ਰਾਸ਼ਟਰਵਾਦ ਦੀ ਜ਼ਹਿਰੀਲੀ ਪੁੱਠ ਚਾੜ੍ਹਦਿਆਂ ਇਸ ਤੱਥ ਨੂੰ ਬਿਲਕੁਲ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ ਕਿ ਇਸ ਤਰਾਸਦੀ ਸਮੇਂ ਪੂਰਾ ਤੰਤਰ ਤੇ ਪ੍ਰਬੰਧ ਤਾਂ ਪੀੜਤ ਧਿਰ ਦਾ 'ਆਪਣਾ' ਹੀ ਸੀ, ਫਿਰ ਇਸ ਸਭ ਕਿਉਂ ਤੇ ਕਿਵੇਂ ਵਾਪਰਨ ਦਿੱਤਾ ਗਿਆ?

ਇੰਨੀ ਬੇਰਹਿਮੀ ਤੇ ਕਰੂਰਤਾ ਦੇ ਦੌਰ ਵਿਚ ਭਾਰਤੀ ਅਦਾਲਤਾਂ, ਸੰਸਦ ਤੇ ਸਰਕਾਰ ਆਖਿਰ ਕਰ ਕੀ ਰਹੀ ਸੀ? ਕੀ ਅਸੀਂ 'ਭਾਰਤ ਦੇ ਨਾਗਰਿਕ' ਇੰਝ ਦੰਗਿਆਂ, ਕਤਲੇਆਮਾਂ, ਨਫਰਤਾਂ ਤੇ ਸਿਆਸੀ-ਧਾਰਮਿਕ ਵਿਚ ਮਰਨ, ਕਤਲ ਹੋਣ ਜਾਂ ਉੱਜੜਨ ਲਈ ਹੀ ਪੈਦਾ ਹੁੰਦੇ ਹਾਂ? ਕਿਉਂ 1947, 1984, 1992, 2002 ਵਾਰ-ਵਾਰ ਵਾਪਰਦੇ ਹਨ? ਕੀ ਕੋਈ ਅਜਿਹੀ ਫਿਲਮ ਨਹੀਂ ਬਣਾਈ ਜਾ ਸਕਦੀ ਜਿਹੜੀ ਪਿਛਲੀ ਪੂਰੀ ਸਦੀ ਦੌਰਾਨ ਵਾਪਰੇ ਅਜਿਹੇ ਅਣਮਨੁੱਖੀ ਵਰਤਾਰਿਆਂ ਦੀ ਸਿਆਸੀ-ਆਰਥਿਕਤਾ ਅਤੇ ਧਾਰਮਿਕ ਫਿਰਕਾਪ੍ਰਸਤੀ ਦੀ ਕੱਟੜਤਾ ਨੂੰ ਸੰਬੋਧਿਤ ਹੋ ਸਕੇ?

ਇਸ ਫਿਲਮ ਦੇ ਨਿਰਮਾਣ ਅਤੇ ਪ੍ਰਚਾਰ ਦਾ ਪਹਿਲਾ ਸਿਰਾ ਜਰਮਨ ਤਾਨਾਸ਼ਾਹ ਹਿਟਲਰ ਅਤੇ ਉਸ ਦੇ ਪ੍ਰਾਪੇਗੰਡਾ ਮੰਤਰੀ ਗੋਇਬਲਜ਼ ਦੁਆਰਾ ਨਿਰਮਾਣ ਕਰਵਾਈ ਫਿਲਮ 'ਦਿ ਇੰਟਰਨਲ ਜਿਊ' ਨਾਲ ਜਾ ਜੁੜਦਾ ਹੈ। ਉਸ ਫਿਲਮ ਦੀ ਰਿਲੀਜ਼ ਤੋਂ ਕੁਝ ਦਿਨ ਪਹਿਲਾ ਜਰਮਨੀ ਸਰਕਾਰ ਨੇ ਇੱਕ ਫੋਟੋ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ ਜਿਸ ਵਿਚ 265 ਫੋਟੋਆਂ ਰੱਖੀਆਂ ਗਈਆਂ। ਹਰ ਫੋਟੋ ਦਾ ਸਿਰਲੇਖ ਅਜਿਹਾ ਸੀ ਜੋ ਯਹੂਦੀਆਂ ਦੇ ਇਤਿਹਾਸ, ਉਨ੍ਹਾਂ ਦੇ ਸਾਹਿਤ, ਕਲਾ, ਸਭਿਆਚਾਰਕ ਪ੍ਰੰਪਰਾਵਾਂ ਤੇ ਖਾਣ-ਪੀਣ, ਪਹਿਨਣ ਦੀਆਂ ਆਦਤਾਂ ਨੂੰ ਘਟੀਆ, ਗੰਦਾ ਤੇ ਅਸਭਿਅਕ ਦੱਸਦਾ ਸੀ। 1938 ਵਿਚ ਗੋਇਬਲਜ਼ ਨੇ ਕੁਝ ਕੈਮਰਾਮੈਨਾਂ ਨੂੰ ਪੋਲੈਂਡ ਭੇਜਿਆ ਜਿਨ੍ਹਾਂ ਨੇ ਉੱਥੇ ਪੂਰਾ ਸਾਲ ਲਗਾਤਾਰ ਯਹੂਦੀਆਂ ਦੀਆਂ ਨਿਸ-ਦਿਨ ਦੀਆਂ ਗਤੀਵਿਧੀਆਂ ਰਿਕਾਰਡ ਕੀਤੀਆਂ। ਬਹੁਤ ਸਾਲਾਂ ਬਾਅਦ ਪਤਾ ਲੱਗਿਆ ਕਿ ਇਨ੍ਹਾਂ 'ਅਸਲੀ' ਕਿਰਦਾਰਾਂ ਵਿਚੋਂ ਬਹੁਤੇ ਤਾਂ ਹਿਟਲਰ ਦੇ ਹੀ ਸਿਪਾਹੀ ਸਨ ਜਿਨ੍ਹਾਂ ਨੇ ਫਿਲਮ ਵਿਚ ਜਾਣ-ਬੁੱਝ ਕੇ ਅਜਿਹੀਆਂ ਹਰਕਤਾਂ ਕੀਤੀਆਂ ਤਾਂ ਕਿ ਯਹੂਦੀਆਂ ਦੀ ਕਿਰਦਾਰਕੁਸ਼ੀ ਕੀਤੀ ਜਾ ਸਕੇ। ਗੋਇਬਲਜ਼ ਅਨੁਸਾਰ ਫਿਲਮ ਅਜਿਹੀ ਹੋਵੇ ਜਿਹੜੀ ਜਰਮਨ ਨਾਜ਼ੀਆਂ ਨੂੰ ਉੱਚ ਨਸਲ, ਉੱਚ ਕਿਰਦਾਰ ਤੇ ਉੱਚ ਵਿਚਾਰਾਂ ਵਾਲੇ ਤੇ ਯਹੂਦੀਆਂ ਨੂੰ ਅਸਭਿਅਕ, ਬਰਬਰ, ਜ਼ਾਲਮ ਤੇ ਭਾਵਨਾ-ਰਹਿਤ ਸਾਬਿਤ ਕਰ ਸਕੇ ਜਿਸ ਨਾਲ ਉਨ੍ਹਾਂ ਨੂੰ ਨਿਕਟ ਭਵਿੱਖ ਵਿਚ 'ਸਬਕ ਸਿਖਾਉਣਾ' ਲਈ ਵਰਤੇ ਗਏ ਢੰਗ-ਤਰੀਕਿਆਂ 'ਤੇ ਕੋਈ ਵੀ ਸੁਹਿਰਦ ਇਨਸਾਨ ਉਂਗਲ ਨਾ ਚੁੱਕ ਸਕੇ। ਇਸ ਫਿਲਮ ਵਿਚ ਵੀ ਇੱਕ ਖਾਸ ਦਹਿਸ਼ਤਗਰਦ ਦੀ ਇੰਟਰਵਿਊ ਰਾਹੀਂ ਇਹ ਸੰਦੇਸ਼ ਦੇਣ ਦੀ ਕੋਸ਼ਿਸ ਕੀਤੀ ਗਈ ਹੈ ਕਿ ਮੁਸਲਮਾਨ ਵਿਚ ਨਾ ਤਾਂ ਕੋਈ ਆਤਮਾ ਹੁੰਦੀ ਹੈ, ਨਾ ਹੀ ਉਸ ਵਿਚ ਨੈਤਕਿਤਾ ਨਾਮ ਦੀ ਕੋਈ ਚੀਜ਼ ਹੈ। ਉਹ ਇੰਨਾ ਕੱਟੜ ਅਤੇ ਨਿਰਦਈ ਹੈ ਕਿ ਮੌਕਾ ਆਉਣ ਉਤੇ ਆਪਣੀ ਮਾਂ ਨੂੰ ਵੀ ਕਤਲ ਕਰ ਸਕਦਾ ਹੈ। ਦਿਲਚਸਪ ਤੱਥ ਇਹ ਹੈ ਕਿ ਆਧੁਨਿਕ, ਲੋਕਤੰਤਰੀ ਤੇ ਬਹੁ-ਸਭਿਆਚਾਰ ਦਾ ਲਕਬ ਲਈ ਫਿਰਦੇ ਹਾਲੀਵੁੱਡ ਸਿਨੇਮਾ ਦੀ ਬਹੁਤ ਸਾਰੀਆਂ ਫਿਲਮਾਂ ਅਜਿਹੀਆਂ ਹਨ ਜਿਨ੍ਹਾਂ ਦਾ ਬਿਉਰਾ ਵਿਵੇਕ ਅਗਨੀਹੋਤਰੀ ਦੀ ਫਿਲਮ ਦੇ ਦਹਿਸ਼ਤਗਰਦ ਨਾਲ ਮਿਲਦਾ ਹੈ। ਇਸ ਪ੍ਰਸੰਗ ਵਿਚ ਗੌਰ ਕਰਨ ਵਾਲਾ ਮੁੱਦਾ ਇਹ ਹੈ ਕਿ ਇਹ ਫਿਲਮਾਂ ਮੁਸਲਮਾਨ ਵਿਰੋਧੀ ਤਾਂ ਹਨ ਹੀ, ਪਿਤਾ-ਪੁਰਖੀ ਖਾਸੇ, ਕਾਲੇ ਲੋਕਾਂ ਵਿਰੁਧ, ਸਮਾਜਵਾਦ ਵਿਰੋਧੀ ਤੇ ਵੱਖਰੀ ਕਬਾਇਲੀ ਜਾਂ ਇਲਾਕਾਈ ਪਛਾਣ, ਵੱਖਰੀ ਜ਼ਬਾਨ, ਵੱਖਰੇ ਸਭਿਆਚਾਰ, ਵੱਖਰੀ ਲਿੰਗਕ ਪਛਾਣ ਅਤੇ ਵਿਚਾਰਾਂ ਦੇ ਵਖਰੇਵੇਂ 'ਤੇ ਸਿੱਧਾ ਟੱਕ ਮਾਰਦੀਆਂ ਹਨ। ਉਨ੍ਹਾਂ ਵਿਚ ਅਰਬ ਲੋਕਾਂ, ਕਾਲਿਆਂ ਤਐ ਆਦਿਵਾਸੀਆਂ ਨੂੰ ਖਲਨਾਇਕ ਜਾਂ ਦਹਿਸ਼ਤਗਰਦ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਹੈ। ਇਨ੍ਹਾਂ ਵਰਗਾਂ ਬਾਰੇ ਮਿੱਥਾਂ ਸਿਰਜਣ ਤੇ ਰੂੜੀਵਾਦੀ ਚਿਤਰਨ ਵਿਚ ਸਭ ਤੋਂ ਪ੍ਰਮੁੱਖ ਫਿਲਮ ਹੈ 'ਟਰੂ ਲਾਈਜ਼'। ਇਸ ਫਿਲਮ ਵਿਚ ਮੁੱਖ ਦਹਿਸ਼ਤਗਰਦ ਫਲਸਤੀਨੀ ਹੈ, ਤੇ ਫਿਲਮ ਦਾ ਸਭ ਤੋਂ ਵੱਧ ਦੁਹਰਾਇਆ ਜਾਣ ਵਾਲਾ ਸੰਵਾਦ ਹੈ- 'ਇਹ ਅਰਬ ਇੱਕ ਦਿਨ ਸਾਨੂੰ ਵੇਚ ਦੇਣਗੇ'। ਇੱਕ ਹੋਰ ਫਿਲਮ 'ਦਿ ਰੂਲਜ਼ ਆਫ ਇੰਗੇਜ਼ਮੈਂਟ' ਦਰਸਾਉਂਦੀ ਹੈ ਕਿ ਕਿਵੇਂ ਮੁਸਲਮਾਨਾਂ ਤੇ ਅਰਬਾਂ ਦੇ ਬੱਚੇ ਤੇ ਔਰਤਾਂ ਵੀ ਦਹਿਸ਼ਤਗਰਦ ਹੀ ਹੁੰਦੇ ਹਨ। ਦਿਲਚਸਪ ਤੱਥ ਇਹ ਹੈ ਕਿ ਦੂਜਾ ਪਾਸਾ ਦਿਖਾਉਂਦੀਆਂ ਫਿਲਮਾਂ ਜਿਵੇਂ 'ਇੰਨ ਦਿ ਵੈਲੀ ਆਫ ਇਲਾਹ' ਨਾ ਸਿਰਫ ਬੁਰੀ ਤਰ੍ਹਾਂ ਬਾਕਸ ਆਫਿਸ 'ਤੇ ਫਲਾਪ ਹੋ ਜਾਂਦੀਆਂ ਹਨ ਸਗੋਂ ਹਰ ਤਰ੍ਹਾਂ ਦੇ ਇਨਾਮ-ਸਨਮਾਨ ਤੋਂ ਵੀ ਵਾਂਝੀਆਂ ਰਹਿ ਜਾਂਦੀਆਂ ਹਨ। ਇਸ ਦਾ ਦੂਜਾ ਅਰਥ ਇਹ ਵੀ ਨਿਕਲਦਾ ਹੈ ਕਿ ਜਿਸ ਫਿਲਮ ਇੰਡਸਟਰੀ ਵਿਚ 98 ਫੀਸਦ ਨਿਰਮਾਣ, ਨਿਰਦੇਸ਼ਨ ਅਤੇ ਵੇਚਣ-ਵੱਟਣ ਤੇ ਸਾਮਰਾਜਵਾਦੀ ਤੇ ਬਸਤੀਵਾਦੀ ਤਾਕਤਾਂ ਦਾ ਕਬਜ਼ਾ ਹੋਵੇ, ਉਹ ਫਿਰ ਸੱਚ ਦੀ ਹਾਮੀ ਭਰ ਕੇ ਆਪਣੀ ਕਮਾਈ ਦਾ ਨੁਕਸਾਨ ਕਿਉਂ ਕਰੇ? ਇੱਥੇ ਪੂੰਜੀ ਦੇ ਮੁਨਾਫੇ ਅੱਗੇ ਸਾਰੀਆਂ ਮਨੁੱਖੀ ਕਦਰਾਂ-ਕੀਮਤਾਂ ਤੇ ਆਦਰਸ਼ ਖੋਖਲੇ ਸਾਬਿਤ ਹੁੰਦੇ ਹਨ। ਇਸ ਦੀ ਪ੍ਰਤੱਖ ਉਦਾਹਰਨ ਫਿਲਮ 'ਦਿ ਸਟੋਨ ਮਰਚੈਂਟ' ਹੈ ਜਿਸ ਵਿਚ ਅਰਬਾਂ ਨੂੰ ਰੋਮ ਦੇ ਹਵਾਈ ਅੱਡੇ ਅਤੇ ਯਾਤਰੀਆਂ ਨੂੰ ਅੰਨ੍ਹੇਵਾਹ ਗੋਲੀਆਂ ਨਾਲ ਭੁੰਨਦੇ ਦਿਖਾਇਆ ਗਿਆ ਹੈ।

ਫਿਲਮ 'ਕਸ਼ਮੀਰ ਫਾਈਲਜ਼' ਦੇਖਦਿਆ ਵਾਰ-ਵਾਰ ਦੀਪਾ ਮਹਿਤਾ ਦੁਆਰਾ ਨਿਰਦੇਸ਼ਤ ਸੀਰੀਜ਼ 'ਲੈਲਾ' ਦੇ ਦ੍ਰਿਸ਼ ਅੱਖਾਂ ਅੱਗੇ ਉੱਭਰਦੇ ਹਨ। ਉਸ ਫਿਲਮ ਵਿਚ ਇਸ ਫਿਲਮ ਦੇ ਲੁਪਤ ਸੁਨੇਹੇ ਦੀ ਤਰਜ਼ 'ਤੇ ਸਥਾਪਿਤ ਹੋਏ 'ਆਰੀਆਵਰਤ' ਦੇ 'ਸ਼ੁੱਧੀਕਰਨ' ਕੈਂਪ ਹਨ। ਫਿਲਮ 'ਕਸ਼ਮੀਰ ਫਾਈਲਜ਼' ਦੁਆਰਾ ਪ੍ਰਚਾਰ ਕੀਤੇ ਝੂਠ ਕਿ ਸਾਰੇ ਕਸ਼ਮੀਰੀ ਲੋਕਾਂ ਦਾ ਜ਼ਬਰਸਦਤੀ ਧਰਮ ਪਰਿਵਰਤਨ ਕਰਵਾ ਕੇ ਉਨ੍ਹਾਂ ਨੂੰ ਹਿੰਦੂ ਬਣਾਇਆ ਗਿਆ ਹੈ, ਦੀ ਸਿਆਸਤ ਦਾ ਅਗਲਾ ਪਿੜ 'ਲੈਲਾ' ਵਿਚ ਜਾ ਖੁੱਲ੍ਹਦਾ ਹੈ ਜਿੱਥੇ ਰਾਜਾ ਦੀ ਥਾਂ ਤਕਨੀਕ ਤੇ ਪੂੰਜੀ ਦੀ ਅਥਾਹ ਸੱਤਾ ਦੇ ਨਸ਼ੇ ਵਿਚ ਚੂਰ ਤਾਨਾਸ਼ਾਹ ਖੁਦ ਤੋਂ ਜ਼ਰਾ ਵੀ ਅਲੱਗ ਦਿਸਦੇ, ਸੋਚਦੇ, ਖਾਂਦੇ-ਪੀਦੇ ਲੋਕਾਂ ਨੂੰ ਨੇਸਤਨਾਬੂਦ ਕਰਨ 'ਤੇ ਉਤਾਰੂ ਹੈ। ਇਹ ਸੀਰੀਜ਼ ਇੱਕ ਮੁਲਕ ਨੂੰ ਨਫਰਤ ਤੇ ਧਾਰਮਿਕ ਕੱਟੜਤਾ ਦੀ ਬੇਦੀ 'ਤੇ ਹਲਾਲ ਕਰਨ ਦੀ ਕਹਾਣੀ ਹੈ। ਇਸ ਮੁਲਕ ਵਿਚੋਂ ਮਨੁੱਖੀ ਆਜ਼ਾਦੀਆਂ, ਸਾਹਿਤ ਵਿਧਾਵਾਂ, ਕਲਾਵਾਂ ਤੇ ਚਿੰਤਨ ਦੇ ਖੇਮੇ ਪੂਰੀ ਤਰ੍ਹਾਂ ਉਖੜ ਚੁੱਕੇ ਹਨ। ਉਹ ਮੁਲਕ ਨਾਲ ਨਾਗਰਿਕਾਂ ਦੀਆਂ ਜ਼ਿੰਦਗੀਆਂ ਨਾਲ ਇੱਦਾਂ ਖੇਡਦਾ ਹੈ ਜਿਵੇਂ ਕਿਸੇ ਵੀਡੀਉ ਗੇਮ ਵਿਚ ਬੱਚੇ ਲਗਾਤਾਰ ਸਿਰਫ ਸਵਾਦ ਲਈ ਹਜ਼ਾਰਾਂ ਕਿਰਦਾਰਾਂ ਨੂੰ ਮਾਰ ਦਿੰਦੇ ਹਨ। ਹੁਣ ਦੇ ਹਾਲਾਤ ਵਿਚ ਇਸ ਦਾ ਪ੍ਰਛਾਵਾਂ 'ਕਸ਼ਮੀਰ ਫਾਈਲਜ਼' ਵਿਚੋਂ ਦੇਖਿਆ ਜਾ ਸਕਦਾ ਹੈ।

ਫਿਲਮ 'ਕਸ਼ਮੀਰ ਫਾਈਲਜ਼' ਵਿਚ ਕੁਝ ਨੁਕਤਿਆਂ ਨੂੰ ਵਾਰ-ਵਾਰ ਆਧਾਰ ਬਣਾ ਕੇ ਕਿਰਦਾਰਾਂ ਰਾਹੀਂ ਉਨ੍ਹਾਂ ਦਾ ਪ੍ਰਚਾਰ ਕਰਨ ਦੀ ਕੋਸ਼ਿਸ ਕੀਤੀ ਗਈ ਹੈ ਪਰ ਕਹਾਣੀ ਦੇ ਕਿਰਦਾਰ ਉਨ੍ਹਾਂ ਨੁਕਤਿਆਂ ਦੇ ਜੁਗਾੜ ਵਿਚ ਫਿੱਟ ਨਹੀਂ ਬੈਠਦੇ। ਉਦਾਹਰਨ ਵਜੋਂ ਪੁਸ਼ਕਰ ਦੇ ਦੋਸਤ ਜਿਹੜੇ ਚੰਗੇ ਅਹੁਦਿਆਂ 'ਤੇ ਹੋਣ ਅਤੇ ਉਸ ਦੀ ਤਰਾਸਦੀ ਬਾਰੇ ਸਾਰਾ ਕੁਝ ਜਾਣਨ ਦੇ ਬਾਵਜੂਦ ਤੀਹ ਸਾਲਾਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਦੀ ਮਦਦ ਨਹੀਂ ਕਰਦੇ। ਅਜਿਹਾ ਹੀ ਸੱਤਾਧਾਰੀ ਧਿਰ ਬਾਰੇ ਕਿਹਾ ਜਾ ਸਕਦਾ ਹੈ। ਦੂਜੇ ਨੁਕਤੇ ਅਨੁਸਾਰ ਕ੍ਰਿਸ਼ਨਾ ਜੋ ਕਹਾਣੀ ਦਾ ਮੁੱਖ ਕਿਰਦਾਰ ਹੈ, ਦੇ ਪਿਤਾ ਦਾ ਕਤਲ 19 ਜਨਵਰੀ, 1990 ਨੂੰ ਹੁੰਦਾ ਹੈ ਜਦਕਿ ਉਸ ਦੀ ਮਾਂ ਤੇ ਉਸ ਦਾ ਭਰਾ ਇਸ ਤੋਂ 13 ਸਾਲ ਬਾਅਦ 2003 ਵਿਚ ਨੰਦੀਮਰਗ ਦੇ ਕਤਲੇਆਮ ਵਿਚ ਮਾਰੇ ਜਾਂਦੇ ਹਨ। ਉਨ੍ਹਾਂ ਦੋਹਾਂ ਭਰਾਵਾਂ ਦੀ ਉਮਰ ਦੋਵਾਂ ਥਾਵਾਂ 'ਤੇ ਇੱਕੋ ਰਹਿੰਦੀ ਹੈ। ਕਿੰਨਾ ਅਜੀਬ ਹੈ ਕਿ ਪੂਰੀ ਫਿਲਮ ਵਿਚ ਉਨ੍ਹਾਂ ਸਾਲਾਂ ਵਿਚ ਮਾਰੇ ਗਏ ਮੁਸਲਮਾਨਾਂ ਦਾ ਜ਼ਿਕਰ ਤੱਕ ਨਹੀਂ ਜਦਕਿ ਦਹਿਸ਼ਤਗਰਦਾਂ ਦੀਆਂ ਗੋਲੀਆਂ ਨੇ ਹਿੰਦੂ-ਮੁਸਲਮਾਨ ਦਾ ਕੋਈ ਫਰਕ ਨਹੀਂ ਕੀਤਾ। ਇਹ ਸਿਰਫ ਫਿਲਮ ਬਣਾਉਣ ਵਾਲਿਆਂ ਦੀ ਅੱਖ ਦਾ ਟੀਰ ਹੈ ਕਿ ਉਨ੍ਹਾਂ ਨੂੰ ਤਸਵੀਰ ਦਾ ਇੱਕੋ ਪਾਸਾ ਦਿਸਿਆ। ਉਨ੍ਹਾਂ ਦਾ ਇਹੀ ਟੀਰ ਜੇ.ਐਨ.ਯੂ. ਦੀ ਕਿਰਦਾਰਕੁਸ਼ੀ ਕਰਦੇ ਸਮੇਂ ਨਜ਼ਰ ਆਉਂਦਾ ਹੈ ਜਿੱਥੇ ਉਹ ਅਧਿਆਪਨ ਵਰਗੇ ਕਿੱਤੇ ਉੱਤੇ ਕਾਲਖ ਮਲਦਿਆਂ ਜ਼ਰਾ ਵੀ ਲਿਹਾਜ਼ ਨਹੀਂ ਕਰਦੇ। ਫਿਲਮ ਵਿਚ ਅਸਲੀ ਖਲਨਾਇਕ 'ਦਹਿਸ਼ਤਗਰਦਾਂ' ਅਤੇ ਉਨ੍ਹਾਂ ਦੀ ਸਾਲਾਂ ਤੱਕ ਪੁਸ਼ਤਪਨਾਹੀ ਕਰਨ ਵਾਲੇ ਧਾਰਮਿਕ ਫਿਰਕਾਪ੍ਰਸਤਾਂ ਨੂੰ ਨਹੀਂ ਸਗੋਂ ਮਨੁੱਖੀ ਅਧਿਕਾਰਾਂ ਲਈ ਬੋਲਣ ਵਾਲਿਆਂ, ਬੁੱਧੀਜੀਵੀਆਂ, ਸਵਾਲ ਕਰਨ ਵਾਲੀਆਂ ਔਰਤ ਚਿੰਤਕਾਂ ਅਤੇ ਸਮਾਜਿਕ ਮੁੱਦਿਆਂ 'ਤੇ ਗੱਲ ਕਰਨ ਵਾਲੇ ਮੀਡੀਆ ਨੂੰ ਬਣਾਇਆ ਗਿਆ ਹੈ। ਇਸ ਦਾ ਪ੍ਰਸੰਗ ਵੀ ਸਪਸ਼ਟ ਹੋ ਜਾਂਦਾ ਹੈ ਜਦੋਂ ਮੁਲਕ ਦਾ ਗ੍ਰਹਿ ਮੰਤਰੀ ਖੁਦ ਮੰਨਦਾ ਹੈ ਕਿ 'ਮਨੁੱਖੀ ਅਧਿਕਾਰ' ਵਿਦੇਸ਼ੀ ਧਾਰਨਾ ਹੈ ਤੇ ਪ੍ਰਧਾਨ ਮੰਤਰੀ ਸੰਸਦ ਵਿਚ ਆਪਣੇ ਹੱਕ ਮੰਗਣ ਵਾਲਿਆਂ ਦਾ 'ਅੰਦੋਲਨਜੀਵੀ' ਕਹਿ ਕੇ ਮਜ਼ਾਕ ਉਡਾਉਂਦਾ ਹੈ।

ਇਹ ਤੱਥ ਮਹਤੱਵਪੂਰਨ ਹੈ ਕਿ ਇਸ ਫਿਲਮ ਨੂੰ ਹਿੰਦੀ ਸਿਨੇਮਾ ਵਿਚ ਮੁਸਲਿਮ ਕਿਰਦਾਰਾਂ ਦੀ ਪੇਸ਼ਕਾਰੀ ਨਾਲੋਂ ਤੋੜ ਕੇ ਨਾ ਪੜ੍ਹਿਆ ਜਾਵੇ, ਉਲਟਾ ਇਹ ਫਿਲਮ ਅਜਿਹੀਆਂ ਹਜ਼ਾਰਾਂ ਫਿਲਮਾਂ ਵਿਚੋਂ ਇੱਕ ਹੈ ਜਿਨ੍ਹਾਂ ਰਾਹੀ ਘੱਟ-ਗਿਣਤੀਆਂ ਤੇ ਵੱਖਰੀ ਜੀਵਨ ਸ਼ੈਲੀ ਨੂੰ ਦਹਿਸ਼ਤਗਰਦੀ ਜਾਂ ਮੂਰਖਤਾ ਨਾਲ ਜੋੜਿਆ ਜਾਂਦਾ ਹੈ। ਮੁਲਕ ਦੀ ਅਖੰਡਤਾ ਬਹੁਤ ਚੰਗੀ ਗੱਲ ਹੈ ਪਰ ਉਸ ਲਈ ਮੁਲਕ ਵਾਸੀਆਂ ਦਾ ਸਾਬਤ-ਸਬੂਤੇ ਜ਼ਿੰਦਾ ਬਚਣਾ ਤੇ ਆਤਮ-ਸਨਮਾਨ ਨਾਲ ਜਿਊਣਾ ਪਹਿਲੀ ਸ਼ਰਤ ਹੈ। ਸਿਆਸਤ ਵਿਚ ਆਪਣੇ ਸੌੜੇ ਹਿੱਤ ਪੂਰ ਰਹੇ ਨੇਤਾਵਾਂ ਦੀਆਂ ਗਲਤੀਆਂ ਤੇ ਅਸਫਲਤਾਵਾਂ ਕਿਵੇਂ ਨਿਰਦੋਸ਼ਾਂ ਦੀਆਂ ਜ਼ਿੰਦਗੀਆਂ ਦਾਅ 'ਤੇ ਲਾ ਸਕਦੀਆਂ ਹਨ, ਇਸ ਦਾ ਸਬਕ ਇਸ ਫਿਲਮ ਵਿਚ ਹੈ ਪਰ ਇਹ ਸਬਕ ਅਧੂਰਾ ਹੈ। ਇਸ ਦੇ ਅਗਲੇ ਪੰਨੇ ਭਾਰਤੀ ਨਾਗਰਿਕਾਂ ਦੇ ਬਹੁਤ ਸਾਰੇ ਹੋਰ ਵਰਗਾਂ ਨਾਲ ਵਾਪਰੀਆਂ ਅਜਿਹੀਆਂ ਹੀ ਗੈਰ-ਮਨੁੱਖੀ ਫਾਈਲਾਂ ਨਾਲ ਭਰੇ ਪਏ ਹਨ। ਅਸਲ ਮਸਲਾ ਇਨ੍ਹਾਂ ਫਾਈਲਾਂ ਦੇ ਨਿਬੇੜੇ ਅਤੇ ਪੀੜਤਾਂ ਨੂੰ ਇਨਸਾਫ ਦੇਣ ਤੇ ਭਵਿੱਖ ਵਿਚ ਅਜਿਹੀ ਸਿਆਸਤ ਦੀ ਫਾਈਲ ਸਦਾ ਲਈ ਠੱਪ ਕਰਨ ਦਾ ਹੈ।






*ਫਿਲਮ 'ਕਸ਼ਮੀਰ ਫਾਈਲਜ਼' ਦਾ ਡਾਇਰੈਕਟਰ ਵਿਵੇਕ ਅਗਨੀਹੋਤਰੀ ਅਤੇ ਹੋਰ ਨਵੀਂ ਦਿੱਲੀ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਅਤੇ (ਸੱਜੇ) ਫਿਲਮ ਉਤੇ ਪਾਬੰਦੀ ਦੀ ਮੰਗ ਕਰਦੇ ਲੋਕ।*

# ਪੰਜਾਬ ਵਿਧਾਨ ਸਭਾ ਚੋਣਾਂ 2022 ਅਤੇ ਨਵੀਂ ਸਰਕਾਰ ਦੀ ਸਿਆਸੀ ਮਜਬੂਰੀ

ਕਿਸ ਦੀ ਸਰਕਾਰ ਬਣੇਗੀ ਸਵਾਲ ਨੂੰ ਲੈ ਕੇ ਸਿਆਸੀ ਸੂਝਬੂਝ ਵੀ ਘੁੰਮਣਘੇਰੀ ਵਿਚ ਸੀ ਤੇ ਜ਼ਿਆਦਾਤਰ ਲੰਗੜੀ ਵਿਧਾਨ ਸਭਾ (hung assembly) ਦੀਆਂ ਕਿਆਸਅਰਾਈਆਂ ਹੀ ਲਾਈਆਂ ਜਾ ਰਹੀਆਂ ਸਨ।

ਦਿੱਲੀ ਵਿਚ ਕੀਤੇ ਕੰਮਾਂ ਦੇ ਪ੍ਰਚਾਰ ਸਦਕਾ, 'ਆਪ' ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਭਰੋਸਾ ਕਰਦਿਆਂ, ਸ. ਭਗਵੰਤ ਮਾਨ ਦੀ ਸੁਹਿਰਦਤਾ ਤੇ ਰਿਕਾਰਡ ਤੋੜ ਮਿਹਨਤ ਨੂੰ ਸਲਾਮ ਕਰਦਿਆਂ ਪੰਜਾਬੀਆਂ ਨੇ ਇਸ ਵਾਰ ਆਮ ਆਦਮੀ ਪਾਰਟੀ ਨੂੰ ਵੱਡੇ ਬਹੁਮਤ ਨਾਲ ਜਿਤਾ ਕੇ ਇਤਿਹਾਸ ਰਚ ਦਿੱਤਾ ਹੈ।

ਰਵਾਇਤੀ ਪਾਰਟੀਆਂ ਇਨ੍ਹਾਂ ਨਤੀਜਿਆਂ ਨੂੰ ਸਿਰਫ ਬਦਲਾਅ ਦੇ ਰੂਪ ਵਿਚ ਦੇਖਣ ਦਾ ਭੁਲੇਖਾ ਨਾ ਪਾਲਣ। ਅਸਲ ਵਿਚ ਪਿਛਲੇ 74 ਸਾਲਾਂ ਤੋਂ

**ਮੇਜਰ ਹਰਦੇਵ ਸਿੰਘ ਬਾਲਿਆਂਵਾਲੀ**
**ਫੋਨ: 95013-54391**

ਵੱਖੋ ਵੱਖਰੇ ਮਾਫੀਆ ਦੀ ਲੁੱਟ-ਖਸੁੱਟ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ, ਨੌਜਵਾਨਾਂ ਦਾ ਨਸ਼ਿਆਂ ਦੀ ਭੇਟ ਚੜ੍ਹਨਾ, ਸਿੱਖਿਆ ਤੇ ਸਿਹਤ ਸੇਵਾਵਾਂ ਦਾ ਭੱਠਾ ਬੈਠਣਾ, ਕਿਸਾਨਾਂ ਤੇ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦਾ ਲਗਾਤਾਰ ਵਧਣਾ, ਪ੍ਰਵਾਸ ਨੂੰ ਠੱਲ੍ਹ ਨਾ ਪੈਂਦੀ ਦੇਖ ਕੇ ਲੋਕਾਂ ਨੇ ਰਵਾਇਤੀ ਪਾਰਟੀਆਂ ਨੂੰ ਭਾਰੀ ਅੰਤਰ ਨਾਲ ਹਰਾ ਕੇ ਨਕਾਰਿਆ ਹੈ।

ਏਨੀ ਨਫਰਤ ਨਾਲ ਨਕਾਰਨ ਦੇ ਕਾਰਨ ਸਮਝਣ ਲਈ ਰਵਾਇਤੀ ਪਾਰਟੀਆਂ ਦੀ ਕਾਰਜਸ਼ੈਲੀ ਤੇ ਨਜ਼ਰਸਾਨੀ ਕਰਨੀ ਬਣਦੀ ਹੈ। 'ਭਾਰਤੀ ਜਨਤਾ ਪਾਰਟੀ' ਤੇ 'ਸਯੁੰਕਤ ਕਿਸਾਨ ਮੋਰਚਾ' ਨਾ ਤਿੰਨਾਂ 'ਚ ਸੀ ਤੇ ਨਾ ਤੇਰਾਂ 'ਚ। ਇਸ ਲਈ ਬਾਕੀ ਤਿੰਨ ਪ੍ਰਮੁੱਖ ਪਾਰਟੀਆਂ ਹੀ ਪੜਚੋਲ ਦੇ ਘੇਰੇ ਵਿਚ ਆਉਂਦੀਆਂ ਹਨ।

ਕਰੀਬ ਇੱਕ ਸਦੀ ਪਹਿਲਾਂ ਇਤਿਹਾਸਕ ਗੁਰਦੁਆਰਿਆ ਨੂੰ ਮਹੰਤਾਂ ਦੇ ਨਿੱਜੀ ਕਬਜ਼ਿਆਂ ਤੋਂ ਆਜ਼ਾਦ ਕਰਵਾਉਣ ਲਈ ਚੱਲੀ ਸੁਧਾਰ ਲਹਿਰ ਵਿਚੋਂ ਜਨਮੇ 'ਸ਼੍ਰੋਮਣੀ ਅਕਾਲੀ ਦਲ' ਨੇ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਤੇ ਪੰਜਾਬ ਹਿਤ ਅਣਗਿਣਤ ਮੋਰਚੇ ਲਗਾਉਂਦਿਆਂ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੀ ਪਰ ਪੰਜ ਵਾਰ ਮੁੱਖ ਮੰਤਰੀ ਬਣੇ ਪ੍ਰਕਾਸ਼ ਸਿੰਘ ਬਾਦਲ ਨੇ ਜਦ ਤੋਂ ਪਰਿਵਾਰਵਾਦ ਨੂੰ ਬੜ੍ਹਾਵਾ ਦੇਣਾ ਸ਼ੁਰੂ ਕੀਤਾ, ਉਦੋਂ ਤੋਂ ਪਾਰਟੀ ਦਾ ਨਿਘਾਰ ਸ਼ੁਰੂ ਹੋ ਗਿਆ ਸੀ।

ਬਾਦਲ ਸਰਕਾਰ ਦੇ ਲਗਾਤਾਰ ਇਕ ਦਹਾਕੇ ਦੇ ਰਾਜ ਵੇਲੇ ਤੋਂ ਜਾਨਲੇਵਾ ਨਵੇਂ ਨਸ਼ੇ, ਸਮੈਕ, ਹੈਰੋਇਨ, ਚਿੱਟਾ ਆਦਿ ਦੀ ਵਿਕਰੀ ਹਰ ਸ਼ਹਿਰ ਤੇ ਪਿੰਡ ਦੇ ਗਲੀ ਮੁਹੱਲਿਆਂ ਵਿਚ ਇਸ ਕਦਰ ਹੋਣ ਲੱਗ ਪਈ ਹੈ ਕਿ ਪੰਜ ਦਰਿਆਵਾਂ ਦੀ ਧਰਤੀ ਨਾਲ ਨਸ਼ਿਆਂ ਦੇ ਛੇਵੇਂ ਦਰਿਆ ਦੀ ਚਰਚਾ ਵੀ ਆਮ ਹੋ ਰਹੀ ਹੈ। ਪਿੰਡ-ਪਿੰਡ ਨੌਜਵਾਨਾਂ ਦਾ ਓਵਰਡੋਜ਼ ਨਾਲ ਮਰਨਾ ਇੰਨਾ ਆਮ ਹੋ ਗਿਆ ਹੈ ਕਿ ਸਿਵਿਆਂ ਦੀ ਅੱਗ ਬੁੱਝਣ ਦਾ ਨਾਂ ਨਹੀ ਲੈ ਰਹੀ। ਬਿਕਰਮ ਸਿੰਘ ਮਜੀਠੀਆ ਉਪਰ ਨਸ਼ੇ ਦੇ ਤਸਕਰਾਂ ਨਾਲ ਗੰਢ-ਤੁੱਪ ਹੋਣ ਦੇ ਦੋਸ਼ ਵੀ ਜੱਗ-ਜ਼ਾਹਰ ਹਨ ਤੇ ਉਹ ਉਸ ਦਾ ਖਮਿਆਜ਼ਾ ਵੀ ਭੁਗਤ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਹਿਬਲ ਕਲਾਂ ਗੋਲੀਕਾਂਡ ਵਰਗੇ ਮਾਮਲਿਆਂ 'ਚ ਸ਼ੱਕ ਦੀ ਸੂਈ ਵੀ ਬਾਦਲ ਪਰਿਵਾਰ ਵੱਲ ਹੀ ਘੁੰਮਦੀ ਹੈ। ਖੇਤੀਬਾੜੀ ਦਾ ਧੰਦਾ ਲਾਹੇਵੰਦ ਨਾ ਹੋਣ ਕਾਰਨ ਕਿਸਾਨ ਤੇ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਵੀ ਵਧਦੀਆਂ ਜਾ ਰਹੀਆਂ ਹਨ। ਇਸ ਮੰਦਭਾਗੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਸਾਰਥਕ ਹੱਲ ਲੱਭਣ ਦੀ ਥਾਂ ਮੁਆਵਜ਼ੇ ਦਿੱਤੇ ਗਏ, ਜਿਸ ਨੂੰ ਵਿਰੋਧੀਆਂ ਨੇ ਖੁਦਕੁਸ਼ੀਆਂ ਨੂੰ ਉਤਸ਼ਾਹਿਤ ਕਰਨ ਵਜੋਂ ਪ੍ਰਚਾਰਿਆ। ਮਿਲੀਭੁਗਤ ਤਹਿਤ ਸਰਕਾਰੀ ਹਸਪਤਾਲਾਂ ਤੇ ਸਕੂਲਾਂ ਨੂੰ ਸੁਧਾਰਨ ਦੀ ਥਾਂ ਨਿੱਜੀ ਅਦਾਰਿਆਂ ਨੂੰ ਪ੍ਰਫੁੱਲਿਤ ਤੇ ਵਿਕਸਤ ਕੀਤਾ ਗਿਆ। ਕੁਲ ਮਿਲਾ ਕੇ ਲੋਕਾਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕਰ ਕੇ ਸਕੇ ਸਬੰਧੀਆਂ ਤੇ ਆਪਣੇ ਪੱਖਾਂ ਦੀ ਪੂਰਤੀ ਨੂੰ ਹੀ ਤਰਜੀਹ ਦਿੱਤੀ ਗਈ। ਵੱਖ ਹੋਏ ਟਕਸਾਲੀ ਅਕਾਲੀ ਆਗੂ ਆਮ ਲੋਕਾਂ ਵਿਚ ਪਨਪ ਰਹੀ ਜਾਗਰੂਕਤਾ ਨੂੰ ਸਮੇਂ ਸਿਰ ਭਾਪ ਨਹੀਂ ਸਕੇ ਤੇ ਨਿੱਜੀ ਹਿੱਤਾਂ ਲਈ ਬਾਦਲ ਪਰਿਵਾਰ ਦੀ ਜੀ ਹਜ਼ੂਰੀ ਕਰਦੇ ਰਹੇ। ਅੱਖਾਂ ਤਦ ਖੁੱਲ੍ਹੀਆਂ ਜਦ 2017 ਵਿਚ ਵਿਰੋਧੀ ਧਿਰ ਦਾ ਰੁਤਬਾ ਵੀ ਖੁੱਸ ਗਿਆ।

ਖੇਤੀਬਾੜੀ ਨਾਲ ਸਬੰਧਤ 'ਮੌਤ ਦੇ ਵਾਰੰਟ' ਦੇ ਤੁਲ ਤਿੰਨ ਕਾਲੇ ਕਾਨੂੰਨ ਪਾਸ ਕਰਵਾਉਣ ਵਿਚ ਭਾਈਵਾਲੀ ਨਿਭਾਈ। ਕਿਸਾਨਾਂ ਦੇ ਵਧਦੇ ਦਬਾਅ ਸਦਕਾ 'ਭਾਜਪਾ' ਨਾਲੋਂ ਗੱਠਜੋੜ ਤੋੜਨ ਦਾ ਡਰਾਮਾ ਕਰ ਕੇ ਕਿਸਾਨਾਂ ਨੂੰ ਭੋਲੇ ਸਮਝਦਿਆਂ ਡੁੱਬਦੀ ਕਿਸ਼ਤੀ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਸਫਲਤਾ ਨਾ ਮਿਲੀ। 'ਰਾਜ ਨਹੀਂ ਸੇਵਾ' ਦੇ ਨਾਅਰੇ ਹੇਠ ਜਨਤਾ ਨੂੰ ਗੁੰਮਰਾਹ ਕਰ ਕੇ ਨਮੋਸ਼ੀ ਭਰੀ ਹਾਰ ਦੇ ਨਾਲ-ਨਾਲ ਜਨਤਾ ਦੀ ਬੇਇੰਤਹਾ ਨਫਰਤ ਹੀ ਖੱਟੀ ਹੈ।

ਜੇ ਕਾਂਗਰਸ ਦੀ ਗੱਲ ਕਰੀਏ ਤਾਂ ਅਹਿਮ ਕਮਜ਼ੋਰੀਆਂ ਉਪਰਲੇ ਪੱਧਰ 'ਤੇ ਹਨ। ਅੱਜ ਦੇ ਲੋਕਤੰਤਰਿਕ ਯੁੱਗ ਵਿਚ ਵੰਸ਼ਵਾਦ ਲਈ ਕੋਈ ਜਗ੍ਹਾ ਨਹੀਂ ਹੈ। ਇਸ ਕਰਕੇ ਕਾਂਗਰਸ ਪਾਰਟੀ ਉਪਰ ਇੱਕੋ ਪਰਿਵਾਰ ਦਾ ਕਾਬਜ਼ ਰਹਿਣਾ ਘਾਤਕ ਸਾਬਤ ਹੋ ਰਿਹਾ ਹੈ। ਜ਼ਰੂਰੀ ਤਾਂ ਨਹੀਂ ਕਿ ਪਰਿਵਾਰ ਵਿਚ ਪੀੜ੍ਹੀ-ਦਰ-ਪੀੜ੍ਹੀ ਯੋਗ ਲੀਡਰ ਪੈਦਾ ਹੁੰਦੇ ਰਹਿਣ। ਰਾਹੁਲ ਗਾਂਧੀ ਦੀ ਲੀਡਰਸ਼ਿਪ ਵੱਲ ਦੇਖਦਿਆਂ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ। ਜ਼ਿਆਦਾਤਰ ਸੀਨੀਅਰ ਆਗੂਆਂ ਨੇ ਮਨਿਸਟਰੀਆਂ ਦੇ ਲਾਲਚ ਵਿਚ ਵੰਸ਼ਵਾਦ ਨੂੰ ਕਬੂਲੇ ਰੱਖਣ ਵਿਚ ਹੀ ਭਲਾਈ ਸਮਝੀ। ਜਦ ਤਕ ਕੰਮ ਚਲਦਾ ਹੈ ਚਲਾਈ ਚਲੋ ਵਾਲੀ ਸੋਚ ਭਾਰੂ ਰਹੀ। ਹੁਣ ਕਾਫੀ ਲੰਬੇ ਅਰਸੇ ਬਾਅਦ ਬਾਗੀ ਸੁਰਾਂ ਉਠਣੀਆਂ ਸ਼ੁਰੂ ਹੋਈਆਂ ਹਨ। ਕਾਂਗਰਸ ਸਮੇਂ ਦੀ ਹਾਣੀ ਨਾ ਬਣਨ ਕਰਕੇ ਦਿਨੋ-ਦਿਨ ਪਤਨ ਵੱਲ ਜਾ ਰਹੀ ਹੈ।



ਦੂਜੀ ਸਭ ਤੋਂ ਵੱਡੀ ਕਮੀ ਇਹ ਕਿ ਕਾਂਗਰਸ ਹਾਈਕਮਾਨ ਸਮੇਂ ਸਿਰ ਫੈਸਲੇ ਲੈਣ ਵਿਚ ਅਸਫਲ ਰਹੀ ਹੈ। ਉਦਾਹਰਨ ਦੇ ਤੌਰ 'ਤੇ ਪਿਛਲੀਆਂ ਚੋਣਾਂ ਸਮੇਂ ਗੋਆ ਵਿਚ ਸਭ ਤੋਂ ਵੱਧ ਸੀਟਾਂ 'ਤੇ ਜਿੱਤ ਪ੍ਰਾਪਤ ਕਰਨ ਦੇ ਬਾਵਜੂਦ ਸਮੇਂ ਸਿਰ ਫੈਸਲਾ ਨਾ ਲੈਣ ਕਰਕੇ ਸਰਕਾਰ ਨਹੀਂ ਬਣ ਸਕੀ ਤੇ 'ਭਾਜਪਾ' ਬਾਜ਼ੀ ਮਾਰ ਗਈ। ਸੂਬਿਆਂ ਵਿਚ ਸਰਕਾਰਾਂ ਸਥਾਪਿਤ ਕਰਨ ਉਪਰੰਤ ਲੰਬੇ ਅਰਸੇ ਤਕ ਹਾਈਕਮਾਨ ਕੋਈ ਸਾਰ ਨਹੀਂ ਲੈਂਦੀ ਰਹੀ ਕਿ ਸੂਬਾਈ ਸਰਕਾਰਾਂ ਮੈਨੀਫੈਸਟੋ ਅਨੁਸਾਰ ਕੰਮ ਕਰ ਵੀ ਰਹੀਆ ਹਨ ਜਾਂ ਨਹੀਂ। ਇਹੀ ਪੰਜਾਬ ਵਿਚ ਹੋਇਆ। ਹਾਈਕਮਾਨ ਦੀ ਨੀਂਦ ਉਦੋਂ ਟੁੱਟੀ ਜਦ ਕੁਝ ਸੀਨੀਅਰ ਆਗੂਆਂ ਨੇ ਰੌਲਾ ਪਾਇਆ। ਹੁਣ ਬਹੁਤ ਦੇਰ ਹੋ ਚੁੱਕੀ ਸੀ ਇਸੇ ਕਰਕੇ ਮੁੱਖ ਮੰਤਰੀ ਨੂੰ ਸਮੇਂ ਸਿਰ ਨਹੀਂ ਬਦਲ ਸਕੇ। ਹੋਰ ਤਾਂ ਹੋਰ ਨੈਸ਼ਨਲ ਪੱਧਰ 'ਤੇ ਵੀ ਕਾਂਗਰਸ ਦਾ ਸਥਾਈ ਪ੍ਰਧਾਨ ਚੁਣਨ ਵਿਚ ਦੇਰੀ ਕਰ ਰਹੇ ਹਨ।

ਪਾਣੀਆਂ ਦੇ ਤਥਾ-ਕਥਿਤ ਸਮਝੌਤੇ ਵਿਧਾਨ ਸਭਾ ਵਿਚ ਰੱਦ ਕਰਵਾ ਕੇ ਹੀਰੋ ਬਣਿਆ ਕੈਪਟਨ ਅਮਰਿੰਦਰ ਸਿੰਘ ਹੁਣ ਲੋਕਾਂ ਦੀਆਂ ਨਜ਼ਰਾਂ ਵਿਚ ਜ਼ੀਰੋ ਕਿਉਂ ਹੋ ਗਿਆ? ਬਾਦਲ ਸਰਕਾਰ ਵੇਲੇ ਦੇ ਸਾਰੇ ਦੇ ਸਾਰੇ ਮੁੱਦੇ ਜਿਓਂ ਦੇ ਤਿਓਂ ਖੜ੍ਹੇ ਹਨ। ਸਾਢੇ ਚਾਰ ਸਾਲ ਵਿਚ ਕੈਪਟਨ ਫਖ਼ਰ ਕਰਨ ਵਾਲਾ ਕੋਈ ਵੀ ਕੰਮ ਨਹੀਂ ਕਰ ਸਕਿਆ। ਰੁਕਾਵਟ ਦੇ ਰੂਪ ਵਿਚ ਕੰਧ ਬਣੀਆਂ ਕੈਪਟਨ ਦੀਆਂ ਨਿੱਜੀ ਕਮਜ਼ੋਰੀਆਂ ਧਿਆਨ ਮੰਗਦੀਆਂ ਹਨ। ਦਫਤਰ ਨਾਂ ਜਾ ਕੇ ਸਿਸਵਾਂ ਫਾਰਮ ਹਾਊਸ ਵਿਚੋਂ ਕੰਮ ਕਰਨ ਦੇ ਇਲਾਵਾ ਬਹੁਤਾ ਸਮਾਂ ਅਰੂਸਾ ਆਲਮ ਨਾਲ ਬਿਤਾਉਣ ਦੀ ਲੋਕਾਂ ਵਿਚ ਆਮ ਚਰਚਾ ਹੈ। ਉਸ ਦੇ ਪੁੱਤਰ ਤੇ ਦਾਮਾਦ ਦੇ ਤਥਾ-ਕਥਿਤ ਆਰਥਿਕ ਘਪਲਿਆਂ ਕਰਕੇ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਕੈਪਟਨ ਦੀ ਬਾਂਹ ਮਰੋੜੀ ਹੋਈ ਹੈ। ਇਨ੍ਹਾਂ ਮਾਮਲਿਆ ਵਿਚੋਂ ਆਪਣੇ ਪਰਿਵਾਰ ਨੂੰ ਬਚਾਉਣ ਲਈ ਪਰਦੇ ਪਿੱਛੇ ਕੇਂਦਰ ਸਰਕਾਰ ਨਾਲ ਗੁਪਤ ਸੰਧੀ ਤਹਿਤ ਪੂਰੇ ਕੀਤੇ ਜਾ ਸਕਣ ਵਾਲੇ ਵਾਅਦਿਆਂ ਨੂੰ ਵੀ ਠੰਢੇ ਬਸਤੇ ਵਿਚ ਪਾਉਣ ਦੀਆਂ ਚਰਚਾਵਾਂ ਆਮ ਹਨ।

ਰਹਿੰਦੀ-ਖੂੰਹਦੀ ਕਸਰ ਕਾਂਗਰਸ ਦੇ ਸਾਬਕਾ ਪ੍ਰਦੇਸ਼ ਪ੍ਰਧਾਨ ਨਵਜੋਤ ਸਿੰਘ ਸਿੱਧੂ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਕੁਝ ਕੁ ਹੋਰ ਆਗੂਆਂ ਦੀ ਖਾਨਾਜੰਗੀ ਨੇ ਪੂਰੀ ਕਰ ਦਿੱਤੀ। ਸਿੱਧੂ ਸਾਹਿਬ ਦਾ ਪੰਜਾਬ ਮਾਡਲ ਤਹਿਤ ਮੈਨੀਫੈਸਟੋ ਕਮੇਟੀ ਤੋਂ ਅਲੱਗ ਰਾਗ ਅਲਾਪਣਾ, ਹਾਈਕਮਾਨ ਦੀ ਸਹਿਮਤੀ ਬਿਨਾਂ ਉਮੀਦਵਾਰ ਐਲਾਨਣਾ, ਮੰਦੀ ਵਾਲੀ ਭਾਸ਼ਾ ਵਰਤਣਾ, ਕੋਈ ਪਦ ਨਹੀਂ ਚਾਹੀਦਾ ਵਾਰ-ਵਾਰ ਬਿਆਨਣਾ ਪਰ ਮੁੱਖ ਮੰਤਰੀ ਬਣਨ ਦੀ ਲਾਲਸਾ ਨੂੰ ਨਾ ਛੁਪਾ ਸਕਣਾ ਸਿਆਸੀ ਅਪਰਪੱਕਤਾ ਹੀ ਸਾਬਤ ਹੋਈ ਜੋ ਅਣਕਿਆਸਿਆ ਨੁਕਸਾਨ ਕਰ ਗਈ। ਕੁਝ ਕੁ ਅੰਦਰ ਦੀਆਂ ਗੱਲਾਂ ਜਿਵੇਂ ਮੁੱਖ ਮੰਤਰੀ ਸਿੱਖ ਚਿਹਰਾ ਹੀ ਹੋਣਾ ਚਾਹੀਦਾ ਹੈ ਦਾ ਬਾਹਰ ਆ ਜਾਣਾ ਤੇ ਫਿਰ ਸੁਨੀਲ ਜਾਖੜ ਵਲੋਂ ਪਬਲਿਕ ਵਿਚ ਇਸੇ ਗੱਲ ਨੂੰ ਲੈ ਕੇ ਭੜਾਸ ਕੱਢਣੀ ਆਦਿ ਵੀ ਬਹੁਤ ਨੁਕਸਾਨ ਕਰ ਗਈਆਂ।

ਅਕਸਮਾਤ ਬਣੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਸ਼ੁਰੂਆਤੀ ਪ੍ਰਭਾਵ ਸਕਾਰਾਤਮਕ ਸੀ ਪਰ ਛੋਟੇ ਪੱਧਰ ਦੇ ਕੰਮਾਂ, ਜਿਵੇਂ ਮੰਜੇ ਬੁਣਨਾ, ਗੁੱਲੀ ਡੰਡਾ ਖੇਡਣਾ, ਟੈਂਟ ਲਾਉਣਾ, ਦੁੱਧ ਚੋ ਲੈਣਾ ਆਦਿ ਬਾਰੇ ਡੀਂਗਾਂ ਮਾਰਨੀਆਂ ਤੇ ਫਿਰ ਕਰ ਕੇ ਵੀ ਦਿਖਾਉਣ ਵਾਲੀਆਂ ਹਰਕਤਾਂ ਅਹੁਦੇ ਦੇ ਹਾਣ ਦੀਆਂ ਨਾ ਹੋ ਕੇ ਹਾਸੋ-ਹੀਣੀਆਂ ਬਣ ਕੇ ਰਹਿ ਗਈਆਂ ਤੇ ਮੁੱਖ ਮੰਤਰੀ ਦਾ ਅਸਲੀ ਮੁੱਦਿਆਂ ਬਾਰੇ ਸੰਜੀਦਾ ਨਾ ਹੋਣ ਦਾ ਪ੍ਰਭਾਵ ਹੀ ਪਿਆ। ਬਹੁਤ ਸਾਰੇ ਐਲਾਨਾਂ ਬਾਰੇ ਗਲਤ ਇਸ਼ਤਿਹਾਰ ਲਾਉਣੇ ਤੇ ਰਿਸ਼ਤੇਦਾਰਾਂ ਕੋਲੋਂ ਕਰੋੜਾਂ ਰੁਪਏ ਦੀ ਬਰਾਮਦੀ ਹੋਣੀ ਆਦਿ ਨੇ ਫੱਟੀ ਪੋਚ ਦਿੱਤੀ।

ਹੁਣ ਵਾਰੀ 'ਆਪ' ਦੀ। ਜਿੱਡੀਆਂ ਵੱਡੀਆਂ ਦਿਲ ਲੁਭਾਉਣੀਆਂ ਗਾਰੰਟੀਆਂ 'ਆਪ' ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਤੀਆਂ ਓਨੀ ਹੀ ਵੱਡੀ ਖੁਸ਼ਗਵਾਰ ਜਿੱਤ ਪੰਜਾਬੀਆਂ ਨੇ 'ਆਪ' ਦੀ ਝੋਲੀ ਵਿਚ ਪਾ ਦਿੱਤੀ। ਇਹ ਅਲੌਕਿਕ ਵਰਤਾਰਾ ਸ. ਭਗਵੰਤ ਮਾਨ ਦੇ ਮੁੱਖ ਮੰਤਰੀ ਐਲਾਨਣ ਸਦਕਾ ਹੀ ਵਰਤ ਸਕਿਆ ਹੈ। ਇਹ ਸਚਾਈ ਕੰਧਾਂ 'ਤੇ ਲਿਖੀ ਹੋਈ ਸੀ ਕਿ ਮਾਨ ਸਾਹਿਬ ਤੋਂ ਇਲਾਵਾ ਹੋਰ ਕਿਸੇ ਦਾ ਵੀ ਚਿਹਰਾ ਏਨਾ ਚਮਤਕਾਰੀ ਪ੍ਰਭਾਵ ਨਹੀਂ ਛੱਡ ਸਕਦਾ ਸੀ। 74 ਸਾਲ ਦੀ ਉਲਝੀ ਤਾਣੀ ਨੂੰ ਸੁਲਝਾਉਂਦਿਆਂ ਹੋਇਆਂ ਵਾਅਦੇ ਪੂਰੇ ਕਰਨਾ ਵੀ ਕਿਸੇ ਚਮਤਕਾਰ ਤੋਂ ਘੱਟ ਨਹੀਂ ਹੋਵੇਗਾ। ਮੁੱਖ ਮੰਤਰੀ ਭਗਵੰਤ ਮਾਨ ਦੇ ਮੋਢਿਆਂ 'ਤੇ ਜ਼ਿੰਮੇਵਾਰੀ ਦਾ ਭਾਰ ਤਾਂ ਪਹਿਲਾਂ ਹੀ ਬਹੁਤ ਸੀ ਪਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ 'ਚ ਸਹੁੰ ਚੁੱਕ ਸਮਾਗਮ ਰੱਖ ਕੇ ਜ਼ਿੰਮੇਵਾਰੀ ਦਾ ਭਾਰ ਚੁੱਕਣ ਦੀ ਪੱਥਰ 'ਤੇ ਲਕੀਰ ਖਿੱਚ ਦਿੱਤੀ ਤੇ 'ਕੁਝ ਕਰੋ ਜਾਂ ਮਰੋ' ਵਾਲੀ ਸਥਿਤੀ ਪੈਦਾ ਕਰ ਲਈ ਹੈ।

ਅਰਵਿੰਦ ਕੇਜਰੀਵਾਲ ਇਸ ਇਤਿਹਾਸਕ ਜਿੱਤ ਨੂੰ ਬਹੁਤ ਵੱਡੇ ਇਨਕਲਾਬ ਦੇ ਰੂਪ ਵਿਚ ਦੇਖ ਰਹੇ ਹਨ ਤੇ ਇਸ ਨੂੰ ਪੂਰੇ ਭਾਰਤ ਵਿਚ ਪਸਾਰਨ ਦਾ ਐਲਾਨ ਕਰ ਚੁੱਕੇ ਹਨ। ਇਸ ਦ੍ਰਿਸ਼ਟੀਕੋਣ ਤੋਂ ਹਿਮਾਚਲ ਪ੍ਰਦੇਸ਼ ਦੀਆਂ ਅਗਾਮੀ ਚੋਣਾਂ ਤੇ ਸਾਲ 2024 ਦੀਆਂ ਸੰਸਦੀ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਪੰਜਾਬ ਵਿਚ ਕੁਝ ਜਲਦੀ ਕਰ ਦਿਖਾਉਣਾ ਨਵੀਂ ਸਰਕਾਰ ਦੀ ਸਿਆਸੀ ਮਜਬੂਰੀ ਬਣ ਜਾਂਦੀ ਹੈ।

---

# ਬਾਤਾਂ ਭਗਵੰਤ ਮਾਨ ਦੀਆਂ-(1)

ਭਗਵੰਤ ਮਾਨ ਨਾਲ ਮੇਰੀ ਕੀ ਸਾਂਝ ਹੈ? ਕਦੋਂ ਕੁ ਦੀ ਹੈ? ਕਿੰਨੀ ਕੁ ਹੈ? ਇਹ ਸਵਾਲ ਮੇਰੇ ਸਾਹਮਣੇ ਹਨ।

1997 ਦਾ ਵਰ੍ਹਾ ਸੀ। ਇਕ ਦਿਨ, ਮੈਂ ਜਲੰਧਰ ਰੇਡੀਓ ਉਤੇ ਗਾਉਣ ਗਿਆ ਹੋਇਆ ਸਾਂ। ਸਾਡੇ ਘਰ ਲੈਂਡ ਲਾਈਨ ਫੋਨ ਵੀ ਨਹੀਂ ਸੀ ਲੱਗਿਆ ਉਦੋਂ। ਬਸ, ਚਿੱਠੀ ਪੱਤਰ ਰਾਹੀਂ ਹੀ ਸਭ ਪਾਸੇ ਰਾਬਤੇ ਹੁੰਦੇ ਸਨ। ਮੈਂ ਦੇਰ ਰਾਤੀਂ ਘਰੇ ਆਇਆ ਤਾਂ ਮੇਰਾ ਤਾਇਆ ਰਾਮ ਦੱਸਣ

**ਨਿੰਦਰ ਘੁਗਿਆਣਵੀ**

ਲੱਗਿਆ, "ਅੱਜ ਦੁਪਹਿਰ ਵੇਲੇ ਜੱਸੋਵਾਲੀਆ ਜੀ ਆਇਆ ਸੀ, ਨਾਲ ਜੀਤ ਗੋਲੇਵਾਲੀਆ ਤੇ ਭਗਵੰਤ ਮਾਨ ਵੀ ਸੀ ਜਿਹੜਾ ਟੀਵੀ ਉਤੋਂ ਸਕਿੱਟਾਂ ਵਿਚ ਆਉਂਦਾ ਹੁੰਦਾ ਐ, ਗੋਲੇਵਾਲੀਆ ਕਾਰ 'ਚੋਂ ਉਤਰਿਆ ਤੇ ਤੇਰਾ ਉਹਨੇ ਪੁੱਛਿਆ ਤੇ ਮੈਂ ਕਿਹਾ ਕਿ ਨਿੰਦਰ ਤਾਂ ਅੱਜ ਰੇਡੀਓ ਉਤੇ ਗਾਉਣ ਗਿਆ ਵੈ ਜਲੰਧਰ ਨੂੰ ਤੇ ਗੋਲੇਵਾਲੀਆ ਕਹਿੰਦਾ ਕਿ ਜਦ ਉਹ ਆਊਗਾ, ਤਾਂ ਦੱਸ ਦਿਓ ਕਿ ਭਗਵੰਤ ਮਾਨ ਤੇ ਜੱਸੋਵਾਲ ਸਾਹਬ ਉਹਨੂੰ ਲੈਣ ਆਏ ਸੀ।"

ਤਾਏ ਰਾਮ ਨੇ ਕਾਰ ਵਿਚ ਬੈਠੇ ਜੱਸੋਵਾਲ ਤੇ ਭਗਵੰਤ ਮਾਨ ਪਛਾਣ ਲਏ ਸਨ। ਤਾਇਆ ਜਲੰਧਰ ਟੀਵੀ ਦਾ ਕੋਈ ਪ੍ਰੋਗਰਾਮ ਵੇਖਣੋਂ ਨਹੀਂ ਸੀ ਛਡਦਾ, ਸਾਰੇ ਪ੍ਰੋਗਰਾਮ ਵੇਂਹਦਾ ਸੀ ਖਾਸ ਕਰਕੇ 'ਮੇਰਾ ਪਿੰਡ ਮੇਰੇ ਖੇਤ'। ਮੇਰੇ ਘਰ ਨਾ ਮਿਲਣ ਕਰਕੇ, ਮੈਂ ਜੱਸੋਵਾਲ ਜੀ ਨੂੰ ਪੀਲੇ ਰੰਗਾ ਪੋਸਟ ਕਾਰਡ ਲਿਖ ਕੇ ਮੁਆਫੀ ਮੰਗੀ। ਭਗਵੰਤ ਮਾਨ ਦਾ ਮੇਰੇ ਕੋਲ ਸਿਰਨਾਵਾਂ ਹੀ ਨਹੀਂ ਸੀ। ਪਰ ਮੈਨੂੰ ਖੁਸ਼ੀ ਸੀ ਕਿ ਜੱਸੋਵਾਲ ਮੈਨੂੰ ਲੱਭਣ ਆਇਆ ਤੇ ਨਾਲ ਉਹਦੇ ਭਗਵੰਤ ਮਾਨ ਵੀ ਸੀ।

****

ਸੰਨ 1999 ਆ ਗਿਆ। ਮੈਂ ਇਕ ਪੁਸਤਕ ਲਿਖ ਰਿਹਾ ਸਾਂ ਪੰਜਾਬ ਦੇ ਵੱਖ ਵੱਖ ਖੇਤਰਾਂ ਵਿਚ ਮਸ਼ਹੂਰ ਹੋਏ ਮਾਨਾਂ ਬਾਰੇ। ਬਾਬੂ ਸਿੰਘ ਮਾਨ ਮਰਾੜਾਂ ਵਾਲੇ ਆਖਣ ਲੱਗੇ ਕਿ ਭਗਵੰਤ ਨੂੰ ਵੀ ਮਿਲ ਆ, ਮੈਂ ਫੋਨ ਕਰਦਾਂ ਉਹਨੂੰ ਤੇਰੇ ਬਾਰੇ। ਮਾਨ ਸਾਹਿਬ ਨੇ ਘਰ ਵਾਲੇ ਫੋਨ ਉਤੋਂ ਫੋਨ ਮਿਲਾਇਆ, ਨਹੀਂ ਮਿਲਿਆ। ਮੈਂ ਆਥਣੇ ਮਰਾੜਾਂ ਤੋਂ ਘੁਗਿਆਣੇ ਮੁੜ ਆਇਆ। ਕਿਤਾਬ ਵਿਚ ਭਗਵੰਤ ਮਾਨ ਬਾਰੇ ਲਿਖਣਾ ਤਾਂ ਬਣਦਾ ਹੀ ਸੀ। ਉਹਦਾ ਪਟਿਆਲੇ ਵਾਲਾ ਪਤਾ ਲੱਭਿਆ। ਸ਼ਾਇਦ ਅਫਸਰ ਕਲੋਨੀ ਸੀ, ਤੇ ਇਹ ਉਦੋਂ ਹਾਲੇ ਨਵੀਂ ਨਵੀਂ ਹੀ ਵੱਸੀ ਸੀ। ਮੈਂ ਚਿੱਠੀ ਲਿਖੀ ਕਿ ਭਗਵੰਤ ਬਾਈ ਜੀ, ਮੈਂ ਆਪ ਦੀ ਇੰਟਰਵਿਊ ਕਰਨੀ ਆਂ ਕਿਤਾਬ ਵਾਸਤੇ। ਮੈਨੂੰ ਕੋਈ ਜੁਆਬ ਨਾ ਆਇਆ। ਲੈਂਡ ਲਾਈਨ, ਫੋਨ ਜੋ ਬਾਬੂ ਸਿੰਘ ਮਾਨ ਨੇ ਲਿਖਵਾਇਆ ਸੀ, ਉਹ ਮਿਲਾਇਆ ਤਾਂ ਭਗਵੰਤ ਦੇ ਪਿਤਾ ਜੀ ਨੇ ਉਠਾਇਆ। ਉਹ ਪੁੱਛਦੇ ਹਨ, ਕੌਣ ਬੋਲਦਾ ਐ? ਮੈਂ ਆਪਣਾ ਨਾਂ ਦੱਸਿਆ ਤਾਂ ਉਹ ਬੋਲੇ, "ਹੱਛਾ ਹੱਛਾ, ਨਿੰਦਰ ਸਿੰਆਂ, ਮੈਂ ਤੇਰੇ ਲੇਖ ਪੰਜਾਬੀ ਟ੍ਰਿਬਿਊਨ ਵਿਚ ਪੜ੍ਹਦਾ ਹੁੰਨਾ ਆਂ, ਤੂੰ ਐਂ ਕਰੀਂ ਸ਼ੇਰਾ, ਰਾਤ ਨੂੰ ਫੋਨ ਕਰੀਂ, ਜਦ ਨੂੰ ਭਗਵੰਤ ਘਰੇ ਈ ਹੋਊ ਤੇ ਤੇਰੇ ਨਾਲ ਗੱਲ ਵੀ ਹੋਜੂ, ਅੱਜ ਭਵਾਨੀਗੜ੍ਹ ਵੰਨੀ ਗਿਆ ਐ, ਕੋਈ ਬਾਹਰੋਂ ਪ੍ਰਮੋਟਰ ਆਇਆ ਸੀ, ਉਹਨੂੰ ਮਿਲਣਾ ਸੀ ਉਹਨੇ।"



ਇਕ ਦਿਨ ਫਿਰ ਫੋਨ ਲਾਇਆ। ਭਗਵੰਤ ਮਾਨ ਨਹੀਂ ਮਿਲਿਆ। ਉਹ ਦਿੱਲੀ ਗਿਆ ਹੋਇਆ ਸੀ ਤੇ ਭਗਵੰਤ ਦੇ ਪਿਤਾ ਜੀ ਆਖਣ ਲੱਗੇ ਕਿ ਨਿੰਦਰ ਯਾਰ, ਤੂੰ ਆਬਦਾ ਨੰਬਰ ਲਿਖਵਾ, ਮੈਂ ਤੇਰੀ ਗੱਲ ਕਰਵਾਊਂ ਭਗਵੰਤ ਨਾਲ। ਮੈਂ ਨੰਬਰ ਲਿਖਵਾਂਦਿਆਂ ਆਖਿਆ ਕਿ ਅੰਕਲ ਜੀ, ਮੈਂ ਜਲੰਧਰ ਰਾਜੂ ਠਾਕੁਰ ਦੇ ਪੀ ਸੀ ਓ ਉਤੋਂ ਬੋਲਦਾ ਆਂ ਤੇ ਆਥਣੇ ਦੋ ਘੰਟੇ ਏਥੇ ਈ ਬਹਿਨਾ ਆਂ, ਜਦ ਤੁਸੀਂ ਗੱਲ ਕਰਵਾਓਗੇ, ਜੇ ਮੈਂ ਨਾ ਹੋਇਆ ਫੇਰ? ਉਹ ਹੱਸੇ ਤੇ ਬੋਲੇ ਕਿ ਫੇਰ ਸਮਝੀਂ ਫਾਇਰ ਫੋਕਾ ਗਿਆ। ਸੋ, ਮੈਂ ਮਾਸਟਰ ਮਹਿੰਦਰ ਸਿੰਘ ਦਾ ਕਾਇਲ ਹੋ ਗਿਆ। ਤੇ ਇਕ ਨਾ ਇਕ ਦਿਨ, ਪਟਿਆਲੇ ਅਫਸਰ ਕਲੋਨੀ ਭਗਵੰਤ ਮਾਨ ਦੇ ਘਰ ਜਾ ਪੁੱਜਾ ਮੈਂ। ਧੁੰਦਲਾ ਜਿਹਾ ਚੇਤਾ ਹੈ, ਮੇਰੇ ਕੋਲ ਕੈਮਰਾ ਵੀ ਨਹੀਂ ਸੀ। ਫੋਨ ਤਾਂ ਕਿੱਥੋਂ ਹੋਣਾ ਸੀ? ਬਸ, ਪੈਨ ਤੇ ਕਾਪੀ ਸਨ। ਭਗਵੰਤ ਨੇ ਗੱਲਾਂ ਸੁਣਾਈਆਂ, ਤੇ ਮੈਂ ਨੋਟ ਕਰੀ ਗਿਆ। ਦੁਪਹਿਰ ਹੋ ਗਈ ਸੀ, ਉਹ ਆਖਣ ਲੱਗਾ ਕਿ ਦੋ ਦੋ ਫੁਲਕੇ ਖਾਨੇ ਆਂ ਆਪਾਂ। ਅਸਾਂ ਅੰਨ ਪਾਣੀ ਵੀ ਛਕਿਆ। ਉਹਨੇ ਆਖਿਆ ਕਿ ਨਿੰਦਰ, ਜਦ ਇਹ ਕਿਤਾਬ ਛਪ ਜਾਏ ਤਾਂ ਇਹਦੀਆਂ ਤੀਹ ਕਾਪੀਆਂ ਮੇਰੇ ਐਡਰੈੱਸ ਉਤੇ ਭੇਜ ਦੇਣੀਆਂ, ਪਤੰਦਰਾ, ਤੂੰ ਐਡਾ ਕੰਮ ਕੀਤਾ ਐ ਯਾਰ, ਸਾਰੇ ਮਾਨ ਖੇਰੂੰ ਖੇਰੂੰ ਹੋਏ ਪਏ ਐ ਤੇ ਤੂੰ ਇਕ ਕਿਤਾਬ 'ਚ 'ਕੱਠੇ ਕਰਤੇ ਐ, ਏਹ ਤਾਂ ਰੱਬ ਦੇ ਕਹੇ 'ਤੇ ਵੀ ਨਹੀਂ 'ਕੱਠੇ ਹੁੰਦੇ, ਸਾਬਾਸ਼ ਐ ਛੋਟੇ ਵੀਰ ਤੈਨੂੰ।

****

## ਡਾਇਰੀ

ਇਹ ਕਿਤਾਬ ਵਿਸ਼ਵ ਭਾਰਤੀ ਪ੍ਰਕਾਸ਼ਨ ਵਾਲੇ ਮੇਘ ਰਾਜ ਮਿੱਤਰ ਹੁਰਾਂ 2001 ਵਿਚ ਛਾਪੀ। ਭਗਵੰਤ ਮਾਨ ਬਾਰੇ ਇਸ ਕਿਤਾਬ 'ਚ ਲੰਬਾ ਲੇਖ ਲਿਖਿਆ ਤੇ ਉਹਦਾ ਸਿਰਲੇਖ ਰੱਖਿਆ ਸੀ, 'ਹਾਸ ਕਲਾ ਦਾ ਬਾਦਸ਼ਾਹ"। ਮੇਘ ਰਾਜ ਜੀ ਨੇ ਕਿਤਾਬਾਂ ਭਗਵੰਤ ਮਾਨ ਦੇ ਪਟਿਆਲੇ ਵਾਲੇ ਘਰ ਭੇਜ ਦਿੱਤੀਆਂ। (ਮੇਘ ਰਾਜ ਮਿੱਤਰ ਦੀਆਂ ਤਰਕਸ਼ੀਲਤਾ ਬਾਰੇ ਲਿਖੀਆਂ ਕਿਤਾਬਾਂ ਮਾਸਟਰ ਮਹਿੰਦਰ ਸਿੰਘ ਇਸ ਕਰਕੇ ਪੜ੍ਹਦੇ ਸਨ ਕਿਉਂਕਿ ਉਹ ਆਪ ਸਾਇੰਸ ਮਾਸਟਰ ਸਨ। ਉਨ੍ਹਾਂ ਭਗਵੰਤ ਨੂੰ ਵੀ ਸਾਇੰਸ ਦੀਆਂ ਤੇ ਤਰਕਸ਼ੀਲਤਾ ਦੀਆਂ ਕਿਤਾਬਾਂ ਨਾਲ ਜੋੜ ਦਿੱਤਾ ਹੋਇਆ ਸੀ।) ਬਾਬੂ ਸਿੰਘ ਮਾਨ ਦੀ ਭਤੀਜੀ ਦਾ ਵਿਆਹ। ਮਰਾੜਾਂ ਨੇੜੇ ਸਾਧਾਂ ਵਾਲੇ ਇਕ ਵੱਡਾ ਪ੍ਰੋਗਰਾਮ ਹੋਇਆ। ਹਰਭਜਨ ਮਾਨ, ਬੱਬੂ ਮਾਨ, ਗੁਰਸੇਵਕ ਮਾਨ ਤੇ ਭਗਵੰਤ ਮਾਨ ਵੀ ਆਇਆ ਹੋਇਆ ਸੀ। ਮੈਂ ਸਟੇਜ ਸੈਕਟਰੀ ਸੀ। ਭਗਵੰਤ ਬੜੇ ਮੋਹ ਤਿਹੁ ਨਾਲ ਮਿਲਿਆ। ***(ਚੱਲਦਾ)***

# ਲਾਸਾਨੀ ਸ਼ਹੀਦਾਂ ਦਾ ਮਾਰਚ ਮਹੀਨਾ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
ਫੋਨ: 91-98157-78469
Sandhugulzar@yahoo.com

ਆਮ ਆਦਮੀ ਪਾਰਟੀ ਵਲੋਂ ਆਪਣਾ ਸਹੁੰ ਚੁੱਕ ਸਮਾਗਮ ਖਟਕੜ ਕਲਾਂ ਰੱਖੇ ਜਾਣ ਨੇ ਮੈਨੂੰ ਚੇਤੇ ਕਰਾ ਦਿੱਤਾ ਕਿ ਮਾਰਚ ਦਾ ਮਹੀਨਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਰਾਜਗੁਰੂ ਤੇ ਸੁਖਦੇਵ ਦੀ ਸ਼ਹਾਦਤ ਦਾ ਮਹੀਨਾ ਹੈ। ਇਨ੍ਹਾਂ ਤਿੰਨਾਂ ਨੇ 23 ਮਾਰਚ, 1931 ਨੂੰ ਫਾਂਸੀ ਦਾ ਰੱਸਾ ਚੁੰਮਿਆ ਤੇ ਅਖੰਡ ਹਿੰਦੁਸਤਾਨ ਨੂੰ ਪੂਰਨ ਰੂਪ ਵਿਚ ਸੁਤੰਤਰ ਕਰਾਉਣ ਦੀ ਨੀਂਹ ਰੱਖੀ। ਜਿੱਥੇ ਭਗਤ ਸਿੰਘ ਦਾ ਜੱਦੀ ਪੁਸ਼ਤੀ ਪਿੰਡ ਪੰਜਾਬ ਦੇ ਨਵਾਂ ਸ਼ਹਿਰ ਜ਼ਿਲ੍ਹੇ ਦਾ ਖਟਕੜ ਕਲਾਂ ਸੀ। ਰਾਜਗੁਰੂ ਮਹਾਰਾਸ਼ਟਰ ਦੇ ਪੂਨਾ ਨੇੜਿਉਂ ਵਹਿੰਦੀ ਭੀਮਾ ਨਦੀ ਦੇ ਨੇੜੇ ਖੇਦ ਪਿੰਡ ਤੋਂ ਅਤੇ ਸੁਖਦੇਵ ਦੇ ਮਾਪੇ ਲੁਧਿਹਾਣਾ ਦੇ ਥਾਪਰ ਪਰਿਵਾਰ ਵਿਚੋਂ ਸਨ। ਇਨ੍ਹਾਂ ਵਿਚੋਂ ਭਗਤ ਸਿੰਘ ਦੀ ਸਰਦਾਰੀ ਦਾ ਕਾਰਨ ਉਸਦੀ ਪੜ੍ਹਨ ਰੁਚੀ ਤੇ ਤਰਕਸ਼ੀਲਤਾ ਬਣਿਆ। ਇਸਦੀ ਪੁਸ਼ਟੀ ਭਗਤ ਸਿੰਘ ਦੀ ਜੇਲ੍ਹ ਨੋਟ ਬੁੱਕ ਕਰਦੀ ਹੈ, ਜਿਹੜੀ ਉਨ੍ਹਾਂ ਦੀ ਸ਼ਹਾਦਤ ਤੋਂ 63 ਸਾਲ ਪਿੱਛੋਂ ਛਪੀ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਇਸ ਦਾ ਜ਼ਿਕਰ ਪਹਿਲੀ ਵਾਰ 1981 ਵਿਚ ਪ੍ਰਕਾਸ਼ਿਤ 'ਲੈਨਿਨ ਐਂਡ ਇੰਡੀਆ' ਨਾਂ ਦੀ ਇਕ ਪੁਸਤਕ ਵਿਚ ਮਿਲਦਾ ਹੈ ਜਿਸਦਾ ਰਚੇਤਾ ਰੂਸੀ ਵਿਦਵਾਨ ਐਨ ਵੀ ਮਿਤਰੋਖਿਨ ਸੀ।

ਇਸ ਵਿਚ ਭਗਤ ਸਿੰਘ ਵਲੋਂ ਆਖਰੀ ਦਿਨਾਂ ਵਿਚ ਕੀਤੇ ਗਏ ਮਾਰਕਸਵਾਦੀ ਸਾਹਿਤ ਦੇ ਗੰਭੀਰ ਅਧਿਐਨ ਬਾਰੇ ਰੋਸ਼ਨੀ ਪਾਈ ਮਿਲਦੀ ਹੈ। ਮਿਤਰੋਖਿਨ ਹੀ ਸੀ ਜਿਸਨੇ ਭਗਤ ਸਿੰਘ ਦੀਆਂ ਇਨ੍ਹਾਂ ਸਤਰਾਂ ਨੂੰ ਪੇਸ਼ ਕੀਤਾ ਜਿਹੜੀਆਂ ਭਗਤ ਸਿੰਘ ਦੇ ਚਿੰਤਨ ਦਾ ਅਨਿੱਖੜਵਾਂ ਅੰਗ ਸਨ।


ਉਸ ਨੇ ਲਿਖਿਆ ਹੈ ਕਿ ਭਗਤ ਸਿੰਘ ਦੇ ਧਰਮ ਅਤੇ ਸੰਪਰਦਾਇ ਬਾਰੇ ਵਿਚਾਰਾਂ ਨੂੰ ਸਮਝਣ ਲਈ ਸਾਨੂੰ ਟਾਲਸਟਾਇ ਦੇ ਵਿਚਾਰਾਂ ਨੂੰ ਜਾਨਣਾ ਤੇ ਸਮਝਣਾ ਜ਼ਰੂਰੀ ਹੈ। ਉਹ ਇਹ ਕਿ ਜੇ ਧਾਰਮਿਕ ਰੀਤੀ ਰਿਵਾਜ਼ ਤੇ ਦਰਸ਼ਨ ਅੰਧ-ਵਿਸ਼ਵਾਸ ਨੂੰ ਜਨਮ ਦਿੰਦੇ ਹਨ ਤਾਂ ਧਰਮ ਦੀ ਕੋਈ ਲੋੜ ਨਹੀਂ ਤੇ ਜੇ ਇਨ੍ਹਾਂ ਵਿਚ ਸੁਤੰਤਰ ਸੋਚ ਮਿਲਦੀ ਹੈ ਤਾਂ ਇਸ ਦਾ ਸਵਾਗਤ ਹੋਣਾ ਚਾਹੀਦਾ ਹੈ। ਇਹ ਵੀ ਕਿ ਵੱਖ-ਵੱਖ ਫਿਰਕਾਪ੍ਰਸਤੀ ਅਤੇ ਖਾਣ-ਪੀਣ ਦਾ ਭੇਦ-ਭਾਵ ਮਿਟਾਉਣਾ ਬੇਹੱਦ ਲਾਜ਼ਮੀ ਹੈ। ਖਾਸ ਕਰਕੇ ਛੂਤ-ਅਛੂਤ ਲਫਜ਼ਾਂ ਨੂੰ ਜੜ੍ਹੋਂ ਪੁੱਟਣਾ।

ਭਗਤ ਸਿੰਘ ਵਹਿਮ ਤੇ ਤੁਅੱਸਬ ਨੂੰ ਤਰੱਕੀ ਦੇ ਰਾਹ ਦਾ ਵੱਡਾ ਰੋੜਾ ਸਮਝਦਾ ਸੀ। ਜਿਹੜੀ ਵੀ ਗੱਲ ਸੁਤੰਤਰ ਸੋਚ ਦੀ ਕਸਵੱਟੀ ਉੱਤੇ ਪੂਰੀ ਨਹੀਂ ਸੀ ਉਤਰਦੀ ਉਸਨੂੰ ਮਲੀਆਮੇਟ ਕਰਨਾ ਚਾਹੁੰਦਾ ਸੀ। ਉਸਦਾ ਮੱਤ ਸੀ ਕਿ ਦੇਸ਼ ਦੇ ਦੁਸ਼ਮਣ (ਗੋਰੇ) ਹਿੰਦੂ ਕੱਟੜਤਾ ਤੇ ਮੁਸਲਿਮ ਤੁਅੱਸਬ ਦੁਆਰਾ ਆਮ ਜਨਤਾ ਦੇ ਮਨਾਂ ਵਿਚ ਪੈਦਾ ਹੋਈ ਫਿਰਕੂ ਤੰਗਦਿਲੀ ਦਾ ਲਾਭ ਲੈਂਦੇ ਹਨ। ਇਸ ਤੋਂ ਦੂਰ ਰਹਿਣ ਦਾ ਰਸਤਾ ਵਿਖਾਉਣ ਲਈ ਸਾਰੇ ਫਿਰਕਿਆਂ ਦੇ ਇਨਕਲਾਬੀ ਸੋਚ ਵਾਲੇ ਨੌਜਵਾਨਾਂ ਦੀ ਲੋੜ ਹੈ ਜਿਹੜੇ ਜਨਤਾ ਵਿਚ ਮਾਨਸਿਕ ਸੁਤੰਤਰਤਾ ਵਾਲੀ ਭਾਵਨਾ ਪੈਦਾ ਕਰ ਸਕਣ।

ਇਸ ਲਈ ਜਨਤਾ ਦਾ ਆਰਥਿਕ ਪੱਧਰ ਉੱਚਾ ਚੁੱਕਣਾ ਲਾਜ਼ਮੀ ਹੈ। ਜਿਸ ਲਈ ਸਾਰੇ ਹਿੰਦੁਸਤਾਨੀਆਂ ਨੂੰ ਇਕਜੁੱਟ ਹੋ ਕੇ ਹੰਭਲਾ ਮਾਰਨਾ ਚਾਹੀਦਾ ਹੈ।

ਮਿਤਰੋਖਿਨ ਦੀ 'ਲੈਨਿਨ ਐਂਡ ਇੰਡੀਆ' ਵਾਂਗ ਭਗਤ ਸਿੰਘ ਦੇ ਸਹਿਯੋਗੀ ਸ਼ਿਵ ਵਰਮਾ ਤੇ ਹੋਰ ਇਤਿਹਾਸਕਾਰਾਂ ਨੇ ਵੀ ਇਸ ਗੱਲ ਉੱਤੇ ਸਹੀ ਪਾਈ ਹੈ ਕਿ ਭਗਤ ਸਿੰਘ ਨੇ ਜੇਲ੍ਹ ਦੀਆਂ ਕਠਿਨਾਈਆਂ ਦੇ ਬਾਵਜੂਦ ਮਾਰਕਸਵਾਦ ਦਾ ਗੰਭੀਰ ਅਧਿਐਨ ਕੀਤਾ। ਇਸਦੇ ਫਲਸਰੂਪ ਹੀ ਭਗਤ ਸਿੰਘ ਨੇ ਅਰਾਜਕਤਾਵਾਦੀ ਰੁਚੀ ਨੂੰ ਤਿਆਗ ਕੇ ਮਾਰਕਸਵਾਦੀ ਸਿਧਾਂਤ ਨੂੰ ਆਪਣਾਇਆ। ਉਸ ਨੇ ਅਤਿਵਾਦੀ ਰਣਨੀਤੀ ਨੂੰ ਛੱਡ ਕੇ ਆਪਣੇ ਅਤੀਤ ਦੀ ਪੜਚੋਲ ਕੀਤੀ ਜਿਸਦੇ ਆਧਾਰ ਉੱਤੇ ਉਹ ਇਸ ਨਤੀਜੇ ਉੱਤੇ ਪਹੁੰਚਿਆ ਸੀ ਕਿ ਕ੍ਰਾਂਤੀਕਾਰ ਬਦਲਾਓ ਲਿਆਉਣ ਲਈ ਕਿਸਾਨਾਂ ਤੇ ਮਜ਼ਦੂਰਾਂ ਨੂੰ ਨਾਲ ਲੈਣਾ ਲਾਜ਼ਮੀ ਸੀ।

ਜਿੱਥੋਂ ਤੱਕ 23 ਮਾਰਚ 1931 ਵਾਲੀ ਫਾਂਸੀ ਦਾ ਸਬੰਧ ਹੈ, ਭਗਤ ਸਿੰਘ ਇਸ ਨੂੰ ਦੇਸ਼ ਭਗਤੀ ਦਾ ਸਭ ਤੋਂ ਉੱਚਾ ਤੇ ਸੁੱਚਾ ਇਨਾਮ ਸਮਝਦਾ




ਸੀ। ਉਸਨੂੰ ਇਸ ਗੱਲ ਦਾ ਮਾਣ ਸੀ ਕਿ ਉਸਨੂੰ ਇਹ ਇਨਾਮ ਮਿਲਿਆ। ਉਸ ਨੇ ਇਹ ਸ਼ਬਦ ਸ਼ਿਵ ਵਰਮਾ ਨੂੰ ਕਹੇ ਸਨ। ਇਹ ਵੀ ਕਿ ਅੰਗਰੇਜ਼ ਹਾਕਮਾਂ ਦੀ ਭੁੱਲ ਸੀ ਕਿ ਉਹ ਭਗਤ ਸਿੰਘ ਤੇ ਉਸਦੇ ਸਾਥੀਆਂ ਦੇ ਸਰੀਰਾਂ ਨੂੰ ਖਤਮ ਕਰ ਕੇ ਸੁਰੱਖਿਅਤ ਹੋ ਜਾਣਗੇ। ਉਹ ਉਨ੍ਹਾਂ ਨੂੰ ਤਾਂ ਮਾਰ ਸਕਦੇ ਹਨ, ਪਰ ਉਨ੍ਹਾਂ ਦੇ ਵਿਚਾਰਾਂ ਨੂੰ ਨਹੀਂ। ਵਿਸਮਿਲ ਅਜ਼ੀਮਾਬਾਦੀ ਨੇ ਠੀਕ ਹੀ ਲਿਖਿਆ ਸੀ:

ਖੀਂਚ ਕਰ ਲਾਈ ਹੈ ਸਭ ਕੋ
ਕਤਲ ਹੋਨੇ ਕੀ ਉਮੀਦ,
ਆਸ਼ਿਕੋਂ ਕਾ ਆਜ ਜਮਘਟ
ਕੂਚਾ-ਏ-ਕਾਤਿਲ ਮੇਂ ਹੈ।
ਸਰਫਰੋਸ਼ੀ ਕੀ ਤਮੰਨਾ
ਅਬ ਹਮਾਰੇ ਦਿਲ ਮੇਂ ਹੈ,
ਦੇਖਨਾ ਹੈ ਜ਼ੋਰ ਕਿਤਨਾ
ਬਾਜ਼ੂ-ਏ-ਕਾਤਿਲ ਮੇਂ ਹੈ।

**ਆਮ ਆਦਮੀ ਪਾਰਟੀ ਦੀ ਜਿੱਤ ਤੇ ਨਵਜੋਤ ਸਿੰਘ ਸਿੱਧੂ**

ਪੰਜ ਰਾਜਾਂ ਵਿਚ ਮਾਰਚ ਮਹੀਨੇ ਹੋਈਆਂ ਚੋਣਾਂ ਨੇ ਇਕ ਵਾਰੀ ਫੇਰ ਸਿੱਧ ਕਰ ਦਿੱਤਾ ਹੈ ਕਿ ਪੰਜਾਬ ਦੇ ਵਸਨੀਕ ਲਕੀਰ ਦੇ ਫਕੀਰ ਨਹੀਂ। ਭਾਵੇਂ ਏਥੇ ਕਾਂਗਰਸ ਦੀ ਹਾਰ ਦਾ ਜ਼ਿੰਮੇਵਾਰ ਨਵਜੋਤ ਸਿੰਘ ਸਿੱਧੂ ਨੂੰ ਮੰਨਿਆ ਜਾ ਰਿਹਾ ਹੈ, ਜਿਸ ਨੇ ਕਾਂਗਰਸ ਹਾਈ ਕਮਾਂਡ ਨੂੰ ਭਰਮਾ ਕੇ ਪ੍ਰਦੇਸ਼ ਕਾਂਗਰਸ ਦੀ ਸਰਕਾਰ ਵੀ ਸਾਂਭ ਲਈ ਤੇ ਕੈਪਟਨ ਸਰਕਾਰ ਨੂੰ ਚੋਣਾਂ ਤੋਂ ਕੇਵਲ ਚਾਰ ਮਹੀਨੇ ਪਹਿਲਾਂ ਪਟੜੀ ਤੋਂ ਲਾਹ ਦਿੱਤਾ। ਪੰਜਾਬ ਦੀ ਦੂਜੀ ਵੱਡੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਹਾਲ ਵੀ ਪਤਲਾ ਸੀ। ਪ੍ਰਕਾਸ਼ ਸਿੰਘ ਬਾਦਲ ਦੀ ਬਜ਼ੁਰਗੀ ਕਾਰਨ ਏਨਾ ਪਾੜ ਪੈ ਚੁੱਕਿਆ ਸੀ ਕਿ ਉਨ੍ਹਾਂ ਨੇ ਪਿਛਲੇ ਦਿਨਾਂ ਵਿਚ ਹਰਚਰਨ ਬੈਂਸ ਨੂੰ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕਰ ਕੇ ਪੂਰਨ ਦਾ ਯਤਨ ਕੀਤਾ ਸੀ। ਨਤੀਜੇ ਵਜੋਂ ਸਾਰੇ ਪੰਜਾਬੀ ਆਮ ਆਦਮੀ ਪਾਰਟੀ ਵੱਲ ਝੁਕ ਗਏ। ਲੋਕਾਂ ਦੇ ਇਸ ਵੱਡੇ ਫਤਵੇ ਲਈ ਭਗਵੰਤ ਮਾਨ ਜਾਂ ਅਰਵਿੰਦ ਕੇਜਰੀਵਾਲ ਅਪਣੀਆਂ ਪਿੱਠਾਂ ਨੂੰ ਜਿੰਨਾ ਮਰਜ਼ੀ ਥਾਪੜੀ ਜਾਣ ਇਨ੍ਹਾਂ ਦੀ ਸਿਹਰਾਬੰਦੀ ਭਰਨ ਵਾਲਾ ਨਵਜੋਤ ਸਿੱਧੂ ਹੈ। ਬਹੁਤੇ ਲੋਕਾਂ ਦੇ ਵਿਚਾਰ ਅਨੁਸਾਰ ਉਸਨੂੰ ਭਾਜਪਾ ਨੇ ਆਪਣਾ ਮੋਹਰਾ ਬਣਾ ਕੇ ਪੰਜਾਬ ਭੇਜਿਆ ਸੀ। ਕਾਂਗਰਸ ਹਾਈ ਕਮਾਂਡ ਭਾਜਪਾ ਦੀ ਇਸ ਚਾਲ ਨੂੰ ਪਹਿਚਾਣ ਨਹੀਂ ਸਕੀ। 2014 ਦੀਆਂ ਚੋਣਾਂ ਸਮੇਂ ਕਾਂਗਰਸ ਨੌਂ ਰਾਜਾਂ ਵਿਚ ਕਾਬਜ਼ ਸੀ ਜਿਹੜੀ ਪੰਜਾਬ ਦੀ ਹਾਰ ਤੋਂ ਪਿੱਛੋਂ ਕੇਵਲ ਦੋ ਰਾਜਾਂ ਤਕ ਸੀਮਤ ਹੋ ਗਈ ਹੈ।

ਇਸ ਸਭ ਕੁਝ ਦੇ ਬਾਵਜੂਦ ਕਾਂਗਰਸ ਪਾਰਟੀ ਕੋਲ ਦੇਸ਼ ਵਿਚ ਹਾਲੀ ਵੀ 700 ਵਿਧਾਇਕ ਹਨ ਜਿਹੜੇ ਭਾਜਪਾ ਦੇ 1300 ਵਿਧਾਇਕਾਂ ਦਾ ਟਾਕਰਾ ਕਰਨ ਦੇ ਯੋਗ ਹਨ। ਇਹ ਗੱਲ ਵੱਖਰੀ ਹੈ ਕਿ ਕਾਂਗਰਸ ਕੋਲ ਵਿਰੋਧੀ ਧਿਰ ਦਾ ਰੋਲ ਅਦਾ ਕਰਨ ਦੀ ਸ਼ਕਤੀ ਨਹੀਂ। ਇਹ ਗੱਲ ਤਾਂ ਗੈਰ-ਕਾਂਗਰਸੀ ਚਿੰਤਕ ਵੀ ਮੰਨਦੇ ਹਨ ਕਿ ਵਰਤਮਾਨ ਹਿੰਦੁਤਵਾ ਸਰਦਾਰੀ ਦੇਸ਼ ਦੀ ਧਰਮ-ਨਿਰਪੱਖ ਧਾਰਨਾ ਦਾ ਸੱਤਿਆਨਾਸ ਕਰ ਰਹੀ ਹੈ। ਇਹੋ ਜਿਹੀ ਸਥਿਤੀ ਵਿਚ ਭਾਜੇ ਦੇ ਟੱਟੂਆਂ ਦਾ ਅੱਡੀਆਂ ਚੁੱਕਣਾ ਕੁਦਰਤੀ ਹੈ। ਅਕਾਲੀ ਦਲ 'ਤੇ ਆਸ ਰੱਖਣ ਦਾ ਕੋਈ ਲਾਭ ਨਹੀਂ।

ਰਾਸ਼ਟਰੀ ਪੱਧਰ ਉੱਤੇ ਕਾਂਗਰਸ ਨੂੰ ਆਪਣੀ ਵਾਗਡੋਰ ਰਾਹੁਲ ਤੇ ਸੋਨੀਆ ਗਾਂਧੀ ਦੀ ਥਾਂ ਕਿਸੇ ਹੋਰ ਮਹਾਰਥੀ ਨੂੰ ਸੌਂਪਣੀ ਚਾਹੀਦੀ ਹੈ। ਇਸ ਵਿਚ ਪ੍ਰਿਅੰਕਾ ਗਾਂਧੀ ਵਾਡਰਾ ਵੀ ਚੰਗਾ ਯੋਗਦਾਨ ਪਾ ਸਕਦੀ ਹੈ। ਬਸਪਾ ਤੇ ਸਪਾ ਦਾ ਸਾਥ ਲੈਣ ਵਿਚ ਵੀ ਕੋਈ ਹਰਜ਼ ਨਹੀਂ। ਦੇਸ਼ ਦੀ ਸੁਤੰਤਰਤਾ ਵਿਚ ਵੱਡਾ ਯੋਗਦਾਨ ਪਾਉਣ ਵਾਲੀ ਇਹ ਪਾਰਟੀ ਨਾਜ਼ੁਕ ਸਮੇਂ ਵਿਚੋਂ ਲੰਘ ਰਹੀ ਹੈ। ਵੇਖੋ ਕੀ ਬਣਦਾ ਹੈ!

**ਅੰਤਿਕਾ**

ਈਸ਼ਵਰ ਚਿੱਤਰਕਾਰ
ਹੇ ਟਿਮਟਮਾਉਂਦੇ ਮਲੂਕ ਦੀਵੇ
ਹੈ ਮੌਤ ਬਲਣਾ ਸਦਾ ਇਕੱਲੇ,
ਰਲਾ ਕੇ ਲਾਟਾਂ ਹੀ ਕਿਉਂ ਨਾ ਜਗੀਏ
ਮੈਂ ਆਪ ਵੈਰੀ ਹਨੇਰ ਦਾ ਹਾਂ।

# ਮੈਂ ਕਿਉਂ ਪਿੱਛੇ ਰਹਾਂ!

ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣ ਗਈ ਹੈ, ਜਿਸਦਾ ਸੁਪਰੀਮੋ ਅਰਵਿੰਦ ਕੇਜਰੀਵਾਲ ਹੈ, ਜੋ ਪੜ੍ਹਿਆ ਲਿਖਿਆ ਹੈ ਤੇ ਰੈਵਿਨਿਊ ਸਰਵਿਸਿਜ਼ ਵਿਚ ਜੋਇੰਟ ਕਮਿਸ਼ਨਰ ਦਾ ਅਹੁਦਾ ਤਿਆਗ ਕੇ ਸਿਆਸਤ ਵਿਚ ਆਇਆ ਹੈ। ਉਸਦਾ ਧਰਮ ਉਹਦੀ ਨਿੱਜੀ ਆਸਥਾ ਹੈ ਤੇ ਉਸਦੀ ਕੋਈ ਵਿਚਾਰਧਾਰਾ ਨਹੀਂ। ਉਸਦਾ ਵਿਚਾਰ ਹੈ ਕਿ ਅਗਰ ਅਸੀਂ ਇਮਾਨਦਾਰੀ ਨਾਲ ਕੰਮ ਕਰੀਏ ਤੇ ਭ੍ਰਿਸ਼ਟਾਚਾਰ ਤਿਆਗ ਦੇਈਏ ਤਾਂ ਅਸੀਂ ਸਵੈ-ਨਿਰਭਰ ਰਾਸ਼ਟਰ ਅਤੇ ਸਮਾਜ ਦਾ ਨਿਰਮਾਣ ਕਰ ਸਕਦੇ ਹਾਂ। ਦੁੱਖ ਦੀ ਗੱਲ ਇਹ ਹੈ ਕਿ ਸਾਡੇ ਮੁਲਕ ਵਿਚ ਵਿਚਾਰਧਾਰਾ ਅਤੇ ਧਰਮਾਂ ਵਾਲੇ ਲੋਕ ਭ੍ਰਿਸ਼ਟਾਚਾਰ ਨੂੰ ਕੋਈ ਸਮੱਸਿਆ ਹੀ ਨਹੀਂ ਸਮਝਦੇ, ਜਿਸ ਕਰਕੇ



**ਅਵਤਾਰ ਸਿੰਘ**
ਫ਼ੋਨ: 94175-18384

ਅਜਿਹੇ ਲੋਕ ਕੇਜਰੀਵਾਲ ਨੂੰ ਹਰ ਸਮੇਂ ਪਾਣੀ ਪੀ-ਪੀ ਕੋਸਦੇ ਰਹਿੰਦੇ ਹਨ।

ਅਸੀਂ ਭੁੱਲ ਜਾਂਦੇ ਹਾਂ ਕਿ ਮੱਕੇ ਗਿਆਂ ਗੁਰੂ ਨਾਨਕ ਨੂੰ ਮੌਲਵੀ ਨੇ ਪੁੱਛਿਆ ਸੀ ਕਿ ਹਿੰਦੂ ਚੰਗੇ ਹਨ ਕਿ ਮੁਸਲਮਾਨ? ਗੁਰੂ ਨਾਨਕ ਨੇ ਜਵਾਬ ਦਿੱਤਾ ਸੀ ਕਿ ਚੰਗੇ ਕੰਮਾਂ ਬਾਝੋਂ ਦੋਵੇਂ ਕਿਸੇ ਕੰਮ ਦੇ ਨਹੀਂ ਹਨ। ਇਹ ਵੀ ਕਿਹਾ ਸੀ ਕਿ ਭ੍ਰਿਸ਼ਟਾਚਾਰ ਹਿੰਦੂ ਲਈ ਗਾਂ ਖਾਣ ਦੇ ਬਰਾਬਰ ਹੈ ਤੇ ਮੁਸਲਮਾਨ ਲਈ ਸੂਰ ਖਾਣ ਦੇ ਤੁਲ ਹੈ। ਜੇ ਅੱਜ ਹੁੰਦੇ ਤਾਂ ਉਨ੍ਹਾਂ ਨੇ ਸਿੱਖਾਂ ਬਾਬਤ ਵੀ ਕੁਝ ਨਾ ਕੁਝ ਕਹਿ ਦੇਣਾ ਸੀ। ਵਿਚਾਰਧਾਰੀਆਂ ਤੇ ਧਰਮਧਾਰੀਆਂ ਨੂੰ ਕੇਜਰੀਵਾਲ ਬਿਲਕੁਲ ਪਸੰਦ ਨਹੀਂ ਹੈ। ਇਸੇ ਕਰਕੇ ਉਹ ਕੁਝ ਵੀ ਕਰਦਾ ਹੈ ਤੇ ਉਹਦੇ ਵਿਚ ਮੀਨ-ਮੇਖ ਕੱਢਣੀ ਸ਼ੁਰੂ ਕਰ ਦਿੰਦੇ ਹਨ ਤੇ ਖੁਦ ਨੂੰ ਵੱਡੇ ਸਲਾਹੂ ਸਮਝਣ ਵਾਲੇ ਉਸ ਨੂੰ ਮੱਤਾਂ ਦੇਣ ਡਹਿ ਪੈਂਦੇ ਹਨ। ਇੱਥੋਂ ਤੱਕ ਕਿ ਉਸਨੂੰ ਲਾਲਾ, ਬਾਣੀਆ, ਕੇਜਰੀ ਤੇ ਕੰਜਰੀ ਤੱਕ ਕਹਿਣ ਦਾ ਗੁਨਾਹ ਕਰਦੇ ਹਨ। ਕਈ ਤਾਂ ਉਸਨੂੰ ਟੋਪੀ ਵਾਲਾ ਭਈਆ ਕਹਿਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਇਹ ਵੀ ਭੁੱਲ ਜਾਂਦੇ ਹਨ ਕਿ ਕਣਕ ਅਤੇ ਝੋਨੇ ਦੀ ਵਢਾਈ ਮੌਕੇ ਜੇ ਭਈਆਂ ਦੀ ਗੱਡੀ ਲੇਟ ਹੋ ਜਾਵੇ ਤਾਂ ਸਾਡੇ ਸਾਹ ਸੁੱਕ ਜਾਂਦੇ ਹਨ ਤੇ ਫੁੱਲਾਂ ਦੇ ਹਾਰ ਲੈ ਕੇ ਰੇਲਵੇ ਸਟੇਸ਼ਨ ਦੇ ਬਾਹਰ ਭਈਆਂ ਦੀ ਉਡੀਕ ਕਰਨੀ ਪੈਂਦੀ ਹੈ। ਉਸਨੂੰ ਟੋਪੀ ਵਾਲਾ ਕਹਿਣ ਵਾਲੇ ਤਾਂ ਇਹ ਵੀ ਭੁੱਲ ਜਾਂਦੇ ਹਨ ਕਿ ਸਾਡੇ ਪਹਿਲੇ ਪੰਜ ਗੁਰੂ ਸਾਹਿਬਾਨ ਸੇਲੀ ਟੋਪੀ ਪਹਿਨਦੇ ਸਨ, ਜਿਸਦੇ ਦੀਦਾਰ ਅੱਜ ਵੀ ਕੀਤੇ ਜਾ ਸਕਦੇ ਹਨ। ਸਾਡੀ ਹਰ ਫਸਲ ਅਗਰ ਭਈਆਂ ਨੇ ਹੀ ਵੱਢਣੀ ਹੈ, ਫਿਰ ਸਿਆਸੀ ਫਸਲ ਕਿਸੇ ਭਈਏ ਨੇ ਵੱਢ ਦਿੱਤੀ ਤਾਂ ਕੀ ਲੋਹੜਾ ਆ ਗਿਆ। ਜਿਸ ਤਰ੍ਹਾਂ ਭਈਏ ਸਾਡੀ ਫਸਲ ਵੱਢ ਕੇ ਸਾਨੂੰ ਹੀ ਦੇ ਜਾਂਦੇ ਹਨ, ਇਸੇ ਤਰ੍ਹਾਂ ਕੇਜਰੀਵਾਲ ਨੇ ਸਾਡੀ ਸਿਆਸੀ ਫਸਲ ਵੱਢ ਕੇ ਸਾਨੂੰ ਹੀ ਸੌਂਪ ਦਿੱਤੀ ਹੈ। ਪੰਜਾਬ ਸਰਕਾਰ ਪੰਜਾਬ ਦੀ ਹੈ, ਯੂਪੀ ਬਿਹਾਰ ਜਾਂ ਦਿੱਲੀ ਦੀ ਨਹੀਂ।

ਇਹ ਗੱਲ ਤਕਰੀਬਨ ਸਾਰੇ ਜਾਣਦੇ ਹਨ ਕਿ ਵੋਟਾਂ ਕੇਜਰੀਵਾਲ ਦੇ ਮੂੰਹ ਨੂੰ ਪਈਆਂ ਹਨ, ਕਿਉਂਕਿ ਲੋਕਾਂ ਨੂੰ ਉਸ 'ਤੇ ਵਿਸ਼ਵਾਸ ਹੈ ਕਿ ਉਹ ਭਗਵੰਤ ਮਾਨ ਨੂੰ ਮਨਮਾਨੀ ਨਹੀਂ ਕਰਨ ਦੇਵੇਗਾ। ਪਾਰਟੀ ਪ੍ਰਧਾਨ ਦਾ ਇਹ ਹੱਕ ਵੀ ਹੁੰਦਾ ਹੈ ਤੇ ਫ਼ਰਜ਼ ਵੀ ਕਿ ਉਹ ਸਰਕਾਰ ਨੂੰ ਸੂਖਮ ਜਿਹੀ ਨੱਥ ਪਾ ਕੇ ਰੱਖੇ। ਜੇ ਨੱਥ ਲੱਥ ਜਾਵੇ ਤਾਂ ਸਰਕਾਰ ਕੁਰੱਪਸ਼ਨ ਵੱਲ ਤਿਲਕ ਸਕਦੀ ਹੈ। ਅੰਗਰੇਜ਼ੀ ਦਾ ਅਖਾਣ ਹੈ: ਪਾਵਰ ਟੈਂਡਜ਼ ਟੂ ਕੁਰੱਪਟ, ਐਂਡ ਐਬਸੋਲੂਟ ਪਾਵਰ ਕੁਰੱਪਟਸ ਐਬਸੋਲੂਟਲੀ।

ਕੇਜਰੀਵਾਲ ਉਸ ਮਹਿਕਮੇ ਵਿਚ ਰਿਹਾ ਹੈ, ਜਿੱਥੇ ਹਰ ਕੋਈ ਨੱਕ ਮੂੰਹ ਤੱਕ ਭ੍ਰਿਸ਼ਟਾਚਾਰ ਵਿਚ ਡੁੱਬਿਆ ਹੁੰਦਾ ਹੈ। ਉਸਨੇ ਭ੍ਰਿਸ਼ਟਾਚਾਰ ਨੂੰ ਏਨੀ ਨੇੜਿਓਂ ਦੇਖਿਆ ਹੈ ਤੇ ਉਹ ਭ੍ਰਿਸ਼ਟਾਚਾਰ ਦੇ ਏਨੇ ਮਹੀਨ ਰੂਪ ਜਾਣਦਾ ਹੋਵੇਗਾ ਕਿ ਉਸ ਲਈ ਭ੍ਰਿਸ਼ਟਾਚਾਰ ਨੂੰ ਨੱਥ ਪਾਉਣੀ ਬੜੀ ਆਸਾਨ ਹੋਵੇਗੀ। ਇਸ ਕਰਕੇ ਇਕ ਸਮਰੱਥ ਵਿਅਕਤੀ ਨੂੰ ਬੇਵਜ੍ਹਾ ਸਲਾਹਾਂ ਦੇਈ ਜਾਣੀਆਂ, ਸਿਆਣਪ ਨਹੀਂ ਹੈ। ਉਹ ਜਾਣਦਾ ਹੈ ਕਿ ਕਦੋਂ, ਕਿੱਥੇ ਕੀ ਅਤੇ ਕਿੰਦਾਂ ਕਰਨਾ ਹੈ। ਉਹ ਅਨਾੜੀ ਨਹੀਂ, ਤਜਰਬੇਕਾਰ ਹੈ।

ਦੋ ਹਜ਼ਾਰ ਸਤਾਰਾਂ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੀ ਬਣਦੀ ਰਹਿ ਗਈ ਸੀ, ਕਿਉਂਕਿ ਕੇਜਰੀਵਾਲ ਅਸਲੋਂ ਹੀ ਇਕ ਅਨਾੜੀ ਦਾਅ ਖੇਡ ਗਿਆ ਸੀ। ਉਦੋਂ ਉਹਨੂੰ ਸਾਡੀ ਦੇਗੀ ਮਾਨਸਿਕਤਾ ਦੀਆਂ ਤਹਿਆਂ ਦੀ ਜਾਣਕਾਰੀ ਨਹੀਂ ਸੀ, ਜਿਸ ਕਰਕੇ ਉਸਨੇ ਐਲਾਨ ਕਰ ਦਿੱਤਾ ਸੀ ਕਿ ਉਨ੍ਹਾਂ ਦੀ ਸਰਕਾਰ ਵਿਚ ਡਿਪਟੀ ਸੀ ਐਮ ਦਾ ਅਹੁਦਾ ਦਲਿਤ ਨੂੰ ਦਿੱਤਾ ਜਾਵੇਗਾ। ਦਲਿਤਾਂ ਨੂੰ ਤਾਂ ਪਤਾ ਸੀ ਕਿ ਪੰਜਾਬ ਵਿਚ ਦਲਿਤ ਦਾ ਡਿਪਟੀ ਸੀ ਐਮ ਚੁਣੇ ਜਾਣਾ ਹਾਲੇ ਕਈ ਜਨਮ ਸੰਭਵ ਨਹੀਂ ਹੈ, ਪਰ ਇਸ ਐਲਾਨ ਕਾਰਣ ਪੰਜਾਬ ਦਾ ਦੇਗੀ ਲੋਕ-ਮਨ, ਕੇਜਰੀਵਾਲ ਤੋਂ ਬੁਰੀ ਤਰ੍ਹਾਂ ਖ਼ਫ਼ਾ ਹੋ ਕੇ, ਪਿੱਛੇ ਹਟ ਗਿਆ। ਜਿਨ੍ਹਾਂ ਨੂੰ ਨਹੀਂ ਯਕੀਨ ਉਹ ਹੁਣ ਦੇਖ ਸਕਦੇ ਹਨ ਕਿ ਚੰਨੀ ਨਾਲ ਕੀ ਹੋਇਆ। ਉਸਨੂੰ ਢਾਈ ਮਹੀਨੇ ਲਈ ਸੀ ਐਮ ਬਣਨ ਦਾ ਮਜ਼ਾ ਚਖਾਉਣ ਅਤੇ ਚਟਾਉਣ ਲਈ ਦੋਵੇਂ ਥਾਵਾਂ ਤੋਂ ਉਸਦੀ ਹਾਰ ਨੂੰ ਯਕੀਨੀ ਬਣਾਉਣਾ ਪਰਮ ਧਰਮ ਬਣਾ ਲਿਆ ਗਿਆ। ਇਸ ਕਰਕੇ ਇਸ ਵਾਰ ਕੇਜਰੀਵਾਲ ਨੇ ਸਮਝਦਾਰੀ ਦਿਖਾਈ ਤੇ ਦੇਗੀ ਲੋਕ ਮਨ ਨੂੰ ਹੀ ਸੀ ਐਮ ਦੇ ਚਿਹਰੇ ਵਜੋਂ ਪੇਸ਼ ਕੀਤਾ ਤੇ ਦਲਿਤ ਦਾ ਪੱਤਾ ਆਪ ਹੀ ਕੱਟ ਦਿੱਤਾ। ਦੇਗ ਅੱਗੇ ਲੋਹੇ ਦੀ ਕੀ ਵੱਟੀਦੀ ਹੈ! ਇਸ ਕਰਕੇ ਕੇਜਰੀਵਾਲ ਜਿਹੇ ਘਾਗ ਸਿਆਸਤਦਾਨ ਨੂੰ ਸਲਾਹ ਦੇਣੀ ਸਿਆਣਪ ਨਹੀਂ ਹੈ।

ਮੈਂ ਦੇਖਿਆ ਹੈ ਕਿ ਸ਼ਹਿਰੀ ਲੋਕ ਕਦੇ ਵੀ ਕਿਸੇ ਸਿਆਸਤਦਾਨ ਨੂੰ ਨਸੀਹਤਾਂ ਨਹੀਂ ਦਿੰਦੇ। ਕਿਉਂਕਿ ਉਨ੍ਹਾਂ ਨੂੰ ਆਪਣੀ ਸਿਆਣਪ ਦਾ ਵੀ ਪਤਾ ਹੁੰਦਾ ਹੈ ਤੇ ਅਗਲੇ ਦੀ ਸਿਆਣਪ ਦਾ ਵੀ ਅੰਦਾਜ਼ਾ ਹੁੰਦਾ ਹੈ। ਬਹੁਤੇ ਸਲਾਹੂ ਪੇਂਡੂ ਹੁੰਦੇ ਹਨ, ਜਿਨ੍ਹਾਂ ਨੂੰ ਨਾ ਆਪਣੀ ਸਿਆਣਪ ਦਾ ਪਤਾ ਹੁੰਦਾ ਹੈ ਤੇ ਨਾ ਅਗਲੇ ਦੀ ਸਿਆਣਪ ਦਾ ਅੰਦਾਜ਼ਾ ਹੁੰਦਾ ਹੈ। ਹਰੇਕ ਪੇਂਡੂ ਨੂੰ ਆਪੋ-ਆਪਣੀ ਘਰੇਲੂ ਅਤੇ ਰਸਟਿਕ ਜਿਹੀ ਸਿਆਣਪ 'ਤੇ ਏਨਾ ਵਿਸ਼ਵਾਸ ਹੁੰਦਾ ਹੈ ਕਿ ਉਹ ਖੁਦ ਨੂੰ ਪਲੈਟੋ ਤੋਂ ਵੀ ਉਪਰ ਸਮਝਦੇ ਹਨ। ਉਹ ਸਰਕਾਰ ਚਲਾਉਣ ਲਈ ਵੀ ਸੱਥਾਂ, ਗਾਵਾਂ ਤੇ ਬੌਲਦਾਂ ਦੀਆਂ ਉਦਾਹਰਨਾਂ ਦੇਣ ਡਹਿ ਪੈਂਦੇ ਹਨ।

# ਪਹਿਲਾਂ ਤੋਲੋ, ਫਿਰ ਬੋਲੋ

ਉੱਚਾ ਬੋਲ ਨਾ ਬੋਲੀਏ, ਕਰਤਾਰੋਂ ਡਰੀਏ। ਜ਼ੁਬਾਨ ਸਾਡੀ ਅਨਮੋਲ ਤੋਹਫ਼ਾ ਹੈ, ਜਿਸ ਨਾਲ ਅਸੀਂ ਆਪਣੇ ਵਿਚਾਰ ਦੂਜਿਆਂ ਸਾਹਮਣੇ ਰੱਖਦੇ ਹਾਂ। ਬਿਨਾਂ ਸੋਚੇ ਸਮਝੇ ਕਈ ਵਾਰ ਅਸੀਂ ਇੰਨਾ ਮਾੜਾ ਬੋਲ ਦਿੰਦੇ ਹਾਂ ਕਿ ਸਾਡੇ ਮਹੱਤਵਪੂਰਨ ਰਿਸ਼ਤੇ ਟੁੱਟਣ ਦੀ ਕਗਾਰ 'ਤੇ ਆ ਜਾਂਦੇ ਹਨ। ਇਕ ਕਹਾਵਤ ਵੀ ਹੈ "ਬੋਲਿਆਂ ਨੇ ਬੋਲ

**ਸੰਜੀਵ ਸਿੰਘ ਸੈਣੀ, ਮੋਹਾਲੀ**

ਵਿਗਾੜੇ, ਮਿੰਨਿਆਂ ਨੇ ਘਰ ਉਜਾੜੇ"। ਅਸੀਂ ਇੰਨਾ ਬੇਤੁਕਾ ਬੋਲ ਦਿੰਦੇ ਹਾਂ ਕਿ ਸਾਰੀ ਉਮਰ ਦੇ ਸਬੰਧ ਟੁੱਟ ਜਾਂਦੇ ਹਨ। ਜਿਨ੍ਹਾਂ ਕਰਕੇ ਦੂਸਰੇ ਨੂੰ ਨੁਕਸਾਨ ਹੁੰਦਾ ਹੈ।

ਕਈ ਵਾਰ ਤਾਂ ਕਾਹਲੀ 'ਚ ਅਸੀਂ ਇਹ ਨਹੀਂ ਸੋਚਦੇ ਕਿ ਕੀ ਬੋਲਣੈ? ਜਦੋਂ ਰਿਸ਼ਤਾ ਟੁੱਟ ਜਾਂਦਾ ਹੈ ਤਾਂ ਪਛਤਾਵਾ ਹੁੰਦਾ ਹੈ। ਸਾਨੂੰ ਕ੍ਰੋਧ ਵਿਚ ਸਹਿਣਸ਼ੀਲ ਹੋਣਾ ਚਾਹੀਦਾ ਹੈ। ਜੇ ਸਬਰ ਨਹੀਂ ਤਾਂ ਪਰਮਾਤਮਾ ਅੱਗੇ ਅਰਦਾਸ ਕਰੋ ਕਿ ਮੇਰੇ ਅੰਦਰ ਸਹਿਣਸ਼ੀਲਤਾ ਵਾਲੇ ਗੁਣ ਹੋਣ। ਸਿਆਣੇ ਅਕਸਰ ਕਹਿੰਦੇ ਹਨ ਕਿ "ਸੌ ਵਾਰ ਸੋਚ ਕੇ ਬੋਲੋ ਜਾਂ ਪਹਿਲਾਂ ਤੋਲੋ ਫਿਰ ਵੱਲੋ"।

ਅਸੀਂ ਸਾਰੇ ਹੀ ਸੰਸਾਰ ਵਿਚ ਵਿਚਰਦੇ ਹਾਂ। ਕਈ ਵਾਰ ਸਾਡੇ ਕੰਮਕਾਜ ਸਾਂਝੇ ਵੀ ਹੁੰਦੇ ਹਨ। ਆਪਸੀ ਸਾਂਝ ਵਿਚ ਕਈ ਵਾਰ ਆਪਸ ਵਿਚ ਮਨ-ਮੁਟਾਵ ਹੋ ਜਾਂਦਾ ਹੈ। ਕਈ ਵਾਰ ਸਾਡਾ ਆਪਸ ਵਿਚ ਕੋਈ ਮਾਮੂਲੀ ਝਗੜਾ ਹੋ ਜਾਂਦਾ ਹੈ। ਫਿਰ ਅਸੀਂ ਉਸ ਬੰਦੇ ਨੂੰ ਪਤਾ ਨਹੀਂ ਕੀ-ਕੀ ਬੋਲ ਦਿੰਦੇ ਹਾਂ। ਉਸ ਸਮੇਂ ਤਾਂ ਸਾਨੂੰ ਇਹ ਹੁੰਦਾ ਹੈ ਕਿ ਅਸੀਂ ਸਾਰੀ ਜ਼ਿੰਦਗੀ ਦਾ ਸਬੰਧ ਇਸ ਨਾਲ ਖਤਮ ਕਰ ਦੇਣਾ ਹੈ। ਬਹੁਤ ਗੰਦੇ ਸ਼ਬਦਾਂ ਦੀ ਵਰਤੋਂ ਕਰਦੇ ਹਾਂ। ਇਥੋਂ ਤੱਕ ਕਿ ਗਾਲੀ ਗਲੋਚ, ਮਾਰ-ਕੁਟਾਈ ਤਕ ਵੀ ਪੁੱਜ ਜਾਂਦੇ ਹਾਂ। ਜਦੋਂ ਫਿਰ ਅਸੀਂ ਠੰਢੇ ਹੋ ਜਾਂਦੇ ਹਾਂ ਤਾਂ ਅਸੀਂ ਸੋਚਦੇ ਹਾਂ ਕਿ ਮੈਂ ਉਸ ਫਲਾਣੇ ਬੰਦੇ ਨੂੰ ਬਹੁਤ ਗ਼ਲਤ ਬੋਲਿਆ। ਜਦੋਂ ਕੋਈ ਵੀ ਤਕਰਾਰ ਹੋ ਜਾਂਦਾ ਹੈ ਤਾਂ ਵਧੀਆ ਰਹਿੰਦਾ ਹੈ ਕਿ ਤੁਸੀਂ ਉਸ ਜਗ੍ਹਾ ਤੋਂ ਦੂਰ ਚਲੇ ਜਾਓ। ਆਪਣੇ ਆਪ ਨੂੰ ਵਿਅਸਤ ਰੱਖੋ। ਸਹਿਣਸ਼ੀਲ ਰਹੋ। ਪਾਣੀ ਪੀਓ ਕਿਉਂਕਿ ਅਸੀਂ ਇਸ ਸੰਸਾਰ ਵਿਚ ਵਾਰ ਵਾਰ ਨਹੀਂ ਆਉਣਾ ਹੈ। ਅਕਸਰ ਕਿਹਾ ਵੀ ਜਾਂਦਾ ਹੈ ਕਿ ਤਲਵਾਰ ਦਾ ਜ਼ਖਮ ਭਰ ਜਾਂਦਾ ਹੈ, ਪਰ ਜੀਭ ਦਾ ਬੋਲਿਆ ਹੋਇਆ ਬੋਲ ਕਦੇ ਵੀ ਨਹੀਂ ਭਰਦਾ।

ਕਈ ਵਾਰ ਅਸੀਂ ਦੇਖਦੇ ਹਾਂ ਕਿ ਜੋ ਵਿਅਕਤੀ ਜ਼ਿਆਦਾ ਬੋਲਦਾ ਹੈ ਘਰ ਵਿਚ ਅਕਸਰ ਉਹ ਲੜਾਈ ਝਗੜਾ ਵੀ ਕਰਦਾ ਹੈ। ਕਲੇਸ਼ ਵਰਗਾ ਮਾਹੌਲ ਘਰ ਵਿਚ ਪੈਦਾ ਹੁੰਦਾ ਹੈ। ਅਜਿਹੇ ਇਨਸਾਨ ਦੇ ਤਾਂ ਕੋਈ ਕੋਲ ਵੀ ਨਹੀਂ ਖੜ੍ਹਦਾ। ਕਈ ਲੋਕ ਦੇਖਣ ਨੂੰ ਬਹੁਤ ਵਧੀਆ ਹੁੰਦੇ ਹਨ ਤੇ ਪਹਿਰਾਵਾ ਵੀ ਬਹੁਤ ਆਕਰਸ਼ਕ ਹੁੰਦਾ ਹੈ। ਪਰ ਜ਼ੁਬਾਨ ਇੰਨੀ ਕੜਵੀ ਹੁੰਦੀ ਹੈ ਕਿ ਗੱਲ ਕਰਨ ਨੂੰ ਦਿਲ ਨਹੀਂ ਕਰਦਾ।

ਕਿਸੇ ਨੇ ਸਹੀ ਕਿਹਾ ਹੈ ਇਹੀ ਜ਼ੁਬਾਨ ਅਰਸ਼ ਤੋਂ ਫਰਸ਼ ਅਤੇ ਫਰਸ਼ ਤੋਂ ਅਰਸ਼ ਤੱਕ ਲੈ ਜਾਂਦੀ ਹੈ। ਕਈ ਲੋਕ ਤਾਂ ਬਿਲਕੁਲ ਹੀ ਘੱਟ ਬੋਲਦੇ ਹਨ। ਅਜਿਹੇ ਲੋਕਾਂ ਦੀਆਂ ਅੱਖਾਂ ਹੀ ਬਹੁਤ ਕੁਝ ਕਹਿ ਜਾਂਦੀਆਂ ਹਨ। ਅਜਿਹੇ ਲੋਕਾਂ ਤੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਬੋਲੋ ਪਰ ਉੱਥੇ ਬੋਲੋ! ਜਿੱਥੇ ਥੋੜੀ ਜ਼ਰੂਰਤ ਹੈ। ਕਈ ਲੋਕ ਜਦੋਂ ਜ਼ਰੂਰਤ ਵੀ ਨਹੀਂ ਹੁੰਦੀ, ਬੋਲਣਾ ਹੀ ਸ਼ੁਰੂ ਕਰ ਦਿੰਦੇ ਹਨ ਤੇ ਫਿਰ ਲੋਕ ਉਨ੍ਹਾਂ ਦੀ ਉਡੀਕ ਕਰਦੇ ਹਨ ਕਿ ਇਹ ਲੋਕ ਕਦੋਂ ਚੁੱਪ ਕਰਨਗੇ। ਅਜਿਹਾ ਬੰਦਾ ਜਿੱਥੇ ਬੈਠਿਆ ਹੋਵੇ ਲੋਕ ਉਸ ਕੋਲ ਬੈਠਣਾ ਵੀ ਪਸੰਦ ਨਹੀਂ ਕਰਦੇ। ਅਕਸਰ ਸਰਕਾਰੀ ਦਫ਼ਤਰਾਂ ਵਿਚ ਨਿੱਜੀ ਕੰਮਾਂ ਲਈ ਜਾਂਦੇ ਹਾਂ, ਉੱਥੇ ਅਫ਼ਸਰ ਬਹੁਤ ਘੱਟ ਬੋਲਦੇ ਹਨ। ਉਨ੍ਹਾਂ ਦੀਆਂ ਅੱਖਾਂ ਹੀ ਬਹੁਤ ਕੁਝ ਸਿਖਾ ਜਾਂਦੀਆਂ ਹਨ। ਉਹ ਦੂਜਿਆਂ ਨੂੰ ਜ਼ਿਆਦਾ ਧਿਆਨ ਨਾਲ ਸੁਣਦੇ ਹਨ। ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਦੋਸਤ, ਕਰੀਬੀ ਰਿਸ਼ਤੇਦਾਰ ਤੁਹਾਡੀ ਕਦਰ ਕਰਨ ਤਾਂ ਹਲੀਮੀ ਨਾਲ ਬੋਲੋ, ਤਾਂ ਹੀ ਜ਼ਿੰਦਗੀ ਨੂੰ ਖੁਸ਼ਹਾਲ ਤਰੀਕੇ ਨਾਲ ਜੀਅ ਸਕਦੇ ਹਾਂ।

# ਕੀ ਭਗਵੰਤ ਮਾਨ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼ ਸਿਰਜਣਗੇ!

**ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼**

ਪੰਜਾਬ ਸ਼ੁਰੂ ਤੋਂ ਕ੍ਰਾਂਤੀ, ਕ੍ਰਾਂਤੀਕਾਰੀਆਂ ਕ੍ਰਾਂਤੀਕਾਰੀ ਵਿਚਾਰਧਾਰਾ ਲਈ ਪ੍ਰਸਿੱਧ ਰਿਹਾ ਹੈ। ਪੰਜਾਬੀ ਕਿਸੇ ਦੇ ਮਗਰ ਨਹੀਂ ਲੱਗਦੇ ਸਗੋਂ ਇਹ ਸਦੀਆਂ ਤੋਂ ਹੀ ਆਪਣੀ ਨਿਵੇਕਲੀ ਅਤੇ ਨਰੋਈ ਸੋਚ ਦਾ ਮੁਜ਼ਾਹਰਾ ਕਰਦਿਆਂ ਆਪਣੀਆਂ ਰਾਹਾਂ ਨਾ ਸਿਰਫ ਆਪ ਬਣਾਉਂਦੇ ਹਨ ਸਗੋਂ ਦੂਜਿਆਂ ਲਈ ਇਨ੍ਹਾਂ ਦੇ ਕਦਮਾਂ ਦੇ ਪਦ ਚਿੰਨ੍ਹ, ਮੀਲ ਪੱਥਰ ਸਾਬਤ ਹੁੰਦੇ ਹਨ।

ਪੰਜਾਬੀਆਂ ਦੇ ਲਹੂ 'ਚ ਇਹ ਗੱਲ ਵੀ ਰਸੀ-ਵਸੀ ਹੈ ਕਿ ਉਹ ਜਦੋਂ ਕਿਸੇ ਨੂੰ ਪਿਆਰ ਕਰਦੇ ਹਨ ਤਾਂ ਬੇ-ਹਿਸਾਬ ਕਰਦੇ ਹਨ ਤੇ ਜਦੋਂ ਕਿਸੇ ਨੂੰ ਵਿਸਾਰਨਾ ਹੋਵੇ ਤਾਂ ਨੇੜੇ ਤੋਂ ਨੇੜਲੇ ਨੂੰ ਵਿਸਾਰ ਛੱਡਦੇ ਹਨ।



**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 98552-59650**

ਲੋਕ ਸਭਾ ਚੋਣਾਂ ਦੀਆਂ ਪਿਛਲੀਆਂ ਦੋ ਟਰਮਾਂ ਦੌਰਾਨ ਜਦੋਂ ਮੋਦੀ ਦੀ ਪੂਰੇ ਦੇਸ਼ 'ਚ ਲਹਿਰ ਸੀ ਤਾਂ ਪੰਜਾਬ ਨੇ ਇਸ ਦੇ ਉਲਟ ਫਤਵਾ ਦਿੱਤਾ ਅਤੇ ਹੁਣ ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਜਿਸ ਤਰ੍ਹਾਂ ਪੰਜਾਬੀਆਂ ਨੇ ਰਵਾਇਤੀ ਪਾਰਟੀਆਂ ਨੂੰ ਇਕੋ ਝਟਕੇ 'ਚ ਖੂੰਜੇ ਲਾ ਹਕੂਮਤ ਦੀ ਵਾਗਡੋਰ ਆਮ ਆਦਮੀ ਪਾਰਟੀ ਹਵਾਲੇ ਕੀਤੀ ਹੈ ਉਸ ਨੇ ਇਕ ਵਾਰ ਫਿਰ ਪੰਜਾਬੀਆਂ ਦੇ ਵਿਲੱਖਣ ਸੁਭਾਅ ਤੇ ਇਨਕਲਾਬੀ ਵਿਚਾਰਧਾਰਾ ਦੀ ਚਰਚਾ ਪੂਰੀ ਦੁਨੀਆ ਵਿਚ ਛੇੜ ਰੱਖੀ ਹੈ।

ਜਦੋਂ ਅਸੀਂ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਨਿਛਾਵਰ ਕਰਨ ਵਾਲੇ ਯੋਧਿਆਂ ਦੀ ਗੱਲ ਕਰਦੇ ਹਾਂ ਤਾਂ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਊਧਮ ਸਿੰਘ ਜਿਹੇ ਯੋਧਿਆਂ ਦੇ ਨਾਂ ਆਪ ਮੁਹਾਰੇ ਸਾਹਮਣੇ ਆ ਜਾਂਦੇ ਹਨ ਅਤੇ ਇਹ ਸਾਰੇ ਪੰਜਾਬੀ ਹੀ ਸਨ।

ਭਗਤ ਸਿੰਘ ਜਿਨ੍ਹਾਂ ਨੂੰ 23 ਮਾਰਚ, 1931 ਨੂੰ ਉਨ੍ਹਾਂ ਦੇ ਦੋ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਸਮੇਤ ਫਾਂਸੀ ਦੇ ਦਿੱਤੀ ਗਈ ਸੀ, ਭਾਵੇਂ ਉਨ੍ਹਾਂ ਦੇ ਫਾਂਸੀ ਲੱਗਣ ਤੋਂ ਬਾਅਦ ਦੇਸ਼ 1947 ਵਿਚ ਆਜ਼ਾਦ ਹੋ ਗਿਆ, ਭਾਵੇਂ ਅੱਜ ਉਨ੍ਹਾਂ ਨੂੰ ਫਾਂਸੀ ਦਾ ਰੱਸਾ ਚੁੰਮਿਆਂ 90 ਸਾਲ ਹੋ ਚੁੱਕੇ ਹਨ ਪਰ ਸਵਾਲ ਇਹ ਹੈ ਕਿ ਜਿਨ੍ਹਾਂ ਸੁਪਨਿਆਂ ਨੂੰ ਸੰਜੋਇਆਂ ਭਗਤ ਸਿੰਘ ਨੇ ਸ਼ਹਾਦਤ ਦਿੱਤੀ ਕੀ ਅੱਜ ਦੇਸ਼ ਦੇ ਆਗੂ ਉਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ 'ਚ ਸਫਲ ਹੋਏ ਹਨ? ਸ਼ਾਇਦ ਇਸ ਦਾ ਜਵਾਬ ਹਰ ਕੋਈ ਨਹੀਂ ਵਿਚ ਦੇਵੇਗਾ!

ਪਰ ਜਦੋਂ ਤੋਂ ਭਗਵੰਤ ਸਿੰਘ ਮਾਨ ਹੁਰਾਂ ਨੇ ਪੰਜਾਬ ਦੀ ਹਕੂਮਤ ਦੀ ਵਾਗਡੋਰ ਖਟਕੜ ਕਲਾਂ ਵਿਖੇ ਸੰਭਾਲਣ ਦਾ ਪ੍ਰਣ ਲਿਆ ਤੇ ਉਥੇ ਜਾ ਕੇ ਸਹੁੰ ਚੁੱਕੀ ਤਦ ਤੋਂ ਲੋਕਾਂ ਵਿਚ ਕੁਝ ਉਮੀਦਾਂ ਜਾਗਣ ਲੱਗੀਆਂ ਹਨ ਕਿ ਸ਼ਾਇਦ ਭਗਤ ਸਿੰਘ ਦੇ ਸੁਪਨਿਆਂ ਨੂੰ ਹੁਣ ਬੂਰ ਪੈਣਾ ਸ਼ੁਰੂ ਹੋਏਗਾ।

ਇਸ ਤੋਂ ਪਹਿਲਾਂ ਕਿ ਅਸੀਂ ਹਾਲਾਤ ਦੇ ਹਾਜ਼ਰਾ 'ਤੇ ਨਜ਼ਰ ਮਾਰੀਏ ਆਓ ਭਗਤ ਸਿੰਘ ਦੇ ਜਨਮ ਤੇ ਫਾਂਸੀ ਲੱਗਣ ਤੱਕ ਦੇ ਸਫਰ 'ਤੇ ਉਡਦੀ ਝਾਤ ਮਾਰਨ ਦੀ ਕੋਸ਼ਿਸ਼ ਕਰਦੇ ਹਾਂ।

ਭਗਤ ਸਿੰਘ ਦਾ ਜਨਮ 28 ਸਤੰਬਰ, 1907 ਨੂੰ ਜ਼ਿਲ੍ਹਾ ਲਾਇਲਪੁਰ ਦੇ ਪਿੰਡ ਬੰਗਾ (ਪੰਜਾਬ, ਮੌਜੂਦਾ ਪਾਕਿਸਤਾਨ) ਵਿਚ ਹੋਇਆ ਸੀ। ਉਨ੍ਹਾਂ ਦਾ ਜੱਦੀ ਘਰ ਅੱਜ ਵੀ ਭਾਰਤੀ ਪੰਜਾਬ ਦੇ ਨਵਾਂਸ਼ਹਿਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਜ਼ਿਲ੍ਹੇ ਦੇ ਪਿੰਡ ਖਟਕੜ ਕਲਾਂ ਵਿਖੇ ਮੌਜੂਦ ਹੈ। ਉਨ੍ਹਾਂ ਦੇ ਦਾਦਾ ਸ. ਅਰਜਨ ਸਿੰਘ ਵਾਹੀਕਾਰ ਸਨ ਅਤੇ ਯੂਨਾਨੀ ਹਿਕਮਤ ਦਾ ਵੀ ਗਿਆਨ ਰੱਖਦੇ ਸਨ। ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਸਮਾਜ ਸੇਵਕ ਸਨ। 1906 ਵਿਚ ਕਿਸ਼ਨ ਸਿੰਘ ਕਾਂਗਰਸ ਦੇ ਮੈਂਬਰ ਬਣੇ ਅਤੇ ਸਿਆਸਤ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਵੀ ਸਿਰਕੱਢ ਸੁਤੰਤਰਤਾ ਸੰਗਰਾਮੀ ਅਤੇ ਪ੍ਰਭਾਵਸ਼ਾਲੀ ਬੁਲਾਰੇ ਸਨ। ਭਗਤ ਸਿੰਘ ਆਪਣੇ ਚਾਚਾ ਅਜੀਤ ਸਿੰਘ ਦੀ ਸ਼ਖ਼ਸੀਅਤ ਤੋਂ ਵਧੇਰੇ ਪ੍ਰਭਾਵਿਤ ਸਨ। ਭਗਤ ਸਿੰਘ ਦੇ ਕੋਮਲ ਹਿਰਦੇ 'ਤੇ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਦਾ ਗਹਿਰਾ ਅਸਰ ਪਿਆ ਤੇ ਕਿਹਾ ਜਾਂਦਾ ਹੈ ਕਿ ਭਗਤ ਸਿੰਘ ਸਰਾਭੇ ਦੀ ਫ਼ੋਟੋ ਹਮੇਸ਼ਾਂ ਆਪਣੀ ਜੇਬ ਵਿਚ ਰੱਖਿਆ ਕਰਦੇ ਸਨ।

ਭਗਤ ਸਿੰਘ ਦੀ ਸ਼ੁਰੂਆਤੀ ਤਾਲੀਮ ਲਾਇਲਪੁਰ ਦੇ ਜ਼ਿਲ੍ਹਾ ਬੋਰਡ ਪ੍ਰਾਇਮਰੀ ਸਕੂਲ ਵਿਖੇ ਹੋਈ। ਇਸ ਤੋਂ ਬਾਅਦ ਉਹ ਡੀਏਵੀ ਹਾਈ ਸਕੂਲ ਲਾਹੌਰ 'ਚ ਦਾਖ਼ਲ ਹੋਏ। 1923 ਵਿਚ ਉਨ੍ਹਾਂ ਲਾਹੌਰ ਦੇ ਨੈਸ਼ਨਲ ਕਾਲਜ ਵਿਚ ਦਾਖ਼ਲਾ ਲੈ ਲਿਆ ਤੇ ਕਾਲਜ ਦੇ ਮਾਹੌਲ ਵਿਚ ਹੀ ਘੁਲਮਿਲ ਗਏ ਅਤੇ ਕਾਲਜ ਦੀ ਡਰਾਮਾ ਕਮੇਟੀ ਦੇ ਸਰਗਰਮ ਮੈਂਬਰ ਵਜੋਂ ਆਪਣੀ ਵੱਖਰੀ ਪਛਾਣ ਬਣਾਈ। ਇਸ ਦੌਰਾਨ ਪੰਜਾਬ ਹਿੰਦੀ ਸਾਹਿਤ ਸੰਮੇਲਨ ਵੱਲੋਂ ਕਰਵਾਏ ਲੇਖ ਮੁਕਾਬਲੇ 'ਚੋਂ ਉਨ੍ਹਾਂ ਪਹਿਲਾ ਸਥਾਨ ਪ੍ਰਾਪਤ ਕੀਤਾ। ਜ਼ਿਕਰਯੋਗ ਹੈ ਕਿ ਭਗਤ ਸਿੰਘ ਨੂੰ ਉਰਦੂ, ਹਿੰਦੀ, ਪੰਜਾਬੀ, ਅੰਗਰੇਜ਼ੀ ਅਤੇ ਸੰਸਕ੍ਰਿਤ ਭਾਸ਼ਾਵਾਂ 'ਚ ਮੁਹਾਰਤ ਸੀ। ਉਨ੍ਹਾਂ ਨੂੰ ਬੰਗਲਾ ਭਾਸ਼ਾ ਦਾ ਵੀ ਗਿਆਨ ਸੀ 'ਬੰਗਲਾ', ਜੋ ਉਨ੍ਹਾਂ ਨੇ ਬਟੁਕੇਸ਼ਵਰ ਦੱਤ ਤੋਂ ਸਿੱਖੀ ਸੀ। ਭਗਤ ਸਿੰਘ ਲਾਹੌਰ ਦੇ ਨੈਸ਼ਨਲ ਕਾਲਜ ਦੀ ਪੜ੍ਹਾਈ ਛੱਡ ਕੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦਾ ਹਿੱਸਾ ਬਣ ਕੇ ਕ੍ਰਾਂਤੀਕਾਰੀ ਸੰਗਠਨ ਨਾਲ ਜੁੜ ਗਏ।

ਇਸੇ ਦੌਰਾਨ ਅੰਮ੍ਰਿਤਸਰ 'ਚ 13 ਅਪ੍ਰੈਲ 1919 ਨੂੰ ਹੋਏ ਜਲ੍ਹਿਆਂਵਾਲਾ ਬਾਗ ਕਾਂਡ ਨੇ, ਜਿੱਥੇ ਦੇਸ਼ ਦੇ ਆਮ ਲੋਕਾਂ ਅਤੇ ਵਿਸ਼ੇਸ਼ ਕਰ ਸੁਤੰਤਰਤਾ ਸੰਗਰਾਮੀਆਂ ਦੇ ਦਿਲਾਂ ਨੂੰ ਵਲੂੰਧਰ ਕੇ ਰੱਖ ਦਿੱਤਾ, ਉਥੇ ਇਸ ਕਤਲੇਆਮ ਨੇ ਭਗਤ ਸਿੰਘ ਦੀ ਸੋਚ ਉੱਤੇ ਵੀ ਡੂੰਘਾ ਅਸਰ ਛੱਡਿਆ। ਉਹ ਅੰਮ੍ਰਿਤਸਰ ਗਏ ਤੇ ਉਸ ਬਾਗ ਵਿਚੋਂ ਖੂਨ ਨਾਲ ਭਰੀ ਮਿੱਟੀ ਆਪਣੇ ਨਾਲ ਲੈ ਕੇ ਵਾਪਸ ਆਏ। ਇਸ ਘਟਨਾ ਨੇ ਉਨ੍ਹਾਂ ਦੇ ਦਿਲ 'ਚ ਅੰਗਰੇਜ਼ਾਂ ਖ਼ਿਲਾਫ ਨਫਰਤ ਭਰ ਦਿੱਤੀ। 1921 'ਚ ਨਨਕਾਣਾ ਸਾਹਿਬ ਗੁਰਦੁਆਰੇ ਦੇ ਮੋਰਚੇ ਨੇ ਵੀ ਉਨ੍ਹਾਂ ਦੇ ਮਨ 'ਤੇ ਡੂੰਘੀ ਛਾਪ ਛੱਡੀ। ਉਹ ਆਪਣੇ ਪਿੰਡ ਵਿਚੋਂ ਲੰਘੇ ਜਾਂਦੇ ਅੰਦੋਲਨਕਾਰੀਆਂ ਨੂੰ ਲੰਗਰ ਛਕਾਇਆ ਕਰਦੇ ਸਨ। ਫਿਰ ਗਾਂਧੀ ਦਾ ਅੰਦੋਲਨ ਸ਼ੁਰੂ ਹੋਇਆ ਤੇ ਕਿੰਨੇ ਨੌਜਵਾਨ ਸਕੂਲਾਂ ਤੇ ਕਾਲਜਾਂ ਨੂੰ ਛੱਡ ਆਜ਼ਾਦੀ ਦੀ ਲੜਾਈ 'ਚ ਕੁੱਦ ਪਏ, ਜਿਨ੍ਹਾਂ 'ਚੋਂ ਭਗਤ ਸਿੰਘ ਵੀ ਇਕ ਸੀ।

ਭਗਤ ਸਿੰਘ ਜਦੋਂ ਕਾਨਪੁਰ ਪਹੁੰਚੇ ਤਾਂ ਉਹ ਉਥੇ ਸ਼ੰਕਰ ਵਿਦਿਆਰਥੀ, ਬੀ.ਕੇ. ਦੱਤ, ਚੰਦਰ ਸ਼ੇਖਰ ਆਜ਼ਾਦ ਤੇ ਕੁਝ ਹੋਰ ਬੰਗਾਲੀ ਕ੍ਰਾਂਤੀਕਾਰੀਆਂ ਦੇ ਸੰਪਰਕ ਵਿਚ ਆਏ ਅਤੇ "ਹਿੰਦੁਸਤਾਨ ਰਿਪਬਲੀਕਨ ਐਸੋਸੀਏਸ਼ਨ" ਦੇ ਮੈਂਬਰ ਬਣ ਗਏ। ਉਨ੍ਹਾਂ ਦਿਨਾਂ ਵਿਚ ਗੁਰਦੁਆਰਿਆਂ ਦੀ ਆਜ਼ਾਦੀ ਲਈ ਜੈਤੋ ਦਾ ਮੋਰਚਾ ਲੱਗਾ ਹੋਇਆ ਸੀ ਤੇ ਉਨ੍ਹਾਂ ਪੂਰੇ ਇਕੱਠ ਨੂੰ ਲੰਗਰ ਛਕਾਇਆ ਜਿਸ ਦੇ ਫਲਸਰੂਪ ਉਨ੍ਹਾਂ ਦੀ ਗ੍ਰਿਫਤਾਰੀ ਦੇ ਵਾਰੰਟ ਜਾਰੀ ਹੋਏ। 1927 ਵਿਚ ਨੌਜਵਾਨ ਭਾਰਤ ਸਭਾ ਦੀ ਨੀਂਹ ਰੱਖੀ ਗਈ, ਜਿਸ ਦਾ ਬਾਅਦ ਵਿਚ ਨਾਂ ਬਦਲ ਕੇ "ਹਿੰਦੁਸਤਾਨ ਰਿਪਬਲੀਕਨ ਐਸੋਸੀਏਸ਼ਨ" ਰੱਖ ਦਿੱਤਾ ਗਿਆ। ਚੰਦਰ ਸ਼ੇਖਰ ਆਜ਼ਾਦ ਤੇ ਭਗਤ ਸਿੰਘ ਇਸਦੇ ਸੰਚਾਲਕ ਸਨ। ਇਸੇ ਦੌਰਾਨ 1927 ਵਿਚ ਕਾਕੋਰੀ ਕਾਂਡ (ਰੇਲਗੱਡੀ ਡਾਕੇ) ਦੇ ਮਾਮਲੇ ਵਿਚ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਉੱਤੇ ਲਾਹੌਰ ਅਤੇ ਦਸਹਿਰੇ ਮੇਲੇ ਦੌਰਾਨ ਬੰਬ ਸੁੱਟਣ ਦਾ ਵੀ ਦੋਸ਼ ਮੜ੍ਹਿਆ ਗਿਆ। ਕੁਝ ਸਮੇਂ ਬਾਅਦ ਚੰਗੇ ਵਿਹਾਰ ਕਾਰਨ ਜ਼ਮਾਨਤ ਦੀ ਭਾਰੀ ਰਕਮ ਦੇ ਇਵਜ਼ 'ਚ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਭਗਤ ਸਿੰਘ ਨੇ ਸੰਘਰਸ਼ ਜਾਰੀ ਰੱਖਿਆ ਅਤੇ ਦੇਸ਼ ਦੀ ਆਜ਼ਾਦੀ ਲਈ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ।



ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਦੀ ਸਹੁੰ ਖਾਧੀ ਅਤੇ ਰਾਜਗੁਰੂ ਦੇ ਨਾਲ ਮਿਲ ਕੇ ਲਾਹੌਰ ਵਿਚ ਸਹਾਇਕ ਪੁਲਿਸ ਮੁਖੀ ਰਹੇ ਅੰਗਰੇਜ਼ ਅਧਿਕਾਰੀ ਜੇਪੀ ਸਾਂਡਰਸ ਨੂੰ ਮਾਰ ਮੁਕਾਇਆ। ਇਸ ਕਾਰਨਾਮੇ ਨੂੰ ਅੰਜਾਮ ਦੇਣ ਲਈ ਚੰਦਰ ਸ਼ੇਖਰ ਆਜ਼ਾਦ ਨੇ ਵੀ ਉਨ੍ਹਾਂ ਦੀ ਸਹਾਇਤਾ ਕੀਤੀ। ਆਪਣੇ ਇਕ ਹੋਰ ਕ੍ਰਾਂਤੀਕਾਰੀ ਸਾਥੀ ਬਟੁਕੇਸ਼ਵਰ ਦੱਤ ਦੇ ਨਾਲ ਮਿਲ ਕੇ ਉਨ੍ਹਾਂ ਨੇ ਨਵੀਂ ਦਿੱਲੀ ਦੀ ਸੈਂਟਰਲ ਅਸੈਂਬਲੀ ਦੇ ਸਭਾ ਹਾਲ ਵਿਚ 8 ਅਪ੍ਰੈਲ 1928 ਨੂੰ ਅੰਗਰੇਜ਼ ਸਰਕਾਰ ਨੂੰ ਜਗਾਉਣ ਲਈ ਬੰਬ ਅਤੇ ਪਰਚੇ ਸੁੱਟੇ। ਬੰਬ ਸੁੱਟਣ ਉਪਰੰਤ ਦੋਵਾਂ ਨੇ ਉੱਥੇ ਗ੍ਰਿਫ਼ਤਾਰੀ ਦੇ ਦਿੱਤੀ।

ਜੇਲ੍ਹ ਵਿਚ ਭਗਤ ਸਿੰਘ ਨੇ ਲਗਪਗ ਦੋ ਸਾਲ ਗੁਜ਼ਾਰੇ। ਮੁਕੱਦਮੇ ਦੌਰਾਨ ਭਾਰਤ ਦੇ ਇਸ ਮਹਾਨ ਸਪੂਤ ਨੇ ਆਪਣੀ ਰਿਹਾਈ ਲਈ ਜ਼ਰਾ ਵੀ ਕੋਸ਼ਿਸ਼ ਨਹੀਂ ਕੀਤੀ ਪਰ ਦੇਸ਼ ਦੀ ਆਜ਼ਾਦੀ ਲਈ ਆਖ਼ਰੀ ਸਾਹ ਤਕ ਲੜਨ ਦਾ ਐਲਾਨ ਕੀਤਾ। ਮਜ਼ਦੂਰਾਂ ਦਾ ਸ਼ੋਸ਼ਣ ਕਰਨ ਵਾਲੇ ਪੂੰਜੀਪਤੀਆਂ ਨੂੰ ਉਨ੍ਹਾਂ ਆਪਣਾ ਦੁਸ਼ਮਣ ਐਲਾਨਿਆ। ਉਨ੍ਹੀਂ ਦਿਨੀਂ ਉਨ੍ਹਾਂ ਇਕ ਆਰਟੀਕਲ ਲਿਖਿਆ ਜਿਸ ਦਾ ਸਿਰਲੇਖ ਸੀ 'ਮੈਂ ਨਾਸਤਕ ਕਿਉਂ ਹਾਂ'। ਜੇਲ੍ਹ ਵਿਚ ਭਗਤ ਸਿੰਘ ਅਤੇ ਉਸ ਦੇ ਬਾਕੀ ਸਾਥੀਆਂ ਨੇ 64 ਦਿਨਾਂ ਤਕ ਭੁੱਖ ਹੜਤਾਲ ਕੀਤੀ ਜੋ ਗਾਂਧੀਵਾਦੀ ਤਰੀਕਿਆਂ ਦੀ ਅਦੁੱਤੀ ਮਿਸਾਲ ਹੈ। ਭਗਤ ਸਿੰਘ ਅਤੇ ਉਸ ਦੇ ਸਾਥੀਆਂ 'ਤੇ ਲਾਹੌਰ ਵਿਚ ਸਾਂਡਰਸ ਦੇ ਕਤਲ, ਅਸੈਂਬਲੀ ਵਿਚ ਬੰਬ ਧਮਾਕਾ ਕਰਨ ਆਦਿ ਦੇ ਕੇਸ ਚੱਲੇ।

ਸੱਤ ਅਕਤੂਬਰ 1930 ਨੂੰ ਟ੍ਰਿਬਿਊਨਲ ਦਾ ਫ਼ੈਸਲਾ ਜੇਲ੍ਹ ਵਿਚ ਪਹੁੰਚਿਆ, ਜਿਸ ਅਨੁਸਾਰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ, ਕਮਲਨਾਥ ਤਿਵਾੜੀ, ਵਿਜੈ ਕੁਮਾਰ ਸਿਨਹਾ, ਜੈਦੇਵ ਕਪੂਰ, ਸ਼ਿਵ ਵਰਮਾ, ਗਯਾ ਪ੍ਰਸਾਦ, ਕਿਸ਼ੋਰੀ ਲਾਲ ਅਤੇ ਮਹਾਵੀਰ ਸਿੰਘ ਨੂੰ ਉਮਰ ਕੈਦ, ਕੁੰਦਨ ਲਾਲ ਨੂੰ 7 ਅਤੇ ਪ੍ਰੇਮ ਦੱਤ ਨੂੰ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਬਟੁਕੇਸ਼ਵਰ ਦੱਤ ਅਤੇ ਭਗਤ ਸਿੰਘ ਨੂੰ ਅਸੈਂਬਲੀ ਬੰਬ ਕਾਂਡ ਲਈ ਉਮਰ ਕੈਦ ਦੀ ਸਜ਼ਾ ਦਾ ਫ਼ੈਸਲਾ ਸੁਣਾਇਆ ਗਿਆ ਅਤੇ 23 ਮਾਰਚ 1931 ਨੂੰ ਭਗਤ ਸਿੰਘ ਅਤੇ ਉਨ੍ਹਾਂ ਦੇ ਦੋ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੇ ਦਿੱਤੀ ਗਈ। ਇਹ ਵੀ ਕਿਹਾ ਜਾਂਦਾ ਹੈ ਕਿ ਫਾਂਸੀ ਦਿੱਤੇ ਜਾਣ ਤੋਂ ਪਹਿਲਾਂ ਉਹ ਲੈਨਿਨ ਦੀ ਜੀਵਨੀ ਪੜ੍ਹ ਰਹੇ ਸਨ। ਫਾਂਸੀ ਉਪਰੰਤ ਅਵਾਮ ਦਾ ਕੋਈ ਅਹਿਤਜਾਜ ਜਾਂ ਅੰਦੋਲਨ ਨਾ ਭੜਕ ਜਾਵੇ, ਇਸ ਡਰੋਂ ਅੰਗਰੇਜ਼ਾਂ ਨੇ ਪਹਿਲਾਂ ਉਨ੍ਹਾਂ ਦੀਆਂ ਲਾਸ਼ਾਂ ਦੇ ਟੁਕੜੇ ਕੀਤੇ ਅਤੇ ਫਿਰ ਬੋਰੀਆਂ ਵਿਚ ਭਰ ਕੇ ਫਿਰੋਜ਼ਪੁਰ ਵੱਲ ਲੈ ਗਏ, ਜਿੱਥੇ ਮਿੱਟੀ ਦਾ ਤੇਲ ਪਾ ਕੇ ਉਨ੍ਹਾਂ ਨੂੰ ਸਾੜਿਆ ਗਿਆ ਤੇ ਅੱਧ-ਸੜੀਆਂ ਲਾਸ਼ਾਂ ਸਤਲੁਜ ਦਰਿਆ 'ਚ ਸੁੱਟ ਦਿੱਤੀਆਂ। ਭਗਤ ਸਿੰਘ ਨੂੰ ਫਾਂਸੀ ਲਗਾਏ ਜਾਣ ਬਾਅਦ ਦਿੱਲੀ ਵਿਖੇ ਹੋਏ ਇਕ ਜਲਸੇ 'ਚ ਸੁਭਾਸ਼ ਚੰਦਰ ਬੋਸ ਨੇ ਕਿਹਾ ਸੀ ਕਿ 'ਭਗਤ ਸਿੰਘ ਇਕ ਵਿਅਕਤੀ ਨਹੀਂ -ਉਹ ਇਕ ਨਿਸ਼ਾਨ ਹੈ, ਇਕ ਚਿੰਨ੍ਹ ਹੈ, ਉਸ ਇਨਕਲਾਬ ਦਾ, ਜਿਹੜਾ ਉਸ ਦੀਆਂ ਕੁਰਬਾਨੀਆਂ ਸਦਕਾ ਹਰ ਦੇਸ਼ ਵਾਸੀ ਦੇ ਸੀਨੇ ਵਿਚ ਮਘਦੀ ਅੱਗ ਵਾਂਗ ਬਲ ਉਠਿਆ ਹੈ"। ਪੰਡਤ ਜਵਾਹਰ ਲਾਲ ਨਹਿਰੂ ਨੇ ਲਿਖਿਆ ਸੀ, 'ਇਹ ਨੌਜਵਾਨ ਗੱਭਰੂ ਅਚਨਚੇਤ ਇਤਨਾ ਹਰਮਨ ਪਿਆਰਾ ਹੋ ਗਿਆ ਹੈ। ਸਾਨੂੰ ਉਸਦੀ ਸ਼ਹਾਦਤ ਤੋਂ ਸਬਕ ਸਿੱਖਣਾ ਚਾਹੀਦਾ ਹੈ ਕਿ ਦੇਸ਼ ਤੇ ਕੌਮ ਦੀ ਆਜ਼ਾਦੀ ਲਈ ਕਿਵੇਂ ਹੱਸ ਹੱਸ ਕੇ ਮਰਿਆ ਜਾਂਦਾ ਹੈ।"

ਅੱਜ ਦੇਸ਼ ਨੂੰ ਆਜ਼ਾਦ ਹੋਇਆਂ 75 ਸਾਲ ਹੋ ਚੁੱਕੇ ਹਨ ਪਰ ਅਫਸੋਸ ਕਿ ਹਾਲੇ ਤਕ ਭਗਤ ਸਿੰਘ ਜਿਹੇ ਸ਼ਹੀਦਾਂ ਦੀ ਕਲਪਨਾ ਵਾਲਾ ਭਾਰਤ ਨਹੀਂ ਬਣ ਸਕਿਆ ਹੈ। ਦੇਸ਼ ਪਿਛਲੇ ਲੰਮੇ ਸਮੇਂ ਤੋਂ ਲਗਾਤਾਰ ਗ਼ਰੀਬੀ, ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਦੀ ਵੱਡੀ ਦਲਦਲ ਵਿਚੋਂ ਨਿਕਲਣ ਦੀ ਥਾਂ ਇਸ 'ਚ ਧਸਦਾ ਜਾ ਰਿਹਾ ਹੈ।

ਪਰ ਲੰਘੀ 16 ਮਾਰਚ ਨੂੰ ਜਿਸ ਤਰ੍ਹਾਂ ਇਕ ਨਵੀਂ ਪਹਿਲ ਕਦਮੀ ਕਰਦਿਆਂ ਭਗਵੰਤ ਮਾਨ ਨੇ ਭਗਤ ਸਿੰਘ ਦੇ ਨਗਰ ਖਟਕੜ ਕਲਾਂ ਵਿਖੇ ਪੰਜਾਬ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਉਸ ਤੋਂ ਲੋਕਾਂ ਦੇ ਅੰਦਰ ਕੁਝ ਉਮੀਦਾਂ ਨੇ ਜ਼ਰੂਰ ਜਨਮ ਲਿਆ ਹੈ।

ਦਰਅਸਲ ਭਗਵੰਤ ਮਾਨ ਦੇ ਦਿਲ ਵਿਚ ਵਿਦਿਆਰਥੀ ਜੀਵਨ ਤੋਂ ਹੀ ਭਗਤ ਸਿੰਘ ਲਈ ਅਟੁੱਟ ਸ਼ਰਧਾ ਰਹੀ ਹੈ ਭਾਵੇਂ ਉਸ ਨੇ ਪਹਿਲੀ ਵਾਰ ਕਾਰ ਖਰੀਦੀ ਹੋਵੇ ਜਾਂ ਫਿਰ ਉਨ੍ਹਾਂ ਲੋਕ ਸਭਾ ਇਲੈਕਸ਼ਨ ਜਿੱਤੀ ਹੋਵੇ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਜ਼ਰੂਰ ਆਏ।

ਭਗਵੰਤ ਸਿੰਘ ਮਾਨ ਦੇ ਭਗਤ ਸਿੰਘ ਦੇ ਇਸ ਖਟਕੜ ਕਲਾਂ ਦੀ ਧਰਤੀ ਨਾਲ ਕੁਨੈਕਸ਼ਨ ਦੀ ਵਜਾਹਤ ਕਰਦਿਆਂ ਪੱਤਰਕਾਰ ਚਰਨਜੀਤ ਸਿੰਘ ਭੁੱਲਰ ਆਪਣੇ ਇਕ ਲੇਖ ਵਿਚ ਲਿਖਦੇ ਹਨ "ਭਗਵੰਤ ਮਾਨ ਨੇ ਅੱਜ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਧਰਤੀ 'ਤੇ ਸਹੁੰ ਚੁੱਕੀ। ਉਸ ਦਾ ਸ਼ਹੀਦਾਂ ਦੀ ਰੂਹ ਨਾਲ ਕੋਈ ਖਾਸ ਕੁਨੈਕਸ਼ਨ ਹੈ। ਉਸ ਦਾ ਸਕੂਲੀ ਸਾਥੀ ਜੋਧਾ ਸਿੰਘ ਦੱਸਦਾ ਹੈ ਕਿ ਭਗਵੰਤ ਮਾਨ ਸਕੂਲ ਵੇਲੇ ਵੀ ਸ਼ਹੀਦ ਭਗਤ ਸਿੰਘ ਦੇ ਗੀਤ ਗਾਉਂਦਾ ਹੁੰਦਾ ਸੀ। ਜਦੋਂ ਸਿਆਸਤ ਵਿਚ ਆਇਆ ਤਾਂ ਉਦੋਂ ਵੀ ਖਟਕੜ ਕਲਾਂ ਦੀ ਧਰਤੀ ਤੋਂ। ਭਗਵੰਤ ਮਾਨ ਦੱਸਦਾ ਹੈ ਕਿ ਕੇਰਾਂ ਮਾਰੂਤੀ ਕਾਰ ਲਈ, ਸਭ ਤੋਂ ਪਹਿਲਾਂ ਖਟਕੜ ਕਲਾਂ ਗਿਆ। ਜਦੋਂ ਸੰਸਦ ਮੈਂਬਰ ਬਣਿਆ, ਸਭ ਤੋਂ ਪਹਿਲਾਂ ਸ਼ਹੀਦ-ਏ-ਆਜ਼ਮ ਦੀ ਧਰਤੀ ਚੁੰਮ ਕੇ ਆਇਆ। ਬਸੰਤੀ ਪੱਗ ਉਸ ਦੇ ਪਹਿਰਾਵੇ ਦਾ ਅਨਿੱਖੜਵਾਂ ਅੰਗ ਬਣ ਗਈ ਹੈ।"

ਸਹੁੰ ਚੁੱਕਣ ਤੋਂ ਬਾਅਦ ਭਗਵੰਤ ਮਾਨ ਨੇ ਜਿਸ ਰਫਤਾਰ ਨਾਲ ਕੰਮ ਕਰਨਾ ਸ਼ੁਰੂ ਕੀਤਾ ਹੈ ਅਤੇ ਜਿਸ ਤਰ੍ਹਾਂ ਉਨ੍ਹਾਂ ਦੇ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਭ੍ਰਿਸ਼ਟਾਚਾਰ ਖ਼ਿਲਾਫ ਵੱਡੀ ਮੁਹਿੰਮ ਵਿੱਢਣ ਦਾ ਇਰਾਦਾ ਕੀਤਾ ਹੈ ਉਸ ਤੋਂ ਲੱਗਦਾ ਹੈ ਕਿ ਸ਼ਾਇਦ ਹੁਣ ਪੰਜਾਬ ਸਿਆਂ ਤੇਰਾ ਕੁਝ ਭਲਾ ਹੋਣ ਵਾਲਾ ਹੈ ਅਤੇ ਹੋ ਸਕਦਾ ਹੈ ਕਿ ਤੇਰੇ ਰੰਗਲੇ ਦਿਨ ਦੁਬਾਰਾ ਪਰਤ ਆਉਣ ਭਾਵੇਂ ਮੈਂ ਇਹ ਵੀ ਸਮਝਦਾ ਹਾਂ ਕਿ ਇਹ ਕਹਿਣਾ ਹਾਲੇ ਜਲਦਬਾਜ਼ੀ ਹੋਏਗੀ ਪਰ ਆਗਾਜ਼ ਜੇਕਰ ਚੰਗਾ ਹੋਵੇ ਤਾਂ ਇਨਸ਼ਾ ਅੱਲ੍ਹਾ ਅੰਜਾਮ ਵੀ ਚੰਗਾ ਹੀ ਹੋਇਆ ਕਰਦੇ ਹਨ। ਕਿਸੇ ਸ਼ਾਇਰ ਦੇ ਇਨ੍ਹਾਂ ਸ਼ਬਦਾਂ ਨਾਲ ਹੀ ਮੈਂ ਆਪਣੀ ਗੱਲ ਨੂੰ ਇੱਥੇ ਹੀ ਵਿਰਾਮ ਦੇਵਾਂਗਾ ਕਿ:

ਤੇਰੇ ਨਕਸ਼ੇ ਪਾਅ ਕੋ ਖ਼ੁਦਾ ਉਮਰ ਬਖਸ਼ੇ।
ਮੁਝੇ ਮੰਜ਼ਿਲੋਂ ਕਾ ਪਤਾ ਦੇ ਰਹੇ ਹੈਂ.......!!

## ਭਗਤ ਸਿੰਹਾਂ

ਅੱਜ ਫਿਰ ਭਗਤ ਸਿੰਹਾਂ
ਤੇਰੇ ਇਨਕਲਾਬ ਨੂੰ
ਲੋਕ ਅਮਲੀ ਜਾਮਾ
ਪਹਿਨਾਉਣਾ ਚਾਹੁੰਦੇ ਨੇ।

ਤੇਰੀ ਲੱਗੀ ਹੋਈ ਜਵਾਨੀ
ਸਾਡੇ ਦੇਸ਼ ਦੇ ਲੇਖੇ
ਉਸ ਦਾ ਮੁੱਲ
ਚੁਕਾਉਣਾ ਚਾਹੁੰਦੇ ਨੇ।

ਤੇਰੀ ਬੁਲੰਦ ਆਵਾਜ਼ ਨੂੰ
ਗੋਰੇ ਨਾ ਦਬਾ ਸਕੇ
ਪਰ ਤੇਰੇ ਆਪਣੇ ਹੀ
ਦਬਾਉਣਾ ਚਾਹੁੰਦੇ ਨੇ।

ਆਪਣੇ ਗਲਾਂ ਵਿਚ
ਹੱਸ ਹੱਸ ਪਾ ਫਾਂਸੀਆਂ
ਜ਼ੰਜੀਰਾਂ ਗੁਲਾਮੀ ਵਾਲੀਆਂ
ਤੋੜ ਦਿੱਤੀਆਂ
ਤੁਹਾਡੀਆਂ ਕੀਤੀਆਂ ਹੋਈਆਂ
ਕੁਰਬਾਨੀਆਂ ਨੂੰ
ਕੁਝ ਮਤਲਬੀ ਲੋਕ
ਦਬਾਉਣਾ ਚਾਹੁੰਦੇ ਨੇ।

ਤੇਰੇ ਸੁਪਨਿਆਂ ਨੂੰ
ਸਾਕਾਰ ਕਰਾਉਣ ਲਈ
ਤੇਰੇ ਪਾਏ ਪੂਰਨਿਆਂ 'ਤੇ
ਲੋਕ ਤੁਰਨਾ ਚਾਹੁੰਦੇ ਨੇ

ਤੇਰੇ ਬਸੰਤੀ ਰੰਗ ਦੇ ਚਰਚੇ ਨੇ
ਚਾਰ ਚੁਫੇਰੇ
ਸਾਰੇ ਆਪਣੇ ਆਪ ਨੂੰ
ਰੰਗਾਉਣਾ ਚਾਹੁੰਦੇ ਨੇ।

ਤੇਰੇ ਜੱਦੀ ਸ਼ਹਿਰ ਖਟਕੜ ਵਿਚ
ਸਿਰ ਝੁਕਾ ਕੇ
ਫੁੱਲ ਸ਼ਰਧਾ ਦੇ
ਚੜ੍ਹਾਉਣਾ ਚਾਹੁੰਦੇ ਨੇ।

ਭਗਵੰਤ ਸਿੰਘ ਮਾਨ ਨੇ ਵਿਖਾਈ ਹਿੰਮਤ
ਸਮੁੱਚੇ ਭਾਰਤ ਨੂੰ ਕਹਿਣਾ ਚਾਹੁੰਦੇ ਨੇ
ਬੇਈਮਾਨਾਂ, ਲੋਟੂਆਂ ਤੇ
ਭ੍ਰਿਸ਼ਟਾਚਾਰੀਆਂ ਕੋਲੋਂ
ਸਮੁੱਚੇ ਦੇਸ਼ ਨੂੰ
ਮੁਕਤ ਕਰਾਉਣਾ ਚਾਹੁੰਦੇ ਨੇ।

ਇਨਕਲਾਬ ਇਨਕਲਾਬ
ਬੋਲਣ ਨਾਲ ਨਹੀਂ
ਹਕੀਕਤ ਵਿਚ
ਇਨਕਲਾਬ ਲਿਆਉਣਾ ਚਾਹੁੰਦੇ ਨੇ।

ਜਸਵਿੰਦਰਾ ਉੱਠ ਜਾਗ
ਜਾਗਣ ਦਾ ਆਇਆ ਵੇਲਾ
ਲੋਕ ਕਲਮਾਂ ਨੂੰ ਕਲਮਾਂ
ਪੜ੍ਹਾਉਣਾ ਚਾਹੁੰਦੇ ਨੇ।

ਇਨਕਲਾਬ ਜ਼ਿੰਦਾਬਾਦ ਦੇ ਨਾਅਰੇ
ਭਗਤ ਸਿੰਹਾਂ
ਅੱਜ ਲੋਕ ਸਾਰੀ ਦੁਨੀਆ ਨੂੰ
ਸੁਣਾਉਣਾ ਚਾਹੁੰਦੇ ਨੇ।
ਤੇਰੇ ਜੱਦੀ ਸ਼ਹਿਰ ਖਟਕੜ ਵਿਚ
ਸਿਰ ਝੁਕਾ ਕੇ
ਫੁੱਲ ਸ਼ਰਧਾ ਦੇ ਚੜ੍ਹਾਉਣਾ ਚਾਹੁੰਦੇ ਨੇ।

ਅੱਜ ਫਿਰ ਭਗਤ ਸਿੰਹਾਂ ਤੇਰੇ
ਇਨਕਲਾਬ ਨੂੰ ਲੋਕ
ਅਮਲੀ ਜਾਮਾ ਪਹਿਨਾਉਣਾ ਚਾਹੁੰਦੇ ਨੇ।

*-ਸੂਬੇਦਾਰ ਜਸਵਿੰਦਰ ਸਿੰਘ*
*ਫੋਨ: 75891-55501*

---

## ਸ਼ਹੀਦ ਭਗਤ ਸਿੰਘ ਨੂੰ

ਤੂੰ ਹੱਸ ਕੇ ਚੜ੍ਹ ਗਿਐਂ ਫਾਂਸੀ,
ਲਾ ਨਾਅਰਾ ਇਨਕਲਾਬ ਦਾ
ਵਾਰਿਸ ਤੇਰੇ ਤਾਂ ਬਣੇ ਨਸ਼ੇੜੀ,
ਲੁੱਟਿਆ ਹੈ ਚੈਨ ਪੰਜਾਬ ਦਾ।

ਕੁਝ ਬਣੇ ਨੇ ਫ਼ਿਲਮੀ ਹੀਰੋ,
ਸਿਰ ਚੜ੍ਹਿਆ ਭੂਤ ਸ਼ਬਾਬ ਦਾ
ਕੁਝ ਚੁੱਕੀ ਫਿਰਦੇ ਹਥਿਆਰ,
ਪੁੱਤ ਬਣੇ ਫਿਰਦੇ ਨਵਾਬ ਦਾ।

ਸਿਵੇ ਦੀ ਅੱਗ ਬੁੱਝਦੀ ਨਹੀਂ,
ਵੈਣ ਪੈਂਦਿਆਂ ਬੇਹਿਸਾਬ ਦਾ
ਸੋਚ ਸਮਾਜਵਾਦ ਦੀ ਗੁੰਮੀ,
ਕੀ ਕਰੀਏ ਅਧੂਰੇ ਖ਼ੁਆਬ ਦਾ?

ਭਗਤ ਸਿੰਹਾਂ ਆ ਕੇ ਦੱਸ ਜਾ,
ਕੀ ਮਾਇਨਾ ਇਨਕਲਾਬ ਦਾ?
ਵਾਰਿਸਾਂ ਨੇ ਪਾੜਿਆ ਵਰਕਾ,
ਖ਼ੂਨ ਨਾਲ ਲਿਖੇ ਹਿਸਾਬ ਦਾ।

ਕਦੋਂ ਤੂੰ ਮੁੜ ਪੜ੍ਹੇਂਗਾ ਫਿਰ,
ਮੋੜਿਆ ਪੰਨਾ ਕਿਤਾਬ ਦਾ?
ਅੱਖਾਂ ਗੱਡ ਕੇ ਬੈਠੇ ਹਾਂ ਵੀਰਾ,
ਦੀਦਾਰ ਤੱਕਣ ਨੂੰ ਜਨਾਬ ਦਾ!

*-ਸੇਵਾ ਸਿੰਘ ਨੂਰਪੁਰੀ*

# ਰਾਵੀ ਜਿਹਲਮ ਚਨਾਬ ਨੂੰ ਸਲਾਮ ਆਖਣਾ

ਪੰਜਾਬੀ ਖੇਡ ਸਾਹਿਤ



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

ਮੈਂ ਸੁਪਨੇ ਲੈ ਰਿਹਾ ਸਾਂ, ਕਾਸ਼! ਭਾਰਤ-ਪਾਕਿ ਵਿਚਕਾਰ ਵੰਡੇ ਪੰਜਾਬੀ ਖਿਡਾਰੀ ਮੁੜ ਇਕੱਠੇ ਖੇਡਣ। 1950ਵਿਆਂ 'ਚ ਦੋਹਾਂ ਪੰਜਾਬਾਂ ਵਿਚਕਾਰ ਕਬੱਡੀ ਤੇ ਹਾਕੀ ਦੇ ਮੈਚ ਅਤੇ ਅਥਲੈਟਿਕਸ ਮੀਟਾਂ ਹੋਣੀਆਂ ਸ਼ੁਰੂ ਹੋਈਆਂ ਸਨ, ਜੋ 1965 ਤੇ 1971 ਦੀਆਂ ਲੜਾਈਆਂ ਕਾਰਨ ਬੰਦ ਹੋ ਗਈਆਂ। 1980 'ਚ ਮੈਂ 'ਕਬੱਡੀ ਪੰਜਾਬ ਦੀ' ਵਿਚ ਲਿਖਿਆ: ਜੇਕਰ ਚੜ੍ਹਦੇ ਤੇ ਲਹਿੰਦੇ ਪੰਜਾਬ ਦੀਆਂ ਕਬੱਡੀ ਟੀਮਾਂ ਦਾ ਮੈਚ ਹੁਣ ਹੋਵੇ ਤਾਂ ਪੰਜਾਬ ਦਾ ਕੋਈ ਵੀ ਸਟੇਡੀਅਮ ਦਰਸ਼ਕਾਂ ਦੀਆਂ ਭੀੜਾਂ ਨਾ ਸਮਾ ਸਕੇ। ਇਕ ਬੰਨ੍ਹੇ ਲਾਹੌਰੀਏ, ਪਸ਼ੌਰੀਏ ਤੇ ਲਾਇਲਪੁਰੀਏ ਹੋਣਗੇ ਅਤੇ ਦੂਜੇ ਬੰਨ੍ਹੇ ਜਲੰਧਰੀਏ, ਹੁਸ਼ਿਆਰਪੁਰੀਏ ਤੇ ਅੰਬਰਸਰੀਏ। ਸਿਆਲਕੋਟੀਆਂ, ਫਰੀਦਕੋਟੀਆਂ, ਸ਼ੇਖੂਪੁਰੀਆਂ ਤੇ ਫਿਰੋਜ਼ਪੁਰੀਆਂ ਵਿਚਕਾਰ ਬੁਰਦਾਂ ਲੱਗਣਗੀਆਂ। ਜਿੱਤਾਂ ਹਾਰਾਂ ਹੋਣਗੀਆਂ ਤੇ ਗਿੱਧੇ ਭੰਗੜੇ ਪੈਣਗੇ। ਮਿੰਟਗੁਮਰੀਏ ਤੇ ਸੰਗਰੂਰੀਏ ਇਕ ਦੂਜੇ ਨੂੰ ਵੰਗਾਰਨਗੇ ਵੀ ਤੇ ਪਿਆਰਨਗੇ ਵੀ। ਦਰਸ਼ਕ ਦੋਹਾਂ ਪੰਜਾਬਾਂ ਦੇ ਚੋਬਰਾਂ ਦੀ ਖੇਡ ਤੋਂ ਬਲਿਹਾਰੇ ਜਾਣਗੇ। ਅਜਿਹੇ ਖੇਡ ਮੇਲੇ ਓੜਕਾਂ ਦੇ ਭਰਨਗੇ ਤੇ ਉਨ੍ਹਾਂ ਮੇਲਿਆਂ ਦੀਆਂ ਗੱਲਾਂ ਸਾਰਾ-ਸਾਰਾ ਸਾਲ ਹੁੰਦੀਆਂ ਰਹਿਣਗੀਆਂ। ਕੀ ਇਹ ਸੁਪਨਾ ਕਦੇ ਸੱਚ ਹੋਵੇਗਾ?

2001 ਵਿਚ ਹੋਈ ਲਾਹੌਰ ਦੀ ਆਲਮੀ ਪੰਜਾਬੀ ਕਾਨਫਰੰਸ ਵੀ ਯਾਦ ਆ ਰਹੀ ਹੈ। ਉਥੇ ਪੰਜਾਬ ਦੀਆਂ ਖੇਡਾਂ ਤੇ ਖਿਡਾਰੀਆਂ ਬਾਰੇ ਪਰਚਾ ਪੇਸ਼ ਕਰਦਿਆਂ ਮੈਂ ਸੁਝਾਅ ਦਿੱਤਾ ਸੀ ਕਿ ਕੁਲ ਦੁਨੀਆ ਵਿਚ ਖਿੱਲਰੇ ਪੰਜਾਬੀਆਂ ਦੀ 'ਪੰਜਾਬੀ ਓਲੰਪਿਕਸ' ਹੋਣੀ ਚਾਹੀਦੀ ਹੈ। ਉਸ ਦੀ ਸ਼ੁਰੂਆਤ ਲਾਹੌਰ ਤੋਂ ਹੋਵੇ। ਫਿਰ ਭਾਰਤ, ਕੈਨੇਡਾ, ਇੰਗਲੈਂਡ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਮਲਾਇਆ-ਸਿੰਗਾਪੁਰ ਤੇ ਅਰਬ-ਅਫਰੀਕਾ ਆਦਿ ਦੇ ਪੰਜਾਬੀ ਵਾਰੋ-ਵਾਰੀ ਪੰਜਾਬੀ ਓਲੰਪਿਕਸ ਕਰਵਾਉਣ। ਇਸ ਸੁਝਾਅ ਦਾ ਲਾਹੌਰ ਦੇ ਅਖ਼ਬਾਰਾਂ ਵਿਚ ਸਵਾਗਤ ਹੋਇਆ ਪਰ ਮਜ਼ਬੀ ਜਨੂੰਨੀਆਂ ਨੂੰ ਨਾ ਭਾਇਆ।

ਹੋਟਲ ਸ਼ਾਹਤਾਜ ਵਿਚ ਮੀਟਿੰਗ ਹੋਈ ਜਿਸ ਵਿਚ ਵਿਸ਼ਵ ਪੰਜਾਬੀਅਤ ਫਾਊਂਡੇਸ਼ਨ ਦੇ ਅਹੁਦੇਦਾਰ ਅਤੇ ਪਾਕਿਸਤਾਨ ਓਲੰਪਿਕ ਐਸੋਸੀਏਸ਼ਨ ਦੇ ਮੈਂਬਰ ਤੇ ਆਲਮੀ ਕਬੱਡੀ ਫੈਡਰੇਸ਼ਨ ਦੇ ਸਦਰ ਖ਼ੁਆਜਾ ਅਲੀ ਮੁਹੰਮਦ ਹੋਰਾਂ ਨੇ ਭਾਗ ਲਿਆ। ਸਭਨਾਂ ਨੇ ਪੰਜਾਬੀ ਓਲੰਪਿਕਸ ਦੀ ਤਜਵੀਜ਼ ਨੂੰ ਸਲਾਹਿਆ ਪਰ ਸੁਆਲ ਸੀ ਕਿ ਪਹਿਲ ਕੌਣ ਲਵੇ? ਪਹਿਲ ਕਰਨ ਲਈ ਸਰਕਾਰਾਂ ਦੀ ਸਹਿਮਤੀ ਜ਼ਰੂਰੀ ਸੀ। ਪਾਕਿਸਤਾਨ ਤੇ ਭਾਰਤ ਦੀਆਂ ਸਰਕਾਰਾਂ ਦੀ ਸਹਿਮਤੀ ਤਾਂ ਬਹੁਤ ਹੀ ਜ਼ਰੂਰੀ ਸੀ। ਪੰਜਾਬੀ ਓਲੰਪਿਕਸ ਤੋਂ ਪਹਿਲਾਂ 'ਇੰਡੋ-ਪਾਕਿ ਪੰਜਾਬ ਖੇਡਾਂ' ਹੋਣੀਆਂ ਹੋਰ ਵੀ ਜ਼ਰੂਰੀ ਸਨ।

ਆਖ਼ਰ 2004 ਵਿਚ 'ਇੰਡੋ-ਪਾਕਿ ਪੰਜਾਬ ਖੇਡਾਂ' ਪਟਿਆਲੇ ਵਿਚ ਹੋਣੀਆਂ ਤੈਅ ਹੋ ਗਈਆਂ। ਉਦੋਂ ਭਾਰਤੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਨ ਅਤੇ ਪਾਕਿਸਤਾਨੀ ਪੰਜਾਬ ਦੇ ਵਜ਼ੀਰੇ ਆਲਾ ਚੌਧਰੀ ਪ੍ਰਵੇਜ਼ ਇਲਾਹੀ। ਉਸ ਸਾਲ ਮੈਂ ਕੈਨੇਡਾ ਤੋਂ ਪੰਜਾਬ ਪਰਤਿਆ ਤਾਂ ਸ਼ੰਭੂ ਬਾਰਡਰ ਤੋਂ ਸੜਕਾਂ ਦੇ ਪੁਲਾਂ, ਚੌਕਾਂ ਤੇ ਮੋੜਾਂ ਉਤੇ ਕੈਪਟਨ ਅਮਰਿੰਦਰ ਵੱਲੋਂ ਚੌਧਰੀ ਪ੍ਰਵੇਜ਼ ਇਲਾਹੀ ਨੂੰ ਖੁਸ਼-ਆਮਦੀਦ ਕਹਿੰਦੇ ਬੈਨਰ ਦਿਖਾਈ ਦੇਣ ਲੱਗੇ। ਉਦੋਂ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਵੇਜ਼ ਇਲਾਹੀ ਦੇ ਮੇਲ ਮਿਲਾਪ ਉਤੇ, ਕਿਸੇ ਨੂੰ ਕੋਈ ਇਤਰਾਜ਼ ਨਹੀਂ ਸੀ ਹੋਇਆ। 2019 ਵਿਚ ਪਈ ਨਵਜੋਤ ਸਿੱਧੂ ਤੇ ਜਨਰਲ ਬਾਜਵੇ ਦੀ 'ਜੱਫੀ' ਵਾਂਗ ਕਿਸੇ ਦਾ ਢਿੱਡ ਨਹੀਂ ਸੀ ਦੁਖਿਆ। ਕੈਪਟਨ ਅਮਰਿੰਦਰ ਸਿੰਘ ਲਹਿੰਦੇ ਪੰਜਾਬ ਦੇ ਵਜ਼ੀਰੇ ਆਲਾ ਨੂੰ ਬੜੇ ਆਦਰ ਮਾਣ ਨਾਲ ਜੀ ਆਇਆਂ ਕਹਿ ਰਹੇ ਸਨ। ਬੈਨਰ ਵੇਖਦਿਆਂ ਮਨ ਖ਼ੁਸ਼ ਹੋ ਰਿਹਾ ਸੀ। ਮੈਨੂੰ ਲੱਗਾ ਸੁਪਨਾ ਸੱਚ ਹੋ ਚੱਲਿਆ ਹੈ!

ਤਰਤੀਬਵਾਰ ਪਹਿਲੀਆਂ ਇੰਡੋ-ਪਾਕਿ ਪੰਜਾਬ ਖੇਡਾਂ-2004 ਪਟਿਆਲੇ, ਦੂਜੀਆਂ ਪੰਜਾਬ ਖੇਡਾਂ-2005 ਲਾਹੌਰ ਤੇ ਤੀਜੀਆਂ ਪੰਜਾਬ ਖੇਡਾਂ-2006 ਜਲੰਧਰ ਹੋਣੀਆਂ ਤੈਅ ਸਨ। 2004 ਦੇ ਸ਼ੁਰੂ 'ਚ ਕੈਪਟਨ ਅਮਰਿੰਦਰ ਸਿੰਘ ਲਾਹੌਰ ਗਏ ਸਨ। ਉਥੇ ਪਾਕਿਸਤਾਨੀ ਭਰਾਵਾਂ ਦੀ ਪ੍ਰਾਹੁਣਚਾਰੀ ਮਾਣਦਿਆਂ ਚੌਧਰੀ ਪ੍ਰਵੇਜ਼ ਇਲਾਹੀ ਨੂੰ ਸੱਦਾ ਦੇ ਆਏ ਸਨ ਕਿ ਆਪਣੇ ਖਿਡਾਰੀ ਲੈ ਕੇ ਸਾਡੇ ਵੱਲ ਆਇਓ। ਫਿਰ ਅਸੀਂ ਵੀ ਆਪਣੇ ਖਿਡਾਰੀ ਲੈ ਕੇ ਤੁਹਾਡੇ ਵੱਲ ਆਵਾਂਗੇ। ਮੀਡੀਆ ਨੇ ਪ੍ਰਚਾਰ ਕਰ ਰੱਖਿਆ ਸੀ ਕਿ 5 ਦਸੰਬਰ ਤੋਂ 11 ਦਸੰਬਰ ਤਕ ਪਟਿਆਲੇ ਬਾਰਾਂ ਸਪੋਰਟਸ ਦੇ ਖੇਡ ਮੁਕਾਬਲੇ ਹੋਣਗੇ ਜਿਨ੍ਹਾਂ ਵਿਚ ਦੋਹਾਂ ਪਾਸਿਆਂ ਤੋਂ ਲਗਭਗ ਸੱਤ ਸੌ ਖਿਡਾਰੀ ਭਾਗ ਲੈਣਗੇ। 2005 ਵਿਚ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਪਟਿਆਲੇ 'ਚ ਹੋਈਆਂ ਇਨ੍ਹਾਂ ਖੇਡਾਂ ਬਾਰੇ 'ਜਦੋਂ ਖੇਡੇ ਪੰਜੇ ਆਬ' ਪੁਸਤਕ ਲਿਖੀ।

ਪਿਛਲਝਾਤ ਮਾਰੀਏ ਤਾਂ ਪਤਾ ਲੱਗਦੈ ਕਿ ਦੇਸ਼-ਵੰਡ ਤੋਂ ਪੰਜ ਸਾਲਾਂ ਬਾਅਦ ਹੀ ਦੋਹਾਂ ਪੰਜਾਬਾਂ ਵਿਚਕਾਰ ਖੇਡਾਂ ਹੋਣੀਆਂ ਸ਼ੁਰੂ ਹੋ ਗਈਆਂ ਸਨ। ਪਹਿਲਾ ਇੰਡੋ-ਪਾਕਿ ਕ੍ਰਿਕਟ ਮੈਚ 1952 ਵਿਚ 16-19 ਅਕਤੂਬਰ ਨੂੰ ਖੇਡਿਆ ਗਿਆ ਸੀ। ਪਹਿਲਾਂ ਪਾਕਿਸਤਾਨ ਦੀ ਟੀਮ ਭਾਰਤ ਵਿਚ ਆਈ ਸੀ। ਬਲਬੀਰ ਸਿੰਘ 'ਕੰਵਲ' ਦੀ ਪੁਸਤਕ 'ਆਲਮੀ ਕਬੱਡੀ ਦਾ ਇਤਿਹਾਸ' ਵਿਚ ਕਬੱਡੀ ਮੈਚਾਂ ਦੇ ਕਾਫੀ ਵੇਰਵੇ ਮਿਲਦੇ ਹਨ। ਇੰਡੋ-ਪਾਕਿ ਮੈਚ ਵੇਖਣ ਲਈ ਖਿਡਾਰੀਆਂ ਨਾਲ ਵੱਡੀ ਗਿਣਤੀ 'ਚ ਭਾਰਤੀ ਦਰਸ਼ਕ ਵੀ ਪਾਕਿਸਤਾਨ ਗਏ ਸਨ। ਬੱਸਾਂ-ਗੱਡੀਆਂ ਤੇ ਤਾਂਗੇ-ਰਿਕਸ਼ੇ ਵਾਲਿਆਂ ਨੇ ਭਾਰਤੀ ਦਰਸ਼ਕਾਂ ਤੋਂ ਕਿਰਾਇਆ ਨਹੀਂ ਸੀ ਲਿਆ। ਹਲਵਾਈਆਂ ਨੇ ਮਠਿਆਈਆਂ ਤੇ ਦੁੱਧ-ਲੱਸੀ ਦੇ ਪੈਸੇ ਨਹੀਂ ਸੀ ਲਏ। ਕਹਿੰਦੇ ਰਹੇ, "ਕਿਉਂ ਸ਼ਰਮਿੰਦੇ ਪਏ ਕਰਦੇ ਓ! ਕੋਈ ਮਹਿਮਾਨਾਂ ਤੋਂ ਵੀ ਪੈਸੇ ਵਸੂਲਦਾ ਏ?"

ਬੁਰਕਿਆਂ 'ਚ ਰਹਿਣ ਵਾਲੀਆਂ ਬੇਗਮਾਂ ਨੇ ਪੱਗਾਂ ਵਾਲੇ ਸਰਦਾਰ ਭਰਾਵਾਂ ਨੂੰ ਰੱਜ ਕੇ ਤੱਕਿਆ ਸੀ। ਆਮ ਲੋਕ ਇਕ ਦੂਜੇ ਨੂੰ ਧਾਅ ਕੇ ਮਿਲੇ ਸਨ। ਦਾਅਵਤਾਂ ਦੇ ਦੌਰ ਚੱਲੇ ਸਨ। ਜਦੋਂ ਲੋਕਾਂ ਨੂੰ ਮਜਬੂਰੀ ਵੱਸ ਨਿਖੇੜ ਦਿੱਤਾ ਗਿਆ ਹੋਵੇ ਤੇ ਉਨ੍ਹਾਂ ਨੂੰ ਮਸੀਂ ਮਿਲਣ ਦਾ ਮੌਕਾ ਮਿਲੇ ਤਾਂ ਉਹ ਇੰਜ ਹੀ ਮਿਲਦੇ ਨੇ। ਇਹਦੇ ਬਾਰੇ ਬੜਾ ਕੁਝ ਲਿਖਿਆ ਗਿਆ ਹੈ ਤੇ ਲਿਖਿਆ ਜਾਂਦਾ ਰਹੇਗਾ। ਉਨ੍ਹਾਂ ਦਿਨਾਂ ਵਿਚ ਹੀ ਲਹਿੰਦੇ ਪੰਜਾਬ ਦੇ ਜੰਮਪਲ ਤੇ ਚੜ੍ਹਦੇ ਪੰਜਾਬ ਦੇ ਵਾਸੀ ਮਿਲਖਾ ਸਿੰਘ ਨੂੰ ਲਾਹੌਰ ਦੇ ਸਟੇਡੀਅਮ ਵਿਚ ਦੌੜਦਿਆਂ ਵੇਖ ਕੇ ਪਾਕਿਸਤਾਨ ਦੇ ਸਦਰ ਜਨਰਲ ਅਯੂਬ ਖਾਂ ਨੇ 'ਫਲਾਈਂਗ ਸਿੱਖ' ਦਾ ਖ਼ਿਤਾਬ ਦਿੱਤਾ ਸੀ।

ਬਦਕਿਸਮਤੀ ਭਾਰਤ ਤੇ ਪਾਕਿਸਤਾਨ ਦੀ, ਖ਼ਾਸ ਕਰਕੇ ਦੋਹਾਂ ਪੰਜਾਬਾਂ ਦੀ ਕਿ ਇੰਡੋ-ਪਾਕਿ ਖੇਡ ਮੇਲੇ ਲਗਾਤਾਰ ਨਾ ਲੱਗ ਸਕੇ। ਕਸ਼ਮੀਰ ਦੇ ਰੇੜਕੇ ਨੇ ਗੁਆਂਢੀ ਮੁਲਕਾਂ ਦੇ ਗੁਆਂਢਪੁਣੇ ਨੂੰ ਦੁਸ਼ਮਣੀ ਵਿਚ ਬਦਲੀ ਰੱਖਿਆ। ਕੁਦਰਤ ਵੱਲੋਂ ਬਖ਼ਸ਼ੀ ਖ਼ੁਸ਼ਹਾਲੀ ਵਿਚ ਹਾਕਮਾਂ ਨੇ ਕੰਗਾਲੀ ਦਾ ਕਾਲ ਪਾ ਛੱਡਿਆ। ਪਹਿਲਾਂ ਪੰਜਾਬ ਤੇ ਬੰਗਾਲ ਨੂੰ ਨਰਕ ਬਣਾਇਆ ਤੇ ਫਿਰ ਕਸ਼ਮੀਰ ਨੂੰ ਜਹੰਨਮ ਬਣਾ ਦਿੱਤਾ। ਦੋਹਾਂ ਪੰਜਾਬਾਂ ਦੀ ਤਰੱਕੀ ਦੇ ਰਾਹ 'ਚ ਵੱਡੀ ਰੁਕਾਵਟ ਇਹੋ ਹੈ ਕਿ ਇਹ ਦੋਹੇਂ ਭਾਰਤ-ਪਾਕਿ ਬਾਰਡਰ ਉਤੇ ਹਨ ਜਿੱਥੇ ਲੜਾਈ ਛਿੜਨ ਦਾ ਖ਼ਤਰਾ ਬਣਿਆ ਰਹਿੰਦਾ ਹੈ। ਲੜਾਈ ਦੀ ਬਹੁਤੀ ਮਾਰ ਬਾਰਡਰ ਵਾਲਿਆਂ ਨੂੰ ਹੀ ਪੈਂਦੀ ਹੈ। ਕਸ਼ਮੀਰ ਦੇ ਨਾਂ ਉਤੇ ਜਿਹੜੀ ਵੀ ਲੜਾਈ ਲੱਗਦੀ ਹੈ ਉਹਦਾ ਬਹੁਤਾ ਸੇਕ ਦੋਹਾਂ ਪਾਸਿਆਂ ਦੇ ਪੰਜਾਬੀਆਂ ਨੂੰ ਲੱਗਦਾ ਹੈ। ਪੰਜਾਬ ਵਿਚ ਵੱਡੀ ਇੰਡਸਟਰੀ ਇਸੇ ਬਹਾਨੇ ਨਹੀਂ ਲਾਈ ਜਾਂਦੀ ਕਿ ਪੰਜਾਬ ਤੋਪਾਂ ਤੇ ਡਰੋਨਾਂ ਦੀ ਮਾਰ ਹੇਠ ਹੈ। ਹੋਰ ਤਾਂ ਹੋਰ ਪੰਜਾਬ ਦੇ ਹਵਾਈ ਮੁਸਾਫਰਾਂ ਲਈ ਅੰਮ੍ਰਿਤਸਰ ਦਾ ਹਵਾਈ ਅੱਡਾ ਵੀ ਓਡਾ ਵੱਡਾ ਕੌਮਾਂਤਰੀ ਅੱਡਾ ਨਹੀਂ ਬਣਾਇਆ ਗਿਆ ਜਿੱਡੇ ਦੀ ਲੋੜ ਸੀ। ਇਸੇ ਕਰਕੇ ਲੱਖਾਂ ਪੰਜਾਬੀ ਮੁਸਾਫਿਰ ਦਿੱਲੀ ਦੇ ਧੱਕੇ ਖਾਣ ਲਈ ਮਜਬੂਰ ਹਨ।

ਜੇਕਰ ਅਮਨ-ਅਮਾਨ ਰਹੇ ਤਾਂ ਬੰਦਰਗਾਹਾਂ ਵਾਂਗ ਸਰਹੱਦਾਂ ਦੇ ਸ਼ਹਿਰ ਸਗੋਂ ਵਧੇਰੇ ਵਿਕਾਸ ਕਰਨ। ਅਮਨ ਅਮਾਨ ਰਹੇ ਤਾਂ ਅੰਮ੍ਰਿਤਸਰ ਤੇ ਲਾਹੌਰ ਇਕ ਦੂਜੇ ਨਾਲ ਹੱਥ ਮਿਲਾ ਸਕਦੇ ਹਨ। ਫਿਰੋਜ਼ਪੁਰ ਤੇ ਕਸੂਰ ਅਤੇ ਫਾਜ਼ਿਲਕਾ ਤੇ ਪਾਕਪਟਨ ਹੋਰ ਨੇੜੇ ਹੋ ਸਕਦੇ ਹਨ। ਪੰਜਾਬ ਦੀ ਵੰਡ ਨਾ ਹੁੰਦੀ ਤਾਂ ਏਸ਼ੀਆ ਦੀ ਸਭ ਤੋਂ ਵੱਡੀ ਉੱਨ ਮੰਡੀ ਫਾਜ਼ਿਲਕਾ ਤੋਂ ਹੈੱਡ ਸੁਲੇਮਾਨਕੀ ਤਕ ਜਾ ਲੱਗਣੀ ਸੀ ਤੇ ਕਰਤਾਰਪੁਰ ਸਾਹਿਬ ਡੇਰਾ ਬਾਬਾ ਨਾਨਕ ਨਾਲ ਆ ਲੱਗਣਾ ਸੀ। ਹੁਣ ਵੀ ਬੀਤ ਗਏ 'ਤੇ ਝੂਰਨ ਦੀ ਥਾਂ ਉਹਤੋਂ ਸਬਕ ਸਿੱਖਣ ਦੀ ਲੋੜ ਹੈ।

ਪਿਛਲੇ ਵਰ੍ਹਿਆਂ ਵਿਚ ਕੌਮਾਂਤਰੀ ਪੱਧਰ 'ਤੇ ਕਈ ਐਸੀਆਂ ਘਟਨਾਵਾਂ ਘਟੀਆਂ ਜਿਨ੍ਹਾਂ ਨਾਲ ਵਿਛੜਿਆਂ ਦੇ ਮੁੜ ਮੇਲੇ ਹੋਏ ਹਨ। ਜਰਮਨਾਂ ਨੇ ਜਰਮਨ ਭਾਈਚਾਰੇ ਨੂੰ ਵੰਡਦੀ ਬਰਲਿਨ ਦੀ ਦੀਵਾਰ ਢਾਹ ਘੱਤੀ ਹੈ। ਵੀਅਤਨਾਮੀਏ ਵਿਛੜ ਕੇ ਇਕ ਹੋਏ ਸਨ। ਦੱਖਣੀ ਤੇ ਉੱਤਰੀ ਕੋਰੀਆ ਦੇ ਲੋਕ ਬਾਹਾਂ ਅੱਡ ਕੇ ਇਕ ਦੂਜੇ ਵੱਲ ਵਧੇ ਹਨ। ਪੰਜਾਬੀਆਂ ਦੇ ਕਾਫ਼ਲੇ ਵੀ ਧਾਅ ਕੇ ਇਕ ਦੂਜੇ ਨੂੰ ਮਿਲਣ ਲਈ ਉਮੜ ਪੈਣ ਤਾਂ ਕੋਈ ਵਜ੍ਹਾ ਨਹੀਂ ਕਿ ਚਲਾਕ ਸਿਆਸਤਦਾਨ ਹਮੇਸ਼ਾਂ ਲਈ ਉਨ੍ਹਾਂ ਦੇ ਰਾਹ ਰੋਕੀ ਰੱਖਣ। ਮਿਲ ਬਹਿਣ ਨਾਲ ਹੀ ਮਸਲੇ ਸੁਲਝਦੇ ਹਨ। ਲੜਾਈਆਂ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀਆਂ। ਖੇਡਾਂ ਨੂੰ ਐਵੇਂ ਨਹੀਂ ਲੜਾਈਆਂ ਦਾ ਬਦਲ ਕਿਹਾ ਜਾਂਦਾ। ਓਲੰਪਿਕ ਖੇਡਾਂ ਦੇ ਬਾਨੀ ਬੈਰਨ ਦਿ ਕੂਬਰਤਿਨ ਨੇ ਕਿਹਾ ਸੀ ਕਿ ਖਿਡਾਰੀਆਂ ਨੂੰ ਇਕ ਦੂਜੇ ਦੇ ਦੇਸ਼ ਭੇਜਣਾ ਸਭ ਤੋਂ ਸੱਚਾ ਤੇ ਸੁੱਚਾ ਵਪਾਰ ਹੈ। ਭਾਰਤ ਤੇ ਪਾਕਿਸਤਾਨ ਦੇ ਹੁੱਜਤੀ ਹਾਕਮਾਂ ਨੇ ਦੋਹਾਂ ਮੁਲਕਾਂ ਨੂੰ ਲੜਾ ਕੇ ਬਥੇਰਾ ਨੁਕਸਾਨ ਕਰਵਾ ਲਿਆ। ਹੁਣ ਅਮਨ ਅਮਾਨ ਨਾਲ ਵਸ ਕੇ ਵੇਖਣ ਕਿ ਹਿੰਦ-ਮਹਾਂਦੀਪ ਮੁੜ ਸੋਨੇ ਦੀ ਚਿੜੀ ਕਿਵੇਂ ਬਣਦਾ ਹੈ?

ਜਿਵੇਂ ਯੂਰਪ ਦੇ ਲੋਕ ਇਕ ਦੂਜੇ ਦੇ ਮੁਲਕ ਆਸਾਨੀ ਨਾਲ ਆ ਜਾ ਸਕਦੇ ਹਨ ਕੀ ਹਿੰਦ-ਪਾਕਿ ਦੇ ਲੋਕ ਵੀ ਇਕ ਦੂਜੇ ਨੂੰ ਖੁੱਲ੍ਹੇ ਮਿਲ-ਗਿਲ ਸਕਣਗੇ? ਇਕ ਦੂਜੇ ਦਾ ਦੁੱਖ ਵੰਡਾਅ ਸਕਣਗੇ ਤੇ ਸੁੱਖ ਸਾਂਝਾ ਕਰ ਸਕਣਗੇ? ਕੰਡੇਦਾਰ ਤਾਰਾਂ ਉਨ੍ਹਾਂ ਦੇ ਰਾਹ ਨਹੀਂ ਰੋਕ ਸਕਣਗੀਆਂ? ਸੰਭਵ ਹੈ ਸ਼ਾਇਰ ਮੁਹੰਮਦ ਇਕਬਾਲ ਦਾ ਤਰਾਨਾ 'ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ' ਮੁੜ ਗੂੰਜਣ ਲੱਗ ਪਵੇ। ਫ਼ਿਰੋਜ਼ਦੀਨ ਸ਼ਰਫ਼ ਦਾ ਗੀਤ ਸੱਚਾ ਸਾਬਤ ਹੋਵੇ: ਸੋਹਣਾ ਦੇਸਾਂ ਵਿਚੋਂ ਦੇਸ ਪੰਜਾਬ ਨੀ ਸਹੀਓ...।

ਪੇਸ਼ ਹਨ **ਡਾ. ਚਹਿਲ ਦੀ ਪੁਸਤਕ 'ਜਦੋਂ ਖੇਡੇ ਪੰਜੇ ਆਬ' ਵਿਚੋਂ** ਉਦਘਾਟਨੀ ਤੇ ਸਮਾਪਤੀ ਸਮਾਰੋਹਾਂ ਦੇ ਕੁਝ ਨਜ਼ਾਰੇ:

**ਲਾਹੌਰੋਂ ਆਈ ਅਮਨਜੋਤ**

ਭਾਰਤ-ਪਾਕਿ ਪੰਜਾਬ ਖੇਡਾਂ ਦੇ ਬੀਜੇ ਗਏ ਬੂਟੇ 'ਤੇ ਪਹਿਲੀ ਕਰੂੰਬਲ ਉਸ ਵੇਲੇ ਫੁੱਟੀ ਜਦੋਂ ਇਨ੍ਹਾਂ ਖੇਡਾਂ ਦੀ ਸ਼ੁਰੂਆਤ ਲਈ ਅਮਨ ਦੀ ਮਸ਼ਾਲ ਜਗਾਈ ਗਈ। ਲਹਿੰਦੇ ਪੰਜਾਬ ਦੇ ਖੇਡ ਮੰਤਰੀ ਨਈਮ-ਉੱਲਾ ਸ਼ਾਹੀ, ਰੁਸਤਮੇ-ਪਾਕਿ ਪਹਿਲਵਾਨ ਬਸ਼ੀਰ ਭੋਲਾ ਤੇ ਪਾਕਿਸਤਾਨੀ ਪੰਜਾਬ ਓਲੰਪਿਕ ਐਸੋਸੀਏਸ਼ਨ ਦੇ ਜਨਰਲ ਸਕੱਤਰ ਇੰਦਰੀਸ ਹੈਦਰ ਖਵਾਜਾ ਇਸ ਜੋਤ ਨੂੰ ਵਾਹਗਾ ਬਾਰਡਰ ਤਕ ਲਿਆਏ। ਉਡੰਣੇ ਸਿੱਖ ਮਿਲਖਾ ਸਿੰਘ ਨੇ ਮਸ਼ਾਲ ਬੜੇ ਚਾਅ ਉਤਸ਼ਾਹ ਨਾਲ ਆਪਣੇ ਪੰਜਾਬੀ ਭਰਾਵਾਂ ਤੋਂ ਫੜੀ ਤੇ ਮਸ਼ਾਲ ਉੱਚੀ ਕਰ ਕੇ ਦੌੜਿਆ...।

ਚਾਰ ਦਸੰਬਰ ਦੀ ਰਾਤ ਕਿਲਾ ਮੁਬਾਰਕ ਪਟਿਆਲਾ ਵਿਚ ਜੋਤੀ ਜਗਦੀ ਰੱਖ ਕੇ ਪੰਜ ਦਸੰਬਰ ਨੂੰ ਪਹਿਲੀਆਂ ਪੰਜਾਬ ਖੇਡਾਂ ਦੇ ਉਦਘਾਟਨੀ ਸਮਾਰੋਹ ਲਈ ਸਜੇ ਯਾਦਵਿੰਦਰਾ ਸਟੇਡੀਅਮ ਵੱਲ ਰਵਾਨਾ ਹੋਈ। ਇਕ ਕਰੋੜ ਦੀ ਲਾਗਤ ਵਾਲੀ ਦੁਧੀਆ ਰੋਸ਼ਨੀ 'ਚ ਲਿਸ਼ਕਦੇ ਸਟੇਡੀਅਮ ਨੂੰ ਸੰਗੀਤਕ ਧੁਨਾਂ ਚਾਰ ਚੰਨ ਲਾ ਰਹੀਆਂ ਸਨ। ਜਿੰਨਾ ਚਿਰ ਕੈਪਟਨ ਅਮਰਿੰਦਰ ਸਿੰਘ ਤੇ ਚੌਧਰੀ ਪ੍ਰਵੇਜ਼ ਇਲਾਹੀ ਖੁੱਲ੍ਹੀ ਜੀਪ 'ਚ ਸਟੇਡੀਅਮ ਦਾ ਚੱਕਰ ਕੱਢਦੇ ਰਹੇ ਦਰਸ਼ਕ ਖੜ੍ਹੇ ਹੋ ਕੇ ਤਾੜੀਆਂ ਮਾਰਦੇ ਰਹੇ ਅਤੇ ਕੁਮੈਂਟਰੀ ਦੇ ਬਾਦਸ਼ਾਹ ਜਸਦੇਵ ਸਿੰਘ ਦੇ ਬੋਲ ਸਭਨਾਂ ਨੂੰ ਸਰਸ਼ਾਰ ਕਰਦੇ ਰਹੇ।

ਕੈਪਟਨ ਅਮਰਿੰਦਰ ਸਿੰਘ ਤੋਂ ਖ਼ੁਸ਼ੀ ਸੰਭਾਲੀ ਨਹੀਂ ਸੀ ਜਾ ਰਹੀ। ਦੋਹਾਂ ਪੰਜਾਬਾਂ ਦੇ ਮੇਲ-ਗੇਲ ਵਿਚ ਗਦਗਦ ਹੁੰਦਿਆਂ ਉਹਦੇ ਬੋਲ ਗੂੰਜੇ, "ਇਕ ਦਿਨ ਇਹ ਬਾਰਡਰ-ਸ਼ਾਰਡਰ ਖ਼ਤਮ ਹੋ ਜਾਣਗੇ ਤੇ ਸਭ ਗੇਟ-ਸ਼ੇਟ ਖੁੱਲ੍ਹ ਜਾਣਗੇ। ਜੇਕਰ ਸਾਡੇ ਸੰਬੰਧ ਇਸ ਤਰ੍ਹਾਂ ਹੀ ਮਿੱਠੇ ਹੁੰਦੇ ਗਏ ਤਾਂ ਦੁਨੀਆ ਦੀ ਕੋਈ ਵੀ ਤਾਕਤ ਸਤਵੰਜਾ ਸਾਲ ਪਹਿਲਾਂ ਵਿਛੜੇ ਭਰਾਵਾਂ ਦੇ ਮਿਲਾਪ ਵਿਚ ਅੜਿੱਕਾ ਨਹੀਂ ਬਣ ਸਕੇਗੀ।" ਉਹਦੇ ਬੋਲਾਂ ਨਾਲ ਸਾਰਾ ਸਟੇਡੀਅਮ ਤਾੜੀਆਂ ਨਾਲ ਗੂੰਜ ਉਠਿਆ। ਉਨ੍ਹਾਂ ਐਲਾਨ ਕੀਤਾ ਕਿ ਇਹ ਖੇਡਾਂ ਭਾਰਤ-ਪਾਕਿ ਵਿਚਕਾਰ ਅਮਨ ਤੇ ਦੋਸਤੀ ਦਾ ਮੀਲ ਪੱਥਰ ਸਾਬਤ ਹੋਣਗੀਆਂ। ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਚੌਧਰੀ ਪ੍ਰਵੇਜ਼ ਇਲਾਹੀ ਨੇ ਬੜੇ ਵਿਸ਼ਵਾਸ ਨਾਲ ਕਿਹਾ, "ਅਸੀਂ ਸਦੀਵੀ ਅਮਨ ਤੇ ਮਿਲਾਪ ਦੀ ਮੰਜ਼ਲ ਲਈ ਰਸਤਾ ਲੱਭ ਲਿਆ ਹੈ। ਲੋੜ ਇਸ 'ਤੇ ਇਕਜੁੱਟ ਹੋ ਕੇ ਤੁਰਨ ਦੀ ਹੈ।" ਉਨ੍ਹਾਂ ਚੜ੍ਹਦੇ ਪੰਜਾਬ ਦੇ ਵਾਸੀਆਂ ਨੂੰ ਅਗਲੇ ਸਾਲ ਲਾਹੌਰ ਦੀਆਂ ਪੰਜਾਬ ਖੇਡਾਂ 'ਚ ਸ਼ਾਮਲ ਹੋਣ ਦਾ ਨਿੱਘਾ ਸੱਦਾ ਦਿੱਤਾ।

ਬਰਕਤ ਸਿੱਧੂ ਤੇ ਮਨਪ੍ਰੀਤ ਅਖ਼ਤਰ ਨੇ ਜਿਉਂ ਹੀ ਬਾਬਾ ਫਰੀਦ ਜੀ ਦਾ ਸਲੋਕ 'ਕਾਲੇ ਮੈਂਡੇ ਕਪੜੇ ਕਾਲਾ ਮੈਂਡਾ ਵੇਸ' ਉਚਾਰਿਆ ਤਾਂ ਸੌ ਕੁ ਕਲਾਕਾਰਾਂ ਨੇ ਪ੍ਰਵੇਸ਼ ਕੀਤਾ। ਮੰਚ ਤੋਂ ਰੁਦਨਮਈ ਆਵਾਜ਼ ਕੁਰਲਾ ਰਹੀ ਸੀ ਜਿਸ ਨਾਲ ਕਾਲੀਆਂ ਪੁਸ਼ਾਕਾਂ ਪਹਿਨੀ ਕਲਾਕਾਰ 1947 ਦੇ ਕਰੁਣਾਮਈ ਦ੍ਰਿਸ਼ ਪੇਸ਼ ਕਰ ਰਹੇ ਸਨ। ਫਿਰ ਹੰਸ ਰਾਜ ਹੰਸ ਨੇ ਪ੍ਰੋ. ਮੋਹਨ ਸਿੰਘ ਦਾ ਗੀਤ ਕੁੜੀਆਂ ਚਿੜੀਆਂ ਨਾਲ ਝੂੰਮ ਝੂੰਮ ਕੇ ਗਾਇਆ-ਨੀ ਅੱਜ ਕੋਈ ਆਇਆ ਸਾਡੇ ਵਿਹੜੇ, ਤੱਕਣ ਚੰਨ ਸੂਰਜ ਢੁਕ ਢੁਕ ਨੇੜੇ, ਚੁੰਮੋ ਨੀ ਇਹਦੇ ਹੱਥ ਚੰਬੇ ਦੀਆਂ ਕਲੀਆਂ, ਧੋਵੋ ਨੀ ਇਹਦੇ ਪੈਰ ਮੱਖਣ ਦੇ ਪੇੜੇ, ਆਇਆ ਨੀ ਲੱਖ ਨਾਲ ਬਹਾਰਾਂ ਲੈ ਕੇ, ਭਰੇ ਸੁ ਸਾਡੇ ਅੰਗ ਅੰਗ ਵਿਚ ਖੇੜੇ...।

ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੀ ਧੀ ਡੌਲੀ ਗੁਲੇਰੀਆ ਨੇ ਗਾਇਆ-ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ, ਮਸਤ ਅਲੀ ਨੇ-ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ, ਹਰਿਭਜਨ ਮਾਨ ਨੇ-ਲੰਮੀ ਧੌਣ ਕਸੀਦਾ ਕੱਢਦੀ ਤੇ ਸਰਦੂਲ ਸਿਕੰਦਰ ਨੇ ਹੀਰ ਗਾ ਕੇ ਬਹਿਜਾ-ਬਹਿਜਾ ਕਰਾ ਦਿੱਤੀ। ਗੁਰਮੀਤ ਬਾਵਾ ਦੀ ਲੰਮੀ ਹੇਕ ਜਿਵੇਂ ਵਾਹਗਿਓਂ ਪਾਰ ਲਾਹੌਰ ਜਾ ਪੁੱਜੀ ਹੋਵੇ। ਮਲਕਾ-ਏ-ਤਰੰਨੁਮ ਰੇਸ਼ਮਾ ਦੀ ਰੇਸ਼ਮੀ ਆਵਾਜ਼ ਕੂਕੀ-ਲਾਲ ਮੇਰੀ ਪੱਤ ਰਖਿਓ ਬਲਾ...। ਸ਼ੇਖ ਮੀਆਂ ਦਾਦ ਦੀ ਕਵਾਲੀ-ਮੈਂ ਰਾਜ਼ ਦੀਆਂ ਗੱਲਾਂ, ਦੱਸ ਕੀਹਨੂੰ ਕੀਹਨੂੰ ਦੱਸਾਂ...। ਅਖ਼ੀਰ ਵਿਚ ਫਿਰ ਹਰਭਜਨ ਮਾਨ ਨੇ ਕਵੀਸ਼ਰ ਕਰਨੈਲ ਸਿੰਘ ਪਾਰਸ ਦਾ ਸਦਾਬਹਾਰ ਗੀਤ ਗਾਇਆ: ਆ ਸੋਹਣਿਆਂ ਵੇ ਜੱਗ ਜਿਓਦਿਆਂ ਦੇ ਮੇਲੇ...।

**ਮੋਹ ਭਿੱਜੀ ਸਲਾਮ**

ਸਮਾਪਤੀ ਸਮਾਰੋਹ 'ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ, "ਮੇਰੇ ਦਿਲ ਵਿਚ ਚਿਰੋਕਣੀ ਤਮੰਨਾ ਸੀ ਕਿ ਮੈਂ ਵੀ ਆਪਣੇ ਪੁਰਖਿਆਂ ਵਾਂਗ ਖੇਡਾਂ ਦੇ ਖੇਤਰ ਵਿਚ ਕੁਝ ਯੋਗਦਾਨ ਪਾਵਾਂ। ਮੈਂ ਖੇਡਾਂ ਦੀ ਬਿਹਤਰੀ ਦੇ ਨਾਲ ਸਾਂਝੇ ਪੰਜਾਬ ਦੀਆਂ ਯਾਦਾਂ ਮੁੜ ਸੁਰਜੀਤ ਕਰਨ ਦੇ ਸੁਪਨੇ ਲਾਹੌਰ ਜਾ ਕੇ ਚੌਧਰੀ ਪ੍ਰਵੇਜ਼ ਇਲਾਹੀ ਨਾਲ ਹੋਈ ਮੁਲਾਕਾਤ ਦੌਰਾਨ ਲਏ ਸਨ। ਉਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ ਦਾ ਸਬੱਬ ਸਾਰੇ ਪੰਜਾਬੀਆਂ ਦੇ ਸਹਿਯੋਗ ਨਾਲ ਪਟਿਆਲੇ ਦੀ ਧਰਤੀ 'ਤੇ ਬਣਿਆ। ਇਨ੍ਹਾਂ ਖੇਡਾਂ ਨਾਲ ਦੋਸਤੀ ਦੀ ਜੋ ਲਹਿਰ ਪੈਦਾ ਹੋਈ ਹੈ, ਇਹਦੇ ਭਵਿੱਖ ਵਿਚ ਵਧਣ-ਫੁੱਲਣ ਲਈ ਸਾਨੂੰ ਸਭ ਨੂੰ ਅਰਦਾਸਾਂ ਕਰਦੇ ਰਹਿਣ ਚਾਹੀਦਾ ਹੈ।" ਸੁਆਲ ਹੈ ਕਿ ਕੀ ਕੈਪਟਨ ਅਮਰਿੰਦਰ ਸਿੰਘ ਅਜੇ ਵੀ ਅਜਿਹੀਆਂ ਅਰਦਾਸਾਂ ਕਰਦੇ ਹਨ?

ਮੇਲਾ ਵਿੱਛੜਣ ਤੋਂ ਪਹਿਲਾਂ ਪੰਜਾਬ ਦੇ ਲਾਡਲੇ ਸ਼ਾਇਰ ਸੁਰਜੀਤ ਪਾਤਰ ਨੇ ਮਹਿਮਾਨਾਂ ਨੂੰ ਸਲਾਮ ਕਹਿੰਦਿਆਂ ਗਾਇਆ ਸੀ:

ਰਾਵੀ ਜਿਹਲਮ ਚਨਾਬ ਨੂੰ ਸਲਾਮ ਆਖਣਾ
ਅਸੀਂ ਮੰਗਦੇ ਹਾਂ ਖ਼ੈਰ
ਸੁਬ੍ਹਾ ਸ਼ਾਮ ਆਖਣਾ...।

# ਹੋਲੀ

ਰਾਜਿੰਦਰ ਰਾਣੀ

ਹੋਲੀ ਦਾ ਤਿਉਹਾਰ ਵੀ ਬਸੰਤ ਰੁੱਤ ਵਿਚ ਮਨਾਇਆ ਜਾਣ ਵਾਲਾ ਹਰਮਨ ਪਿਆਰਾ ਤਿਉਹਾਰ ਹੈ। ਇਸ ਤਿਉਹਾਰ ਨੂੰ ਲੋਕ ਬਿਨਾ ਕਿਸੇ ਭੇਦਭਾਵ ਤੋਂ ਮਨਾਉਂਦੇ ਹਨ। ਰੰਗਾਂ ਦਾ ਤਿਉਹਾਰ ਹੋਣ ਕਾਰਨ ਇਹ ਮਨੁੱਖੀ ਹਿਰਦੇ ਵਿਚ ਖ਼ੁਸ਼ੀ ਦੇ ਰੰਗ ਭਰ ਦਿੰਦਾ ਹੈ। ਇਹ ਤਿਉਹਾਰ ਆਪਸੀ ਝਗੜੇ, ਗੁੱਸੇ-ਗਿਲੇ ਆਦਿ ਭੁਲਾ ਕੇ ਇਕਮਿਕ ਹੋ ਕੇ ਗਲੇ ਮਿਲਣ, ਵਿਛੜੇ ਮਿਲਾਉਣ ਅਤੇ ਸਾਰਿਆਂ ਨੂੰ ਇਕਮਿਕ ਕਰਨ ਦਾ ਪ੍ਰੇਮ ਭਰਪੂਰ ਤਿਉਹਾਰ ਹੈ। ਇਸ ਨੂੰ ਫੱਗਣ ਮਹੀਨੇ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਪਰੰਪਰਕ ਤੌਰ 'ਤੇ ਹੋਲੀ ਦਾ ਤਿਉਹਾਰ ਦੋ ਦਿਨ ਮਨਾਇਆ ਜਾਂਦਾ ਹੈ। ਪਹਿਲੇ ਦਿਨ ਹੋਲਿਕਾ ਜਲਾਈ ਜਾਂਦੀ ਹੈ, ਜਿਸ ਨੂੰ ਹੋਲਿਕਾ ਦਹਿਨ ਵੀ ਕਹਿੰਦੇ ਹਨ। ਦੂਜੇ ਦਿਨ ਲੋਕੀਂ ਇਕ-ਦੂਜੇ 'ਤੇ ਰੰਗ ਅਤੇ ਗੁਲਾਲ ਆਦਿ ਸੁੱਟ ਕੇ ਹੋਲੀ ਮਨਾਉਂਦੇ ਹਨ। ਇਸ ਦਿਨ ਕਈ ਲੋਕ ਢੋਲ ਵਜਾ ਕੇ ਹੋਲੀ ਦੇ ਗੀਤ ਗਾਉਂਦੇ ਹੋਏ ਘਰ-ਘਰ ਜਾ ਕੇ ਲੋਕਾਂ ਨੂੰ ਰੰਗ ਲਾਉਂਦੇ ਹਨ। ਮੰਨਿਆ ਜਾਂਦਾ ਹੈ ਕਿ ਹੋਲੀ ਦੇ ਦਿਨ ਲੋਕ ਆਪਣੇ ਗਿਲੇ-ਸ਼ਿਕਵੇ ਭੁਲਾ ਕੇ ਇਕ-ਦੂਜੇ 'ਤੇ ਰੰਗ-ਗੁਲਾਲ ਆਦਿ ਮਲਦੇ ਹਨ। ਲੋਕ ਨਹਾ-ਧੋ ਕੇ ਨਵੇਂ ਕੱਪੜੇ ਪਾਉਂਦੇ ਹਨ ਅਤੇ ਮਠਿਆਈਆਂ ਆਦਿ ਵੰਡਦੇ ਹਨ। ਉੱਤਰੀ ਭਾਰਤ ਵਿਚ ਇਸ ਦਿਨ ਗੁਜੀਆ ਨਾਂ ਦੀ ਮਠਿਆਈ ਖਾਣ ਦਾ ਰਿਵਾਜ ਹੈ।

ਭਾਰਤ ਤੋਂ ਇਲਾਵਾ ਦੇਸ਼ਾਂ-ਵਿਦੇਸ਼ਾਂ ਤੋਂ ਲੋਕ ਹੋਲੀ ਮਨਾਉਣ ਲਈ ਮਥੁਰਾ-ਵ੍ਰਿੰਦਾਵਨ ਪੁੱਜਦੇ ਹਨ। ਮੰਨਿਆ ਜਾਂਦਾ ਹੈ ਕਿ ਪ੍ਰਾਚੀਨ ਸਮੇਂ ਵਿਚ ਇੱਥੇ ਸ੍ਰੀ ਕ੍ਰਿਸ਼ਨ ਆਪਣੀਆਂ ਗੋਪੀਆਂ ਨਾਲ ਮਿਲ ਕੇ ਹੋਲੀ ਖੇਡਦੇ ਸਨ। ਉਦੋਂ ਤੋਂ ਹੀ ਬ੍ਰਿਜ ਦੇ ਇਲਾਕੇ ਵਿਚ ਹੋਲੀ ਮਨਾਉਣ ਦਾ ਰਿਵਾਜ ਹੈ। ਇੱਥੇ ਖੇਡੀ ਜਾਂਦੀ ਫੁੱਲਾਂ ਦੀ ਹੋਲੀ, ਲੱਠਮਾਰ ਹੋਲੀ ਅਤੇ ਰੰਗ-ਗੁਲਾਲ ਦੀ ਹੋਲੀ ਦੇਖਣ ਲਈ ਦੂਰ-ਦੁਰਾਡੇ ਤੋਂ ਲੋਕ ਪੁੱਜਦੇ ਹਨ। ਅਸਲ ਵਿਚ ਇਹ ਤਿਉਹਾਰ ਸਰਬ-ਸਾਂਝਾ ਤਿਉਹਾਰ ਹੈ। ਹੋਲੀ ਦੀ ਸ਼ੁਰੂਆਤ ਦੇ ਸਬੰਧ 'ਚ ਕਈ ਮਿਥਿਹਾਸਕ ਅਤੇ ਇਤਿਹਾਸਕ ਕਹਾਣੀਆਂ ਪ੍ਰਚੱਲਿਤ ਹਨ। ਇਸੇ ਸਬੰਧ 'ਚ 'ਹੋਲਿਕਾ ਦਹਨ' ਅਤੇ 'ਰਾਧਾ ਕ੍ਰਿਸ਼ਨ' ਪ੍ਰਸੰਗ ਮਹੱਤਵਪੂਰਨ ਹਨ। ਮਿਥਿਹਾਸ ਅਨੁਸਾਰ ਹਰਨਾਖਸ਼ ਨਾਂ ਦਾ ਰਾਜਾ ਚਾਹੁੰਦਾ ਸੀ ਕਿ ਸਾਰੀ ਪਰਜਾ ਉਸ ਦੀ ਪੂਜਾ ਕਰੇ ਪਰ ਉਸ ਦਾ ਪੁੱਤਰ ਪ੍ਰਹਿਲਾਦ ਭਗਵਾਨ ਨਾਰਾਇਣ ਦਾ ਭਗਤ ਸੀ। ਉਸ ਨੇ ਆਪਣੇ ਪਿਤਾ ਦੀ ਪੂਜਾ ਕਰਨ ਤੋਂ ਨਾਂਹ ਕਰ ਦਿੱਤੀ। ਇਸ ਕਾਰਨ ਹਰਨਾਖਸ਼ ਆਪਣੇ ਪੁੱਤਰ ਦੀ ਜਾਨ ਦਾ ਦੁਸ਼ਮਣ ਬਣ ਬੈਠਾ। ਉਸ ਨੇ ਆਪਣੇ ਪੁੱਤ ਨੂੰ ਮਾਰਨ ਦੇ ਕਈ ਯਤਨ ਕੀਤੇ ਪਰ ਉਹ ਸਫ਼ਲ ਨਾ ਹੋ ਸਕਿਆ। ਅੰਤ, ਉਸ ਨੇ ਆਪਣੀ ਭੈਣ ਹੋਲਿਕਾ ਦੀ ਸਹਾਇਤਾ ਨਾਲ ਪ੍ਰਹਿਲਾਦ ਨੂੰ ਮਾਰ ਮੁਕਾਉਣ ਦੀ ਯੋਜਨਾ ਬਣਾਈ। ਹੋਲਿਕਾ ਨੂੰ ਵਰਦਾਨ ਸੀ ਕਿ ਅੱਗ ਉਸ ਦਾ ਕੁਝ ਵਿਗਾੜ ਨਹੀਂ ਸਕਦੀ ਸੀ। ਉਹ ਪ੍ਰਹਿਲਾਦ ਨੂੰ ਆਪਣੀ ਗੋਦੀ ਵਿਚ ਲੈ ਕੇ ਬਲਦੀ ਅੱਗ ਵਿਚ ਬੈਠ ਗਈ ਪਰ ਉਹ ਇਹ ਗੱਲ ਭੁੱਲ ਗਈ ਸੀ ਕਿ ਇਹ ਵਰਦਾਨ ਸਿਰਫ਼ ਉਸ ਸਮੇਂ ਕੰਮ ਕਰ ਸਕਦਾ ਸੀ ਜਦੋਂ ਉਹ ਅੱਗ 'ਚ ਇਕੱਲੀ ਜਾਵੇ। ਪ੍ਰਹਿਲਾਦ ਜੋ ਉਸ ਸਮੇਂ ਭਗਵਾਨ ਨਾਰਾਇਣ ਦੇ ਨਾਂ ਦਾ ਜਾਪ ਕਰ ਰਿਹਾ ਸੀ, ਨੂੰ ਅੱਗ ਤੋਂ ਕੋਈ ਨੁਕਸਾਨ ਨਾ ਪੁੱਜਾ ਅਤੇ ਹੋਲਿਕਾ ਅੱਗ ਵਿਚ ਜਲ ਗਈ। ਇਸ ਤਰ੍ਹਾਂ ਹੋਲੀ ਦਾ ਨਾਂ ਹੋਲਿਕਾ ਤਦੋਂ ਪਿਆ। ਪੰਜਾਬ 'ਚ ਹੋਲੀ ਤੋਂ ਅਗਲੇ ਦਿਨ 'ਹੋਲਾ ਮਹੱਲਾ' ਵਿਸ਼ੇਸ਼ ਤੌਰ 'ਤੇ ਨਿਹੰਗ ਸਿੰਘਾਂ ਵੱਲੋਂ ਮਨਾਇਆ ਜਾਂਦਾ ਹੈ। ਹੋਲਾ ਮਹੱਲਾ ਮਨਾਉਣ ਦੀ ਸ਼ੁਰੂਆਤ ਦਸਵੇਂ ਗੁਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਹੋਈ ਸੀ। 'ਹੋਲੇ ਮਹੱਲੇ' ਮੌਕੇ ਆਨੰਦਪੁਰ ਸਾਹਿਬ ਵਿਖੇ ਸੰਗਤਾਂ ਦਾ ਭਾਰੀ ਇਕੱਠ ਜੁੜਦਾ ਹੈ। ਇਸ ਥਾਂ 'ਤੇ ਹੋਲੇ-ਮਹੱਲੇ ਸਬੰਧੀ ਸਮਾਗਮ ਕਈ ਦਿਨ ਤਕ ਚੱਲਦਾ ਹੈ। ਨਿਹੰਗ ਸਿੰਘ ਆਪਣੀ ਸੂਰਬੀਰਤਾ ਅਤੇ ਬਹਾਦਰੀ ਦਾ ਪ੍ਰਦਰਸ਼ਨ ਕਰਦੇ ਹਨ। ਇਸ ਦੌਰਾਨ ਤਲਵਾਰਬਾਜ਼ੀ, ਘੋੜ ਸਵਾਰੀ, ਤੀਰ ਅੰਦਾਜ਼ੀ ਅਤੇ ਨਿਸ਼ਾਨਾ ਫੁੰਡਣ ਦੇ ਵੱਖ-ਵੱਖ ਮੁਕਾਬਲੇ ਹੁੰਦੇ ਹਨ। ਹੋਲੀ ਮੌਕੇ ਰੰਗਾਂ ਅਤੇ ਰੰਗਦਾਰ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ ਪਰ ਅੱਜ-ਕੱਲ੍ਹ ਕਈ ਲੋਕ ਕੈਮੀਕਲ ਰੰਗਾਂ ਦੀ ਵਰਤੋਂ ਵੀ ਕਰਨ ਲੱਗ ਪਏ ਹਨ ਜੋ ਸਿਹਤ ਲਈ ਹਾਨੀਕਾਰਕ ਹਨ। ਜਿੰਨਾ ਹੋ ਸਕੇ ਅਜਿਹੇ ਰੰਗਾਂ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤੇ ਕੁਦਰਤੀ ਰੰਗਾਂ ਦਾ ਉਪਯੋਗ ਹੀ ਕਰਨਾ ਚਾਹੀਦਾ ਹੈ। ਹੋਲੀ ਦਾ ਤਿਉਹਾਰ ਆਪਸੀ ਸਾਂਝ, ਏਕਤਾ ਤੇ ਪਿਆਰ ਦਾ ਸੁਨੇਹਾ ਦਿੰਦਾ ਹੈ। ਆਓ! ਰੰਗਾਂ ਦੇ ਇਸ ਤਿਉਹਾਰ ਮੌਕੇ ਆਪਸੀ ਵੈਰ-ਵਿਰੋਧ ਨੂੰ ਮਿਟਾਉਂਦਿਆਂ, ਇਕ ਦੂਜੇ ਦੀ ਜ਼ਿੰਦਗੀ ਨੂੰ ਖ਼ੁਸ਼ੀਆਂ-ਖੇੜਿਆਂ ਅਤੇ ਚਾਵਾਂ ਦੇ ਰੰਗਾਂ ਨਾਲ ਭਰ ਦਈਏ!

# ਸਵਾਰਥ, ਸਦਾਚਾਰ ਅਤੇ ਸਭਿਆਚਾਰ

'ਸਵਾਰਥ, ਸਦਾਚਾਰ ਅਤੇ ਸਭਿਆਚਾਰ' ਇਹ ਤਿੰਨੇ ਸ਼ਬਦ ਬਾਣੀ ਵਿਚ ਨਹੀਂ ਆਏ ਪਰ ਸਿੱਖਾਂ ਵਿਚ ਆ ਗਏ ਹਨ ਅਤੇ ਇਨ੍ਹਾਂ ਦੇ ਹਵਾਲੇ ਨਾਲ ਗੁਰਮਤਿ ਦੇ ਵਰਤਮਾਨ ਪ੍ਰਸੰਗ ਨੂੰ ਸਮਝਣ ਵਿਚ ਸਹਾਇਤਾ ਮਿਲ ਸਕਦੀ ਹੈ। ਧਰਮ ਗ੍ਰੰਥਾਂ ਨੂੰ ਲੈ ਕੇ ਪੱਛਮ ਵਿਚ ਅਜਿਹੇ ਅਕਾਦਮਿਕ ਯਤਨ ਬਹੁਤ ਪਹਿਲਾਂ ਸ਼ੁਰੂ ਹੋ ਗਏ ਸਨ ਅਤੇ ਉਹ ਸਾਡੇ ਤੱਕ ਆਧੁਨਿਕਤਾ ਵਜੋਂ ਪਰਵਾਨਤ ਵੀ ਹਨ। ਮਿਸਾਲ ਵਜੋਂ ਕਪਰਨੀਕਸ, ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਸੀ (ਛੇ ਕੁ ਸਾਲ ਛੋਟਾ ਸੀ ਅਤੇ ਛੇ ਕੁ ਸਾਲ ਪਹਿਲਾਂ ਚੜ੍ਹਾਈ ਕਰ ਗਿਆ ਸੀ)। ਜਿਹੜੀਆਂ ਸਥਾਪਤੀਆਂ ਕਪਰਨੀਕਸ ਨੇ ਬੌਧਿਕ ਪ੍ਰਸੰਗ ਵਿਚ ਕੀਤੀਆਂ ਸਨ, ਉਨ੍ਹਾਂ ਦੇ ਪਾਰ-ਬੌਧਿਕ ਉਸਾਰਾਂ ਦੀ ਨੀਂਹ ਨਾਨਕ-ਚਿੰਤਨ ਰਾਹੀਂ ਪੂਰਬ ਵਿਚ ਰੱਖੀ ਜਾ ਰਹੀ ਸੀ। ਇਨ੍ਹਾਂ ਦੀ



**ਬਲਕਾਰ ਸਿੰਘ ਪ੍ਰੋਫੈਸਰ**
**ਫੋਨ: 93163-01328**

ਰੌਸ਼ਨੀ ਵਿਚ ਤਿੰਨਾਂ ਸੱਸਿਆਂ ਦੀ ਗੱਲ ਏਥੋਂ ਸ਼ੁਰੂ ਕੀਤੀ ਜਾ ਸਕਦੀ ਹੈ ਕਿ ਬੰਦਾ ਸਭਿਆਚਾਰ ਵਿਚ ਜੰਮਦਾ ਅਰਥਾਤ ਪੈਦਾ ਹੁੰਦਾ ਹੈ ਅਤੇ ਵਿਚਰਦਾ ਹੈ ਪਰਿਵਾਰ, ਭਾਈਚਾਰੇ ਅਰਥਾਤ ਦੇਸ਼ ਅਤੇ ਕਾਲ ਵਿਚਕਾਰ। ਬੰਦੇ ਤੋਂ ਆਸ ਤਾਂ ਬੰਦਾ ਹੋਣ ਦੀ ਹੀ ਕੀਤੀ ਜਾਂਦੀ ਰਹੀ ਹੈ ਅਤੇ ਵਡੇਰਿਆਂ ਦੀ ਟੋਕਾ-ਟਾਕੀ 'ਬੰਦਾ ਬਣ' ਵਜੋਂ ਹੀ ਸੁਣਦੇ ਰਹੇ ਹਾਂ। ਬੰਦਾ ਬਣਨ ਦੀ ਸਮਾਜਿਕ ਰੀਝ ਨੂੰ ਸਿੱਖੀ ਵਿਚ ਸਿੱਖ ਹੋਣਾ ਆਖਿਆ ਗਿਆ ਸੀ\ਹੈ। ਇਸ ਤਰ੍ਹਾਂ ਧਰਮ ਦੇ ਕੇਂਦਰ ਵਿਚ ਸਦਾਚਾਰ ਅਰਥਾਤ ਵਤੀਰੇ ਨੂੰ ਰੱਖਿਆ ਗਿਆ ਸੀ\ਹੈ। ਏਸੇ ਨੂੰ ਬਾਣੀ ਵਿਚ ਆਤਮ ਅਤੇ ਪਰਾਤਮ (ਵਾਹਿਗੁਰੂ/ਪਰਮਾਤਮਾ)ਦਾ ਸੰਜੋਗੀ ਮੇਲ ਕਿਹਾ ਹੋਇਆ ਹੈ:

ਸਤ ਸੰਤੋਖਿ ਰਹਹੁ ਜਨ ਭਾਈ॥
ਖਿਮਾ ਗਹਹੁ ਸਤਿਗੁਰ ਸਰਣਾਈ॥
ਆਤਮੁ ਚੀਨਿ ਪਰਾਤਮੁ ਚੀਨਹੁ॥
ਗੁਰ ਸੰਗਤਿ ਇਹੁ ਨਿਸਤਾਰਾ ਹੇ॥ (1\1030)

ਇਸ ਦਾ ਅਮਲ ਵਿਚ ਵਰਤਾਰਾ ਹੀ ਗੁਰਮਤਿ ਹੈ। ਇਸ ਨੂੰ ਸਿੱਖ ਸਭਿਆਚਾਰ ਵੀ ਕਿਹਾ ਜਾ ਸਕਦਾ ਹੈ। ਪੰਜਾਬ ਵਿਚ ਸਿੱਖ ਸਭਿਆਚਾਰ, ਪੰਜਾਬੀ ਸਭਿਆਚਾਰ ਨਾਲ ਕਰਿੰਘੜੀ ਪਾ ਕੇ ਤੁਰਦਾ ਰਿਹਾ ਹੈ। ਇਹ ਵਰਤਾਰਾ, ਪੂਰਬ ਦੇ ਸਭਿਆਚਾਰਕ ਨਾਨਤਵ ਵਿਕਾਰ ਆਪਣੇ ਵਰਗਾ ਆਪ ਹੀ ਹੈ। ਸਿੱਖ ਸਭਿਆਚਾਰ, ਭਾਈ ਕਾਹਨ ਸਿੰਘ ਦੇ ਸ਼ਬਦਾਂ ਵਿਚ "ਉਤਮ ਕ੍ਰਿਯਾ, ਨੇਕ ਚਲਨ, ਭਲਾ ਬਿਉਹਾਰ" ਹੈ (ਮਹਾਨ ਕੋਸ਼,1999, ਪੰਨਾ 151)। ਵਿਹਾਰ ਵਿਚ ਹਉਮੈ ਦੇ ਦਖ਼ਲ ਨਾਲ ਬੰਦੇ ਦਾ ਵਤੀਰਾ ਅਤੇ ਵਰਤਾਰਾ ਸਵਾਰਥ ਵੱਲ ਸੇਧਤ ਹੁੰਦਾ ਰਹਿੰਦਾ ਹੈ:

ਬਿਆਪਤ ਕਰਮ ਕਰੈ ਹਉ ਫਾਸਾ॥
ਬਿਆਪਤ ਗਿਰਸਤ ਬਿਆਪਤ ਉਦਾਸਾ॥
ਆਚਾਰ ਬਿਉਹਾਰ ਬਿਆਪਤ ਇਹ ਜਾਤਿ॥
ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ॥ 182

ਕਬੀਰ ਜੀ ਬਿਉਹਾਰ ਨੂੰ ਧੰਧੇ ਦੇ ਪ੍ਰਸੰਗ ਵਿਚ "ਜਾ ਕੈ ਜੀਅ ਜੈਸੀ ਬੁਧਿ ਹੋਈ" (343) ਨਾਲ ਜੋੜ ਕੇ ਗੱਲ ਕਰਦੇ ਹਨ ਅਤੇ ਭਗਤ ਰਵਿਦਾਸ ਜੀ ਬਿਉਹਾਰ ਨੂੰ ਹਾਥੀ ਦੇ ਨਹਾਉਣ ਅਤੇ ਖੇਹ ਪਾਉਣ ਦੀ ਆਦਤ ਕਹਿ ਕੇ "ਘਟਿ ਭੀਤਰਿ ਬਿਬਿਧਿ ਬਿਕਾਰ"(346) ਦੱਸਦੇ ਹਨ। ਇਸ ਦੀ ਰੌਸ਼ਨੀ ਵਿਚ ਕਹਿ ਸਕਦੇ ਹਾਂ ਕਿ ਬੰਦੇ ਦਾ ਵਤੀਰਾ ਅਤੇ ਵਰਤਾਰਾ ਹੀ ਸਬੰਧਤ ਸਭਿਆਚਾਰ ਦੀ ਚੂਲ ਰਹਿੰਦੇ ਹਨ। ਸਭਿਆਚਾਰ, ਜਾਤੀ, ਧਾਰਮਿਕ, ਸਮਾਜਿਕ ਅਤੇ ਸਿਆਸੀ ਵਰਤਾਰਿਆਂ ਨੂੰ ਨਾਲ ਲੈ ਕੇ ਤੁਰਦਾ ਰਹਿੰਦਾ ਹੈ। ਸਿੱਖ ਸਭਿਆਚਾਰ ਵਿਚ ਬੰਦੇ ਦੇ ਸਰੋਕਾਰ ਅਧਿਆਤਮਕ ਰੰਗ ਵੱਲ ਸੇਧਤ ਰਹਿ ਕੇ ਆਸ-ਪਾਸ ਨੂੰ ਨਾਲ ਲੈ ਕੇ ਤੁਰਦੇ ਰਹਿਣੇ ਚਾਹੀਦੇ ਹਨ। ਧਰਮ, ਇਨ੍ਹਾਂ ਦੋਹਾਂ ਅਧਿਆਤਮ ਅਤੇ ਸਭਿਆਚਾਰ ਵਿਚਕਾਰ ਪੁਲ ਦੀ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਸਭਿਆਚਾਰ ਅਤੇ ਅਧਿਆਤਮਕ ਵਿਚ ਕੱਟੜਤਾ ਦਾ ਦਖਲ ਸੰਭਵ ਹੀ ਨਹੀਂ ਹੈ ਪਰ ਧਰਮ ਵਿਚੋਂ ਇਸ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ। ਕੱਟੜਤਾ, ਦੋਹਾਂ ਵਿਚ ਨਜ਼ਰ ਆਉਂਦੀ ਹੋਵੇ ਤਾਂ ਧਰਮ ਦੁਆਰਾ ਪਰਵੇਸ਼ ਕੀਤੀ ਤਾਂ ਮੰਨੀ ਜਾ ਸਕਦੀ ਹੈ, ਪਰ ਟਿਕ ਨਹੀਂ ਸਕਦੀ ਕਿਉਂਕਿ ਸਭਿਆਚਾਰ ਖਿੱਤਾ ਮੂਲਕ ਵਹਿਣ ਹੈ (ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ) ਅਤੇ ਅਧਿਆਤਮ ਵਿਚ ਸਾਰੇ ਗਿਆਨ ਧਿਆਨ ਵੀ ਵਿਸਰ ਜਾਂਦੇ ਹਨ ਅਤੇ ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ ਨਵੇਂ ਰੰਗ ਖਿੜਦੇ ਰਹਿੰਦੇ ਹਨ:

ਉਨਮਨ ਮਗਨ ਗਗਨ ਅਨਹਦਿ ਧੁਨਿ,
ਬਾਜਤ ਨੀਸਾਨ ਗਿਆਨ ਧਿਆਨ ਬਿਸਰਾਨੇ ਹੈ। ਸਵੱਯਾ 247*1

ਸਭਿਆਚਾਰ ਅਤੇ ਅਧਿਆਤਮ ਦੇ ਸੰਤੁਲਤ ਨਿਭਾਅ ਨੂੰ ਪ੍ਰੋ. ਪੂਰਨ ਸਿੰਘ ਨੇ "ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ" ਕਿਹਾ ਹੋਇਆ ਹੈ। ਇਹ ਪਾਰ-ਜਾਤੀ ਵਰਤਾਰਾ ਹੈ ਅਤੇ ਧਰਮ ਨੂੰ ਨਾਲ ਲੈ ਕੇ ਧਰਮ ਤੋਂ ਅੱਗੇ ਤੁਰਨ ਦਾ ਸਿੱਖ ਸਭਿਆਚਾਰ ਹੈ। ਇਸ ਨੂੰ ਧਰਮ ਵਿਹੂਣ ਸਮਝਣ ਦੀ ਲੋੜ ਨਹੀਂ ਹੈ ਕਿਉਂਕਿ ਇਹ ਕੇਵਲ ਮਾਤਰ ਆਸਥਾ ਕੇਂਦਰਤ ਸਥਾਪਤੀ ਨਹੀਂ ਹੈ। ਇਸ ਨੂੰ ਆਤਮ ਕੇਂਦਰਤ ਹੋਣ ਕਰਕੇ ਆਸਥਾ ਦੀ ਸੁੱਤ ਤੋਂ ਸਕਰਮਕ ਚੇਤਨਾ ਵੱਲ ਸੇਧਤ ਯਾਤਰਾ ਵਜੋਂ ਸਮਝਿਆ ਜਾਣਾ ਚਾਹੀਦਾ ਹੈ। ਇਸ ਦਾ ਆਰੰਭ ਵੇਈਂ ਨਦੀ 'ਚ ਪਰਵੇਸ਼ ਵੇਲੇ "ਨ ਕੋ ਹਿੰਦੂ ਨ ਕੋ ਮੁਸਲਮਾਨ" ਵਜੋਂ ਹੋਇਆ ਸੀ। ਇਸ ਨਾਲ ਧਰਮਾਂ ਦੇ ਘਮਸਾਨ ਵਿਚ ਜਿਸ ਪਾਰ-ਧਰਮੀ ਲਹਿਰ ਗੁਰਮਤਿ ਦਾ ਆਗਾਜ਼ ਹੋਇਆ ਸੀ, ਉਸੇ ਦੇ ਹਵਾਲੇ ਨਾਲ ਗੱਲ ਕੀਤੀ ਜਾ ਰਹੀ ਹੈ। ਇਸ ਨੂੰ ਪ੍ਰੋ. ਪੂਰਨ ਸਿੰਘ ਨੇ ਇਸ ਤਰ੍ਹਾਂ ਸਮਝਣ ਦੀ ਕੋਸ਼ਿਸ਼ ਕੀਤੀ ਹੋਈ ਹੈ:

ਉਹ ਗੁਰੂ ਦਾ ਸਿਖ ਹੀ ਹੈ\ਜਿਸ ਦੀ ਆਤਮਾ ਵਿਚ\ਆਪ ਪਰਮਾਤਮਾ,
ਆਪਣੀ ਪਰਮ-ਸੁੰਦਰਤਾ ਵਿਚ\ਟਹਿਕ ਉਠਦਾ ਹੈ।
ਜਿਵੇਂ ਬੱਚੇ ਨੂੰ\ ਮਾਤਾ ਦੀ\ ਗੋਦ ਪਿਆਰੀ ਹੈ,
ਤਿਵੇਂ ਸਾਨੂੰ\ ਰੱਬ ਦੀ ਹੋਂਦ ਪਿਆਰੀ ਹੈ। 185

ਭਾਈ ਗੁਰਦਾਸ ਜੀ ਇਨ੍ਹਾਂ ਤਿੰਨਾਂ ਸੱਸਿਆਂ ਨੂੰ ਇਉਂ ਸਮਝਾਉਂਦੇ ਲਗਦੇ ਹਨ:

ਸਬਦ ਸੁਰਤਿ ਲਿਵਲੀਨੁ ਹੋਇ,
ਸਾਧ ਸੰਗਤਿ ਸਚਿ ਮੇਲ ਮਿਲਾਇਆ।
ਹੁਕਮ ਰਜਾਈ ਚਲਣਾ,
ਆਪੁ ਗਵਾਇ ਨ ਆਪੁ ਜਣਾਇਆ।
ਗੁਰ ਉਪਦੇਸੁ ਆਵੇਸੁ ਕਰਿ,
ਪਰਉਪਕਾਰਿ ਅਚਾਰਿ ਲੁਭਾਇਆ।
ਪਿਰਮ ਪਿਆਲਾ ਅਪਿਉ ਪੀ,
ਸਹਜਿ ਸਮਾਈ ਅਜਰੁ ਜਰਾਇਆ।
ਮਿਠਾ ਬੋਲਣੁ ਨਿਵਿ ਚਲਣੁ,
ਹਥਹੁ ਦੇ ਕੈ ਭਲਾ ਮਨਾਇਆ।
ਇਕ ਮਨਿ ਇਕੁ ਅਰਾਧਣਾ,
ਦੁਬਿਧਾ ਦੂਜਾ ਭਾਉ ਮਿਟਾਇਆ।
ਗੁਰਮੁਖਿ ਸੁਖ ਫਲ,
ਨਿਜ ਪਦੁ ਪਾਇਆ। ਵਾਰ 11\4

ਸਿੱਖ ਧਰਮ ਦੇ ਵਰਤਮਾਨ ਵਹਿਣ ਨਾਲ ਬਹੁਤ ਕੁਝ ਬਦਲ ਗਿਆ ਹੈ ਕਿਉਂਕਿ ਇਸ ਨਾਲ ਸਿੱਖ ਸਭਿਆਚਾਰ ਵੱਲ ਪਿੱਠ ਹੋ ਗਈ ਹੈ ਅਤੇ ਸਿੱਖ ਸਿਆਸਤ ਅੱਗੇ ਵੀ ਆ ਗਈ ਹੈ ਅਤੇ ਸਾਰੇ ਗੁਰਮਤਿ ਵਰਤਾਰਿਆਂ 'ਤੇ ਅਮਰ ਵੇਲ ਵਾਂਗ ਛਾ ਗਈ ਹੈ। ਏਸੇ ਦੇ ਸਿੱਟੇ ਵਜੋਂ ਗੁਰਮਤਿ ਪ੍ਰਸੰਗ ਵਿਚ ਸਿਧਾਂਤ ਦਾ ਅਮਲ ਅਤੇ ਅਮਲ ਦਾ ਸਿਧਾਂਤ ਇਕਸੁਰਤਾ ਵਿਚੋਂ ਨਿਕਲ ਕੇ, ਟਕਰਾਉ ਵਿਚ ਆ ਗਏ ਹਨ। ਆਜ਼ਾਦ ਭਾਰਤ ਵਿਚ ਬਹੁਤ ਸਾਰੇ ਕਾਰਨਾਂ ਕਰਕੇ ਆਸਥਾ ਅਤੇ ਤਰਕਸ਼ੀਲਤਾ ਦੇ ਟਕਰਾਓ ਦੀ ਅਕਾਦਮਿਕਤਾ ਨੇ ਸੱਜੂਆਂ ਅਤੇ ਖੱਬੂਆਂ ਦੀ ਸਮਾਨਾਂਤਰਾ ਨੂੰ ਸਾਹਮਣੇ ਲੈ ਆਂਦਾ ਹੈ। ਦੋਹਾਂ ਵਿਚਕਾਰ ਫਸਣ ਦੀ ਥਾਂ, ਗੁਰਮਤਿ ਦੇ ਪ੍ਰਾਪਤ ਸਹਿਜ ਮਾਰਗ ਅਰਥਾਤ ਮੱਧ ਮਾਰਗ ਦੀ ਉਸਾਰੀ ਕੀਤੇ ਜਾਣ ਦੀ ਲੋੜ ਹੈ। ਮਿਸਾਲ ਦੇ ਤੌਰ 'ਤੇ ਨਾਨਕ ਚਿੰਤਨ ਦੇ ਬੌਧਿਕ ਰਿੜਕਣ ਵਾਲਿਆਂ ਵਲੋਂ ਇਹ ਸਵਾਲ ਪੈਦਾ ਕਰ ਦਿੱਤਾ ਗਿਆ ਹੈ ਕਿ ਗੁਰੂ ਨਾਨਕ ਦੇਵ ਕ੍ਰਾਂਤੀਕਾਰੀ ਸਨ ਕਿ ਸੁਧਾਰਕ ਸਨ? ਇਸ ਨਾਲ ਗੁਰੂ ਨਾਨਕ ਪ੍ਰਤੀ ਜਗਿਆਸਾ ਨੂੰ ਚੌਰਸਤੇ 'ਤੇ ਖੜ੍ਹਾ ਕਰ ਦਿਤਾ ਗਿਆ ਹੈ ਕਿਉਂਕਿ ਕ੍ਰਾਂਤੀਕਾਰੀ ਅਤੇ ਸੁਧਾਰਕ ਨਾਲ ਜੋ ਦੁਫੇੜ ਪੈਦਾ ਹੁੰਦੀ ਹੈ, ਉਸ ਵਿਚ ਨਾਨਕ ਪ੍ਰਸੰਗ ਸੁੰਗੜਦਾ ਤਾਂ ਹੈ ਵਿਗਸਦਾ ਨਹੀਂ। ਇਸ ਨਾਲ ਸਭਿਆਚਾਰ ਦੀ ਸਿਆਸਤ ਅਤੇ ਅਧਿਆਤਮ ਦੇ ਧਰਮ ਦੀਆਂ ਦਾਅਵੇਦਾਰੀਆਂ ਸ਼ੁਰੂ ਹੋ ਗਈਆਂ ਹਨ। ਇਸ ਨਾਲ ਜੁੜਿਆ ਹੋਇਆ ਸੱਜੂਆਂ ਤੇ ਖੱਬੂਆਂ ਦਾ ਭੇੜ ਜਿਹੋ ਜਿਹੀ ਸਪੇਸ ਪੈਦਾ ਕਰ ਰਿਹਾ ਹੈ, ਉਸ ਵਿਚ ਮਾਨਵੀ ਸਰੋਕਾਰਾਂ ਨੂੰ ਟਿਕਾਉਣਾ ਮੁਸ਼ਕਲ ਲੱਗਣ ਲੱਗ ਪਿਆ ਹੈ। ਅੱਜ ਦੇ ਤਿੰਨ ਸੱਸੇ ਏਸੇ ਦਾ ਸ਼ਿਕਾਰ ਹੋਏ ਲਗਦੇ ਹਨ। ਇਹੋ ਜਿਹੀਆਂ ਆਪਾਧਾਪੀਆਂ ਵਿਚ ਇਹ ਪੂਰਨ ਸਿੰਘੀਅਨ ਭਾਵਨਾ ਗੁਆਚਦੀ ਨਜ਼ਰ ਆ ਰਹੀ ਹੈ:

ਅਸੀਂ ਉਸ ਦੇ ਪ੍ਰੇਮ ਵਿਚ\ਆਪਣੇ ਆਪ ਨੂੰ ਜਾਲਦੇ ਹਾਂ
ਇਸ ਲਈ ਅਸੀ\ ਵਿਸ਼ਵ-ਵਿਆਪੀ ਹੋ ਗਏ ਹਾਂ (185)

ਇਹ ਟਿੱਪਣੀ ਵਰਤਮਾਨ ਦੇ ਗਲੋਬਲੀ ਪ੍ਰਸੰਗ ਤੋਂ ਬਹੁਤ ਪਹਿਲਾਂ ਕੀਤੀ ਗਈ ਸੀ ਅਤੇ ਇਸ ਵਿਚ ਪਾਰ-ਸਵਾਰਥ ਪਹੁੰਚ ਹੀ ਕੰਮ ਆ ਸਕਦੀ ਹੈ। ਇਸ ਲੋੜ ਨਾਲ ਜੁੜੀ ਹੋਈ ਪਹੁੰਚ ਸਦਾਚਾਰ ਦਾ ਮਾਰਗ ਹੋ ਸਕਦੀ ਹੈ ਅਤੇ ਗਲੋਬਲ ਸਭਿਆਚਾਰ ਦੀ ਧਰੋਹਰ ਹੋ ਸਕਦੀ ਹੈ। ਇਸ ਨੂੰ ਧਰਮ ਤੱਕ ਸੀਮਿਤ ਕਰਾਂਗੇ ਤਾਂ ਧਰਮ ਦੇ ਮਾਰਗ 'ਤੇ ਚੱਲਣ ਦਾ ਭਰਮ ਹੀ ਪਾਲ ਸਕਾਂਗੇ। ਮਾਰਗ, ਸਥਾਪਤੀ ਅਰਥਾਤ ਮੰਜ਼ਲ ਨਹੀਂ ਹੋ ਸਕਦਾ ਕਿਉਂਕਿ ਸਥਾਪਤੀ, ਆਮ ਕਰਕੇ ਕੱਟੜਤਾ ਅਰਥਾਤ ਉਲਾਰ ਵਲ ਸੇਧਤ ਹੁੰਦੀ ਹੈ। ਅਜਿਹੀ ਸਥਿਤੀ ਵਿਚ ਸਦਾਚਾਰ ਦੀ ਥਾਂ ਸਵਾਰਥ ਪ੍ਰਧਾਨ ਹੋ ਜਾਣਾ ਕੁਦਰਤੀ ਹੈ। ਸਵਾਰਥ ਨੂੰ ਸਹਸਾ ਦੀਆਂ ਸੀਮਾਵਾਂ ਵਿਚ ਰੱਖ ਕੇ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ:

ਸਹਸਾ ਇਹੁ ਸੰਸਾਰੁ ਹੈ
ਮਰਿ ਜੰਮੈ ਆਇਆ ਜਾਇਆ॥ 1\138

ਸੰਸਾਰ ਵਿਚਲੇ ਜ਼ਹਿਰੀਲੇ ਸਰੋਕਾਰਾਂ ਤੋਂ ਬਚਣ ਦੀ ਵਿਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਸੁਝਾਈ ਹੋਈ ਹੈ:

ਇਹੁ ਸੰਸਾਰੁ ਬਿਖੁ ਵਤ ਅਤਿ ਭਉਜਲੁ,
ਗੁਰ ਸਬਦੀ ਹਰਿ ਪਾਰਿ ਲੰਘਾਈ॥ 1\353

ਏਸੇ ਨੂੰ ਪ੍ਰੋ. ਪੂਰਨ ਸਿੰਘ ਨੇ ਸਵਾਰਥੀ ਵਰਤਾਰਿਆਂ ਤੋਂ ਪਾਰ ਹੋਣਾ ਕਿਹਾ ਹੋਇਆ ਹੈ:

ਵਡਿਆਂ ਦੀ ਰੀਤ ਨਹੀਂ,
ਕਿਸੀ ਪਾਸੂੰ ਮੰਗਣਾ,
ਦਾਤਾ ਤੇਰਾ ਤੇਰੇ ਸਿਰ 'ਤੇ,
ਭੁਖ, ਪਿਆਸ ਤੂੰ ਸਹਾਰੀਂ,
ਸੁਹੱਪਣ ਦੇਖ ਰੱਜ ਤੂੰ,
ਹੱਥ ਨ ਲਾਈਂ ਗਰਜ਼ ਦੀ ਅੱਗ ਨੂੰ,
ਅੱਖ ਪਟ ਕੇ ਨ ਤੱਕੀਂ ਕਿਸੀ ਲੋੜ ਨੂੰ,
ਮਮਤਾ ਦੇ ਮਾਰੇ ਫਿਰਦੇ ਲਖ ਕਰੋੜਾਂ,
ਮਨੁੱਖਾਂ ਥੀਂ ਜਾਨਵਰ ਬਣਾ
ਗੱਡੇ ਅੱਗੇ ਵਾਹੁੰਦੀ,
ਸਭ ਦੀਆਂ ਛਾਤੀਆਂ ਤੱਤੀਆਂ,
ਦਿਲ ਅੱਧ ਜਲੇ ਭੁੰਨੇ ਫਿਰਦੇ,
ਕੋਈ ਭੀ ਇਥੇ ਸਬੂਤ ਨਾਂਹ,
ਤੇ ਨ ਕੋਈ ਫੁੱਲ ਕਿਸੀ ਦਾ ਤੋੜ ਤੂੰ ਸਕਦਾ,
ਨਿਰਾਲਮ, ਨਿਰਸੰਕਲਪ, ਹੋਜੀਂ ਤੂੰ,
ਖੁੱਲ੍ਹਾ ਖਿੜ ਤੇ ਹੱਸ, ਤੇ ਆਪਾ ਦੱਸ-ਦੱਸ,
ਖੇੜਾ ਖਿੜਾ ਥਾਈਂ ਥਾਈਂ ਤੂੰ,
ਓ ਸੋਹਣਿਆ ਮੁੱਲ ਪਾ ਤੂੰ ਆਪਣਾ! (187-88)

"ਆਪਣਾ ਮੂਲ ਪਛਾਣ" ਵਾਲੀ ਜੋਤਿ ਸਰੂਪੀ ਪਛਾਣ ਨੂੰ ਪ੍ਰੋ. ਪੂਰਨ ਸਿੰਘ ਨੇ "ਅਬਚਲ ਸੱਚ ਦੀ ਪਰਿਵਰਤਸ਼ੀਲ ਸਦੀਵਤਾ" (228) ਕਿਹਾ ਹੋਇਆ ਹੈ। ਇਹ ਸੱਚ "ਦਿਬ ਦ੍ਰਿਸਟਿ ਗੁਰ ਧਿਆਨੁ ਧਰਿ ਸਿਖ ਵਿਰਲਾ ਕੋਈ" (ਵਾਰਾਂ 9\5) ਵਜੋਂ ਪ੍ਰਗਟ ਹੁੰਦਾ ਰਿਹਾ ਹੈ। ਵਿਰਲਿਆਂ ਵਿਚੋਂ ਇਕ ਸਨ ਭਾਈ ਸੰਤੋਖ ਸਿੰਘ ਜੀ। ਉਨ੍ਹਾਂ ਨੇ ਇਨ੍ਹਾਂ ਤਿੰਨ ਸੱਸਿਆਂ ਦੀ ਧਰੋਹਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਰਵਾਨ ਕਰ ਕੇ ਇਉਂ ਲਿਖਿਆ ਹੋਇਆ ਹੈ:

ਸੁਧਾ ਕੀ ਤਰੰਗਨੀ ਸੀ, ਰੋਗ ਭ੍ਰਮ ਭੰਗਨੀ ਹੈ, ਮਹਾਂ ਸਵੇਤ ਰੰਗਨੀ ਮਹਾਨ ਮਾਨੀ ਹੈ।
ਕਿਧੌਂ ਯਹਿ ਹੰਸਨੀ ਸੀ,
ਮਾਨਸ ਵਤੰਸਨੀ ਹੈ,
ਗੁਨੀਨ ਪ੍ਰਸੰਸਨੀ ਸਰਬ ਜਗ ਜਾਨੀ ਹੈ।
ਕਿਧੌਂ ਚੰਦ ਚਾਂਦਨੀ ਸੀ,
ਮੋਹ ਘਾਮ ਮੰਦਨੀ ਹੈ,
ਰਿਦੇ ਕੀ ਅਨੰਦਨੀ ਸਦੀਵ ਸੁਖਦਾਨੀ ਹੈ।
ਪ੍ਰੇਮ ਪਟਰਾਨੀ ਸਯਾਨੀ,
ਗਯਾਨ ਕੀ ਜਨਨ ਜਾਨੀ,
ਗੁਨੀ ਭਨੀ ਬਾਨੀ ਤਾਂਕੀ
ਗੁਰੂ ਗੁਰਬਾਨੀ ਹੈ।
ਨਾਨਕ ਪ੍ਰਕਾਸ਼ ਪੂਰਬਾਰਧ,ਧਿ. 24

ਗ੍ਰੰਥ ਨਾਲ ਪੰਥ, ਦਸਮ ਪਾਤਸ਼ਾਹ ਜੀ ਨੇ ਜੋੜਿਆ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਬਖਸ਼ ਕੇ ਸਿੱਖ ਧਰਮ ਦੀ ਵਿਲੱਖਣਤਾ ਸਦਾ ਵਾਸਤੇ ਸਥਾਪਤ ਕਰ ਦਿੱਤੀ ਸੀ। ਦਸਮ ਪਾਤਸ਼ਾਹ ਜੀ ਦੇ ਯੋਗਦਾਨ ਨੂੰ ਭਾਈ ਸੰਤੋਖ ਸਿੰਘ ਨੇ ਇਸ ਤਰ੍ਹਾਂ ਰਿਕਾਰਡ ਕੀਤਾ ਹੋਇਆ ਹੈ ਕਿ ਅਨੇਕਤਾ ਵਿਚ ਏਕਤਾ ਕਾਇਮ ਰੱਖਣ ਲਈ ਸੰਘਰਸ਼ ਕਰਨ ਵਾਲੀ ਕੌਮੀਅਤ ਨੂੰ ਸਾਹਮਣੇ ਲਿਆਂਦਾ ਗਿਆ ਸੀ:

ਛਾਏ ਜਾਤੀ ਏਕਤਾ,
ਅਨੇਕਤਾ ਵਿਲਾਏ ਜਾਤੀ,
ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ।
ਪਾਪ ਹੀ ਪਰਪੱਕ ਜਾਤੇ,
ਧਰਮ ਧਸੱਕ ਜਾਤੇ,
ਵਰਨ ਗਰਕ ਜਾਤੇ, ਸਹਿਤ ਵਿਧਾਨ ਕੀ।
ਦੇਵੀ ਦੇਵ ਦੇਵਤੇ, ਸੰਤੋਖ ਸਿੰਘ ਦੂਰ ਹੋਤੇ,
ਰੀਤ ਮਿਟ ਜਾਤੀ ਕਥਾ ਵੇਦਨ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ,
ਮੂਰਤਿ ਨਾ ਹੋਤੀ ਜੌ ਪੈ ਕਰੁਣਾ
ਨਿਧਾਨ ਕੀ।

ਇਸ ਦਾ ਸਿਧਾਂਤਕ ਆਧਾਰ ਦਸਮ ਪਾਤਸ਼ਾਹ ਹਜ਼ੂਰ ਨੇ ਸਿੱਖ ਦੇ ਵਤੀਰੇ ਅਤੇ ਵਰਤਾਰੇ ਵਾਸਤੇ ਇਸ ਤਰ੍ਹਾਂ ਸਥਾਪਤ ਕਰ ਦਿੱਤਾ ਸੀ\ਹੈ:

ਯਾਹੀ ਕਾਜ ਧਰਾ ਹਨ ਜਨਮੰ॥
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਭਾਰਨ॥
ਦੁਸਟ ਸਭਨ ਕਾ ਮੂਲ ਉਪਾਰਨ॥

**ਨਤੀਜਾ:** ਮਹਾਤਮਾ ਬੁੱਧ ਦੇ ਮੱਧ-ਮਾਰਗ ਤੋਂ ਪਿਛੋਂ ਗੁਰਮਤਿ ਨੇ ਪ੍ਰਾਪਤ ਦੇ ਸਹਿਜ-ਸਥਾਪਨ ਦੁਆਰਾ ਪੱਛਮ ਦੇ ਬਿਬੇਕੀ ਉਲਾਰ ਅਤੇ ਪੂਰਬ ਦੇ ਅਧਿਆਤਮ-ਉਲਾਰ ਵਿਚਕਾਰ ਮੱਧ-ਮਾਰਗ ਸਾਹਮਣੇ ਲਿਆਂਦਾ ਸੀ\ਹੈ। ਇਸ ਨਾਲ ਬਿਬੇਕ ਅਤੇ ਸ਼ਰਧਾ ਦਾ ਸੁਮੇਲ ਸਾਹਮਣੇ ਲਿਆਉਣ ਦੀ ਜ਼ਿੰਮੇਵਾਰੀ ਸਿੱਖ-ਚੇਤਨਾ ਵਲੋਂ ਨਿਭਾਈ ਜਾਂਦੀ ਰਹੀ ਹੈ ਅਤੇ ਨਿਭਾਈ ਜਾਂਦੀ ਰਹਿਣੀ ਚਾਹੀਦੀ ਹੈ। ਏਸੇ ਵਿਚ ਆ ਗਈ ਖੜੋਤ ਨਾਲ ਸਬੰਧਤ ਹੈ ਤਿੰਨ ਸੱਸੇ। ਸਿੱਖ ਚੇਤਨਾ ਦੀ ਸਕਰਮਕਤਾ ਦੇ ਪ੍ਰਸੰਗ ਵਿਚ ਪੰਡਤ ਕਰਤਾਰ ਸਿੰਘ ਦਾਖਾ ਦੀ ਮੌਤ 'ਤੇ ਮਾ. ਤਾਰਾ ਸਿੰਘ ਦੇ ਸ਼ਬਦ ਕੁਝ ਇਹੋ ਜਿਹੀ ਸੁਰ ਵਿਚ ਪ੍ਰਾਪਤ ਹਨ, "ਅਫਸੋਸ ਹੈ ਕਿ ਸਾਡੇ ਵਿਚੋਂ ਗਿਆਨੀ ਆਲਮ ਇਕ ਇਕ ਕਰ ਕੇ ਜਾ ਰਹੇ ਹਨ, ਤੇ ਨਵੇਂ ਕੋਈ ਪੈਦਾ ਨਹੀਂ ਹੋ ਰਹੇ" (ਗੁਰੂ ਕਾਵਯ ਦਰਸ਼ਨ, ਅ, 2009)

ਚੇਤਨਾ ਦੀ ਸਕਰਮਕਤਾ ਦਾ ਹਾਸਲ ਇਸ ਤਰ੍ਹਾਂ ਚਿਤਵਿਆ ਜਾ ਸਕਦਾ ਹੈ ਕਿ ਨਾ ਰਹਿਣ ਦੀ ਹਾਲਤ ਵਿਚ ਵੀ ਸਬੰਧਤ ਦੀਆਂ ਲਿਖਤਾਂ ਰਾਹੀਂ ਉਨ੍ਹਾਂ ਦੀ ਰੂਹ ਕੰਮ ਕਰਦੀ ਰਹਿੰਦੀ ਹੈ। ਇਹੀ ਭਾਈ ਕਾਨ੍ਹ ਸਿੰਘ ਨਾਭਾ ਦੇ ਸ਼ਬਦਾਂ ਵਿਚ ਸੁੱਤਿਆਂ ਨੂੰ ਜਗਾਉਣ ਦਾ ਕਾਰਜ ਰਹਿੰਦਾ ਹੈ, "ਜੇ ਆਪ ਦੇ ਪੁਰਸ਼ਾਰਥ ਨਾਲ ਘੋਰ ਨਿੰਦ੍ਰਾ ਤੋਂ ਅਸਾਡਾ ਦੇਸ਼ ਜਾਗ ਸਕੇ ਤਾਂ ਅਹੋ ਭਾਗ"। .....ਜਦ ਤੋੜੀਂ ਉਹ ਆਪਣਾ ਘਰ ਨਹੀਂ ਸੰਭਾਲਦਾ ਅਤੇ ਬੁਧਿ: ਵਿਦਿਆ, ਨੀਤੀ ਵਿਚ ਨਿਪੁੰਨ ਨਹੀਂ ਗਿਣਿਆ ਜਾਂਦਾ, ਤਦ ਤੋੜੀਂ ਉਸ ਦਾ ਕਿਤੇ ਮਾਨ ਨਹੀਂ ਹੈ, ਸਗੋਂ ਦਿਨ, ਦਿਨ ਪੜੋਸੀਆਂ ਤੋਂ ਤ੍ਰਿਸਕ੍ਰਿਤ ਹੋਵੇਗਾ" (ਉਹੀ ਸ-ਹ)।

## ਠੇਡਾ

*(ਸਫਾ 24 ਦੀ ਬਾਕੀ)*

"ਮੇਰਾ ਟੱਬਰ ਈ ਮੇਰੇ ਕਹਿਣੇ ਤੋਂ ਬਾਹਰ ਹੋ ਗਿਆ... ਚਾਰ ਨਿਆਣੇ ਜੰਮੇ... ਚਾਰਾਂ ਦੇ ਅੱਡ ਅੱਡ ਰਾਹ... ਸਾਡਾ ਪਿਓ ਤੇ ਬਾਬਾ ਹੁੰਦਾ ਸੀ... ਜਾਹ ਤਾਂ ਕੋਈ ਚੀਂ-ਪੀਂ ਕਰ ਜੇ... ਚਿੱਤੜਾਂ 'ਤੇ ਖੂੰਡਾ ਮਾਰਦੇ ਸੀ। ਹੁਣ ਤਾਂ ਬੰਦੇ ਕੋਲ਼ੋਂ ਆਪਣਾ ਟੱਬਰ ਨੀਂ ਸਾਂਭਿਆ ਜਾਂਦੈ... ਚਾਰੇ ਪਾਸੇ ਨੇਰ੍ਹੀ ਚੱਲੀ ਹੋਈ ਐ।" ਚਾਨਣ ਨੂੰ ਲੱਗਣ ਲੱਗ ਪੈਂਦਾ ਏ ਕਿ ਉਹ ਤਾਂ ਹਨੇਰੇ 'ਚ ਟੱਕਰਾਂ ਮਾਰੀ ਜਾ ਰਿਹਾ ਏ।

ਪ੍ਰਕਾਸ਼ੋ ਠੰਢੀ-ਸੀਲ ਹੋ ਕੇ ਬੋਲਦੀ ਏ, "ਮੇਰੀ ਗੱਲ ਸੁਣ! ਮਿੰਦਰੀ ਦੇ ਭਾਪਾ!! ਤੂੰ ਕਾਹਤੋਂ ਚੱਤੋ-ਪਹਿਰ ਚਿੰਤਾ 'ਚ ਡੁੱਬਾ ਰਹਿੰਦਾ। ਨਿਆਣੇ ਆਪਣੇ-ਆਪਣੇ ਘਰ ਐ। ਜੋ ਮਰਜ਼ੀ ਕਰਨ। ਮੈਨੂੰ ਦੱਸ, ਤੈਂ ਪਿੰਨੀਆਂ ਲੈਣੀਆਂ ਨੇ। ਹੁਣ ਬਹੁਤੀ ਲੰਘ ਗਈ ਐ, ਥੋੜ੍ਹੀ ਰਹਿ ਗਈ ਐ, ਜਿੱਥੇ ਮਰਜ਼ੀ ਜਾਣ, ਸਾਰੇ ਹੈ ਤਾਂ ਸਤਿਗੁਰੂ ਦੇ ਘਰ ਈ ਨਾ। ਕੰਨ ਈ ਫੜਨੇ ਆ, ਚਾਹੇ ਸਿੱਧੇ ਫੜ ਲੈਣ, ਚਾਹੇ ਲੱਤਾਂ ਹੇਠ ਦੀ ਫੜ ਲੈਣ।"

ਐਨੇ ਨੂੰ ਮਿੰਦਰੀ ਭੇਲੀ ਦੀ ਗੰਢ ਖੋਲ੍ਹ ਦਿੰਦੀ ਏ। ਲੱਡੂਆਂ ਦੀ ਮਹਿਕ ਫੈਲਦਿਆਂ ਚਾਨਣ ਰਾਮ ਦਾ ਧਿਆਨ ਟੁੱਟ ਜਾਂਦਾ ਏ। ਉਹਦੇ ਮਨ 'ਚੋਂ ਸਾਰੀਆਂ ਗੱਲਾਂ ਕਿਰ ਜਾਂਦੀਆਂ ਨੇ। "ਲਓ ਬਈ ਲੱਡੂ ਤਾਂ ਵਾਹਵਾ ਮਹਿਕਾਂ ਛੱਡਦੇ ਨੇ। ਦੇਸੀ ਘਿਓ ਦੇ ਲੱਗਦੇ ਨੇ।" ਚਾਨਣ ਰਾਮ ਦੇ ਚਿਹਰੇ 'ਤੇ ਖੇੜਾ ਆ ਜਾਂਦਾ ਏ।

"ਲਿਆ ਭੈਣੇ! ਬੁੱਕ 'ਚ ਈ ਦੋ-ਚਾਰ ਰੱਖ ਦੇ, ਢਿੱਡ 'ਚ ਖੋਹ ਪੈਣ ਲੱਗ ਪਈ ਏ।" ਨ੍ਹਾਮਾ ਵੀ ਲੱਡੂਆਂ ਵੱਲ ਉਲਰਦਾ ਏ। ਐਨੇ ਨੂੰ ਰਾਮਾ ਲੱਡੂ ਚੁੱਕ ਕੇ ਖਾਣ ਲੱਗਦਾ ਏ, "ਲੱਡੂ ਤਾਂ ਸਵਾਦ ਐ ਬਈ।" ਚਾਨਣ ਇਕ ਵਾਰ ਸਾਰੇ ਸ਼ਰੀਕੇ ਤੇ ਆਪਣੇ ਟੱਬਰ ਵੱਲ ਵੇਖਦਾ ਏ... ਸਾਰਿਆਂ ਦੇ ਚਿਹਰੇ ਖਿੜੇ ਹੋਏ ਨੇ। ਇਕ ਵਾਰ ਤਾਂ ਉਹਨੂੰ ਲੱਗਦਾ ਏ ਕਿ ਸਾਰੇ 'ਕੱਠੇ ਈ ਨੇ। ਘਰ 'ਚ ਚਾਰ ਭਾਂਡੇ ਖੜਕਦੇ ਈ ਰਹਿੰਦੇ ਨੇ। ਉਹ ਛਾਤੀ 'ਤੇ ਪੱਥਰ ਰੱਖ ਬੀਤੀਆਂ ਗੱਲਾਂ ਹਊ-ਪਰੇ ਕਰਨ ਦੇ ਆਹਰ ਲੱਗ ਜਾਂਦਾ ਏ।

ਪ੍ਰਕਾਸ਼ੋ ਭੇਲੀ ਦੀ ਸੀਰਨੀ ਤੇ ਲੱਡੂ ਲਿਫਾਫਿਆ 'ਚ ਪਾ ਕੇ ਸ਼ਰੀਕੇ ਦੀਆਂ ਬੁੜ੍ਹੀਆਂ ਤੇ ਆਪਣੇ ਟੱਬਰ ਦੀਆਂ ਵਹੁਟੀਆਂ ਨੂੰ ਦੇਣ ਲੱਗ ਪੈਂਦੀ ਏ। ਸਭ ਦਾ ਧਿਆਨ ਭੇਲੀ ਲੈਣ ਤੇ ਖਾਣ 'ਚ ਲੱਗ ਜਾਂਦਾ ਏ। ਚਾਨਣ ਰਾਮ ਖੂੰਡੇ 'ਤੇ ਭਾਰ ਪਾ ਕੇ ਉੱਠਦਾ ਏ। ਝੁਕ ਕੇ ਮਿੰਦਰੀ ਦੀ ਖੋਲ੍ਹੀ ਹੋਈ ਗੰਢ 'ਚੋਂ ਲੱਡੂ ਚੁੱਕਦਾ ਏ ਤੇ ਬਾਹਰ ਵਿਹੜੇ 'ਚ ਬੈਠਣ ਲਈ ਤੁਰ ਪੈਂਦਾ ਏ।

"ਮੈਂ ਕਿਹਾ ਮਿੰਦਰੀ ਦੇ ਭਾਪਾ, ਬਾਹਲਾ ਮਿੱਠਾ ਨਾ ਖਾਵੀਂ, ਐਵੇਂ ਤੇਰੀ ਸ਼ੂਗਰ ਵਧ ਜਾਊ, ਫੇ ਸਾਨੂੰ 'ਵਾਜਾਂ ਮਾਰੂ।" ਪ੍ਰਕਾਸ਼ੋ ਚਾਨਣ ਨੂੰ ਨਸੀਹਤ ਦਿੰਦੀ ਏ ਪਰ ਚਾਨਣ ਕੰਨ ਵਲ੍ਹੇਟ ਕੇ ਦਲਾਨ 'ਚੋਂ ਬਾਹਰ ਪੈਰ ਰੱਖਦਾ ਕਹਿੰਦਾ ਏ,"ਪ੍ਰਕਾਸ਼ੋ! ਸਾਰੀ ਉਮਰ ਜ਼ਹਿਰ ਦੇ ਫੁੱਕੇ ਈ ਮਾਰੇ ਨੇ, ਭੋਰਾ ਮਿੱਠਾ ਵੀ ਖਾ ਲੈਣ ਦਿਆ ਕਰ, ਦੋਹਤੀ ਦੇ ਵਿਆਹ ਦਾ ਤਾਂ ਮੈਨੂੰ ਚਾਅ ਈ ਬਾਹਲਾ ਏ।" ਤੇ ਉਹ ਚਾਨਣ 'ਚ ਡੱਠੇ ਮੰਜੇ ਵੱਲ ਖੂੰਡੀ ਦੇ ਸਹਾਰੇ ਤੁਰ ਪੈਂਦਾ ਏ।

ਵਿਹੜੇ 'ਚ ਤਾਂ ਨ੍ਹੇਰਾ ਉੱਤਰ ਆਇਆ ਏ। ਚਾਨਣ ਨ੍ਹੇਰੇ 'ਚ ਠੇਡਾ ਖਾ ਕੇ ਉਖੜ ਕੇ ਡਿੱਗਣ ਲੱਗਦਾ ਏ। ਖੂੰਡੀ ਹੱਥੋਂ ਤਿਲਕ ਜਾਂਦੀ ਏ, ਚਾਨਣ ਨੂੰ ਚੇਤੇ ਆਉਂਦਾ ਏ ਵੱਡਾ ਮੁੰਡਾ ਸ਼ਾਮਾ ਕਿਵੇਂ ਉਹਦੇ ਹੱਥੋਂ ਤਿਲਕ ਕੇ ਪਰੇ ਰਮਦਾਸੀਆਂ ਦੀ ਬੁੱਕਲ 'ਚ ਜਾ ਡਿੱਗਾ ਸੀ। ਮਿੰਦਰੀ ਨੇ ਵਿਹੜੇ ਆਲਿਆਂ ਨਾਲੋਂ ਵਰਕਾ ਈ ਪਾੜ'ਤਾ ਸੀ ਤੇ ਨ੍ਹਾਮਾ ਮੀਟ-ਆਂਡਾ, ਸ਼ਰਾਬ, ਹੁੱਕੇ-ਬੀੜੀ ਤੋਂ ਜਮਾਂ ਨੱਕ ਭੰਨ ਗਿਆ ਸੀ। ਸਾਨੂੰ ਤਾਂ ਕਈ ਵਾਰ ਪਾਪੀ ਵੀ ਕਹਿ ਦਿੰਦਾ ਸੀ। ਲਾ ਪਾ ਕੇ ਛੋਟਾ ਰਾਮਾ ਈ ਬਚਿਆ ਸੀ। ਹੁਣ ਉਸਨੇ ਈ ਉਹਦੀ ਡੰਗੋਰੀ ਬਣਨਾ ਸੀ। ਉਹਨੇ ਵੀ ਨਾਨਕੇ ਛੱਕ ਲਿਜਾਣ ਵੇਲੇ ਮੂਤ ਜਾਣਾ। ਹੁਣ ਕੀ ਕਰੀਏ, ਮਿੰਦਰੀ ਹੈ ਤਾਂ ਆਖਰ ਧੀ ਈ ਨਾ, ਸ਼ੈਦ ਉਹ ਵੀ ਪੁੜਾਂ ਵਿਚਾਲੇ ਪਿਸਦੀ ਹੋਵੇ। ਇਕ ਪਾਸੇ ਸਲੀਬ ਏ, ਦੂਜੇ ਪਾਸੇ ਹਰਿ ਏ, ਤੀਜੇ ਪਾਸੇ ਰਾਮ ਸਿਓਂ ਦੀ ਸਰਦਾਰੀ ਏ, ਚੌਥੇ ਪਾਸੇ ਨ੍ਹਾਮਾ ਸਤਸੰਗੀ ਏ, ਨੁੱਕਰੇ ਲੱਗਾ ਉਹਦਾ ਪਿਓ ਏ, ਹੁਣ ਤਾਂ ਕਿਸੇ ਨੂੰ ਕਹਿਣ ਦਾ ਸਮਾਂ ਈ ਨੀਂ ਰਿਹਾ। ਹਰ ਕੋਈ ਗੁਣੀ ਗਿਆਨੀ ਬਣਿਆ ਫਿਰਦਾ ਏ।

"ਵੇਖੀਂ ਭਾਪਾ! ਕੀ ਹੋ ਗਿਆ ਤੈਨੂੰ? ਠੇਡਾ ਖਾ ਕੇ ਡਿੱਗਣ ਲੱਗਾ ਸੀ। ਖਿਆਲ ਨਾਲ ਤੁਰਿਆ ਕਰ।" ਪਿੱਛਿਓਂ ਆਏ ਬੋਲਾਂ ਨਾਲ ਚਾਨਣ ਸੰਭਲਣ ਲਗਦਾ ਏ ਤੇ ਉਸ ਦੇ ਹੱਥ 'ਚ ਫੜਿਆ ਲੱਡੂ ਥੱਲੇ ਡਿੱਗ ਕੇ ਖਿੱਲਰ ਜਾਂਦਾ ਏ, ਉਹਦਾ ਛੋਟਾ ਮੁੰਡਾ ਰਾਮਾ ਉਹਨੂੰ ਡਿੱਗਦੇ ਨੂੰ ਬੋਚ ਲੈਂਦਾ ਏ। "ਉਏ ਰਾਮਿਆ, ਸਾਡੇ ਤੇ ਪਿੱਛਿਓਂ ਵੀ ਠੇਡੇ ਵੱਜਦੇ ਰਹੇ ਨੇ, ਅਹੀਂ ਤਾਂ ਵੀ ਨੀਂ ਡਿੱਗੇ।" ਚਾਨਣ ਦੀ ਸੋਚ ਕਈ ਸਾਲ ਪਿਛਾਂਹ ਚਲੇ ਜਾਂਦੀ ਏ।

... ਜਦੋਂ ਖਿੱਦੋ-ਖੂੰਡੀ ਖੇਡਦਿਆਂ ਉਹਦੇ ਤਾਏ ਦਾ ਮੁੰਡਾ, ਗੋਲਾਂ ਵੱਲ ਖਿੱਦੋ ਲਿਜਾਂਦਿਆਂ ਪਿੱਛਿਓਂ ਪੈਰ ਦਾ ਠੇਡਾ ਮਾਰ ਦਿੰਦਾ ਸੀ... ਪਰ ਉਹ ਡਿੱਗਦਾ ਡਿੱਗਦਾ ਸੰਭਲ ਜਾਂਦਾ ਸੀ... ਤੇ ਗੋਲ ਕਰਕੇ ਸਾਹ ਲੈਂਦਾ ਸੀ... ਤੇ ਘਰ ਦੀ ਪਿਛਾੜੀ ਚੰਮ ਰੰਗਣ ਦਾ ਕਾਰਖਾਨਾ ਲਾਉਣ ਲੱਗਿਆਂ ਪਿੰਡ ਦੀ ਦੂਜੀ ਪੱਤੀ ਦੇ ਲੋਕਾਂ ਨੇ ਉਹਦੇ ਵਿਹੜੇ ਦੇ ਕਈ ਘਰਾਂ ਨੂੰ ਨਾਲ ਲੈ ਕੇ... ਕਈ ਵਾਰ ਪਿੱਛਿਓਂ ਠੇਡੇ ਮਾਰੇ ਸਨ ਪਰ ਉਹ ਹਰ ਵਾਰ ਸੰਭਲ ਜਾਂਦਾ ਸੀ। ਤੇ ਅਖੀਰ ਚਾਨਣ ਨੇ ਚੰਮ ਰੰਗਣ ਦਾ ਕੰਮ ਸ਼ੁਰੂ ਕਰਕੇ ਪਿੱਛਿਓਂ ਵੱਜ ਰਹੇ ਠੇਡੇ ਨੂੰ ਰੋਕ ਵੀ ਦਿੱਤਾ ਸੀ। ਚਾਨਣ, ਰਾਮੇ ਕੋਲੋਂ ਮੁੜ ਖੂੰਡੀ ਫੜਦਿਆਂ... ਪਿੱਛਿਓਂ ਬੇਧਿਆਨੇ ਹੁੰਦਿਆਂ ਸੰਭਲਦਾ ਏ।

"ਸ਼ੁਕਰ ਏ... ਸ਼ੁਕਰ ਏ...।" ਚਾਨਣ ਦੇ ਮਨ ਅੰਦਰ ਚਾਨਣ ਦੀ ਤਾਰ ਜਿਹੀ ਫਿਰ ਜਾਂਦੀ ਏ।

## ਮੇਰੀ ਫਿਲਮੀ ਆਤਮ-ਕਥਾ



ਬਲਰਾਜ ਸਾਹਨੀ

# 'ਇਪਟਾ' ਵੱਲ ਕਦਮ

**ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਆਪਣੇ ਵੇਲਿਆਂ ਦਾ ਪ੍ਰਸਿੱਧ ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਲਿਖਾਰੀ ਵੀ ਸੀ। ਉਸ ਨੇ ਆਪਣੇ ਫਿਲਮੀ ਰੁਝੇਵਿਆਂ ਵਿਚੋਂ ਲਿਖਣ ਲਈ ਸਮਾਂ ਕੱਢਿਆ ਅਤੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਾਰਤਕ ਦੀਆਂ ਕਈ ਕਿਤਾਬਾਂ ਪਾਈਆਂ। ਅਸੀਂ ਆਪਣੇ ਪਾਠਕਾਂ ਨਾਲ ਉਸ ਦੀ ਲੰਮੀ ਅਤੇ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ।**

ਚੇਤਨ ਆਨੰਦ ਨੇ ਉਸ ਵੇਲੇ ਜਿਸ ਵੱਡੇ ਜਿਗਰੇ ਦਾ ਸਬੂਤ ਦਿੱਤਾ, ਉਸ ਦੀ ਜਿਤਨੀ ਤਾਰੀਫ ਕਰਾਂ, ਘੱਟ ਹੈ। ਦੋਸਤ ਦਾ ਮਾਣ ਰੱਖਣ ਲਈ ਉਸ ਨੇ ਇਕ ਚੰਗਾ ਕਾਂਟਰੈਕਟ ਹੱਥ 'ਚੋਂ ਛੱਡ ਦਿੱਤਾ। ਉਸ ਦੀ ਥਾਂ ਕੋਈ ਹੋਰ ਹੁੰਦਾ ਤਾਂ ਉਲਟਾ ਮੈਨੂੰ ਆਪਣੇ ਹੋਸ਼ ਦੀ ਦਵਾ ਕਰਨ ਲਈ ਆਖਦਾ। ਅਜ ਤੀਕਰ ਫਿਲਮਾਂ ਵਿਚ ਕੌਣ ਐਸਾ ਨੌਂਵਾਰਿਦ ਆਇਆ ਹੈ ਜਿਸ ਨੂੰ ਸਟੂਡੀਓ ਵਿਚ ਪੈਰ ਧਰਦਿਆਂ ਹੀ ਹਜ਼ਾਰ ਰੁਪਏ ਮਹੀਨੇ ਦੀ ਨੌਕਰੀ ਪੇਸ਼ ਕੀਤੀ ਜਾਵੇ? ਇਤਨਾ ਹੀ ਨਹੀਂ, ਉਹਨੇ ਮੈਨੂੰ ਤੇ ਮੇਰੇ ਪਰਵਾਰ ਨੂੰ ਵੀ ਮੋਢਿਆਂ ਉਤੇ ਚੁੱਕੀ ਫਿਰਨ ਦੀ ਬੇਮਿਆਦ ਜ਼ਿੰਮੇਵਾਰੀ ਆਪਣੇ ਉੱਪਰ ਲੈ ਲਈ।

ਪਿੱਛੋਂ ਪਤਾ ਨਹੀਂ ਗੱਲ ਕਿਵੇਂ ਬਾਹਰ ਨਿਕਲ ਗਈ ਕਿ ਦਮੋ ਵੀ ਫਿਲਮਾਂ ਵਿਚ ਕੰਮ ਕਰੇਗੀ। ਮੇਰੇ ਮਾਤਾ-ਪਿਤਾ ਨੂੰ ਇਸ ਗੱਲ ਦਾ ਸਖ਼ਤ ਸਦਮਾ ਹੋਇਆ। ਘਰ ਦਾ ਵਾਤਾਵਰਣ ਇਤਨਾ ਕਸ਼ੀਦ ਹੋ ਗਿਆ ਕਿ ਦਮੋ ਕੋਲ ਦੋਨਾਂ ਬੱਚਿਆਂ ਨੂੰ ਨਾਲ ਲੈ ਕੇ ਬੰਬਈ ਤੁਰ ਆਉਣ ਤੋਂ ਸਿਵਾ ਕੋਈ ਚਾਰਾ ਨਾ ਰਿਹਾ। ਪਰੀਖਸ਼ਤ ਓਦੋਂ ਚਾਰ ਸਾਲ ਦਾ ਸੀ, ਤੇ ਸ਼ਬਨਮ ਹੋਵੇਗੀ ਦਸ ਕੁ ਮਹੀਨਿਆਂ ਦੀ।

ਹੁਣ ਅਸੀਂ ਚੇਤਨ ਦੇ ਓਸੇ ਪਹਾੜੀ ਬੰਗਲੇ ਵਰਗੇ ਘਰ ਵਿਚ ਸਾਂ। ਇਕ ਕਮਰੇ ਵਿਚ ਚੇਤਨ ਤੇ ਉਸ ਦੀ ਪਤਨੀ ਉਮਾ, ਦੂਜੇ ਵਿਚ ਚੇਤਨ ਦੇ ਨਿੱਕੇ ਵੀਰ, ਦੇਵ (ਦੇਵ ਆਨੰਦ) ਤੇ ਗੋਲਡੀ (ਵਿਜੇ ਆਨੰਦ), ਤੀਜੇ ਵਿਚ ਦਮੋ ਮੈਂ ਤੇ ਬੱਚੇ, ਤੇ ਡਰਾਇੰਗ-ਰੂਮ ਵਿਚ ਹਮੀਦ ਬੱਟ ਤੇ ਉਸ ਦੀ ਪਤਨੀ ਅਜ਼ਰਾ ਮੁਮਤਾਜ਼ ਨੇ ਡੇਰਾ ਲਾਇਆ ਹੋਇਆ ਸੀ। ਅਜ਼ਰਾ ਉਦੇ ਸ਼ੰਕਰ ਦੇ ਨਿਰਤ-ਮੰਡਲ ਦੀ ਸੁਵਿਖਿਆਤ ਨਰਤਕੀ ਸੀ ਉਦੇ ਸ਼ੰਕਰ 'ਕਲਪਨਾ' ਫਿਲਮ ਬਨਾਣ ਮਦਰਾਸ ਚਲੇ ਗਏ ਸਨ, ਤੇ ਅਜ਼ਰਾ ਕੇਂਦਰ ਛੱਡ ਕੇ ਬੰਬਈ ਆ ਗਈ ਸੀ।

ਉਮਾ ਉਪਰ ਇਤਨਾ ਵੱਡਾ ਬੋਝ ਪਾ ਛੱਡਣ ਦਾ ਦਮੋ ਨੂੰ ਹਰ ਵਕਤ ਮਲਾਲ ਰਹਿੰਦਾ ਸੀ ਪਰ ਓਦੋਂ ਉਮਰ ਐਸੀ ਸੀ ਕਿ ਬੇਆਰਾਮੀਆਂ ਵਿਚੋਂ ਵੀ ਸੁਆਦ ਲਭਦੇ ਸਨ। ਉਮਾ ਵੀ ਹਰ ਵੇਲੇ ਹੱਸਦੀ-ਖੇਡਦੀ ਨਜ਼ਰ ਆਉਂਦੀ, ਜਿਵੇਂ ਸਾਰੇ ਰਲ ਕੇ ਕਿਸੇ ਪਿਕਨਿਕ 'ਤੇ ਆਏ ਹੋਏ ਹੋਈਏ।

ਅਜ ਮੇਰੇ ਕੋਲ ਆਪਣਾ ਮਕਾਨ ਹੈ ਤੇ ਘਰ ਦੇ ਪੰਜ ਜੀਆਂ ਲਈ ਦਸ ਕਮਰੇ ਹਨ। ਤਿੰਨ ਮੋਟਰਾਂ ਹਨ। ਚੇਤਨ, ਦੇਵ, ਵਿਜੇ, ਮੈਥੋਂ ਵੀ ਕਿਤੇ ਵਧ ਚੜ੍ਹ ਕੇ ਅਮੀਰੀਆਂ ਭੋਗ ਰਹੇ ਹਨ ਪਰ ਸ਼ੈਦ ਉਹ ਵੀ ਇਸ ਗਲ ਨੂੰ ਤਸਲੀਮ ਕਰਨਗੇ ਕਿ ਹੁਣ ਜ਼ਿੰਦਗੀ ਵਿਚ ਉਹ ਮਜ਼ਾ ਨਹੀਂ ਜੋ ਓਦੋਂ ਸੀ।

ਸਵੇਰੇ ਨਾਸ਼ਤਾ ਕਰਕੇ ਚੇਤਨ ਤੇ ਮੈਂ ਘਰੋਂ ਨਿਕਲ ਜਾਂਦੇ ਤੇ ਫਲੋਰਾ ਫਾਊਂਟਨ ਦੇ ਨੇੜੇ ਇੰਡੀਆ ਕਾਫੀ ਹਾਊਸ ਵਿਚ ਜਾ ਬੈਠਦੇ। ਬੜੀ ਰੂਮਾਨੀ ਜਗ੍ਹਾ ਸੀ ਉਹ ਉਹਨਾਂ ਦਿਨਾਂ ਵਿਚ। ਕਿਸੇ ਟੇਬਲ ਉਤੇ ਕਾਂਗਰਸੀ, ਕਿਸੇ ਉੱਤੇ ਕਮਿਊਨਿਸਟ, ਕਿਸੇ ਉਤੇ ਸੋਸ਼ਲਿਸਟ ਬਹਿਸਾਂ ਚਲ ਰਹੀਆਂ ਹੁੰਦੀਆਂ। ਇਸ ਤੋਂ ਇਲਾਵਾ ਪੱਤਰਕਾਰਾਂ, ਚਿੱਤਰਕਾਰਾਂ, ਨਿਰਤਕਾਰਾਂ, ਤੇ ਕਿਸਮ-ਕਿਸਮ ਦੇ ਹੋਰ ਭੁੱਖੜ ਜਾਂ ਨੀਮ-ਭੁੱਖੜ 'ਕਾਰਾਂ' ਦਾ ਜਮਘਟ ਰਹਿੰਦਾ। ਉਹਨਾਂ ਦੇ ਜੀਨੀਅਸ ਉਪਰ ਮਰਨ ਵਾਲੀਆਂ ਤਿੱਤਲੀਆਂ ਵੀ ਫੜਫੜਾਂਦੀਆਂ। ਬੜੀ ਹਰਕਤ ਸੀ ਏਸ ਵਾਤਾਵਰਨ ਵਿਚ। ਉਹ ਵਿਚਾਰਾਂ ਅਤੇ ਆਦਰਸ਼ਾਂ ਦੀ ਹਰਕਤ ਸੀ ਜਾਂ ਉਹਨਾਂ ਦੇ ਉਹਲੇ ਆਪਣੇ ਕਾਰਜ ਸੰਵਾਰਨ ਦੀ, ਕਿਹਾ ਨਹੀਂ ਸੀ ਜਾ ਸਕਦਾ ਪਰ ਹਰਕਤ ਬਹੁਤ ਸੀ। ਵਕਤ ਜੁ ਐਸਾ ਸੀ। ਲੜਾਈ ਆਪਣੇ ਆਖ਼ਰੀ ਸਾਹਾਂ ਉਤੇ ਸੀ, ਯੂ. ਐਨ. ਓ. ਦੇ ਵਿਧਾਨ ਬਣ ਰਹੇ ਸਨ, ਗਾਂਧੀ-ਜਿਨਾਹ ਮੁਲਾਕਾਤਾਂ ਨੇੜੇ ਆ ਰਹੀਆ ਸਨ।

ਚੇਤਨ ਦਾ ਟੇਬਲ ਰਫਤਾ-ਰਫਤਾ ਕੇਂਦਰੀ ਟੇਬਲ ਬਣ ਜਾਂਦਾ ਸੀ। ਅਨੇਕਾਂ ਦਿਲਚਸਪ ਹਸਤੀਆਂ ਪੱਠੇ ਦੀਆਂ ਕੁਰਸੀਆਂ ਘਸੀਟ-ਘਸੀਟ ਕੇ ਆਲੇ-ਦੁਆਲੇ ਆ ਬੈਠਦੀਆਂ। ਸ਼ਹਿਰ ਦੇ ਸੁਸੰਸਕ੍ਰਿਤ ਹਲਕਿਆਂ ਵਿਚ ਚੇਤਨ ਦਾ ਚੋਖਾ ਪ੍ਰਭਾਵ ਜਾਪਦਾ ਸੀ। ਭਾਰਤੀ ਸਾਰਾਭਾਈ ਚਾਹੁੰਦੀ ਸੀ ਕਿ ਉਹ ਉਸ ਦਾ ਲਿਖਿਆ ਨਾਟਕ ਨਿਰਦੇਸ਼ਤ ਕਰੇ। ਰਾਜਾ ਰਾਓ ਆਪਣੇ ਨਵੇਂ ਨਾਵਲ ਬਾਰੇ ਉਸ ਕੋਲੋਂ ਸਲਾਹਾਂ ਮੰਗਦਾ। ਰਾਮ ਗੋਪਾਲ ਉਹਨੂੰ ਆਪਣੇ ਨਾਲ ਲੰਡਨ ਚਲਣ ਦੀਆਂ ਦਾਅਵਤਾਂ ਦੇਂਦਾ। ਫੇਰ ਅਚਾਨਕ ਟੈਲੀਫੋਨ ਖੜਕਦਾ। ਮੈਨੇਜਰ ਅਖਵਾ ਭੇਜਦਾ, "ਮਿਸਟਰ ਪਾਸਤਾ ਨੇ ਤੁਹਾਨੂੰ ਆਪਣੇ ਦਫਤਰ ਸੱਦਿਆ ਹੈ" ਜਾਂ "ਮਿਸਟਰ ਹਿਤੇਨ ਚੌਧਰੀ ਤੁਹਾਨੂੰ ਯਾਦ ਕਰ ਰਹੇ ਹਨ।"

ਝੱਟ ਅਸੀਂ ਕਾਫੀ ਦੀਆਂ ਪਿਆਲੀਆਂ ਛੱਡ ਕੇ ਬਾਹਰ ਨੱਠ ਪੈਂਦੇ। ਉਮੀਦਾਂ ਅਸਮਾਨ ਉਤੇ ਜਾ ਚੜ੍ਹਦੀਆਂ। ਹੁਣ ਜ਼ਰੂਰ 'ਨੀਚਾ ਨਗਰ' ਲਈ ਫਾਈਨੈਂਸ ਦਾ ਇੰਤਜ਼ਾਮ ਹੋ ਗਿਆ ਹੋਵੇਗਾ। ਮਿਸਟਰ ਪਾਸਤਾ ਤੇ ਹਿਤੇਨ ਚੌਧਰੀ, ਦੋਨਾਂ ਦਾ ਵਿਚਾਰਸ਼ੀਲ ਧਨਾਢਾਂ ਵਿਚ ਰਸੂਖ ਸੀ। 'ਨੀਚਾ ਨਗਰ' ਜਿਹੀ ਫਿਲਮ ਲਈ, ਜਿਸ ਵਿਚ ਬਾਕਸ ਆਫਿਸ ਮਨੋਰੰਜਨ ਦਾ ਕੋਈ ਮਸਾਲਾ ਜਾਂ ਕੋਈ ਫਿਲਮ ਸਟਾਰ ਨਹੀਂ ਸੀ, ਕਿਸੇ ਐਸੇ ਪਾਸਿਓਂ ਹੀ ਆਰਥਕ ਸਹਾਇਤਾ ਮਿਲਣ ਦੀ ਆਸ ਕੀਤੀ ਜਾ ਸਕਦੀ ਸੀ।



ਬਲਰਾਜ ਸਾਹਨੀ, ਦੇਵ ਆਨੰਦ, ਯੂਰੀ ਗਗਾਰੀਨ ਅਤੇ ਹੋਰ।

ਦਿਨੇ ਅਸੀਂ ਫੋਰਟ ਇਲਾਕੇ ਦੇ ਆਲੀਸ਼ਾਨ ਦਫਤਰਾਂ ਦੀਆਂ ਪੌੜੀਆਂ ਚੜ੍ਹਦੇ ਤੇ ਸ਼ਾਮੀਂ ਕਾਲਬਾਦੇਵੀ ਤੇ ਗਰਾਂਟ ਰੋਡ ਦੇ ਸੇਠਾਂ ਦੀਆਂ, ਜਿਹੜੇ ਫਿਲਮਾਂ ਨੂੰ ਸਿਰਫ ਮੁਨਾਫੇ ਦੇ ਦ੍ਰਿਸ਼ਟੀਕੋਣ ਤੋਂ ਵੇਖਦੇ ਸਨ। ਮੈਨੂੰ ਕੁਝ ਪਤਾ ਨਹੀਂ ਸੀ ਕਿ ਇਹ ਲਗਾਤਾਰ ਪੌੜੀਆਂ ਚੜ੍ਹਨਾ-ਲਹਿਣਾ ਕਿਸ ਮਰਜ਼ ਦੀ ਦਵਾ ਸਾਬਤ ਹੋਵੇਗਾ। ਸਿਰਫ ਇਤਨਾ ਯਾਦ ਹੈ ਕਿ ਹਰ ਥਾਂ ਪੌੜੀਆਂ ਹੱਦ ਤੋਂ ਵਧ ਹਨੇਰੀਆਂ ਤੇ ਗੰਦੀਆਂ ਹੁੰਦੀਆਂ ਸਨ।

ਲੜਾਈ ਦਾ ਜ਼ਮਾਨਾ ਹੋਣ ਕਰਕੇ ਕੱਚੀ ਫਿਲਮ ਦਾ ਰਾਸ਼ਨ ਸੀ। ਉਹ ਸਿਰਫ ਓਸੇ ਪ੍ਰੋਡਿਊਸਰ ਨੂੰ ਮਿਲਦੀ ਸੀ ਜਿਸ ਕੋਲ ਲਾਈਸੈਂਸ ਹੋਵੇ। ਲਾਈਸੈਂਸ ਲੈਣ ਲਈ ਲੋਕੀਂ ਹਰ ਪ੍ਰਕਾਰ ਦੀ ਤਿਕੜਮ ਕਰਦੇ ਸਨ ਕਿਉਂਕਿ ਮਿਲਦਿਆਂ ਸਾਰ ਉਹ ਬਾਜ਼ਾਰ ਵਿਚ ਡੇਢ ਦੋ ਲੱਖ ਰੁਪਏ ਤੇ ਵਿਕ ਸਕਦਾ ਸੀ; ਮਤਲਬ ਇਹ ਕਿ ਜਿਸ ਨੂੰ ਸਿੱਧਾ ਸਰਕਾਰੋਂ ਲਾਈਸੈਂਸ ਮਿਲਿਆ ਹੋਵੇ, ਉਸ ਲਈ ਸਟਾਰ ਰਹਿਤ ਫਿਲਮ ਬਨਾਣ ਵਿਚ ਕੋਈ ਘਾਟਾ ਨਹੀਂ ਸੀ ਸਗੋਂ ਜੇ ਫਿਲਮ ਕਾਮਯਾਬ ਹੋ ਜਾਵੇ ਤਾਂ ਮੁਨਾਫੇ ਦੂਣੇ-ਚੌਣੇ। ਕਮ-ਸੇ-ਕਮ ਚੇਤਨ ਏਸੇ ਉਮੀਦ ਉਤੇ ਚੱਲ ਰਿਹਾ ਸੀ। ਜੇ ਚੇਤਨ ਮੇਰਾ ਤੇ ਦਮੋ ਦਾ ਖਿਆਲ ਛੱਡ ਕੇ ਇਕ ਅੱਧੇ ਸਟਾਰ ਨੂੰ ਘੇਰ ਲੈਂਦਾ ਤਾਂ ਸਾਰੀਆਂ ਮੁਸ਼ਕਿਲਾਂ ਚੁਟਕੀਆਂ ਵਿਚ ਹੱਲ ਹੋ ਸਕਦੀਆਂ ਸਨ ਪਰ ਚੇਤਨ ਦੋਸਤ ਨਾਲ ਕੀਤੇ ਅਹਿਦ ਨੂੰ ਨਿਭਾਉਣ ਉਤੇ ਤੁਲਿਆ ਹੋਇਆ ਸੀ।

ਦਿਨੋ-ਦਿਨ ਮੇਰੀ ਆਰਥਕ ਦਸ਼ਾ ਨਿੱਘਰਦੀ ਜਾ ਰਹੀ ਸੀ। ਵਲੈਤੋਂ ਲਿਆਂਦੀ ਮਾੜੀ-ਮੋਟੀ ਪੂੰਜੀ ਪਰੂਣ 'ਚੋਂ ਪਾਣੀ ਵਾਂਗ ਵਗਦੀ ਜਾ ਰਹੀ ਸੀ। ਘਰੋਂ ਪੈਸੇ ਮੰਗਵਾਉਣ ਦਾ ਸਵਾਲ ਹੀਂ ਨਹੀਂ ਸੀ ਪੈਦਾ ਹੁੰਦਾ ਪਰ ਸਭ ਤੋਂ ਜ਼ਿਆਦਾ ਪਰੇਸ਼ਾਨ ਕਰਨ ਵਾਲੀ ਚੀਜ਼ ਸੀ ਬੇਕਾਰ ਬੈਠਣਾ। ਵਕਤ ਨੂੰ ਧੱਕਾ ਦੇਣਾ ਬਹੁਤ ਵੱਡੀ ਸਮੱਸਿਆ ਬਣ ਗਿਆ ਸੀ। ਫਿਲਮ ਡਾਇਰੈਕਟਰ ਫਨੀ ਮਜੂਮਦਾਰ ਦਾ ਘਰ ਪਾਲੀ ਹਿਲ ਉਤੇ ਚੇਤਨ ਦੇ ਘਰ ਦੇ ਨੇੜੇ ਸੀ। ਨਿਊ ਥੀਏਟਰਜ਼ ਵਿਚ ਉਹਨਾਂ 'ਕਪਾਲ ਕੁੰਡਲਾ' ਤੇ 'ਡਾਕਟਰ' ਬਣਾ ਕੇ ਸ਼ੁਹਰਤ ਕਮਾਈ ਸੀ, ਤੇ ਹੁਣ ਬੰਬਈ ਆ ਗਏ ਸਨ। ਉੱਘੇ ਡਾਇਰੈਕਟਰਾਂ ਵਿਚ ਗਿਣੇ ਜਾਂਦੇ ਸਨ। ਚੇਤਨ ਚੁੱਪ-ਚੁਪੀਤੇ ਉਹਨਾਂ ਕੋਲ ਮੇਰੀ ਸਿਫਾਰਸ਼ ਕਰ ਆਇਆ। ਉਹਨਾਂ ਮੈਨੂੰ ਦਾਦਰ ਆਪਣੇ ਦਫਤਰ ਬੁਲਾ ਭੇਜਿਆ।

ਦਾਦਰ ਮੇਨ ਰੋਡ ਉਸ ਜ਼ਮਾਨੇ ਵਿਚ ਬੰਬਈ ਦਾ ਹਾਲੀਵੁੱਡ ਸੀ। ਵੱਡੇ-ਵੱਡੇ ਸਟੂਡੀਓ 'ਸ੍ਰੀ ਸਾਊਂਡ', 'ਰਣਜੀਤ', 'ਅਮਰ', 'ਮਿਨਰਵਾ', 'ਕਾਰਦਾਰ', 'ਰਾਜਕਮਲ' ਆਦਿ ਏਸੇ ਗੁਆਂਢ ਵਿਚ ਸਨ। ਏਸੇ ਕਰਕੇ ਓਥੇ ਫਿਲਮ ਪ੍ਰੋਡਿਊਸਰਾਂ ਦੇ ਦਫਤਰਾਂ ਦੀ ਵੀ ਭਰਮਾਰ ਸੀ। ਹੁਣ ਉਹ ਗੱਲ ਨਹੀਂ ਰਹੀ, ਕਿਉਂਕਿ ਸਟੂਡੀਓ ਤੇ ਦਫਤਰ ਵੀ ਦੂਰ-ਦੂਰ ਖਿੰਡਰ ਗਏ ਹਨ। ਉਹਨਾਂ ਦੇ ਚਿਹਨ-ਚੱਕਰ ਵੀ ਬਦਲ ਗਏ ਹਨ, ਤੇ ਫਿਲਮੀ ਲੋਕਾਂ ਦੇ ਰੰਗ-ਢੰਗ ਵੀ। ਓਦੋਂ ਲੰਮੇ ਵਾਲ, ਤਿਰਛੀਆਂ ਮੁੱਛਾਂ ਤੇ ਕਲਮਾਂ, ਅੱਖਾਂ ਵਿਚ ਜਾਂਨਿਸਾਰਤਾ, ਤੋਰ ਵਿਚ ਮਸਤੀ, ਫਿਲਮ ਐਕਟਰ ਦੇ ਜਾਣੇ-ਪਛਾਣੇ ਲੱਛਣ ਸਨ, ਤੇ ਦਾਦਰ ਮੇਨ ਰੋਡ ਉਤੇ ਪੈਰ ਧਰਦਿਆਂ ਹੀ ਇਹਨਾਂ ਦਾ ਜਲਵਾ ਸਾਫ ਦਿਸ ਪੈਂਦਾ ਸੀ।

ਸਟੇਸ਼ਨ ਵਲੋਂ ਦਾਖ਼ਲ ਹੁੰਦਿਆਂ ਦਾਦਰ ਮੇਨ ਰੋਡ ਦਾ ਪਹਿਲਾ ਮੁਕਾਮ 'ਦਾਦਰ ਬਾਰ' ਸੀ। ਇਹ ਵੱਡਾ ਸਾਰਾ ਸ਼ਰਾਬਖ਼ਾਨਾ ਸੀ ਜੋ ਹੁਣ ਦਾਰੂਬੰਦੀ ਕਾਰਨ ਕੇਵਲ ਭੋਜਨਸ਼ਾਲਾ ਹੋ ਕੇ ਰਹਿ ਗਿਆ ਹੈ ਪਰ ਪੁਰਾਣੇ ਵਕਤਾਂ ਦੇ ਦਿਲ-ਫਰੇਬ ਬੋਰਡ ਅਜੇ ਵੀ ਬਾਹਰ ਲਗੇ ਹੋਏ ਹਨ, ਤੇ ਅੰਦਰ ਥਾਂ-ਥਾਂ ਮੁਖੜੇ ਨਿਹਾਰਨ ਲਈ ਆਦਮ-ਕੱਦ ਸ਼ੀਸ਼ੇ ਵੀ। ਫਿਲਮ ਪ੍ਰੋਡਿਊਸਰਾਂ, ਐਕਟਰਾਂ, ਡਾਇਰੈਕਟਰਾਂ ਦੀ ਮੰਨੀ ਹੋਈ ਠਾਹਰ ਸੀ ਉਹ। ਸਹਿਗਲ, ਚੰਦਰ ਮੋਹਨ, ਮੋਤੀ ਲਾਲ, ਈਸ਼ਵਰ ਲਾਲ ਵੀ ਕਦੇ ਨਾਂ ਕਦੇ ਓਥੇ ਜ਼ਰੂਰ ਆ ਕੇ ਬੈਠਦੇ ਹੋਣਗੇ, ਇਸ ਵਿਚ ਮੈਨੂੰ ਜ਼ਰਾ ਵੀ ਸ਼ੱਕ ਨਹੀਂ। ਓਦੋਂ ਆਮਦਨੀਆਂ ਵਿਚ ਏਨਾ ਆਕਾਸ਼ ਪਾਤਾਲ ਦਾ ਫਰਕ ਨਹੀਂ ਸੀ ਆਇਆ। ਸ਼ਖ਼ਸੀਅਤਾਂ ਉਪਰ ਪੈਸੇ ਦੇ ਇਤਨੇ ਸਪਸ਼ਟ ਮਾਪ-ਟੱਕ ਨਹੀਂ ਸਨ ਲੱਗੇ। ਮੇਲ-ਮਿਲਾਪ ਭਾਵੇਂ ਦਿਨ-ਬਦਿਨ ਘਟਦਾ ਜਾ ਰਿਹਾ ਸੀ ਪਰ ਅਜ ਵਾਂਗ ਉੱਕਾ ਖ਼ਤਮ ਨਹੀਂ ਸੀ ਹੋ ਗਿਆ। ਦਾਰੂਬੰਦੀ ਦਾ ਕਾਨੂੰਨ ਬਣਨ ਤੋਂ ਪਹਿਲਾਂ ਇਕ-ਅੱਧ ਵਾਰ ਮੈਂ ਵੀ ਦਾਦਰ-ਬਾਰ ਵਿਚ ਸ਼ਰਾਬ ਪੀਤੀ ਸੀ, ਤੇ ਅਣਗਿਣਤ ਸ਼ੀਸ਼ਿਆਂ ਵਿਚ ਮੁਖੜਾ ਨਿਹਾਰਿਆ ਸੀ - ਸ਼ੈਦ ਜ਼ਿਆ ਸਰਹੱਦੀ ਦੀ ਸੁਹਬਤ ਵਿਚ। ਬਿਲਕੁਲ ਐਸੀ ਜਗ੍ਹਾ ਸੀ ਜਿਸ ਦੇ ਖ਼ਿਲਾਫ ਧਰਮ ਸਥਾਨਾਂ ਵਿਚ ਲੈਕਚਰ ਦਿੱਤੇ ਜਾਂਦੇ ਹਨ, ਜਾਂ ਨਾਟਕਾਂ ਵਿਚ ਨਕਸ਼ਾ ਬੰਨ੍ਹਿਆ ਜਾਂਦਾ ਹੈ। ਅਜ ਕੋਈ ਉੱਚੇ ਦਰਜੇ ਦਾ ਐਕਟਰ ਜਾਂ ਪ੍ਰੋਡਿਊਸਰ ਅਜਿਹੀ ਘਟੀਆ ਥਾਂ ਪੈਰ ਧਰਨਾ ਪਸੰਦ ਨਹੀਂ ਕਰੇਗਾ।

ਦਾਦਰ-ਬਾਰ ਅੱਗੋਂ ਲੰਘਦਾ ਮੈਂ ਕਾਰੋਨੇਸ਼ਨ ਮੈਨਸ਼ਨ ਵਿਚ ਵੜਿਆ, ਜਿਥੇ ਫਨੀ-ਦਾ ਦਾ ਦਫਤਰ ਸੀ। ਉਹ ਆਪਣੀ ਵੱਡੀ ਸਾਰੀ ਟੇਬਲ ਉਤੇ ਬੈਠੇ ਸਨ। ਉਹਨਾਂ ਮੈਨੂੰ ਸਾਹਮਣੇ ਸੋਫੇ ਤੇ ਬੈਠਣ ਲਈ ਕਿਹਾ। ਉਮਰ ਵਿਚ ਉਹ ਮੇਰੇ ਈ ਹਾਣ ਦੇ ਲਗਦੇ ਸਨ, ਸ਼ੈਦ ਇਕ ਅੱਧ ਵਰ੍ਹਾ ਛੋਟੇ ਈ ਹੋਣ। ਚਿਹਰੇ ਉਤੇ ਕੋਮਲਤਾ ਤੇ ਮਿਠਾਸ ਸੀ ਜੋ ਬੰਗਾਲੀਆਂ ਦਾ ਖ਼ਾਸਾ ਹੈ। ਓਥੇ ਕੁਝ ਹੋਰ ਬੰਦੇ ਵੀ ਬੈਠੇ ਹੋਏ ਸਨ। ਵਿਚ-ਵਿਚ ਉਹ ਉਹਨਾਂ ਨਾਲ ਵੀ ਗੱਲਾਂ ਕਰਦੇ ਪਰ ਬਹੁਤ ਸਾਰਾ ਵਕਤ ਉਹ ਮੈਨੂੰ ਘੂਰਦੇ ਜਾਂਦੇ ਸਨ ਜੋ ਮੇਰੇ ਲਈ ਬੜਾ ਅਜੀਬ ਜਿਹਾ ਅਨੁਭਵ ਸੀ। ਕਹਿ ਨਹੀਂ ਸਕਦਾ ਕਿ ਉਹ ਮੇਰੇ ਹੁਲੀਏ ਨੂੰ ਪਸੰਦ ਕਰ ਰਹੇ ਸਨ, ਜਾਂਚ ਰਹੇ ਸਨ, ਸਰਾਹ ਰਹੇ ਸਨ, ਜਾਂ ਉਸ ਉਪਰ ਮੋਹਿਤ ਹੋਰ ਰਹੇ ਸਨ। ਮੈਂ ਆਪ ਕੀ ਪ੍ਰਤੀਕਿਰਿਆ ਦਰਸਾਵਾਂ, ਸਮਝ ਨਹੀਂ ਸੀ ਆ ਰਿਹਾ। ਇਹ ਤਾਂ ਨਹੀਂ ਸਾਂ ਕਹਿ ਸਕਦਾ ਕਿ ਪਹਿਲਾਂ ਕਦੇ ਕਿਸੇ ਮਰਦ ਨੇ ਮੇਰੇ ਵਲ ਇੰਜ ਘੂਰਿਆ ਨਹੀਂ ਸੀ। ਫੇਰ ਵੀ ਇਹ ਧਰਕਾਉ ਅਨੁਭਵ ਸੀ।

ਹੋ ਸਕਦਾ ਹੈ ਕਿ ਉਹ ਮੇਰੇ ਅੰਦਰ ਸੁੱਤੀ ਪਈ ਕਲਾ ਨੂੰ ਚਖਸ਼ੂ-ਪ੍ਰੇਰਨਾ ਦੇ ਰਹੇ ਹੋਣ। ਇਹ ਸੋਚ ਕੇ ਮੈਂ ਵੀ ਯਥਾ-ਸ਼ਕਤੀ ਉਹਨਾਂ ਨਾਲ ਆਪਣੇ ਦਿਲ ਦੇ ਤਾਰ ਮੇਲਣ ਦੀ ਕੋਸ਼ਿਸ਼ ਕਰਦਾ ਰਿਹਾ।

ਥੋੜ੍ਹੀ ਦੇਰ ਬਾਅਦ ਬਾਕੀ ਲੋਕ ਉੱਠ ਕੇ ਚਲੇ ਗਏ। ਸ਼ੈਦ ਉਹਨਾਂ ਨੂੰ ਅਨੁਮਾਨ ਹੋ ਗਿਆ ਸੀ ਕਿ ਦਾਦਾ ਨੇ ਮੇਰੇ ਨਾਲ ਕੋਈ ਪ੍ਰਾਈਵੇਟ ਗੱਲ ਕਰਨੀ ਹੈ, ਜਾਂ ਉਹਨਾਂ ਨੂੰ ਕੋਈ ਸੂਖਸ਼ਮ ਜਿਹਾ ਇਸ਼ਾਰਾ ਦਿੱਤਾ ਗਿਆ ਸੀ। ਇਹ ਵੀ ਫਿਲਮੀ ਦੁਨੀਆ ਦਾ ਇਕ ਦਸਤੂਰ ਹੈ। ਕਾਮਯਾਬ ਫਿਲਮੀ ਡਾਇਰੈਕਟਰਾਂ, ਪ੍ਰੋਡਿਊਸਰਾਂ ਤੇ ਐਕਟਰਾਂ ਦੇ ਦਰਬਾਰ ਸਦਾ ਸੱਜੇ ਰਹਿੰਦੇ ਹਨ। ਦਰਬਾਰੀਆਂ ਨੂੰ ਆਮ ਤੌਰ 'ਤੇ 'ਚਮਚੇ' ਦੇ ਨਾਂ ਨਾਲ ਸੱਦਿਆ ਜਾਂਦਾ ਹੈ। ਤਖ਼ਲੀਏ ਲਈ ਬਸ ਚੁਟਕੀ ਮਾਰਨ ਦੀ ਲੋੜ ਹੈ।

ਜਦੋਂ ਅਸੀਂ ਇਕੱਲੇ ਰਹਿ ਗਏ ਤਾਂ ਫਨੀ-ਦਾ (ਇੰਡਸਟਰੀ ਵਿਚ ਉਹ ਇਸੇ ਨਾਂ ਨਾਲ ਮਸ਼ਹੂਰ ਹਨ) ਕਹਿਣ ਲੱਗੇ ਕਿ ਆਪਣੀ ਵਰਤਮਾਨ ਪਿਕਚਰ 'ਜਸਟਿਸ' (ਇਨਸਾਫ) ਵਿਚ ਉਹ ਮੈਨੂੰ ਛੋਟਾ ਰੋਲ ਦੇਣਗੇ - ਹੀਰੋ ਦੇ ਦੋਸਤ ਦਾ। ਅਗਲੀ ਪਿਕਚਰ ਵਿਚ ਉਹ ਮੈਥੋਂ ਹੀਰੋ ਦਾ ਤਾਂ ਨਹੀਂ ਪਰ ਇਕ ਕੇਂਦਰੀ ਰੋਲ ਕਰਾਉਣਗੇ, ਤੇ ਫੇਰ ਉਸ ਤੋਂ ਅਗਲੀ ਪਿਕਚਰ ਵਿਚ ਹੀਰੋ ਦਾ। ਮੈਂ ਉਹਨਾਂ ਦਾ ਧੰਨਵਾਦ ਕੀਤਾ ਤੇ ਖ਼ੁਸ਼-ਖ਼ੁਸ਼ ਘਰ ਚਲਾ ਆਇਆ। ਹੁਣ ਮੈਨੂੰ ਕਾਂਟਰੈਕਟ ਮਿਲ ਗਿਆ ਸੀ, ਤੇ ਮੈਂ ਦਾਅਵੇ ਨਾਲ ਆਪਣੇ ਆਪ ਨੂੰ ਫਿਲਮ ਐਕਟਰ ਕਹਿ ਸਕਦਾ ਸਾਂ।





ਫਿਲਮਸਾਜ਼ ਖਵਾਜਾ ਅਹਿਮਦ ਅੱਬਾਸ ਅਤੇ (ਸੱਜੇ) ਫਿਲਮਸਾਜ਼ ਫਨੀ ਮਜੂਮਦਾਰ।

ਚੇਤਨ ਨੇ ਪੁਛਿਆ, "ਪੈਸੇ-ਵੈਸੇ ਦੀ ਕੋਈ ਗੱਲ ਨਹੀਂ ਹੋਈ?"

"ਨਹੀਂ।"

"ਕਰਨੀ ਸੀ ਨਾ।"

"ਉਹਨਾਂ ਤਿੰਨ ਪਿਕਚਰਾਂ ਦਾ ਨਕਸ਼ਾ ਬੰਨ੍ਹ ਦਿਤਾ ਮੇਰੇ ਸਾਹਮਣੇ। ਉਹਨਾਂ ਵਿਚੋਂ ਕਿਹੜੀ ਦੀ ਕਰਦਾ?"

ਚੇਤਨ ਚੁੱਪ ਰਿਹਾ। ਉਹ ਸਮਝ ਗਿਆ ਹੋਵੇਗਾ ਕਿ ਮੇਰੀ ਆਕੜ ਪਹਿਲਾਂ ਨਾਲੋਂ ਕਾਫੀ ਹੇਠਾਂ ਡਿੱਗ ਚੁੱਕੀ ਸੀ।

ਅੱਜ ਕਾਂਟਰੈਕਟ ਹੋਇਆ ਹੈ, ਭਲਕੇ ਕੰਮ ਸ਼ੁਰੂ ਹੋ ਜਾਵੇਗਾ, ਐਸਾ ਮੇਰਾ ਅਨੁਮਾਨ ਸੀ ਪਰ ਦਿਨ ਉਤੇ ਦਿਨ, ਹਫਤਿਆਂ ਉਤੇ ਹਫਤੇ ਲੰਘਣ ਲਗ ਪਏ। ਨਾ ਕੰਮ, ਤੇ ਨਾ ਪੈਸੇ ਦੇ ਹੀ ਕੋਈ ਆਸਾਰ ਨਜ਼ਰ ਆਏ ਪਰ ਸ਼ੂਟਿੰਗ ਦਾ ਖ਼ਿਆਲ ਮੇਰੇ ਮਨ-ਮੰਡਲ ਉਤੇ ਪੂਰੀ ਤਰ੍ਹਾਂ ਛਾ ਗਿਆ ਸੀ। ਨਾਈ ਤੋਂ ਵਾਲ ਕਟਵਾਉਣ ਦੀ ਇਜਾਜ਼ਤ ਵੀ ਪਹਿਲਾਂ ਫਨੀ-ਦਾ ਦੇ ਦਫਤਰੋਂ ਜਾ ਕੇ ਮੰਗਦਾ, ਕਿਉਂਕਿ ਕਿਸੇ ਤੋਂ ਸੁਣ ਲਿਆ ਸੀ ਕਿ ਜੇ ਵਾਲ ਘਟ-ਵਧ ਹੋ ਜਾਣ ਨਾਲ "ਕੰਟੀਨਯੂਟੀ" ਵਿਚ "ਜੰਪ" ਆ ਜਾਂਦਾ ਹੈ। ਕੰਟੀਨਯੂਟੀ ਕੀ ਬਲਾ ਸੀ ਤੇ ਜੰਪ ਕੀ, ਮੈਨੂੰ ਨਹੀਂ ਸੀ ਪਤਾ ਪਰ ਮੈਂ ਐਸਾ ਕੋਈ ਕਦਮ ਨਹੀਂ ਸਾਂ ਉਠਾਉਣਾ ਚਾਹੁੰਦਾ ਜਿਸ ਨਾਲ ਆਰਟ ਨੂੰ ਨੁਕਸਾਨ ਪਹੁੰਚੇ। ਕੀ ਪਤਾ ਕਿਸ ਦਿਨ ਅਚਾਨਕ ਸ਼ੂਟਿੰਗ ਨਿਕਲ ਆਵੇ। ਇਹੋ ਜਿਹੀਆਂ ਹਾਸੋਹੀਣੀਆਂ ਹਰਕਤਾਂ ਫਿਲਮਾਂ ਦੇ ਨਵੇਂ ਰੰਗਰੂਟ ਆਮ ਕਰਦੇ ਹਨ। ਸਾਬਣ ਮੱਲ-ਮੱਲ ਮੂੰਹ ਧੋਂਦੇ ਹਨ, ਕਰੀਮਾਂ ਥੱਪਦੇ ਹਨ, ਸ਼ੀਸ਼ੇ ਅਗੇ ਤਰ੍ਹਾਂ-ਤਰ੍ਹਾਂ ਦੇ ਪੋਜ਼ ਬਣਾਉਂਦੇ ਹਨ। ਉਹਨਾਂ ਨੂੰ ਅਜੇ ਪਤਾ ਨਹੀਂ ਹੁੰਦਾ ਕਿ ਐਕਟਿੰਗ-ਕਲਾ ਦਾ ਜ਼ਿਆਦਾ ਸੰਬੰਧ ਚਿੰਤਨ ਨਾਲ ਹੈ, ਬਾਹਰੀ ਚੀਜ਼ਾਂ ਇਤਨਾ ਮਹੱਤਵ ਨਹੀਂ ਰਖਦੀਆਂ।

ਇਕ ਦਿਨ ਅਖ਼ਬਾਰ ਵਿਚ ਪੜ੍ਹਿਆ, ਕਿਸੇ 'ਪੀਪਲਜ਼ ਥੇਟਰ' ਦਾ ਡਰਾਮਾ ਹੋਣ ਵਾਲਾ ਸੀ। ਚੀਨ ਦੇ 'ਪੀਪਲਜ਼ ਥੇਟਰ' ਬਾਰੇ ਤਾਂ ਜਾਣਦਾ ਸਾਂ, ਹਿੰਦੁਸਤਾਨ ਵਿਚ ਪੀਪਲਜ਼ ਥੇਟਰ ਕਿੱਥੋਂ ਆ ਗਿਆ? ਚੇਤਨ ਤੋਂ ਪੁਛਿਆ। ਉਹਨੂੰ ਵੀ ਕੁਝ ਨਹੀਂ ਸੀ ਪਤਾ। ਸ਼ਾਮੀਂ ਜਦੋਂ ਪੌੜੀਆਂ ਲਹਿਣ-ਚੜ੍ਹਨ ਦੀ ਕਵੈਦ ਕਰਦੇ ਬੀ. ਪੀ. ਸਾਮੰਤ ਐਂਡ ਕੰਪਨੀ ਦੇ ਦਫਤਰ ਪੁੱਜੇ ਤਾਂ ਮੈਂ ਮਸ਼ਹੂਰ ਫਿਲਮੀ ਪੱਤਰਕਾਰ ਵੀ. ਪੀ. ਸਾਠੇ ਤੋਂ ਪੁੱਛ ਬੈਠਾ, "ਮਿਸਟਰ ਸਾਠੇ, ਬੰਬਈ ਵਿਚ ਕੋਈ ਪੀਪਲਜ਼ ਥੇਟਰ ਵੀ ਹੈ?"

"ਕਿਉਂ ਨਹੀਂ। ਮੈਂ ਆਪ ਉਸ ਦਾ ਮੈਂਬਰ ਹਾਂ।" ਉਹਨਾਂ ਹੱਸ ਕੇ ਜਵਾਬ ਦਿੱਤਾ, "ਓਸੇ ਦੀ ਇਕ ਮੀਟਿੰਗ ਵਿਚ ਜਾ ਰਿਹਾ ਹਾਂ। ਚੱਲਣਾ ਹੈ, ਤਾਂ ਤੁਸੀਂ ਵੀ ਚਲੋ। ਖ਼ਵਾਜਾ ਅਹਿਮਦ ਅੱਬਾਸ ਆਪਣਾ ਨਵਾਂ ਨਾਟਕ ਪੜ੍ਹਨਗੇ।"

ਮੇਰੇ ਇਸਰਾਰ ਕਰਨ ਉਤੇ ਚੇਤਨ ਵੀ ਨਾਲ ਤੁਰ ਪਿਆ।

ਓਪੇਰਾ ਹਾਊਸ ਦੇ ਨੇੜੇ, ਇਕ ਗਲੀ ਵਿਚ, ਪ੍ਰੋਫੈਸਰ ਦੇਵਧਰ ਦੀ ਸੰਗੀਤ-ਸ਼ਾਲਾ ਸੀ। ਨਿੱਕਾ ਜਿਹਾ ਹਾਲ ਵੀ ਸੀ ਉਸ ਦਾ ਜਿਸ ਵਿਚ ਸੌ ਕੁ ਬੰਦਾ ਬਹਿ ਸਕਦਾ ਸੀ। ਇਕ ਬੰਨੇ ਨਿੱਕਾ ਜਿਹਾ ਸਟੇਜ ਸੀ। ਉਹ ਹਰ ਸ਼ਾਮ ਇਪਟਾ ਦੀਆਂ ਸਰਗਰਮੀਆਂ ਦਾ ਕੇਂਦਰ ਬਣ ਜਾਂਦਾ ਸੀ।

ਹਾਲ ਵਿਚ ਵੀਹ ਕੁ ਮੁੰਡੇ-ਕੁੜੀਆਂ ਪੱਖੇ ਹੇਠ ਬੈਠੇ ਹੋਏ ਸਨ। ਅੱਬਾਸ ਪਾਠ ਸ਼ੁਰੂ ਕਰਨ ਵਾਲਾ ਸੀ। ਗਾਇਬਾਨਾਂ ਤੌਰ 'ਤੇ ਅਸੀਂ ਇਕ-ਦੂਜੇ ਨੂੰ ਜਾਣਦੇ ਸਾਂ। ਲੰਡਨ ਮੈਂ ਉਸ ਦੀਆਂ ਕੁਝ ਉਰਦੂ ਕਹਾਣੀਆਂ ਵੀ ਪੜ੍ਹੀਆਂ ਸਨ ਪਰ ਮਿਲੇ ਕਦੇ ਨਹੀਂ ਸਾਂ। ਅੱਬਾਸ ਨੇ ਬੈਠਿਆਂ-ਬੈਠਿਆਂ ਹੀ ਸਾਡੇ ਨਾਲ ਹੱਥ ਮਿਲਾਏ, ਤੇ ਫੇਰ ਪਾਠ ਆਰੰਭ ਕੀਤਾ। ਨਾਟਕ ਦੇ ਵਾਰਤਾਲਾਪ ਚੁਸਤ, ਤਨਜ਼ੀਆ ਅਤੇ ਸਰੋਤਿਆਂ ਨੂੰ ਬਾਰ-ਬਾਰ ਹਸਾਉਣ ਵਾਲੇ ਸਨ ਪਰ ਨਾਟਕ ਕਿਸ ਪੱਧਰ ਦਾ ਸੀ, ਇਸ ਦਾ ਅਨੁਮਾਨ ਕੇਵਲ ਇਕ ਵਾਰ ਸੁਣਿਆਂ ਨਹੀਂ ਸੀ ਕੀਤਾ ਜਾ ਸਕਦਾ। ਜਜ਼ਬਾਤੀ ਗਹਿਰਾਈ, ਜਾਂ ਡਰਾਮਾਈ ਉਠਾਨ ਬਹੁਤੀ ਨਹੀਂ ਦਿਸੀ। ਅਜੇ ਮੈਂ ਇਹ ਗੱਲਾਂ ਸੋਚ ਹੀ ਰਿਹਾ ਸਾਂ ਕਿ ਅੱਬਾਸ ਨੇ ਵਿਚਿਤਰ ਘੋਸ਼ਣਾ ਕਰ ਦਿਤੀ- "ਸਾਥੀਓ, ਬੜੀ ਖ਼ੁਸ਼ੀ ਕੀ ਬਾਤ ਹੈ ਕਿ ਆਜ ਹਮਾਰੇ ਦਰਮਿਆਨ ਬਲਰਾਜ ਸਾਹਨੀ ਮੌਜੂਦ ਹੈਂ। ਅਬ ਮੈਂ ਯਿਹ ਡਰਾਮਾ ਉਨ ਕੇ ਹਵਾਲੇ ਕਰਤਾ ਹੂੰ, ਔਰ ਦਰਖ਼ਾਸਤ ਕਰਤਾ ਹੂੰ ਕਿ ਵੋਹ ਇਸੇ ਡਾਇਰੈਕਟ ਕਰੇਂ।"

ਮੈਂ ਬੁੱਤ ਜਿਹਾ ਬਣ ਕੇ ਵੇਖਦਾ ਰਹਿ ਗਿਆ ਪਰ ਨਾਂਹ-ਨੁੱਕਰ ਕਰਨ ਦੀ ਮੂਰਖਤਾ ਮੈਂ ਨਾ ਕੀਤੀ। ਵਿਹਲਾ ਬੈਠ-ਬੈਠ ਕੇ ਤੰਗ ਆਇਆ ਹੋਇਆ ਸਾਂ, ਕੁਝ ਕਰਨ ਨੂੰ ਤਾਂ ਮਿਲੇਗਾ।

ਤੇ ਇੰਜ ਅਕਸਮਾਤ ਮੇਰੇ ਜੀਵਨ ਦਾ ਐਸਾ ਦੌਰ ਸ਼ੁਰੂ ਹੋਇਆ ਜਿਸ ਦੀ ਛਾਪ ਮੇਰੇ ਜੀਵਨ ਉਤੇ ਅਮਿੱਟ ਹੈ। ਅਜ ਵੀ ਮੈਂ ਆਪਣੇ ਆਪ ਨੂੰ ਇਪਟਾ ਦਾ ਕਲਾਕਾਰ ਕਹਿਣ ਵਿਚ ਗੌਰਵ ਮਹਿਸੂਸ ਕਰਦਾ ਹਾਂ। **(ਚੱਲਦਾ)**

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com